22-Jan-Sunday.qxd 1/21/2023 8:32 PM Page 1



ਹਰਬਖ਼ਸ਼ ਮਕਸੂਦਪੁਰੀ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 22 ਜਨਵਰੀ 2023

www.nawanzamana.in

ਕੀਮਤ 5.00 ਰੁਪਏ


ਨੈਤਿਕਤਾ ਮੁੱਕ ਚੱਲੀ,
ਇਹ ਗੱਲ ਜਾਣੇ ਕੁੱਲ ਜਹਾਨ
ਕੀ ਪਤਾ ਕਿਹੜੇ ਵੇਲੇ
ਕਿਹਦਾ ਡੋਲ ਜਾਏ ਈਮਾਨ
- ਰਘਵੀਰ ਸਿੰਘ ਟੇਰਕਿਆਣਾ

ਵਾਤਾਵਰਣ ਚੇਤਨਾ

## ਪਲਾਸਟਿਕ ਪ੍ਰਦੂਸ਼ਣ ਦੀ ਮਾਰ

**ਹਰਮਹਿੰਦਰ ਸਿੰਘ ਹਰਜੀ**

ਵਿਕਾਸ ਦਾ ਉਦੇਸ਼ ਵਿਗਿਆਨਕ ਕਾਢ ਨਹੀਂ, ਬਲਕਿ ਇਸ ਦਾ ਅਰਥ ਹੈ ਵਿਗਿਆਨਕ ਸੁਭਾਅ, ਜਿਸ ਰਾਹੀਂ ਮਨ ਪਦਾਰਥ 'ਤੇ ਨਿਯੰਤਰਣ ਜਾਂ ਸ਼ਾਸਨ ਕਰਦਾ ਹੈ। ਵਿਗਿਆਨ ਨੇ ਸਾਨੂੰ ਉੱਡਣਾ, ਕਾਰਾਂ ਵਿੱਚ ਸਫਰ ਕਰਨਾ ਅਤੇ ਬਿਜਲੀ ਦੀ ਕਾਢ ਰਾਹੀਂ ਘਰਾਂ ਨੂੰ ਰੋਸ਼ਨ ਕਰਨ ਦੀ ਜਾਚ ਦੱਸੀ, ਪਰ ਇਹ ਨਹੀਂ ਦੱਸਿਆ ਕਿ ਅਸੀਂ ਸੱਭਿਅਕ ਵਿਅਕਤੀ ਵਾਂਗ ਕਿਵੇਂ ਧਰਤੀ 'ਤੇ ਤੁਰਨਾ ਹੈ, ਵਿਕਾਸ ਦਾ ਅਰਥ ਸ਼ਿਲਪ ਵਿਗਿਆਨ (Technology) ਭੌਤਿਕ ਤੇ ਪਦਾਰਥਕ ਉਨਤੀ ਨਹੀਂ, ਬਲਕਿ ਮਨੁੱਖ ਦਾ ਸਰੀਰਕ, ਸਮਾਜਿਕ, ਮਾਨਸਿਕ ਤੇ ਆਤਮਿਕ ਵਿਕਾਸ ਵੀ ਹੈ, ਜਿਸ ਰਾਹੀਂ ਉਹ ਧਰਤੀ ਨੂੰ ਉਪਜਾਊ ਤੇ ਜੀਵਨ ਅਨੁਕੂਲ ਬਣਾਉਂਦਾ ਹੈ। ਚਰਿੰਦ, ਪਰਿੰਦ, ਦਰਿੰਦ ਅਤੇ ਬਨਸਪਤੀ ਅਤਿ-ਉੱਤਮ (Glorious) ਵਾਤਾਵਰਣ/ਮਾਹੌਲ ਨੂੰ ਉਤਪੰਨ ਕਰਦੇ ਹਨ। ਰੱਬ ਨੇ ਧਰਤੀ 'ਤੇ ਹਰ ਪਨਪਦੇ ਜੀਵਾਂ ਲਈ ਵਸੀਲਿਆਂ ਦੇ ਭੰਡਾਰ ਸਿਰਜੇ ਹਨ, ਪਰ ਮੁੱਠੀ ਭਰ ਲੋਕ ਇਹਨਾਂ 'ਤੇ ਕਾਬਜ਼ ਹੋ ਕੇ ਆਪਣੇ ਸੁਆਰਥ ਲਈ ਵਰਤਦੇ ਹਨ ਅਤੇ ਵਿਸ਼ਾਲ ਜਨ ਸੰਖਿਆ ਇਹਨਾਂ ਵਸੀਲਿਆਂ ਤੋਂ ਵਾਂਝੇ ਰਹਿ ਕੇ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ। ਜੀਵਨ ਦੀਆਂ ਮੁੱਢਲੀਆਂ ਸਹੂਲਤਾਂ ਨਾ ਹੋਣ ਕਾਰਨ ਇਹ ਲੋਕ ਵੀ ਵਾਤਾਵਰਣ ਨੂੰ ਪ੍ਰਦੂਸ਼ਤ ਕਰਦੇ ਹਨ। ਪ੍ਰਦੂਸ਼ਤ ਹੋ ਰਹੇ ਵਾਤਾਵਰਨ/ਮਾਹੌਲ ਨੇ ਜਿੱਥੇ ਜੀਵ-ਜੰਤੂਆਂ ਦੇ ਪਲਣ 'ਤੇ ਮਾੜਾ ਅਸਰ ਪਾਇਆ ਹੈ, ਉੱਥੇ ਸਮੁੰਦਰ ਅਤੇ ਧਰਤੀ 'ਤੇ ਵਸਦੇ ਜੀਵ-ਜੰਤੂਆਂ ਦੀਆਂ ਕਈ ਜਾਤੀਆਂ ਅਲੋਪ ਹੋ ਰਹੀਆਂ ਹਨ, ਜਿਸ ਕਾਰਨ ਸੰਸਾਰ ਦਾ ਪ੍ਰਸਥਿਤੀਆਂ ਵਿਗਿਆਨ (Ecological Crises) ਸੰਕਟ ਨਾਲ ਜੂਝ ਰਿਹਾ ਹੈ। ਉਹ ਦਿਨ ਦੂਰ ਨਹੀਂ ਕਿ ਜੀਵ-ਜੰਤੂ ਡਾਇਨਾਸੋਰ ਵਾਂਗ ਧਰਤੀ ਤੋਂ ਅਲੋਪ ਹੋ ਜਾਣਗੇ। ਵਾਤਾਵਰਣ/ਮਾਹੌਲ ਦਾ ਪ੍ਰਦੂਸ਼ਣ ਮਨੁੱਖੀ ਜੀਵਨ ਲਈ ਵੀ ਘਾਤਕ ਸਿੱਧ ਹੋ ਰਿਹਾ ਹੈ ਅਤੇ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ।

ਨਵੀਆਂ ਖੋਜਾਂ ਅਤੇ ਮਨੁੱਖ ਦੀਆਂ ਸੁੱਖ ਸਹੂਲਤਾਂ ਲਈ ਬਣਾਏ ਜਾ ਰਹੇ ਯੰਤਰਾਂ ਨੇ ਭਾਵੇਂ ਮਨੁੱਖੀ ਜੀਵਨ ਨੂੰ ਸੌਖਾ ਤੇ ਸਰਲ ਕਰ ਦਿੱਤਾ ਹੈ ਅਤੇ ਹੱਥੀਂ ਕੰਮ ਨਾਲੋਂ ਵੀ ਮਨੁੱਖ ਨੂੰ ਨਿਖੇੜ ਦਿੱਤਾ ਹੈ, ਜਿਸ ਕਾਰਨ ਮਨੁੱਖ ਐਸ਼ਪ੍ਰਸਤ ਹੋ ਗਿਆ ਹੈ, ਵਿਗਿਆਨਕ ਵਿਕਾਸ ਨੇ ਮਨੁੱਖ ਲਈ ਐਸੀਆਂ ਔਕੜਾਂ ਉਜਾਗਰ ਕਰ ਦਿੱਤੀਆਂ ਹਨ, ਜਿਨ੍ਹਾਂ ਦਾ ਸਮਾਧਾਨ ਲੱਭਣਾ ਔਖਾ ਹੈ। ਜਿੰਨਾ ਮਨੁੱਖ ਉੱਨਤੀ ਦੀਆਂ ਸਿਖਰਾਂ ਨੂੰ ਛੂਹੇਗਾ, ਓਨਾ ਹੀ ਉਹ ਔਕੜਾਂ ਦੀ ਵਲਗਣ ਵਿੱਚ ਵਲੇਟਿਆ ਜਾਏਗਾ। ਊਰਜਾ ਦੀ ਉਪਜ ਲਈ ਵਰਤੇ ਜਾਣ ਵਾਲੇ ਸਰੋਤ ਜਿਵੇਂ ਕੋਲਾ, ਡੀਜ਼ਲ, ਲੱਕੜ ਅਤੇ ਪੈਟਰੋਲ ਇਹਨਾਂ ਬਾਲਣ ਸਰੋਤਾਂ 'ਚੋਂ ਖਾਰਜ ਹੋਣ ਵਾਲੀਆਂ ਗੈਸਾਂ ਨੇ ਦੁਨੀਆ ਵਿੱਚ ਪ੍ਰਦੂਸ਼ਣ ਵਧਾਇਆ ਹੈ। ਪ੍ਰਦੂਸ਼ਣ ਦੀਆਂ ਧਾਰਾਵਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਮਾਨੋ ਜੀਵਨ 'ਤੇ ਮਾੜਾ ਅਸਰ ਪੈਂਦਾ ਹੈ, ਜਿਵੇਂ ਪਲਾਸਟਿਕ ਪ੍ਰਦੂਸ਼ਣ, ਹਵਾ ਦਾ ਪ੍ਰਦੂਸ਼ਣ, ਪਾਣੀ ਦਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਅਤੇ ਮਾਹੌਲ ਦਾ ਪ੍ਰਦੂਸ਼ਣ।

ਪਲਾਸਟਿਕ ਪ੍ਰਦੂਸ਼ਣ-ਪਲਾਸਟਿਕ ਯੂਨਾਨੀ ਸ਼ਬਦ 'ਪਲਾਸਟੀਕਸ' (Plastika) 'ਚੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਸਾਂਚੇ ਵਿੱਚ ਢਾਲਣਾ (Mould)। ਪਲਾਸਟਿਕ ਅਜੋਕੇ ਸਮੇਂ ਵਿੱਚ ਪ੍ਰਦੂਸ਼ਣ ਦਾ ਇੱਕ ਵੱਡਾ ਕਾਰਨ ਹੈ। ਇਹ ਓਨਾ ਹੀ ਹਾਨੀਕਾਰਕ ਹੈ, ਜਿੰਨਾ ਦੂਜੇ ਪ੍ਰਕਾਰ ਦੇ ਪ੍ਰਦੂਸ਼ਣ। ਸ਼ਹਿਰਾਂ ਅਤੇ ਪਿੰਡਾਂ ਵਿੱਚ ਪਲਾਸਟਿਕ ਦੀ ਵਧ ਰਹੀ ਖਪਤ ਪੌਣ-ਪਾਣੀ ਤੇ ਧਰਤੀ ਦੇ ਮਾਹੌਲ ਵਿੱਚ ਜ਼ਹਿਰ ਘੋਲ ਰਿਹਾ ਹੈ, ਜਿਸ ਕਾਰਨ ਧਰਤੀ ਦੀ ਉਤਪਾਦਨ (Out put) ਯੋਗਤਾ ਪ੍ਰਭਾਵਤ ਹੋਈ ਹੈ। ਵਰਤਿਆ ਪਲਾਸਟਿਕ ਡੂੰਘੇ ਖੱਡਾਂ ਵਿੱਚ ਮਿੱਟੀ ਹੇਠ ਦੱਬ ਦਿੱਤਾ ਜਾਂਦਾ ਹੈ, ਜਿਸ ਕਾਰਨ ਜ਼ਮੀਨ ਵਿੱਚ ਬਾਰਸ਼ ਦਾ ਪਾਣੀ ਜਜ਼ਬ ਕਰਨ ਦੀ ਰੁਕਾਵਟ ਉਤਪੰਨ ਹੁੰਦੀ ਹੈ ਅਤੇ ਜ਼ਮੀਨਦੋਜ਼ ਪਾਣੀ ਦੀ ਮਾਤਰਾ ਘਟਣ ਕਾਰਨ ਪਾਣੀ ਦਾ ਸਤਰ ਜ਼ਮੀਨ ਵਿੱਚ ਹੇਠਾਂ ਚਲਾ ਗਿਆ ਹੈ ਅਤੇ ਫਸਲਾਂ ਦੀ ਉਪਜ ਪ੍ਰਭਾਵਤ ਹੋਈ ਹੈ। ਇਸ ਤੋਂ ਇਲਾਵਾ ਲੋਕਾਂ ਵੱਲੋਂ ਲਾਪਰਵਾਹੀ ਨਾਲ ਪਲਾਸਟਕ ਵਸਤੂਆਂ ਦਾ ਇਸਤੇਮਾਲ ਕਰਨ ਬਾਅਦ ਸੜਕਾਂ, ਪਾਰਕਾਂ, ਨਦੀ ਨਾਲਿਆਂ ਅਤੇ ਦਰਿਆਵਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਬਾਰਸ਼ ਦੇ ਮੌਸਮ ਵਿੱਚ ਪਾਣੀ ਦੇ ਨਿਕਾਸ ਵਿੱਚ ਰੁਕਾਵਟ ਆਉਂਦੀ ਹੈ ਜਿਸ ਕਾਰਨ ਗਲੀ-ਕੂਚਿਆਂ ਵਿੱਚ ਪਾਣੀ ਭਰ



ਜਾਂਦਾ ਹੈ, ਫਿਰ ਇਹੀ ਘਰਾਂ ਵਿੱਚ ਵੀ ਭਰ ਜਾਂਦਾ ਹੈ ਅਤੇ ਮਾਹੌਲ (Enviornment) ਤੇ ਪੀਣ ਦੇ ਪਾਣੀ ਨੂੰ ਗੰਧਲਾ ਕਰਨ ਕਾਰਨ ਪਿੰਡਾਂ ਤੇ ਸ਼ਹਿਰਾਂ ਵਿੱਚ ਕੈਹ, ਪੇਚਸ, ਪੀਲੀਆ, ਟਾਈਫਾਇਡ ਅਤੇ ਹੈਜ਼ੇ ਵਰਗੀਆਂ ਬਿਮਾਰੀਆਂ ਫੈਲਣ ਨਾਲ ਬੱਚਿਆਂ ਅਤੇ ਲੋਕਾਂ ਵਿੱਚ ਮ੍ਰਿਤੂ ਦਰ ਵਧ ਜਾਂਦੀ ਹੈ।

ਪਲਾਸਟਿਕ ਪ੍ਰਦੂਸ਼ਣ ਨੇ ਜੰਗਲੀ ਜਾਨਵਰਾਂ ਤੇ ਇਹਨਾਂ ਦੇ ਰਹਿਣ ਸਥਾਨਾਂ ਅਤੇ ਮਨੁੱਖ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਮਨੁੱਖ ਨੇ ਆਪਣੇ ਰੋਜ਼ਮਰ੍ਹਾ ਦੀ ਜ਼ਿੰਦਗੀ ਨੂੰ ਪਲਾਸਟਿਕ ਦੇ ਥੈਲਿਆਂ 'ਤੇ ਨਿਰਭਰ ਕਰ ਦਿੱਤਾ ਹੈ। ਪਲਾਸਟਿਕ ਲਿਫਾਫਿਆਂ ਨੂੰ ਥਾਂ-ਥਾਂ ਖਿਲਾਰ ਕੇ ਮਾਹੌਲ ਦਾ ਹੁਲੀਆ ਵਿਗਾੜ ਦਿੱਤਾ ਹੈ। ਪਲਾਸਟਿਕ ਪ੍ਰਦੂਸ਼ਣ ਪਾਣੀ ਦੇ ਸਰੋਤਾਂ, ਜਲਮਾਰਗਾਂ ਅਤੇ ਸਮੁੰਦਰ ਨੂੰ ਵੀ ਪ੍ਰਭਾਵਤ ਕਰਦਾ ਹੈ, ਜਿਸ ਕਾਰਨ ਸਮੁੰਦਰ ਦੇ ਜੀਵ-ਜੰਤੂਆਂ 'ਤੇ ਮਾੜਾ ਅਸਰ ਪੈਂਦਾ ਹੈ। ਪਲਾਸਟਿਕ ਦੇ ਇਸਤੇਮਾਲ ਨੂੰ ਘਟਾਉਣ ਦੇ ਤਰੀਕੇ ਜੁਟਾਉਣੇ ਜ਼ਰੂਰੀ ਹਨ। ਇਸ ਦੇ ਮੁੜ ਪਹਿਲੀ ਸਥਿਤੀ (Recycling) ਵਿੱਚ ਲਿਆਉਣ ਦੇ ਸਾਧਨ ਸਥਾਪਤ ਕਰਨੇ ਅਤਿ ਜ਼ਰੂਰੀ ਹਨ। ਲੋਕਾਂ ਨੂੰ ਪਲਾਸਟਿਕ ਦੇ ਲਿਫਾਫਿਆਂ ਦੀ ਬਜਾਏ ਕਾਗਜ਼ ਦੇ ਲਿਫਾਫਿਆਂ ਦਾ ਪ੍ਰਯੋਗ ਕਰਨ ਲਈ ਜਾਗਰੂਕ ਕਰਨਾ ਹੈ ਜਾਂ ਘਰੋਂ ਕੱਪੜੇ ਦਾ ਥੈਲਾ ਲੈ ਜਾਣ ਲਈ ਉਤਸ਼ਾਹਤ ਕਰਨਾ ਉਚਿਤ ਹੈ। ਪਲਾਸਟਿਕ ਸਸਤਾ ਤੇ ਹੰਢਣਸਾਰ ਹੋਣ ਕਾਰਨ ਇਸ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ। ਪਲਾਸਟਿਕ ਕਈ ਰੂਪਾਂ ਵਿੱਚ ਆਪਣਾ ਜ਼ਹਿਰੀਲਾ ਸਿਰ ਚੁੱਕਦਾ ਹੈ। ਇਹ ਉੱਘੜ-ਦੁੱਘੜ ਸੁੱਟਣ ਤੱਕ ਹੀ ਸੀਮਤ ਨਹੀਂ, ਬਲਕਿ ਮਨੁੱਖ ਰਾਹੀਂ ਪੈਦਾ ਕੀਤਾ ਕੂੜਾ ਕਰਕਟ ਸਮੁੰਦਰ ਦੇ ਤਲ, ਝੀਲਾਂ, ਖੂਹਾਂ, ਚਸ਼ਮਿਆਂ, ਸਾਫ ਪਾਣੀ ਦੇ ਸਰੋਤ ਅਤੇ ਜਲ ਮਾਰਗਾਂ ਨੂੰ ਦੂਸ਼ਿਤ ਕਰਦਾ ਹੈ। ਪਲਾਸਟਿਕ ਦੇ ਕਣ ਪੌਣ, ਪਾਣੀ ਅਤੇ ਧਰਤੀ ਨੂੰ ਦੂਸ਼ਿਤ ਕਰਦੇ ਹਨ। ਆਮ ਲੋਕਾਂ ਨੂੰ ਇਹ ਪਤਾ ਹੀ ਨਹੀਂ ਕਿ ਪਲਾਸਟਿਕ ਜਿਨ੍ਹਾਂ ਅਣੂਆਂ ਦਾ ਬਣਦਾ ਹੈ, ਉਹ ਮਨੁੱਖ ਲਈ ਕਿੰਨੇ ਹਾਨੀਕਾਰਕ ਹਨ ਅਤੇ ਲਾ-ਇਲਾਜ ਬਿਮਾਰੀਆਂ ਦਾ ਘਰ ਹਨ। ਪਲਾਸਟਿਕ ਪੈਟਰੋਲੀਅਮ ਪਦਾਰਥਾਂ ਦੀ ਝੱਗ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਪਦਾਰਥ ਤੋਂ ਬਨਾਵਟੀ ਕੱਪੜਾ (Synthetic Cloth) ਅਤੇ ਵਸਤੂਆਂ ਨੂੰ ਡੱਬੇ ਬੰਦ ਕਰਨ ਦੇ ਬਕਸੇ ਵੀ ਬਣਾਏ ਜਾਂਦੇ ਹਨ। ਖਾਧ ਪਦਾਰਥਾਂ (Food Articles) ਨੂੰ ਪਲਾਸਟਕ ਦੇ ਥੈਲਿਆਂ ਵਿੱਚ ਬੰਦ ਕਰਨ ਨਾਲ ਇਹਨਾਂ ਦੇ ਅਹਾਰਕ ਤੱਤ ਜਲਦੀ ਨਸ਼ਟ ਹੋ ਜਾਂਦੇ ਹਨ। ਜਿਸ ਕਾਰਨ ਮਾਨਵ ਤੇ ਬਾਕੀ ਜੀਵਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਕੋਈ ਵੀ ਖਾਣ ਦੀ ਚੀਜ਼ ਪਲਾਸਟਿਕ ਲਿਫਾਫਿਆਂ ਵਿੱਚ ਪੈਕ (Pack) ਕਰ ਕੇ ਫਰਿਜ ਵਿੱਚ ਨਹੀਂ ਰੱਖਣੀ ਚਾਹੀਦੀ, ਕਿਉਂਕਿ ਖੁਰਾਕ ਵਿੱਚ ਮੌਜੂਦ ਵਿਟਾਮਿਨ ਤੇ ਖਣਜ ਤੱਤ (Minerals) ਜਲਦੀ ਨਸ਼ਟ ਹੋ ਜਾਂਦੇ ਹਨ। ਕਈ ਵਾਰ ਪਲਾਸਟਿਕ ਦੀਆਂ ਵਸਤੂਆਂ ਨੂੰ ਸਾੜ ਦਿੱਤਾ ਜਾਂਦਾ ਹੈ ਅਤੇ ਇਸ ਦਾ ਧੂੰਆਂ ਸਾਰੇ ਮਾਹੌਲ ਨੂੰ ਦੂਸ਼ਿਤ ਕਰਦਾ ਹੈ ਅਤੇ ਮਾਨਵ ਹਵਾ ਦੀ ਨਾਲੀ, ਗਲੇ ਅਤੇ ਫੇਫੜਿਆਂ ਦੀਆਂ ਭਿੰਨ-ਭਿੰਨ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬਾਹਰਲੇ ਦੇਸ਼ਾਂ ਵਿੱਚ ਘਰ ਦਾ ਕੂੜਾ-ਕਰਕਟ ਕਾਲੇ ਲਿਫਾਫਿਆਂ ਵਿੱਚ ਬੰਦ ਕਰਕੇ ਘਰ ਤੋਂ ਬਾਹਰਵਾਰ ਰੱਖਿਆ ਜਾਂਦਾ ਹੈ, ਜਿਸ ਨੂੰ ਮਿਊਂਸਪਲਟੀ ਦੀਆਂ ਗੱਡੀਆਂ ਚੁੱਕ ਕੇ ਰੀਸਾਇਕਲਿੰਗ (Recycling) ਲਈ ਕਾਰਖਾਨਿਆਂ ਵਿੱਚ ਲੈ ਜਾਂਦੀਆਂ ਹਨ। ਵਾਤਾਵਰਣ/ਮਾਹੌਲ ਨੂੰ ਸਵੱਛ ਰੱਖਣ ਵਿੱਚ ਬੱਚਿਆਂ ਤੋਂ ਲੈ ਕੇ ਵੱਡੇ ਵਿਅਕਤੀਆਂ ਤੱਕ ਆਪਣਾ ਯੋਗਦਾਨ ਪਾਉਂਦੇ ਹਨ। ਅਮਰੀਕਾ ਦੀ ਮਾਹੌਲ ਬਚਾਊ ਸੰਸਥਾ ਅਨੁਸਾਰ ਇਸ ਦੇਸ਼ ਵਿੱਚ ਠੋਸ (Solid) ਕੂੜੇ ਕਰਕਟ 'ਚੋਂ 12% ਪਲਾਸਟਿਕ ਦਾ ਵਿਅਰਥ ਕੂੜਾ ਹੁੰਦਾ ਹੈ, ਜਿਹੜਾ 1960 ਵਿੱਚ 1% ਹੁੰਦਾ ਸੀ। ਭਾਰਤ ਵਿੱਚ ਪਾਣੀ ਅਤੇ ਧਰਤੀ 'ਤੇ ਇੰਨਾ ਪਲਾਸਟਿਕ ਕਚਰਾ ਬਿਖਰਿਆ ਹੈ ਕਿ ਇਸ ਨੂੰ ਸਾਫ ਕਰਨ ਲਈ 5 (ਪੰਜ) ਕਰੋੜ ਲੋਕਾਂ ਦੀ ਲੋੜ ਹੈ। ਠੋਸ ਕੂੜੇ ਕਰਕਟ ਤੇ ਕਚਰੇ ਤੋਂ ਛੁਟਕਾਰਾ ਪਾਉਣ ਲਈ ਸੁੱਟਣ ਦੀ ਥਾਂ ਹੀ ਨਹੀਂ। ਭਾਰਤ ਵਿੱਚ ਦੁਨੀਆ ਦਾ 14% ਪਾਣੀ ਹੈ, ਪਰ ਪੀਣ ਲਈ ਇੱਕ ਬੂੰਦ ਵੀ ਨਹੀਂ। ਭਾਰਤ ਦਾ ਸੱਭਿਆਚਾਰ ਬਿਸਲੈਰੀ ਸੱਭਿਆਚਾਰ ਬਣ ਰਿਹਾ ਹੈ। ਬੱਚੇ ਤੋਂ ਲੈ ਕੇ ਬੁੱਢੇ ਤੱਕ ਪਾਣੀ ਦੀ ਬੋਤਲ ਪਿੱਠ 'ਤੇ ਚੁੱਕੀ ਹੁੰਦੀ ਹੈ।



ਹਰੇ ਪੀਲੇ ਗੈਸ (Chlorine) ਵਿੱਚ ਵਿਗੁਚਾ ਪਲਾਸਟਿਕ (Chlorinated Plastic) ਆਲੇ-ਦੁਆਲੇ ਦੀ ਜ਼ਮੀਨ ਵਿੱਚ ਹਾਨੀਕਾਰਕ ਰਸਾਇਣ ਛੱਡਦਾ ਹੈ, ਜਿਸ ਕਾਰਨ ਧਰਤੀ ਹੇਠ ਪਾਣੀ ਅਤੇ ਧਰਤੀ 'ਤੇ ਵਹਿ ਰਹੇ ਪਾਣੀ ਨੂੰ ਗੰਧਲਾ ਕਰਦਾ ਹੈ, ਜਿਹੜਾ ਜੀਵਾਂ ਤੇ ਬੂਟਿਆਂ ਲਈ ਹਾਨੀਕਾਰਕ ਹੈ। ਡੂੰਘੀਆਂ ਥਾਵਾਂ ਨੂੰ ਭਰਨ ਨਾਲ ਪਲਾਸਟਿਕ ਦੇ ਵੱਡੇ ਢੇਰ ਲੱਗ ਜਾਂਦੇ ਹਨ। ਇਹਨਾਂ ਡੂੰਘੀਆਂ ਥਾਵਾਂ ਵਿੱਚ ਛੋਟੇ ਜੀਵ (Micro organism) ਪਲਾਸਟਿਕ ਨੂੰ ਗਲਣ ਵਿੱਚ ਸਹਾਇਕ ਹੁੰਦੇ ਹਨ, ਜਿਸ ਕਾਰਨ ਗਲਿਆ ਪਲਾਸਟਿਕ ਨਿੱਕੇ-ਨਿੱਕੇ ਟੁਕੜਿਆਂ ਵਿੱਚ ਪਰਿਵਰਤਤ ਹੁੰਦਾ ਹੈ ਅਤੇ ਇਹਨਾਂ 'ਚੋਂ ਰੰਗਹੀਣ ਗੈਸ (Methane) ਦਾ ਰਸਾਉ ਇੱਕ ਸ਼ਕਤੀਸ਼ਾਲੀ ਗਰੀਨ ਹਾਊਸ ਗੈਸਾਂ ਵਿੱਚੋਂ ਇੱਕ ਹੈ ਅਤੇ ਕਲੋਰੋ, ਫਲੋਰੋ ਕਾਰਬਨ ਨਾਲ ਮਿਲ ਕੇ ਖਤਰਨਾਕ ਰੂਪ ਧਾਰਨ ਕਰਕੇ ਵਿਸ਼ਵ ਤਪਸ਼ (Global Warming) ਦਾ ਕਾਰਨ ਬਣਦਾ ਹੈ ਜਿਵੇਂ (Carban dioxide, Carban minoxide, Methene & Nitrate Oxide)। ਇਸ ਗਰਮੀ ਕਾਰਨ ਉੱਤਰੀ ਤੇ ਦੱਖਣੀ ਧਰੁਵ ਵਿੱਚ ਬਰਫ ਅਤੇ ਹੇਮ ਦਰਿਆ (Glaciers) ਦਾ ਪਿਘਲਣਾ ਤੇਜ਼ ਹੋ ਗਿਆ ਹੈ। ਇਸ ਕਾਰਨ ਸਮੁੰਦਰ ਵਿੱਚ ਪਾਣੀ ਦਾ ਸਤਰ ਦੋ ਫੁੱਟ ਦੇ ਕਰੀਬ ਵਧ ਗਿਆ ਹੈ। ਸਮੁੰਦਰ ਤੱਟ ਨਾਲ ਲੱਗਦੇ ਸ਼ਹਿਰਾਂ ਅਤੇ ਟਾਪੂਆਂ ਦੇ ਡੁੱਬਣ ਦਾ ਖਤਰਾ ਵਧ ਗਿਆ ਹੈ। ਕਈ ਦੇਸ਼ ਰੰਗਹੀਣ (Methcne) ਗੈਸ ਨੂੰ ਡੂੰਘਾਣਾਂ 'ਚੋਂ ਯੰਤਰਾਂ ਰਾਹੀਂ ਊਰਜਾ ਪ੍ਰਾਪਤ ਕਰਦੇ ਹਨ। ਬਹੁਤੇ ਦੇਸ਼ ਇਸ ਸੰਦਰਭ ਵਿੱਚ ਪੱਛੜੇ ਹਨ, ਕਿਉਂਕਿ ਉਹਨਾ ਕੋਲ ਯੰਤਰਾਂ ਤੇ ਵਿਗਿਆਨ ਦੀ ਕਮੀ ਹੈ। ਰੰਗਹੀਣ ਗੈਸ (Methene) ਸਿਰਫ ਪਲਾਸਟਿਕ ਤੋਂ ਹੀ ਨਹੀਂ ਬਲਕਿ ਠੋਸ ਕੂੜੇ-ਕਰਕਟ ਤੋਂ ਵੀ ਪ੍ਰਾਪਤ ਕੀਤਾ ਜਾਂਦਾ ਹੈ। ਧਾਨ ਦੀ ਖੇਤੀ, ਜਾਨਵਰਾਂ ਦੇ ਪਿਸ਼ਾਬ ਅਤੇ ਪਲਾਸਟਿਕ ਤੋਂ ਉਤਪੰਨ ਹੋਣ ਵਾਲੀ ਰੰਗਹੀਣ ਗੈਸ (Methene Gas) 35% ਵਿਸ਼ਵ ਤਪਸ਼ ਜਾਂ ਗਰਮੀ ਲਈ ਜ਼ਿੰਮੇਵਾਰ ਹੈ।

ਸਮੁੰਦਰ ਵਿਚਲਾ ਪ੍ਰਦੂਸ਼ਣ : (Plasticine Plastic Pellets, A Tile of Micro Plastic) ਤਿਆਰ ਕੀਤੇ ਪਲਾਸਟਿਕ ਦੇ ਨਰਮ ਗੋਲੇ ਅਤੇ ਪਲਾਸਟਿਕ ਪਦਾਰਥ ਸਮੁੰਦਰੀ ਜਹਾਜ਼ਾਂ ਵਿੱਚ ਢੋਇਆ ਜਾਂਦਾ ਹੈ। ਪਲਾਸਟਿਕ ਦੇ ਛੱਰਿਆਂ (Pellets) ਦਾ ਵੱਡਾ ਭਾਗ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ ਹੈ। ਸੰਸਾਰ ਵਿੱਚ 10% ਸਮੁੰਦਰੀ ਕੰਢਿਆਂ 'ਤੇ ਫੈਲਿਆ ਕਚਰਾ (Nurdles Plastic Pellets) ਦੇ ਰੂਪ ਵਿੱਚ ਹੁੰਦਾ ਹੈ। ਪਲਾਸਟਿਕ ਨੂੰ ਸਮੁੰਦਰ ਵਿੱਚ ਗਲਣ ਨੂੰ ਇੱਕ ਸਾਲ ਲੱਗਦਾ ਹੈ, ਪਰ ਫਿਰ ਵੀ ਪੂਰਾ ਨਹੀਂ ਗਲਦਾ। ਇਸ ਨਾਲ ਸਮੁੰਦਰ ਵਿੱਚ ਕਈ ਜ਼ਹਿਰੀਲੇ ਰਸਾਇਣ ਘੁਲ ਜਾਂਦੇ ਹਨ, ਜਿਹੜੇ ਸਮੁੰਦਰੀ ਜੀਵਾਂ ਲਈ ਹਾਨੀਕਾਰਕ ਹੁੰਦੇ ਹਨ। ਪੋਲੀਥੀਨ ਦੇ ਡੱਬੇ ਸਮੁੰਦਰ ਵਿੱਚ ਪਏ ਮਲਬੇ ਦਾ ਹਿੱਸਾ ਬਣ ਕੇ ਸਮੁੰਦਰ ਨੂੰ ਦੂਸ਼ਿਤ ਕਰਦੇ ਹਨ।

2012 ਈ: ਵਿੱਚ ਇੱਕ ਸਰਵੇਖਣ ਅਨੁਸਾਰ 165 ਮਿਲੀਅਨ ਟਨ ਪਲਾਸਟਿਕ ਪ੍ਰਦੂਸ਼ਣ ਨੇ ਦੁਨੀਆ ਦੇ ਸਮੁੰਦਰਾਂ ਨੂੰ ਦੂਸ਼ਿਤ ਕੀਤਾ ਹੈ। ਪਲਾਸਟਿਕ ਪ੍ਰਦੂਸ਼ਣ ਆਪਣੀ ਔਗੁਣਤਾ ਕਾਰਨ ਜਾਨਵਰਾਂ ਲਈ ਜ਼ਹਿਰ ਹੈ ਅਤੇ ਖਾਧ ਪਦਾਰਥਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦੇ ਹਨ। ਪਲਾਸਟਿਕ ਪ੍ਰਦੂਸ਼ਣ ਸਮੁੰਦਰੀ ਜੀਵਾਂ ਦੀ ਵੱਡੀ ਮਾਤਰਾ (Population) ਲਈ ਹਾਨੀਕਾਰਕ ਹੈ, ਜਿਵੇਂ ਪੁਸਤਕ ਜੀਵ ਵਿਗਿਆਨ ਪ੍ਰਤੀ ਜਾਣ-ਪਛਾਣ (Introduction to marine Biology) ਵਿੱਚ ਬਿਆਨ ਕੀਤਾ ਗਿਆ ਹੈ ਕਿ ਇਹ ਸਮੁੰਦਰੀ ਜੀਵਾਂ ਲਈ ਇੱਕ ਵੱਡੀ ਚੁਣੌਤੀ ਉਤਪੰਨ ਕਰ ਰਿਹਾ ਹੈ। ਸਮੁੰਦਰੀ ਕਛੂਏ ਦੇ ਪੇਟ ਅੰਦਰ ਵੱਡੀ ਮਾਤਰਾ ਵਿੱਚ ਖਾਧੇ ਪਲਾਸਟਿਕ ਦੇ ਲਿਫਾਫੇ ਵੇਖੇ ਗਏ ਹਨ, ਜਿਸ ਕਾਰਨ ਇਹਨਾਂ ਦੀ ਪਾਚਣ (Digestive Capacity) ਸ਼ਕਤੀ ਪ੍ਰਭਾਵਤ ਹੁੰਦੀ ਹੈ, ਭੁੱਖ ਨਾ ਲੱਗਣ ਕਾਰਨ ਇਹ ਫਾਕਾਕਸ਼ੀ ਨਾਲ ਮਰ ਜਾਂਦੇ ਹਨ। ਇਸ ਤੋਂ ਇਲਾਵਾ ਪਲਾਸਟਿਕ ਨਾਲ ਬਣੀਆਂ ਜਾਲਾਂ ਵਿੱਚ ਦੁੱਧ ਪਿਲਾਉਣ ਵਾਲੇ ਸਮੁੰਦਰੀ ਜੀਵ ਫਸ ਕੇ ਮਰ ਜਾਂਦੇ ਹਨ। 260 ਸਮੁੰਦਰੀ ਜੀਵਾਂ ਦੀਆਂ ਉਪ ਜਾਤੀਆਂ ਪਲਾਸਟਿਕ ਦੀਆਂ ਵਸਤੂ ਖਾਣ ਨਾਲ ਪ੍ਰਭਾਵਤ ਹੋਈਆਂ ਹਨ, ਜਿਸ ਕਾਰਨ ਇਹਨਾਂ ਦੀ ਫੁਰਤੀ, ਗਤੀ ਤੇ ਚਾਲ 'ਤੇ ਅਸਰ ਪੈਣ ਨਾਲ ਇਹਨਾਂ ਨੂੰ ਖੁਰਾਕ ਲੱਭਣ ਅਤੇ ਨਿੱਕੀਆਂ ਮੱਛੀਆਂ ਦਾ ਸ਼ਿਕਾਰ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਤੋਂ ਇਲਾਵਾ ਗੰਭੀਰ ਬਿਮਾਰੀਆਂ ਨਾਲ ਪੀੜਤ ਹੋਣ ਕਾਰਨ ਮਰ ਜਾਂਦੇ ਹਨ। ਇੱਕ ਅਨੁਮਾਨ ਅਨੁਸਾਰ ਹਰ ਸਾਲ ਚਾਰ ਲੱਖ ਦੁੱਧ ਪਿਲਾਉਣ ਵਾਲੇ ਸਮੁੰਦਰੀ ਜੀਵ ਅਲੋਪ ਹੋ ਰਹੇ ਹਨ। ਚੀਰ-ਫਾੜ ਰਾਹੀਂ ਕਈ ਕਿਸਮ ਦੇ ਖਾਧੇ ਪਲਾਸਟਿਕ ਇਹਨਾਂ ਦੇ ਪੇਟ 'ਚੋਂ ਕੱਢੇ ਗਏ ਹਨ। ਸਮੁੰਦਰੀ ਜੀਵ ਪਲਾਸਟਿਕ ਭੋਜਨ ਸਮਝ ਕੇ ਖਾ ਜਾਂਦੇ ਹਨ।

ਪਲਾਸਟਿਕ ਪਦਾਰਥ ਕਈ ਕਿਸਮਾਂ ਦੇ ਪੈਟਰੋ ਰਸਾਇਣ (Petro Chamicals) ਤੋਂ ਤਿਆਰ ਕੀਤਾ ਜਾਂਦਾ ਹੈ, ਜਿਸ ਕਾਰਨ ਇਹ ਕਾਗਜ਼ ਨਾਲੋਂ ਜਲਦੀ ਨਸ਼ਟ ਨਹੀਂ ਹੁੰਦੇ। ਪਲਾਸਟਕ ਦੀ ਲੰਮੀ ਉਮਰ ਹੋਣ ਕਾਰਨ ਇਹ ਮਾਹੌਲ, ਮਨੁੱਖ ਤੇ ਜੀਵ-ਜੰਤੂਆਂ ਦੀ ਉੱਤਰ ਜੀਵਿਤਾ (Survival) 'ਤੇ ਮਾੜਾ ਅਸਰ ਪਾਉਂਦਾ ਹੈ। ਮਨੁੱਖ ਇਸ ਦੇ ਹਾਨੀਕਾਰਕ ਰਸਾਇਣਾਂ (Chamicals) ਨੂੰ ਚਮੜੀ ਰਾਹੀਂ ਆਪਣੇ ਅੰਦਰ ਖਪਤ ਕਰਦਾ ਹੈ ਅਤੇ ਚਮੜੀ ਦੇ ਰੋਗ ਉਤਪੰਨ ਹੁੰਦੇ ਹਨ। ਸਰਕਾਰ, ਸਮਾਜ ਸੇਵੀ ਸੰਸਥਾਵਾਂ ਅਤੇ ਗ੍ਰਾਮੀਣ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਸਥਾਨਕ ਲੋਕਾਂ ਨਾਲ ਸੰਪਰਕ, ਛਪਾਈ ਤੇ ਬਿਜਲਈ ਮਾਧਿਅਮ ਰਾਹੀਂ ਆਮ ਜਨਤਾ, ਸਕੂਲੀ ਬੱਚਿਆਂ ਤੇ ਲੋਕਾਂ ਨੂੰ ਪਲਾਸਟਿਕ ਪ੍ਰਦੂਸ਼ਣ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਜਾਗਰੂਕ ਕਰਨ ਤੋਂ ਇਲਾਵਾ ਪਲਾਸਟਿਕ ਦੇ ਲਿਫਾਫਿਆਂ ਨੂੰ ਤਰਕ ਕਰਕੇ ਕਾਗਜ਼ ਦੇ ਲਿਫਾਫਿਆਂ ਅਤੇ ਕੱਪੜੇ ਦੇ ਥੈਲਿਆਂ ਦਾ ਪ੍ਰਯੋਗ ਜਾਂ ਇਸਤੇਮਾਲ ਕਰਨ, ਤਾਂ ਕਿ ਲੋਕ ਪਲਾਸਟਿਕ ਦੇ ਅਸਰ ਤੋਂ ਛੁਟਕਾਰਾ ਪਾ ਕੇ ਮਾਹੌਲ ਨੂੰ ਸਾਫ-ਸੁਥਰਾ ਰੱਖਣ ਅਤੇ ਬੀਮਾਰੀਆਂ ਦੇ ਸ਼ਿਕੰਜੇ ਤੋਂ ਸੁਰਖਰੂ ਹੋਣ, ਤਾਂ ਕਿ ਤੰਦਰੁਸਤ ਕੌਮ ਦੀ ਬੁਨਿਆਦ ਸਥਾਪਤ ਕੀਤੀ ਜਾ ਸਕੇ।

ਅਜੋਕੇ ਸਮੇਂ ਦੀ ਮੰਗ ਹੈ ਕਿ ਪੌਣ-ਪਾਣੀ ਅਤੇ ਧਰਤੀ ਦੇ ਮਾਹੌਲ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਧਰਤੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਦੀ ਲੋੜ ਹੈ ਤਾਂ ਕਿ ਵਧਦੀ ਜਨ ਸੰਖਿਆ ਲਈ ਖਾਧ ਪਦਾਰਥਾਂ ਦੀ ਵਾਫਰ ਉਪਲੱਬਧੀ ਹੋ ਸਕੇ। ਰੁੱਖ, ਧਰਤੀ ਦੇ ਅੰਮਾ ਜਾਏ ਹਨ। ਇਹਨਾਂ ਦੀ ਹੋਂਦ ਨੂੰ ਨਸ਼ਟ ਕਰਨਾ ਮਨੁੱਖ ਜਾਤੀ ਨੂੰ ਧਰਤੀ ਤੋਂ ਅਲੋਪ ਕਰਨ ਦੇ ਅਨੁਕੂਲ ਹੈ। ਹਰ ਸਾਲ ਪ੍ਰਦੂਸ਼ਣ ਦੇ ਸਿੱਟੇ ਵਜੋਂ ਕਰੋੜਾਂ ਰੁੱਖਾਂ ਤੇ ਬੇਲ ਬੂਟਿਆਂ ਦੀਆਂ ਇੱਕ ਹਜ਼ਾਰ ਕਿਸਮਾਂ ਧਰਤੀ ਤੋਂ ਅਲੋਪ ਹੋ ਰਹੀਆਂ ਹਨ। ਧਰਤੀ ਮਾਤਾ ਦੀ ਹਰਿਆਲੀ ਗੋਦ ਵਿੱਚ ਆਨੰਦ ਲੈਣ ਲਈ ਧਰਤੀ ਨੂੰ ਆਨੰਦਮਈ ਬਣਾਉਣਾ ਜ਼ਰੂਰੀ ਹੈ। 'ਬਲਿਹਾਰੀ ਕੁਦਰਤ ਵਸਿਆ' ਦੇ ਮਹਾਂ ਵਾਕ ਅਨੁਸਾਰ ਜਿਸ ਰੱਬ ਨੂੰ ਅਸੀਂ ਭਾਲਦੇ ਹਾਂ, ਉਹ ਤਾਂ ਕੁਦਰਤ ਵਿੱਚ ਹੀ ਵਸਿਆ ਹੈ। ਪਲਾਸਟਿਕ ਅਤੇ ਕਈ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਧਰਤੀ ਨੂੰ ਮੁਕਤ ਕਰਨ ਲਈ ਅਸੀਂ ਆਪਣੇ ਹੱਥੀਂ ਆਪਣਾ ਕਾਰਜ ਆਪ ਹੀ ਸੰਵਾਰਨਾ ਹੈ। 'ਆਪਣੇ ਹੱਥੀਂ ਆਪਣਾ ਆਪ ਹੀ ਕਾਰਜ ਸੰਵਾਰੀਏ।'

ਸੰਪਰਕ : 095962-56345

ਸਮਕਾਲੀ ਵਰਤਾਰਾ

## ਹਾਕਮਾਂ ਨੂੰ ਗੌਤਮ ਨਵਲੱਖਾ ਦੀ ਘਰ 'ਚ ਨਜ਼ਰਬੰਦੀ ਵੀ ਮਨਜ਼ੂਰ ਨਹੀਂ

**ਬੂਟਾ ਸਿੰਘ ਮਹਿਮੂਦਪੁਰ**

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਵੱਲੋਂ ਭੀਮਾ-ਕੋਰੇਗਾਓਂ ਐਲਗਾਰ ਪ੍ਰੀਸ਼ਦ ਕੇਸ ਵਿਚ ਜੇਲ੍ਹ ਵਿਚ ਬੰਦ ਮਨੁੱਖੀ ਹੱਕਾਂ ਦੇ ਉੱਘੇ ਘੁਲਾਟੀਏ ਗੌਤਮ ਨਵਲੱਖਾ ਨੂੰ ਜੇਲ੍ਹ ਦੀ ਬਜਾਏ ਘਰ 'ਚ ਨਜ਼ਰਬੰਦੀ ਦੀ ਰਾਹਤ ਮਿਲਣਾ ਚੰਗੀ ਖ਼ਬਰ ਹੈ। ਗੌਤਮ ਨਵਲੱਖਾ ਸਕਿਨ ਐਲਰਜੀ, ਦੰਦਾਂ ਦੀ ਸਮੱਸਿਆ ਸਮੇਤ ਬਹੁਤ ਸਾਰੇ ਗੰਭੀਰ ਰੋਗਾਂ ਤੋਂ ਪੀੜਤ ਹਨ। ਉਸ ਦੇ ਪੇਟ 'ਚ ਕੈਂਸਰ ਹੋਣ ਦਾ ਸ਼ੱਕ ਵੀ ਹੈ, ਜਿਸ ਲਈ ਦੁਬਾਰਾ ਕੋਲੋਨੋਸਕੋਪੀ ਕਰਾਉਣੀ ਜ਼ਰੂਰੀ ਹੈ। ਉਹ ਜ਼ਰੂਰੀ ਟੈਸਟ ਕਰਾਏ ਜਾਣ ਦੀ ਲਗਾਤਾਰ ਮੰਗ ਕਰ ਰਹੇ ਹਨ, ਪਰ ਜੇਲ੍ਹ ਅਤੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਫ਼ੌਰੀ ਇਲਾਜ ਦੀ ਜ਼ਰੂਰਤ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਰਹੇ ਹਨ। ਜੇਲ੍ਹ ਦੇ ਅਣਮਨੁੱਖੀ ਹਾਲਾਤ ਕਾਰਨ ਨਵਲੱਖਾ ਦੀ ਵਿਗੜ ਰਹੀ ਹਾਲਤ ਦੇ ਮੱਦੇਨਜ਼ਰ ਉਸ ਦੇ ਵਕੀਲ ਨੂੰ ਇਲਾਜ ਦਾ ਮਨੁੱਖੀ ਹੱਕ ਲੈਣ ਲਈ ਉੱਚ ਅਦਾਲਤ 'ਚ ਜਾਣਾ ਪਿਆ।

ਵਕੀਲ ਨੇ ਬੰਬਈ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਕਿ ਨਵਲੱਖਾ ਨੂੰ ਘਰ 'ਚ ਨਜ਼ਰਬੰਦ ਰੱਖ ਕੇ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਜਾਵੇ। ਹਾਈ ਕੋਰਟ ਨੇ ਸਰਕਾਰੀ ਪੱਖ ਦੀਆਂ ਝੂਠੀਆਂ ਦਲੀਲਾਂ ਨੂੰ ਮੰਨਦਿਆਂ ਨਵਲੱਖਾ ਦੀ ਦਰਖ਼ਾਸਤ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਸ ਦਾ ਕੇਸ ਘਰ 'ਚ ਨਜ਼ਰਬੰਦੀ ਦੇ ਪੈਮਾਨੇ 'ਤੇ ਪੂਰਾ ਨਹੀਂ ਉੱਤਰਦਾ। ਇਸ ਕਾਰਨ ਵਕੀਲਾਂ ਨੂੰ ਸੁਪਰੀਮ ਕੋਰਟ 'ਚ ਜਾਣਾ ਪਿਆ। ਐੱਨ ਆਈ ਏ (ਕੌਮੀ ਜਾਂਚ ਏਜੰਸੀ) ਵੱਲੋਂ ਪੇਸ਼ ਏ ਐੱਸ ਜੀ (ਐਡੀਸ਼ਨਲ ਸਾਲਿਸਟਰ ਜਨਰਲ) ਵੱਲੋਂ ਨਵਲੱਖਾ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਦਿੱਤੇ ਜਾਣ ਤੋਂ ਰੋਕਣ ਲਈ ਇਹ ਰੱਟ ਲਾਈ ਗਈ ਕਿ ਉਸ ਦੀ ਹਾਲਤ 'ਚ ਸੁਧਾਰ ਹੋਇਆ ਹੈ ਅਤੇ ਉਸ ਨੂੰ ਫ਼ਿਲਹਾਲ ਕੋਈ ਤਕਲੀਫ਼ ਨਹੀਂ ਹੈ। ਸਰਕਾਰੀ ਨੁਮਾਇੰਦੇ ਅਤੇ ਐੱਨ ਆਈ ਏ ਦੇ ਅਧਿਕਾਰੀ ਨਵਲਖਾ ਦੀ ਨਾਜ਼ੁਕ ਹਾਲਤ ਬਾਰੇ ਭਲੀਭਾਂਤ ਜਾਣਦੇ ਹਨ, ਪਰ ਉਹ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਦਾਲਤਾਂ ਵਿਚ ਝੂਠ ਬੋਲ ਰਹੇ ਹਨ ਤਾਂ ਜੋ ਭੀਮਾ-ਕੋਰੇਗਾਓਂ ਕੇਸ 'ਚ ਫਸਾਏ ਬਾਕੀ ਬੁੱਧੀਜੀਵੀਆਂ ਨੂੰ ਵੀ ਸਟੇਨ ਸਵਾਮੀ ਦੀ ਤਰ੍ਹਾਂ ਬਿਨਾਂ ਜ਼ਮਾਨਤ, ਬਿਨਾਂ ਇਲਾਜ ਜੇਲ੍ਹ ਵਿਚ ਹੀ ਤਿਲ-ਤਿਲ ਕਰਕੇ ਮਾਰਿਆ ਜਾ ਸਕੇ। ਇਸ ਕੇਸ ਵਿਚ 2020 'ਚ ਚਾਰਜਸ਼ੀਟ ਪੇਸ਼ ਕਰਨ ਦੇ ਬਾਵਜੂਦ ਅਜੇ ਤੱਕ ਮੁਕੱਦਮਾ ਸ਼ੁਰੂ ਨਹੀਂ ਹੋਇਆ। ਸੁਪਰੀਮ ਕੋਰਟ ਦੇ ਬੈਂਚ ਨੇ ਵੀ ਇਸ ਪ੍ਰਤੀ ਸਰੋਕਾਰ ਦਿਖਾਇਆ ਹੈ।

ਏ ਐੱਸ ਜੀ ਨੇ ਘਰ 'ਚ ਨਜ਼ਰਬੰਦੀ ਦਾ ਸਖ਼ਤ ਵਿਰੋਧ ਕਰਦਿਆਂ ਇਹ ਬਹਾਨਾ ਬਣਾਇਆ ਕਿ ਇਹ ਕੌਮੀ ਸੁਰੱਖਿਆ ਦਾ ਮਾਮਲਾ ਹੈ ਕਿ ਨਵਲੱਖਾ ਦੇ ਕਸ਼ਮੀਰੀ ਇੰਤਹਾਪਸੰਦਾਂ ਨਾਲ ਸੰਬੰਧ ਹਨ, ਇਸ ਕਰਕੇ ਘਰ 'ਚ ਉਸ ਉੱਪਰ ਨਜ਼ਰ ਰੱਖਣੀ ਮੁਸ਼ਕਲ ਹੋਵੇਗੀ। ਏ ਐੱਸ ਜੀ ਨੇ ਇਹ ਮੁੱਦਾ ਵੀ ਬਣਾਇਆ ਕਿ ਮੈਡੀਕਲ ਰਿਪੋਰਟ ਸ਼ੱਕੀ ਹੈ, ਕਿਉਂਕਿ ਨਵਲੱਖਾ ਦੀ ਸਿਹਤ ਦੀ ਜਾਂਚ ਕਰਨ ਵਾਲੇ ਬਾਰਾਂ ਡਾਕਟਰਾਂ ਵਿਚ ਉਸ ਦੇ ਜੀਜਾ ਡਾ. ਕੋਠਾਰੀ ਵੀ ਸ਼ਾਮਲ ਸਨ। ਸਰਕਾਰੀ ਪੱਖ ਦੀਆਂ ਖੋਖਲੀਆਂ ਅਤੇ ਤਰਕਹੀਣ ਦਲੀਲਾਂ ਨੂੰ ਬੈਂਚ ਨੇ ਰੱਦ ਕਰ ਦਿੱਤਾ ਅਤੇ ਨਵਲੱਖਾ ਦੀ ਘਰ ਵਿਚ ਨਜ਼ਰਬੰਦ ਰੱਖਣ ਦੀ ਪਟੀਸ਼ਨ ਮਨਜ਼ੂਰੀ ਕਰਦਿਆਂ ਕਿਹਾ ਕਿ ਡਾਕਟਰੀ ਰਿਪੋਰਟ ਦੇ ਸ਼ੱਕੀ ਹੋਣ ਦੀ ਦਲੀਲ ਕੋਈ ਕਾਰਨ ਨਹੀਂ ਬਣਦੀ, ਕਿਉਂਕਿ ਇਕ ਡਾਕਟਰ ਦੂਜੇ ਡਾਕਟਰ ਨੂੰ ਗੁੰਮਰਾਹ ਨਹੀਂ ਕਰ ਸਕਦਾ ਅਤੇ ਸੰਬੰਧਤ ਡਾਕਟਰ ਗ਼ਲਤ ਰਿਪੋਰਟ ਨਹੀਂ ਦੇਣਗੇ। ਇਹ ਵੀ ਕਿ ਰਿਪੋਰਟ ਵਿਚ ਡਾ. ਕੋਠਾਰੀ ਦੀਆਂ ਸਿਰਫ਼ ਤਿੰਨ ਸਤਰਾਂ ਹਨ। ਜਦੋਂ ਹੋਰ ਕੋਈ ਦਲੀਲ ਕੰਮ ਨਾ ਆਈ ਤਾਂ ਏ ਐੱਸ ਜੀ ਨੇ ਘਰ ਵਿਚ ਨਜ਼ਰਬੰਦੀ ਦੌਰਾਨ ਨਵਲੱਖਾ ਦੀ ਜੀਵਨ-ਸਾਥਣ ਦੇ ਉਸ ਦੇ ਨਾਲ ਰਹਿਣ ਉੱਪਰ ਇਤਰਾਜ਼ ਉਠਾ ਦਿੱਤਾ ਕਿ ਜੇਲ੍ਹਾਂ ਵਿਚ ਔਰਤਾਂ ਅਤੇ ਮਰਦਾਂ ਦੇ ਇਕੱਠੇ ਰਹਿਣ ਦੀ ਇਜਾਜ਼ਤ ਨਹੀਂ ਹੈ। ਇਸ 'ਤੇ ਬੈਂਚ ਨੇ ਕਿਹਾ, 'ਤੁਸੀਂ ਖੁੱਲ੍ਹੀ ਜੇਲ੍ਹ ਬਾਰੇ ਜਾਣੂੰ ਹੋ? ' ਏ ਐੱਸ ਜੀ ਵੱਲੋਂ ਖੜ੍ਹੇ ਕੀਤੇ ਜਾ ਰਹੇ ਅੜਿੱਕਿਆਂ ਨੂੰ ਦੇਖਦਿਆਂ ਬੈਂਚ ਨੂੰ ਇਹ ਵੀ ਕਹਿਣਾ ਪਿਆ ਕਿ ਜਦੋਂ ਘਰ 'ਚ ਪਹਿਲੀ ਨਜ਼ਰਬੰਦੀ ਦੌਰਾਨ ਨਵਲੱਖਾ ਵੱਲੋਂ ਨਜ਼ਰਬੰਦੀ ਦੀ ਉਲੰਘਣਾ ਕਰਨ ਦੀ ਕੋਈ ਸ਼ਿਕਾਇਤ ਨਹੀਂ ਹੈ ਤਾਂ ਗੰਭੀਰ ਬਿਮਾਰੀਆਂ ਨੂੰ ਦੇਖਦਿਆਂ ਉਸ ਨੂੰ ਜੇਲ੍ਹ ਦੀ ਬਜਾਏ ਘਰ 'ਚ ਨਜ਼ਰਬੰਦ ਕਿਉਂ ਨਾ ਰੱਖਿਆ ਜਾਵੇ।

ਆਖ਼ਰਕਾਰ ਸਰਕਾਰੀ ਪੱਖ ਦੇ ਦਬਾਅ ਹੇਠ ਬੈਂਚ ਨੇ 16 ਸ਼ਰਤਾਂ ਤਹਿਤ ਨਵਲੱਖਾ ਨੂੰ ਇਕ ਮਹੀਨੇ ਲਈ ਮੁੰਬਈ ਵਿਚ ਘਰ ਦੇ ਅੰਦਰ ਨਜ਼ਰਬੰਦ ਕਰਨ ਦੇ ਹੁਕਮ ਨੂੰ 48 ਘੰਟੇ ਦੇ ਅੰਦਰ ਅਮਲ 'ਚ ਲਿਆਉਣ ਦਾ ਆਦੇਸ਼ ਦੇ ਦਿੱਤਾ। ਸ਼ਰਤਾਂ ਇਸ ਤਰ੍ਹਾਂ ਹਨ: (1) ਜਿਸ ਘਰ ਵਿਚ ਨਵਲੱਖਾ ਨੂੰ ਇਕ ਮਹੀਨੇ ਲਈ ਨਜ਼ਰਬੰਦ ਰੱਖਿਆ ਜਾਵੇਗਾ, ਉਸ ਦੀ ਲਗਾਤਾਰ ਨਿਗਰਾਨੀ ਲਈ ਘਰ ਦੇ ਬਾਹਰ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ, ਕਮਰਿਆਂ ਦੇ ਬਾਹਰ ਅਤੇ ਸਾਰੇ ਦਰਵਾਜ਼ਿਆਂ ਉੱਪਰ ਸੀ ਸੀ ਟੀ ਵੀ ਕੈਮਰੇ ਲਗਾਏ ਜਾਣਗੇ। (2) ਨਵਲੱਖਾ ਨੂੰ ਘਰ ਤੋਂ ਬਾਹਰ ਨਿਕਲਣ ਦੀ ਆਗਿਆ ਨਹੀਂ ਹੋਵੇਗੀ। ਸੈਰ ਕਰਨ ਲਈ ਵੀ ਉਹ ਸਿਰਫ਼ ਪੁਲਸ ਮੁਲਾਜ਼ਮ ਦੇ ਨਾਲ ਹੀ ਘਰ ਤੋਂ ਬਾਹਰ ਕਦਮ ਰੱਖ ਸਕਣਗੇ ਅਤੇ ਕਿਸੇ ਨਾਲ ਗੱਲਬਾਤ ਨਹੀਂ ਕਰਨਗੇ (3) ਉਹ ਇੰਟਰਨੈੱਟ, ਲੈਪਟਾਪ ਜਾਂ ਕੋਈ ਵੀ ਸੰਚਾਰ ਡਿਵਾਈਸ ਨਹੀਂ ਵਰਤ ਸਕਣਗੇ (4) ਪੁਲਸ ਮੁਲਾਜ਼ਮਾਂ ਵੱਲੋਂ ਦਿੱਤੇ ਮੋਬਾਇਲ ਫ਼ੋਨਾਂ ਉੱਪਰ ਪੁਲਸ ਦੀ ਮੌਜੂਦਗੀ ਵਿਚ ਦਿਨ ਵਿਚ ਸਿਰਫ਼ ਇਕ ਵਾਰ ਸਿਰਫ਼ ਦਸ ਮਿੰਟ ਲਈ ਕਿਸੇ ਨਾਲ ਗੱਲ ਕਰ ਸਕਣਗੇ (5) ਉਹ ਆਪਣੀ ਜੀਵਨ-ਸਾਥਣ ਦੇ ਜਾਂ ਕਿਸੇ ਹੋਰ ਦੇ ਫ਼ੋਨ ਦੀ ਵਰਤੋਂ ਨਹੀਂ ਕਰਨਗੇ। ਉਸ ਦੀ ਜੀਵਨ-ਸਾਥਣ ਦੇ ਮੋਬਾਇਲ 'ਚ ਇੰਟਰਨੈੱਟ ਨਹੀਂ ਹੋਵੇਗਾ। ਉਹ ਸਿਰਫ਼ ਕਾਲਾਂ ਅਤੇ ਐੱਸ ਐੱਮ ਐੱਸ ਕਰਨ ਲਈ ਸਧਾਰਨ ਫ਼ੋਨ ਹੀ ਰੱਖ ਸਕੇਗੀ, ਉਸ ਉੱਪਰ ਕੀਤੀਆਂ ਕਾਲਾਂ ਅਤੇ ਮੈਸੇਜ ਡਿਲੀਟ ਨਹੀਂ ਕੀਤੇ ਜਾਣਗੇ। (6) ਐੱਨ ਆਈ ਏ ਨਵਲੱਖਾ ਅਤੇ ਉਸ ਦੀ ਜੀਵਨ-ਸਾਥਣ ਦੁਆਰਾ



ਕੀਤੀਆਂ ਗਈਆਂ ਕਾਲਾਂ ਦੀ ਨਿਗਰਾਨੀ ਕਰ ਸਕਦੀ ਹੈ (7) ਉਹ ਬੰਬਈ ਨਹੀਂ ਛੱਡ ਸਕਦਾ। (8) ਉਸ ਨੂੰ ਵੱਧ ਤੋਂ ਵੱਧ ਦੋ ਪਰਵਾਰਕ ਮੈਂਬਰ ਹਫਤੇ ਵਿਚ ਇਕ ਵਾਰ ਤਿੰਨ ਘੰਟਿਆਂ ਲਈ ਮਿਲ ਸਕਦੇ ਹਨ। ਪਰਵਾਰਕ ਮੈਂਬਰਾਂ ਦੀ ਸੂਚੀ ਤਿੰਨ ਦਿਨ ਦੇ ਅੰਦਰ ਐੱਨ ਆਈ ਏ ਨੂੰ ਦਿੱਤੀ ਜਾਵੇਗੀ)। (9) ਮਿਲਣ ਵਾਲੇ ਪਰਵਾਰਕ ਮੈਂਬਰ ਆਪਣੇ ਨਾਲ ਕੋਈ ਵੀ ਇਲੈਕਟ੍ਰਾਨਿਕ ਯੰਤਰ ਨਹੀਂ ਰੱਖ ਸਕਣਗੇ। (10) ਨਵਲੱਖਾ ਨੂੰ ਸਿਰਫ਼ ਕੇਬਲ ਟੀ ਵੀ ਵਰਤਣ ਅਤੇ ਅਖ਼ਬਾਰ ਪੜ੍ਹਨ ਦੀ ਇਜਾਜ਼ਤ ਹੀ ਦਿੱਤੀ ਜਾਵੇਗੀ। (11) ਇਸ ਦੌਰਾਨ ਉਹ ਕੇਸ ਦੇ ਕਿਸੇ ਵੀ ਗਵਾਹ ਨਾਲ ਕੋਈ ਸੰਪਰਕ ਨਹੀਂ ਕਰਨਗੇ। (12) ਜੇਲ੍ਹ ਮੈਨੂਅਲ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਆਪਣੇ ਵਕੀਲਾਂ ਨੂੰ ਮਿਲਣ ਦੀ ਇਜਾਜ਼ਤ ਹੋਵੇਗੀਸ ਜਿਨ੍ਹਾਂ ਦੇ ਨਾਂਅ ਐੱਨ ਆਈ ਏ ਨੂੰ ਤਿੰਨ ਦਿਨਾਂ 'ਚ ਭੇਜੇ ਜਾਣਗੇ। (13) ਮੈਡੀਕਲ ਐਮਰਜੈਂਸੀ ਦੀ ਸੂਰਤ 'ਚ ਵੀ ਏਜੰਸੀ ਦੇ ਅਫ਼ਸਰਾਂ ਨੂੰ ਸੂਚਿਤ ਕੀਤਾ ਜਾਵੇਗਾ, ਉਹ ਹੀ ਉਸ ਨੂੰ ਹਸਪਤਾਲ ਲੈ ਕੇ ਜਾਣਗੇ। (14) ਨਵਲੱਖਾ ਨੂੰ 2 ਲੱਖ ਰੁਪਏ ਦੀ ਸਥਾਨਕ ਜ਼ਮਾਨਤ ਦੇਣੀ ਪਵੇਗੀ।

ਹਾਲਾਂਕਿ ਨਿਗਰਾਨੀ ਰੱਖਣ ਦੀ ਮੰਗ ਕੌਮੀ ਜਾਂਚ ਏਜੰਸੀ ਨੇ ਕੀਤੀ ਸੀ, ਪਰ ਸ਼ਰਤਾਂ ਦਾ ਨਿਚੋੜ ਇਹ ਹੈ ਕਿ ਨਵਲੱਖਾ ਨੂੰ ਜਾਂਚ ਏਜੰਸੀ ਦੀ ਸਖ਼ਤ ਨਿਗਰਾਨੀ ਹੇਠ ਰਹਿਣ ਦੇ ਨਾਲ-ਨਾਲ ਡਿਜੀਟਲ ਨਿਗਰਾਨੀ ਦੀ ਵਿਵਸਥਾ ਸਮੇਤ ਨਿਗਰਾਨੀ/ ਜਾਸੂਸੀ ਦਾ 2.4 ਲੱਖ ਰੁਪਏ ਖ਼ਰਚ ਵੀ ਦੇਣਾ ਪਵੇਗਾ। ਸਖ਼ਤ ਸ਼ਰਤਾਂ ਥੋਪੇ ਜਾਣ ਤੋਂ ਸੁਪਰੀਮ ਕੋਰਟ ਉੱਪਰ ਫਾਸ਼ੀਵਾਦੀ ਹਕੂਮਤ ਦਾ ਦਬਾਅ ਸਪੱਸ਼ਟ ਹੈ। ਸੁਪਰੀਮ ਕੋਰਟ ਦੇ ਜੱਜਾਂ ਨੂੰ ਕੇਸ ਦੇ ਬੇਬੁਨਿਆਦ ਅਤੇ ਝੂਠਾ ਹੋਣ ਦਾ ਭਲੀਭਾਂਤ ਪਤਾ ਹੈ। ਅਜੇ ਇਸ ਕੇਸ 'ਚ ਗ੍ਰਿਫ਼ਤਾਰ ਕੀਤੀਆਂ ਸ਼ਖ਼ਸੀਅਤਾਂ ਮਹਿਜ਼ ਮੁਲਜ਼ਮ ਹਨ ਅਤੇ ਅਦਾਲਤ ਨੇ ਮੁਕੱਦਮਾ ਚਲਾ ਕੇ ਦੋਸ਼ ਵੀ ਤੈਅ ਨਹੀਂ ਕੀਤੇ, ਫਿਰ ਵੀ ਹਕੂਮਤ ਵੱਲੋਂ ਉਨ੍ਹਾਂ ਨਾਲ ਖ਼ਤਰਨਾਕ ਸਜ਼ਾ ਯਾਫ਼ਤਾ ਕੈਦੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਹੁਕਮਰਾਨਾਂ ਦੇ ਮਨਸ਼ੇ ਗੁੱਝੇ ਨਹੀਂ, ਉਹ ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਬਿਨਾਂ ਜੁਰਮ ਜੇਲ੍ਹਾਂ ਵਿਚ ਸਾੜ ਕੇ ਮਿਸਾਲ ਕਾਇਮ ਕਰਨਾ ਚਾਹੁੰਦੇ ਹਨ ਤਾਂ ਜੋ ਹੱਕਾਂ ਦੇ ਹੋਰ ਘੁਲਾਟੀਏ ਐਸੀ ਬੇਕਿਰਕ ਜੇਲ੍ਹਬੰਦੀ ਤੋਂ ਭੈਭੀਤ ਹੋ ਕੇ ਚੁੱਪ ਹੋ ਜਾਣ। ਪ੍ਰੋਫੈਸਰ ਸਾਈਬਾਬਾ ਨੂੰ ਬਾਇੱਜ਼ਤ ਬਰੀ ਕੀਤੇ ਜਾਣ 'ਤੇ ਸਰਕਾਰ ਅਤੇ ਜਾਂਚ ਏਜੰਸੀਆਂ ਵੱਲੋਂ ਕੀਤਾ ਵਿਰੋਧ ਇਸ ਦੀ ਤਾਜ਼ਾ ਮਿਸਾਲ ਹੈ। ਹਾਲਾਂਕਿ ਜਮਹੂਰੀ ਅਤੇ ਮਨੁੱਖੀ ਹੱਕਾਂ ਦੇ ਘੁਲਾਟੀਏ ਕਿਸੇ ਹਿੰਸਕ ਵਾਰਦਾਤ ਵਿਚ ਸ਼ਾਮਲ ਨਹੀਂ ਹੁੰਦੇ, ਪਰ ਹਕੂਮਤ ਉਨ੍ਹਾਂ ਨੂੰ ਹਥਿਆਰਬੰਦ ਬਾਗ਼ੀਆਂ ਤੋਂ ਵੀ ਖ਼ਤਰਨਾਕ ਮੰਨਦੀ ਹੈ। ਪ੍ਰਧਾਨ ਮੰਤਰੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪਿੱਛੇ ਜਿਹੇ ਸਿਖਲਾਈ ਪੂਰੀ ਕਰ ਕੇ ਫੀਲਡ ਵਿਚ ਜਾ ਰਹੇ ਆਈ ਪੀ ਐੱਸ ਅਧਿਕਾਰੀਆਂ ਨੂੰ ਚੁਕੰਨੇ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ 'ਸਿਵਲ ਸੁਸਾਇਟੀ ਵਿਰੁੱਧ ਯੁੱਧ' ਦੇ ਮਹੱਤਵ ਨੂੰ ਪਛਾਨਣਾ ਚਾਹੀਦਾ ਹੈ, ਕਿਉਂਕਿ ਇਹ ਭਾਰਤੀ ਰਾਜ ਲਈ ਯੁੱਧ ਦਾ ਅਗਲਾ ਮੋਰਚਾ ਹੈ। ਨਰਿੰਦਰ ਮੋਦੀ ਨੂੰ ਅਕਸਰ ਹੀ 'ਕਰਤੱਵ' ਦੀ ਰੱਟ ਲਾਉਂਦੇ ਦੇਖਿਆ ਜਾ ਸਕਦਾ ਹੈ। ਪਿਛਲੇ ਦਿਨੀਂ ਮੋਦੀ ਨੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ 'ਕਲਮ ਵਾਲੇ ਨਕਸਲੀ' ਕਿਹਾ। ਇਕ ਐਸੇ ਸ਼ਖ਼ਸ ਵੱਲੋਂ, ਜਿਸ ਉੱਪਰ ਮੁਸਲਮਾਨਾਂ ਦਾ ਕਤਲੇਆਮ ਕਰਨ ਵਾਲੇ ਦਹਿਸ਼ਤਵਾਦੀ ਹਿੰਦੂਤਵੀ ਹਜੂਮਾਂ ਦੀ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਕਰਨ ਅਤੇ ਸਜ਼ਾ ਯਾਫ਼ਤਾ ਮੁਜਰਮਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣ ਲਈ ਸੱਤਾ ਦੀ ਦੁਰਵਰਤੋਂ ਕਰਨ ਦੇ ਇਲਜ਼ਾਮ ਹਨ, ਮੁੱਖ ਮੰਤਰੀਆਂ ਅਤੇ ਡੀ ਜੀ ਪੀਜ਼ ਨੂੰ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ 'ਕਲਮ ਵਾਲੇ ਨਕਸਲੀ' ਗਰਦਾਨ ਕੇ ਉਨ੍ਹਾਂ ਨੂੰ ਸਖ਼ਤੀ ਨਾਲ ਦਬਾ ਦੇਣ ਲਈ ਉਕਸਾਉਣਾ ਸਮਝ ਆਉਂਦਾ ਹੈ।

ਭਾਰਤੀ ਹੁਕਮਰਾਨਾਂ ਦਾ ਪਿਛਲਾ ਖ਼ੂਨੀ ਰਿਕਾਰਡ ਵੀ ਇਸ ਦਾ ਗਵਾਹ ਹੈ ਕਿ ਹੁਕਮਰਾਨ ਹੱਕਾਂ ਦੇ ਪਹਿਰੇਦਾਰਾਂ ਨੂੰ ਬੇਹੱਦ ਖ਼ਤਰਨਾਕ ਮੁਜਰਮ ਮੰਨਦੇ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨ ਤੋਂ ਇਲਾਵਾ ਝੂਠਾ ਪੁਲਸ ਮੁਕਾਬਲਾ ਬਣਾ ਕੇ ਕਤਲ ਕਰਵਾਉਣ, ਅਗਵਾ ਕਰਕੇ ਮਾਰ ਕੇ ਖ਼ਪਾ ਦੇਣ ਜਾਂ ਗ਼ੈਰਕਾਨੂੰਨੀ ਗਰੋਹਾਂ ਤੋਂ ਕਤਲ ਕਰਵਾ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਜੱਪਾ ਲਕਸ਼ਮਨ ਰੈਡੀ, ਡਾ. ਰਾਮਾਨਾਥਨ, ਟੀ ਪੁਰਸ਼ੋਤਮ, ਗੋਪੀ ਰਾਜੰਨਾ, ਨਰਾ ਪ੍ਰਭਾਕਰ ਰੈਡੀ, ਜਸਵੰਤ ਸਿੰਘ ਖਾਲੜਾ, ਜਲੀਲ ਅੰਦਰਾਬੀ, ਪ੍ਰਾਗ ਕੁਮਾਰ ਦਾਸ, ਆਜ਼ਮ ਅਲੀ, ਗੰਟੀ ਪ੍ਰਸਾਦਮ ਆਦਿ ਹੱਕਾਂ ਦੇ ਕਾਰਕੁਨਾਂ ਨੂੰ ਹੁਕਮਰਾਨਾਂ ਨੇ ਇਸੇ ਤਰ੍ਹਾਂ ਪੁਲਸ ਅਤੇ ਗ਼ੈਰਕਾਨੂੰਨੀ ਗਰੋਹਾਂ ਕੋਲੋਂ ਕਤਲ ਕਰਵਾਇਆ। ਹੁਣ ਜੇਲ੍ਹਾਂ 'ਚ ਡੱਕੇ ਦੋ ਦਰਜਨ 'ਸ਼ਹਿਰੀ ਨਕਸਲੀ' ਭਗਵੇਂ ਹੁਕਮਰਾਨਾਂ ਦੇ ਨਿਸ਼ਾਨੇ 'ਤੇ ਹਨ।

ਇਸ ਲਈ ਜੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਅਤੇ ਏ ਐੱਸ ਜੀ ਪੱਧਰ ਦੇ ਕਾਨੂੰਨੀ ਮਾਹਰ ਹਕੂਮਤ ਦੇ ਇਸ਼ਾਰੇ 'ਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਨੂੰ ਜ਼ਮਾਨਤ ਦੇਣ ਜਾਂ ਉਨ੍ਹਾਂ ਨੂੰ ਪੈਰੋਲ ਦਾ ਕਾਨੂੰਨੀ ਹੱਕ ਦੇਣ ਦਾ ਵਿਰੋਧ ਕਰਦੇ ਹਨ ਅਤੇ ਦੂਜੇ ਪਾਸੇ ਸਾਧਵੀ ਪ੍ਰਗਿਆ, ਸ੍ਰੀਕਾਂਤ ਪੁਰੋਹਿਤ, ਮਾਇਆ ਕੋਡਨਾਨੀ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਅਤੇ ਡੀ ਜੀ ਵੰਜਾਰਾ ਵਰਗੇ ਸਜ਼ਾ ਯਾਫ਼ਤਾ ਸਰਕਾਰੀ ਜਲਾਦਾਂ ਦੇ ਮਨੁੱਖਤਾ ਵਿਰੋਧੀ ਘਿਨਾਉਣੇ ਜੁਰਮਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਲਿਆਉਣ ਜਾਂ ਮੋਦੀ, ਅਮਿਤ ਸ਼ਾਹ ਵਰਗੇ ਦਾਗ਼ੀ ਕਿਰਦਾਰਾਂ ਨੂੰ ਕਲੀਨ ਚਿੱਟਾਂ ਦੇਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਉਂਦੇ ਹਨ ਅਤੇ ਅਦਾਲਤਾਂ ਦੇ ਜੱਜ ਇਸ ਪ੍ਰਤੀ ਬੇਵਸੀ ਜ਼ਾਹਰ ਕਰਦੇ ਹਨ ਤਾਂ ਇਹ ਭੋਰਾ ਵੀ ਹੈਰਾਨੀਜਨਕ ਨਹੀਂ ਹੈ।

ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਦੀਆਂ ਮਨਮਾਨੀਆਂ ਦੇ ਮੱਦੇਨਜ਼ਰ ਜੇਲ੍ਹਾਂ 'ਚ ਡੱਕੇ ਹੱਕਾਂ ਦੇ ਪਹਿਰੇਦਾਰਾਂ ਦੀ ਜ਼ਿੰਦਗੀ ਦੀ ਰਾਖੀ ਦੇ ਸਵਾਲ ਨੂੰ ਸਮੂਹ ਨਿਆਂ ਪ੍ਰੇਮੀ ਅਤੇ ਲੋਕ-ਹਿਤੈਸ਼ੀ ਤਾਕਤਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਾ ਸਿਰਫ਼ ਸੁਧਾ ਭਾਰਦਵਾਜ, ਵਰਵਰਾ ਰਾਓ ਅਤੇ ਨਵਲੱਖਾ ਉੱਪਰ ਥੋਪੀਆਂ ਤਾਨਾਸ਼ਾਹ ਸ਼ਰਤਾਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਜ਼ਰੂਰੀ ਹੈ, ਸਗੋਂ ਇਹ ਪੁਰਜ਼ੋਰ ਮੰਗ ਉੱਠਣੀ ਚਾਹੀਦੀ ਹੈ ਕਿ ਸ਼ਰਤਾਂ ਸਹਿਤ ਨਜ਼ਰਬੰਦੀ ਦੀ ਬਜਾਏ ਗੌਤਮ ਨਵਲੱਖਾ ਸਮੇਤ ਭੀਮਾ ਕੋਰੇਗਾਓਂ ਕੇਸ ਦੇ ਸਾਰੇ ਕੈਦੀਆਂ ਨੂੰ ਤੁਰੰਤ ਜ਼ਮਾਨਤ ਦਿੱਤੀ ਜਾਵੇ ਅਤੇ ਝੂਠਾ ਕੇਸ ਪੂਰੀ ਤਰ੍ਹਾਂ ਵਾਪਸ ਲਿਆ ਜਾਵੇ।

ਸੰਪਰਕ :94634-74342

22-Jan-Sunday.qxd 1/21/2023 9:13 PM Page 5



# ਭਾਜਪਾ ਵੱਲ ਕਾਂਗਰਸੀ ਆਗੂਆਂ ਦੇ ਦੂੜਗੇ ਅਤੇ ਲੋਕ ਸਭਾ ਚੋਣਾਂ ਲਈ ਰਣਨੀਤੀ ਦੇ ਅਗੇਤ ਸੰਕੇਤ

## ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਗੱਲ ਦਸ ਕੁ ਸਾਲ ਪੁਰਾਣੀ ਹੈ। ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਅਗਲੀ ਲੋਕ ਸਭਾ ਚੋਣ ਮੌਕੇ ਪ੍ਰਧਾਨ ਮੰਤਰੀ ਅਹੁਦੇ ਵਾਸਤੇ ਉਮੀਦਵਾਰ ਚੁਣਨਾ ਸੀ। ਇਸ ਵੱਡੀ ਪਦਵੀ ਲਈ ਇੱਕ ਵਾਰ ਵੱਡੇ ਦਾਅਵੇਦਾਰ ਵਜੋਂ ਭਾਜਪਾ ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਚੋਣ ਲੜੀ ਗਈ ਤਾਂ ਗੱਲ ਨਹੀਂ ਸੀ ਬਣ ਸਕੀ। ਅਗਲੀ ਵਾਰੀ ਅਡਵਾਨੀ ਦੀ ਥਾਂ ਪਾਰਟੀ ਨਰਿੰਦਰ ਮੋਦੀ ਨੂੰ ਪੇਸ਼ ਕਰਨਾ ਚਾਹੁੰਦੀ ਸੀ, ਪਰ ਉਹਦੇ ਅੱਗੇ ਅੜਿੱਕਾ ਪੈਂਦਾ ਸੀ। ਫਿਰ ਵੱਡੇ ਲੀਡਰਾਂ ਵਿੱਚ ਸਹਿਮਤੀ ਬਣ ਗਈ ਕਿ ਐਤਕੀਂ ਨਰਿੰਦਰ ਮੋਦੀ ਨੂੰ ਹੀ ਅੱਗੇ ਲਿਆਈਏ ਤਾਂ ਠੀਕ ਰਹੇਗਾ। ਪਾਰਟੀ ਨੇ ਇਸ ਕੰਮ ਲਈ ਜਦੋਂ ਕੇਂਦਰੀ ਕਮੇਟੀ ਦੀ ਉਚੇਚੀ ਮੀਟਿੰਗ ਸੱਦੀ ਤਾਂ ਨਾ ਚਾਹੁੰਦੀ ਵੀ ਸੁਸ਼ਮਾ ਸਵਰਾਜ ਓਥੇ ਜਾ ਪਹੁੰਚੀ, ਰਾਜਨਾਥ ਸਿੰਘ ਵੀ ਇਸ ਤਜਵੀਜ਼ ਨੂੰ ਮੰਨ ਗਿਆ, ਪਰ ਲਾਲ ਕ੍ਰਿਸ਼ਨ ਅਡਵਾਨੀ ਨੇ ਪੇਟ ਖਰਾਬ ਹੋਣ ਦੀ ਈ-ਮੇਲ ਭੇਜ ਕੇ ਉਸ ਮੀਟਿੰਗ ਤੋਂ ਕਿਨਾਰਾ ਕਰ ਲਿਆ। ਓਥੇ ਜੋ ਕੁਝ ਕਰਨਾ ਤੈਅ ਕੀਤਾ ਸੀ, ਉਸੇ ਤਰ੍ਹਾਂ ਹੋਇਆ ਅਤੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਵੱਖਰੀ ਦਿੱਖ ਪੇਸ਼ ਕਰ ਚੁੱਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਵਾਸਤੇ ਉਮੀਦਵਾਰ ਬਣਾਉਣ ਦਾ ਐਲਾਨ ਕਰ ਕੇ ਪਾਰਟੀ ਅੰਦਰਲੇ ਕੱਟੜਪੰਥੀਆਂ ਨੇ ਕਾਂਗਰਸ ਦੇ ਸਫਾਏ ਦਾ ਨਾਅਰਾ ਵੀ ਨਾਲ ਹੀ ਚੁੱਕ ਲਿਆ।

ਅਗਲੇ ਦਿਨ ਭਾਜਪਾ ਦੇ ਨਵੇਂ ਆਗੂ ਨਰਿੰਦਰ ਮੋਦੀ ਨੇ 'ਕਾਂਗਰਸ ਮੁਕਤ ਭਾਰਤ' ਬਣਾਉਣ ਨੂੰ ਪਾਰਲੀਮੈਂਟ ਚੋਣ ਦੀ ਮੁਹਿੰਮ ਦਾ ਮੁੱਖ ਨਾਅਰਾ ਬਣਾਉਣ ਦਾ ਸੰਕੇਤ ਦੇ ਦਿੱਤਾ ਤਾਂ ਉਸੇ ਦਿਨ ਹਰਿਆਣੇ ਦਾ ਇੱਕ ਵੱਡਾ ਕਾਂਗਰਸੀ ਲੀਡਰ ਦਲਬਦਲੀ ਕਰ ਕੇ ਭਾਜਪਾ ਵਿੱਚ ਆਣ ਵੜਿਆ। ਅਗਲੇਰੇ ਦਿਨ ਦੂਰਦਰਸ਼ਨ ਪੰਜਾਬੀ ਦੇ ਸਵੇਰ ਦੇ ਸ਼ੋਅ ਵਿੱਚ ਪਹਿਲਾ ਸਵਾਲ ਮੈਥੋਂ ਇਹੀ ਪੁੱਛਿਆ ਗਿਆ ਕਿ ਨਰਿੰਦਰ ਮੋਦੀ ਦਾ ਕਾਂਗਰਸ-ਮੁਕਤ ਭਾਰਤ ਦਾ ਸੱਦਾ ਕਿੱਦਾਂ ਜਾਪਦਾ ਹੈ! ਅਸੀਂ ਹੱਸ ਕੇ ਕਿਹਾ ਕਿ ਤੁਸੀਂ ਵੇਖਦੇ ਰਹੋ, ਨਰਿੰਦਰ ਮੋਦੀ ਨੇ ਭਾਰਤ ਨੂੰ ਕਾਂਗਰਸ-ਮੁਕਤ ਕਰਨਾ ਸ਼ੁਰੂ ਕਰ ਕੇ ਹੌਲੀ-ਹੌਲੀ ਭਾਜਪਾ ਨੂੰ ਕਾਂਗਰਸ-ਯੁਕਤ ਬਣਾ ਦੇਣਾ ਹੈ। ਐਂਕਰ ਦੇ ਕਹਿਣ ਉੱਤੇ ਸਾਨੂੰ ਦੱਸਣਾ ਪਿਆ ਸੀ ਕਿ ਹਿੰਦੀ ਵਿੱਚ ਮੁਕਤ ਤੇ ਯੁਕਤ ਦੋ ਸ਼ਬਦ ਇੱਕ-ਦੂਸਰੇ ਦੇ ਮਦਦਗਾਰ ਵੀ ਹੋ ਜਾਂਦੇ ਹਨ ਤੇ ਯੁਕਤ ਦਾ ਅਰਥ ਇੱਕ ਵਸਤੂ ਵਿੱਚ ਦੂਸਰੀ ਦੇ ਪੂਰੀ ਤਰ੍ਹਾਂ ਸਮਾ ਜਾਣਾ ਹੁੰਦਾ ਹੈ। ਨਰਿੰਦਰ ਮੋਦੀ ਯਤਨ ਕਰਨਗੇ ਕਿ ਹੌਲੀ-ਹੌਲੀ ਕਾਂਗਰਸੀ ਆਗੂ ਭਾਜਪਾ ਵਿੱਚ ਉਸੇ ਤਰ੍ਹਾਂ ਆਈ ਜਾਣ, ਜਿਵੇਂ ਉਹ ਗੁਜਰਾਤ ਵਿੱਚ ਕਰ ਚੁੱਕੇ ਹਨ। ਉਹ ਦਿਨ ਅਤੇ ਆਹ ਦਿਨ, ਇਹੀ ਕੁਝ ਵਾਪਰ ਰਿਹਾ ਹੈ ਅਤੇ ਕਾਂਗਰਸੀ ਲੀਡਰ ਹੌਲੀ-ਹੌਲੀ ਭਾਜਪਾ ਵਿੱਚ ਸ਼ਾਮਲ ਹੋਈ ਜਾ ਰਹੇ ਹਨ। ਇਹ ਦਾਅ ਖੇਡਦੇ ਸਮੇਂ ਕਈ ਭਾਜਪਾ ਲੀਡਰਾਂ ਨੇ ਪਹਿਲਾਂ-ਪਹਿਲ ਕੁਝ ਇਤਰਾਜ਼ ਕੀਤੇ ਸਨ ਕਿ ਜਿਨ੍ਹਾਂ ਦੇ ਖਿਲਾਫ ਲੜਦੇ ਰਹੇ ਹਾਂ, ਜੇ ਭਾਜਪਾ ਦੇ ਆਗੂ ਉਹੀ ਬਣਦੇ ਗਏ ਤਾਂ ਲੋਕ ਗੱਲਾਂ ਕਰਨਗੇ, ਪਰ ਬਾਅਦ ਵਿੱਚ ਏਦਾਂ ਕਹਿਣ ਵਾਲੇ ਚੁੱਪ ਵੱਟ ਗਏ ਸਨ। ਕਾਰਨ ਇਸ ਦਾ ਇਹ ਸੀ ਕਿ ਉਨ੍ਹਾਂ ਦੀ ਗੱਲ ਕਿਸੇ ਸੁਣਨੀ ਨਹੀਂ ਸੀ, ਕਿਉਂਕਿ ਭਾਜਪਾ ਵਿੱਚ ਨਰਿੰਦਰ ਮੋਦੀ ਮੂਹਰੇ ਸਿਰ ਚੁੱਕ ਕੇ ਬੋਲਣ ਵਾਲਾ ਆਗੂ ਹੀ ਕੋਈ ਨਹੀਂ ਸੀ ਰਿਹਾ। ਉਲਟਾ ਇਹ ਸੁਰ ਚੁੱਕਣ ਵਾਲਿਆਂ ਨੂੰ ਮੁਸ਼ਕਲਾਂ ਝੱਲਣੀਆਂ ਪੈ ਸਕਦੀਆਂ ਸਨ।

ਅੱਜ ਪੰਜਾਬ ਵਿੱਚ ਇਹੋ ਕੁਝ ਹੁੰਦਾ ਪਿਆ ਹੈ। ਹਰ ਮਹੀਨੇ ਤੇ ਹਰ ਹਫਤੇ ਨਹੀਂ, ਕਾਂਗਰਸੀ ਆਗੂ ਰੋਜ਼ ਅੱਗੜ-ਪਿੱਛੜ ਪਹਿਲੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਐਲਾਨ ਕਰੀ ਜਾ ਰਹੇ ਹਨ। ਭਾਜਪਾ ਲੀਡਰਸ਼ਿਪ ਨੇ ਉਨ੍ਹਾਂ ਲਈ ਇੱਕ ਖੁੱਲ੍ਹਾ ਸਵਾਗਤੀ ਕਾਊਂਟਰ ਖੋਲ੍ਹਿਆ ਪਿਆ ਹੈ ਤੇ ਇਸ ਕੰਮ ਲਈ ਆਪਣੇ ਏਜੰਟ ਉਨ੍ਹਾਂ ਕਾਂਗਰਸੀ ਆਗੂਆਂ ਦੇ ਮਗਰ ਲਾ ਰੱਖੇ ਹਨ, ਜਿਹੜੇ ਭ੍ਰਿਸ਼ਟਾਚਾਰ ਦੀ ਕਿਸੇ ਨਾ ਕਿਸੇ ਜਾਂਚ ਵਿੱਚ ਫਸ ਚੁੱਕੇ ਹਨ ਜਾਂ ਫਸਣ ਤੋਂ ਤ੍ਰਹਿਕਦੇ ਪਏ ਸੁਣੀਂਦੇ ਹਨ। ਪੰਜਾਬ ਵਿੱਚ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਵੱਲੋਂ ਖਜ਼ਾਨਾ ਮੰਤਰੀ ਦੇ ਅਹੁਦੇ ਦਾ ਸੁਖ ਮਾਣਦਾ ਰਿਹਾ ਮਨਪ੍ਰੀਤ ਸਿੰਘ ਬਾਦਲ ਵੀ ਪਿਛਲੇ ਹਫਤੇ ਇੱਕ ਵਾਰੀ ਹੋਰ ਦਲ-ਬਦਲੀ ਕਰ ਕੇ ਭਾਜਪਾ ਕੋੜਮੇ ਦਾ ਹਿੱਸਾ ਜਾ ਬਣਿਆ ਹੈ। ਉਸ ਤੋਂ ਪਹਿਲਾਂ ਕਈ ਹੋਰ ਕਾਂਗਰਸੀ ਏਸੇ ਤਰ੍ਹਾਂ ਭਾਜਪਾ ਵਿੱਚ ਜਾ ਚੁੱਕੇ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦਾ ਭਾਜਪਾ ਵਿੱਚ ਜਾਣਾ ਵੱਖਰੀ ਕਿਸਮ ਦਾ ਸੀ, ਕਿਉਂਕਿ ਉਸ ਨੂੰ ਜਦੋਂ ਕਾਂਗਰਸੀ ਵਿਧਾਇਕਾਂ ਦੀ ਬਹੁ-ਗਿਣਤੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਮੁੱਖ ਮੰਤਰੀ ਬਣਨ ਲਈ ਹਮਾਇਤ ਦੇ ਦਿੱਤੀ ਤਾਂ ਕਾਂਗਰਸ ਹਾਈ ਕਮਾਂਡ ਵਿੱਚ ਬੈਠੀ ਇੱਕ ਰਾਜ-ਸਭਾਈ ਮਹਿਲਾ ਆਗੂ ਨੇ 'ਸਿੱਖ ਮੁੱਖ ਮੰਤਰੀ' ਬਣਾਉਣ ਦੀ ਸੁਰ ਚੁੱਕ ਕੇ ਉਸ ਅੱਗੇ ਅੜਿੱਕਾ ਲਾ ਦਿੱਤਾ ਸੀ। ਇਸ ਦੇ ਬਾਅਦ ਜਾਖੜ ਨੂੰ ਏਨਾ ਅਵਾਜ਼ਾਰ ਕੀਤਾ ਗਿਆ ਕਿ ਉਹ ਨਾ ਚਾਹੁੰਦਿਆਂ ਵੀ ਭਾਜਪਾ ਵਿੱਚ ਜਾਣ ਨੂੰ ਮਜਬੂਰ ਹੋ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਕੁਰਸੀ ਖੁੱਸਦੇ ਸਾਰ ਹੀ ਪਹਿਲਾਂ ਇੱਕ ਵੱਖਰੀ ਪਾਰਟੀ ਦਾ ਫਜ਼ੂਲ ਜਿਹਾ ਢਕਵੰਜ ਬਣਾ ਕੇ ਹੌਲੀ-ਹੌਲੀ ਭਾਜਪਾ ਦੇ ਵਾੜੇ ਵਿੱਚ ਪਹੁੰਚ ਚੁੱਕਾ ਸੀ ਤੇ ਉਸੇ ਦੇ ਇਸ਼ਾਰੇ ਉੱਤੇ ਕਈ ਕਾਂਗਰਸੀ ਆਗੂ ਭਾਜਪਾ ਵੱਲੋਂ ਵਿਧਾਨ ਸਭਾ ਚੋਣ ਲੜ ਚੁੱਕੇ ਸਨ। ਰਾਣਾ ਗੁਰਮੀਤ ਸਿੰਘ ਸੋਢੀ, ਮੋਗੇ ਦਾ ਸਾਬਕਾ ਵਿਧਾਇਕ ਹਰਜੋਤ ਕਮਲ, ਕਾਦੀਆਂ ਦਾ ਸਾਬਕਾ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਉਨ੍ਹਾਂ ਆਗੂਆਂ ਵਾਲੀ ਲੰਮੀ ਲਿਸਟ ਵਿੱਚੋਂ ਹਨ, ਜਿਹੜੇ ਰਾਤੋ-ਰਾਤ ਭਾਜਪਾਈਏ ਜਾ ਬਣੇ ਸਨ। ਸਰਕਾਰ ਬਦਲ ਗਈ ਅਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਨਵੀਂ ਸਰਕਾਰ ਦੇ ਐਲਾਨ ਉੱਤੇ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੁਰਪ੍ਰੀਤ ਸਿੰਘ ਕਾਂਗੜ, ਡਾਕਟਰ ਰਾਜ ਕੁਮਾਰ ਵੇਰਕਾ ਅਤੇ ਉਨ੍ਹਾਂ ਵਰਗੇ ਕਈ ਹੋਰ ਲੀਡਰ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਦੇ ਵੇਖੇ ਜਾਣ ਲੱਗ ਪਏ। ਜਿਹੜੀ ਕਸਰ ਰਹਿੰਦੀ ਜਾਪਦੀ ਸੀ, ਉਹ ਮਨਪ੍ਰੀਤ ਸਿੰਘ ਬਾਦਲ ਦੇ ਉਸ ਪਾਰਟੀ ਵਿੱਚ ਜਾਣ ਨਾਲ ਪੂਰੀ ਹੋ ਗਈ ਅਤੇ ਅਗਲੇ ਦਿਨੀਂ ਬਹੁਤ ਸਾਰੇ ਹੋਰ ਕਾਂਗਰਸੀ ਆਗੂ ਵੀ ਉਡਾਰੀਆਂ ਮਾਰ ਕੇ ਭਾਜਪਾ ਦੇ ਬਨੇਰਿਆਂ ਉੱਤੇ ਬਹਿਣ ਵਾਲੇ ਸੁਣੀਂਦੇ ਹਨ।

ਦਿੱਲੀ ਵਿੱਚ ਬੈਠੀ ਹੋਈ ਭਾਜਪਾ ਲੀਡਰਸ਼ਿਪ ਇਹ ਜਾਣਦੀ ਹੈ ਕਿ ਏਦਾਂ ਦੇ ਲੋਕ ਜਦੋਂ ਕਾਂਗਰਸ ਨੂੰ ਛੱਡ ਕੇ ਇਸ ਪਾਸੇ ਆਉਣਗੇ ਤਾਂ ਭਾਜਪਾ ਵਿੱਚ ਬੈਠੇ ਪੁਰਾਣੇ ਤੇ ਟਕਸਾਲੀ ਆਗੂ ਅਤੇ ਵਰਕਰ, ਜਿਨ੍ਹਾਂ ਦੇ ਬਾਪ-ਦਾਦੇ ਨੇ ਵੀ ਪਹਿਲਾਂ ਜਨ-ਸੰਘ ਦੇ ਸਮੇਂ ਤੋਂ ਸਾਂਝ ਨਿਭਾਈ ਹੋਈ ਸੀ, ਇਨ੍ਹਾਂ ਨਵਿਆਂ ਦੇ ਆਉਣ ਨਾਲ ਸੁਖਾਵੇਂ ਨਹੀਂ ਹੋਣਗੇ। ਕਈ ਹੋਰ ਰਾਜਾਂ ਵਿੱਚ ਭਾਜਪਾ ਦੇ ਪੁਰਾਣੇ ਆਗੂ ਅਤੇ ਵਰਕਰ ਇਸ ਕਾਂਗਰਸੀ ਵਹਿਣ ਦੇ ਓਧਰ ਆਉਣ ਦੇ ਖਿਲਾਫ ਵਿਰੋਧੀ ਸੁਰਾਂ ਕੱਢ ਚੁੱਕੇ ਹਨ, ਪਰ ਉਨ੍ਹਾਂ ਦੀ ਗੱਲ ਕੋਈ ਅਸਰ ਨਹੀਂ ਸੀ ਕਰ ਰਹੀ ਤਾਂ ਉਨ੍ਹਾਂ ਕੋਲ ਸਿਰਫ ਦੋ ਰਾਹ ਬਚਦੇ ਸਨ। ਪਹਿਲਾ ਤਾਂ ਇਹ ਕਿ ਉਹ ਖਿਝ ਕੇ ਪਾਰਟੀ ਛੱਡ ਜਾਣ ਤੇ ਦੂਸਰਾ ਇਹ ਕਿ ਪਿਉ-ਦਾਦੇ ਤੱਕ ਦੀ ਸੇਵਾ ਵਾਲੀ ਪੁਰਾਣੀ ਵਿਰਾਸਤ ਦਾ ਵਰਕਾ ਪਾੜ ਕੇ ਨਵੀਂ ਲੀਡਰਸ਼ਿਪ ਦੀ ਅੱਖ ਦਾ ਇਸ਼ਾਰਾ ਮੰਨ ਕੇ ਚੁੱਪ ਕੀਤੇ ਰਹਿਣ। ਉਨ੍ਹਾਂ ਪੁਰਾਣਿਆਂ ਵਿੱਚੋਂ ਬਹੁਤਿਆਂ ਨੇ ਇਹ ਦੂਸਰਾ ਰਾਹ ਚੁਣਿਆ ਤੇ ਨੀਵੀਂਆਂ ਪਾ ਚੁੱਕੇ ਹਨ, ਪਰ ਉਹ ਕਾਂਗਰਸ ਤੋਂ ਆਇਆਂ ਲੀਡਰਾਂ ਕਾਰਨ ਭਾਜਪਾ ਦੇ ਕਾਂਗਰਸ-ਯੁਕਤ ਹੋਣ ਬਾਰੇ ਆਪਣੇ ਮਨ ਦੀ ਕੌੜ ਛੁਪਾ ਨਹੀਂ ਰਹੇ। ਖੁੱਲ੍ਹਾ ਵਿਰੋਧ ਕਰਨ ਦੀ ਜੁਰਅੱਤ ਉਨ੍ਹਾਂ ਨੂੰ ਮਹਿੰਗੀ ਪੈ ਸਕਦੀ ਹੈ, ਪਾਰਟੀ ਵਿੱਚੋਂ ਕੱਢ ਦਿੱਤੇ ਜਾਣਾ ਤਾਂ ਛੋਟੀ ਗੱਲ ਹੈ, ਇਸ ਤੋਂ ਬਾਅਦ ਵੀ ਪਾਰਟੀ ਲੀਡਰਸ਼ਿਪ ਬਹੁਤ ਕੁਝ ਕਰ ਸਕਦੀ ਹੈ, ਜਿਸ ਬਾਰੇ ਬਾਹਰਲੇ ਲੋਕ ਜਾਣਦੇ ਹੋਣ ਜਾਂ ਨਾ, ਭਾਜਪਾ ਨਾਲ ਚਿਰਾਂ ਤੋਂ ਜੁੜੇ ਲੋਕਾਂ ਨੂੰ ਇਸ ਦਾ ਓਹਲਾ ਨਹੀਂ ਹੋ ਸਕਦਾ। ਇਸ ਕਰ ਕੇ ਉਹ ਅੰਦਰੋਂ ਘੁੱਟੇ-ਵੱਟੇ ਬੈਠੇ ਹਨ, ਕਦੇ ਵੀ ਬੋਲਣਗੇ ਨਹੀਂ।

ਦੂਜਾ ਪੱਖ ਆਮ ਲੋਕਾਂ ਦਾ ਹੈ। ਉਹ ਪਹਿਲਾਂ ਕਾਂਗਰਸ ਦੇ ਰਾਜ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਐਸ਼-ਪ੍ਰਸਤ ਜੁੰਡੀ ਨੂੰ ਭੁਗਤਦੇ ਰਹੇ ਸਨ ਅਤੇ ਅੱਜ ਜਦੋਂ ਉਨ੍ਹਾਂ ਬਦਨਾਮ ਹੋ ਚੁੱਕੇ ਬੰਦਿਆਂ ਨੂੰ ਭਾਜਪਾ ਦੇ ਭਗਵੇਂ ਪਟਕੇ ਪਾ ਕੇ ਪੇਸ਼ ਕੀਤਾ ਜਾਣ ਲੱਗਾ ਤਾਂ ਉਨ੍ਹਾਂ ਦੀ ਨਵੀਂ ਚੜ੍ਹਤ ਤੋਂ ਲੋਕ ਔਖ ਮਹਿਸੂਸ ਕਰਦੇ ਹਨ। ਭਾਜਪਾ ਅਗਲੇ ਸਾਲ ਲੋਕ ਸਭਾ ਚੋਣਾਂ ਵਿੱਚ ਪੁਰਾਣੇ ਘਾਗਾਂ ਦੀ ਨਵੀਂ ਟੀਮ ਅੱਗੇ ਲਿਆ ਕੇ ਲੋਕਾਂ ਵਿੱਚ ਜਾਣ ਦੀ ਤਿਆਰੀ ਵਿੱਚ ਹੈ ਤੇ ਉਸ ਦਾ ਦਾਈਆ ਹੈ ਕਿ ਜਿਵੇਂ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਰਗੇ ਰਾਜਾਂ ਵਿੱਚ ਇੱਕੋ ਹੱਲੇ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਕਰਨ ਜੋਗੀ ਹੋ ਗਈ ਸੀ, ਉਹੋ ਕੁਝ ਪੰਜਾਬ ਵਿੱਚ ਦੁਹਰਾਅ ਕੇ ਵਿਖਾਉਣਾ ਹੈ। ਉਸ ਨਾਲ ਨਵੇਂ ਜੁੜੇ ਲੀਡਰ ਆਖਦੇ ਹਨ ਕਿ ਪਹਿਲਾਂ ਕਦੇ ਕਾਂਗਰਸ ਦਾ ਸਿੱਕਾ ਚੱਲਦਾ ਹੁੰਦਾ ਸੀ, ਅੱਜ ਭਾਜਪਾ ਦਾ ਏਨਾ ਕੁ ਸਿੱਕਾ ਚੱਲਦਾ ਹੈ ਕਿ ਜਿਹੜਾ ਰਾਜ ਭਾਜਪਾ ਦੀ ਪਕੜ ਵਿੱਚ ਆ ਗਿਆ, ਫਿਰ ਓਥੇ ਮੋੜਾ ਪੈਣ ਦਾ ਸੁਫਨਾ ਹੋਰ ਰਾਜਸੀ ਧਿਰਾਂ ਦੇ ਆਗੂਆਂ ਨੂੰ ਛੱਡ ਦੇਣਾ ਚਾਹੀਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਭਾਜਪਾ ਦੀ ਜਕੜ ਵਿੱਚ ਆਉਣ ਪਿੱਛੋਂ ਵੀ ਕਾਂਗਰਸ ਦੀ ਜਿੱਤ ਹੋਣ ਨੂੰ ਉਹ ਪੁਰਾਣੀ ਗੱਲ ਕਹਿੰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਜਿੱਦਾਂ ਦੇ ਕਾਂਗਰਸੀ ਆਗੂਆਂ ਨੇ ਉਨ੍ਹਾਂ ਦੋਵਾਂ ਰਾਜਾਂ ਵਿੱਚ ਕਰ ਵਿਖਾਇਆ ਹੈ, ਉਹੋ ਜਿਹੀ ਲੀਡਰਸ਼ਿਪ ਪੰਜਾਬ ਦੀ ਕਾਂਗਰਸ ਵਿੱਚ ਹੈ, ਨਹੀਂ ਤੇ ਜਿਹੜੇ ਲੀਡਰ ਉਹੋ ਜਿਹਾ ਪ੍ਰਭਾਵ ਪਾ ਸਕਦੇ ਸਨ, ਉਹ ਭਾਜਪਾ ਵਿੱਚ ਜਾ ਚੁੱਕੇ ਹੋਣ ਕਾਰਨ ਅਗਲਾ ਵਕਤ ਪੰਜਾਬ ਵਿੱਚ ਸਿਰਫ ਭਾਜਪਾ ਦਾ ਹੈ। ਜਦੋਂ ਭਾਜਪਾ ਦਾ ਭਗਵਾਂ ਰੰਗ ਚੜ੍ਹ ਚੁੱਕੇ ਪੁਰਾਣੇ ਕਾਂਗਰਸੀ ਆਗੂਆਂ ਦੇ ਸੁਫਨੇ ਏਹੋ ਜਿਹੇ ਹਨ ਤਾਂ ਭਾਜਪਾ ਨੂੰ ਕਾਂਗਰਸ-ਮੁਕਤ ਕਰਨ ਦੀ ਗੱਲ ਕਹਿ ਕੇ ਕਾਂਗਰਸ-ਯੁਕਤ ਕਰਨ ਵਾਲੇ ਭਾਜਪਾ ਆਗੂਆਂ ਦੇ ਸੁਫਨੇ ਇਸ ਤੋਂ ਵੀ ਵੱਡੇ ਹਨ। ਭਾਰਤ ਦੇ ਦੋ ਵੱਡੇ ਸਰਮਾਏਦਾਰ ਘਰਾਣੇ ਵਿਕਾਸ ਪ੍ਰਾਜੈਕਟਾਂ ਵਾਸਤੇ ਇਸ ਵਕਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਵਾਜ਼ ਦਾ ਹੁੰਗਾਰਾ ਭਰਦੇ ਸੁਣੇ ਜਾ ਰਹੇ ਹਨ, ਪਰ ਉਹ ਅਸਲ ਵਿੱਚ ਭਗਵੰਤ ਮਾਨ ਦੇ ਆਖੇ ਪੰਜਾਬ ਦਾ ਵਿਕਾਸ ਕਰਨ ਲਈ ਨਹੀਂ ਆ ਰਹੇ, ਉਹ ਅਗਲੀਆਂ ਚੋਣਾਂ ਦੌਰਾਨ ਭਾਜਪਾ ਦੀ ਰਣਨੀਤੀ ਸਿਰੇ ਲਾਉਣ ਲਈ ਆਉਣ ਵਾਲੇ ਸੁਣੀਂਦੇ ਹਨ।

ਇਸ ਵਕਤ ਪੰਜਾਬ ਦੀ ਹਰ ਪਾਰਟੀ ਦੀ ਲੀਡਰਸ਼ਿਪ ਨੂੰ ਵਾਹਵਾ ਸੋਚ ਕੇ ਕਦਮ ਪੁੱਟਣਾ ਪੈਣਾ ਹੈ, ਪਰ ਮੁਸ਼ਕਲ ਇਹ ਹੈ ਕਿ ਜਦੋਂ ਸਭ ਦੀ ਸੋਚ ਸਿਰਫ ਕੁਰਸੀ ਤੱਕ ਸੀਮਤ ਹੋਵੇ, ਬਾਕੀ ਗੱਲਾਂ ਬਾਰੇ ਕੋਈ ਸੋਚਦਾ ਨਹੀਂ ਹੁੰਦਾ।

# ਵਾਤਾਵਰਨ ਦੇ ਅਸਲ ਪ੍ਰੇਮੀ ਤੇ ਪਾਖੰਡੀ ਟੋਲਾ

## ਸੁਲਘਦੇ ਸਵਾਲ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਜ਼ੀਰੇ 'ਚ ਲੱਗੀ ਮਾਲਬਰੋਜ਼ ਸ਼ਰਾਬ ਬਣਾਉਣ ਦੀ ਫੈਕਟਰੀ, ਜਿਸ ਨੇ ਲੰਬੇ ਸਮੇਂ ਤੋਂ ਪਾਣੀ ਨੂੰ ਗੰਧਲਾ ਕਰ ਰੱਖਿਆ ਸੀ। ਜਿਸ ਲਈ ਪੀੜਤ ਅਤੇ ਉਨ੍ਹਾਂ ਦੇ ਹਮਸਫ਼ਰ ਸਾਥੀਆਂ ਨੇ ਇਕੱਠੇ ਹੋ ਕੇ ਕੋਈ ਛੇ ਮਹੀਨੇ ਲਗਾਤਾਰ ਧਰਨਾ ਦੇ ਕੇ ਆਪਣੀ ਅਵਾਜ਼ ਮਾਲਕਾਂ ਅਤੇ ਅਜੋਕੀ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ, ਲਈ ਸੰਬੰਧਤ ਸਭ ਲੜਾਕੂ ਵਧਾਈ ਦੇ ਹੱਕਦਾਰ ਹਨ। ਇਸ ਜ਼ੀਰਾ ਫੈਕਟਰੀ ਨੂੰ ਬੰਦ ਕਰਾਉਣਾ ਇਨ੍ਹਾਂ ਕਿਸਾਨ ਜਥੇਬੰਦੀਆਂ ਦੀ ਦੂਸਰੀ ਮਹਾਨ ਜਿੱਤ ਹੈ। ਪਹਿਲੇ ਇਕੱਠ ਅਤੇ ਕਿਸਾਨਾਂ ਦੇ ਸਿਰੜ ਨੇ ਮੋਦੀ ਸਰਕਾਰ ਦੇ ਗੋਡੇ ਲੁਆਏ ਸਨ। ਇਸ ਦੂਜੀ ਜਿੱਤ ਨੇ ਜਿਸ ਨਾਲ ਜ਼ੀਰਾ ਜ਼ਹਿਰੀਲੀ ਮਿੱਲ ਨੇ ਪਾਣੀ ਸਮੇਤ ਸਾਰਾ ਵਾਤਾਵਰਨ ਪ੍ਰਦੂਸ਼ਿਤ ਕਰ ਦਿੱਤਾ ਸੀ। ਜਿਸ ਫੈਕਟਰੀ ਨੂੰ ਮੁਕੰਮਲ ਬੰਦ ਕਰਨ ਦਾ ਐਲਾਨ ਖੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪ ਕਰਕੇ "ਦੇਰ ਆਏ ਦਰੁੱਸਤ ਆਏ" ਵਾਲਾ ਕੰਮ ਕਰਕੇ ਅੰਦੋਲਨਕਾਰੀਆਂ ਤੋਂ ਹਮਦਰਦੀ ਵੀ ਬਟੋਰੀ ਹੈ।

ਬਹੁਤੇ ਸਾਥੀ ਪਾਠਕ ਇਹ ਸੁਣ ਕੇ ਹੈਰਾਨ ਹੋਣਗੇ ਕਿ ਇਸ ਫੈਕਟਰੀ ਦਾ ਉਦਘਾਟਨ ਸੁਖਬੀਰ ਬਾਦਲ ਨੇ ਇਨਕਲਾਬੀ ਸ਼ਹੀਦ ਭਗਤ ਸਿੰਘ ਦੇ 100ਵੇਂ ਜਨਮ ਦਿਨ 'ਤੇ ਕੀਤਾ ਸੀ। ਜਿਸ ਨੂੰ ਬੰਦ ਕਰਾਉਣ ਵਾਲੇ ਵੀ ਭਗਤ ਸਿੰਘ ਜੀ ਦੇ ਸੋਚ ਦੇ ਮਾਲਕ ਹਨ, ਉਨ੍ਹਾਂ ਸਭ ਨੇ ਡਿਸਪਲਿਨ ਵਿੱਚ ਰਹਿ ਕੇ ਪੁਰਅਮਨ ਲੰਬਾ ਸੰਘਰਸ਼ ਕੀਤਾ। ਇਹ ਸੰਘਰਸ਼ ਛੇ ਮਹੀਨੇ ਤੋਂ ਜ਼ਿਆਦਾ ਵੀ ਇਸ ਕਰਕੇ ਚੱਲਿਆ ਕਿ ਕੁਝ ਫੈਕਟਰੀ ਯਾਰ, ਕੁਝ ਸਰਕਾਰੀ ਮਦਦਗਾਰ ਸਮੇਤ ਉਸ ਸਾਧ-ਸੰਤ ਦੇ ਜੋ ਵਾਤਾਵਰਨ ਪ੍ਰੇਮੀ ਹੋਣ ਕਰਕੇ ਭਾਰਤ ਦੇ ਸਭ ਤੋਂ ਸਿਰਮੌਰ ਅਹੁਦੇ 'ਤੇ ਬਿਰਾਜਮਾਨ ਰਾਸ਼ਟਰਪਤੀ ਤੋਂ ਵੀ ਇਨਾਮ ਪ੍ਰਾਪਤ ਕਰ ਚੁੱਕੇ ਹਨ। ਜਿਹੜਾ ਰਾਜ ਸਭਾ ਅਹੁਦਾ ਮਿਲਣ ਕਰਕੇ ਦੂਸ਼ਿਤ ਪਾਣੀ ਨੂੰ ਦੂਸ਼ਿਤ ਨਾ ਕਹਿ ਸਕਿਆ। ਜਿਹੜਾ ਸੰਘਰਸ਼ੀ ਲੋਕਾਂ ਵੱਲੋਂ ਖਿੱਚੀ ਲਕੀਰ ਦੇ ਉਸ ਪਾਰ ਖਲੋ ਕੇ ਮਾਲਕਾਂ ਦੇ ਹੱਕ ਵਿੱਚ ਭੁਗਤ ਰਿਹਾ ਸੀ। ਕਿਸਾਨ ਜਥੇਬੰਦੀਆਂ ਦੀ ਸਭ ਦੀ ਸਾਂਝੀ ਇੱਕ ਦਲੀਲ ਸੀ, ਜਿਸ ਨੇ ਸਭ ਨੂੰ ਸਹੀ ਬੋਲਣ ਵਿੱਚ ਉੱਤਰਹੀਣ ਬਣਾ ਦਿੱਤਾ, ਉਹ ਦਲੀਲ ਸੀ ਕਿ ਜੋ ਪਾਣੀ ਨੂੰ ਦੂਸ਼ਤ ਨਹੀਂ ਸਮਝਦਾ, ਉਹ ਇਸ ਨੂੰ ਪੀ ਕੇ ਦਿਖਾਵੇ। ਇਸ ਸੁਆਲ ਨੇ ਸਭ ਨੂੰ ਨਿਰਉੱਤਰ ਕਰ ਦਿੱਤਾ।

ਸੰਬੰਧਤ ਮਿੱਲ ਦੇ ਜ਼ਹਿਰੀਲੇ ਪਾਣੀ ਨੇ ਇਲਾਕੇ ਵਿੱਚ ਕਿੰਨਾ ਨੁਕਸਾਨ ਪਹੁੰਚਾਇਆ, ਇਸ ਦਾ ਅੰਦਾਜ਼ਾ ਲਾਉਣਾ ਅਜੇ ਬਾਕੀ ਹੈ। ਕਿਹੜੀਆਂ-ਕਿਹੜੀਆਂ ਫਸਲਾਂ ਤਬਾਹ ਹੋਈਆਂ, ਕਿਨ੍ਹਾਂ ਕਿਨ੍ਹਾਂ ਫਸਲਾਂ ਦਾ ਝਾੜ ਘਟਿਆ, ਬੇ-ਜ਼ਬਾਨ ਪਸ਼ੂ ਕਿੰਨੇ ਪ੍ਰਭਾਵਤ ਹੋਏ ਅਤੇ ਕਿੰਨੇ ਰੱਬ ਨੂੰ ਪਿਆਰੇ ਹੋ ਗਏ? ਸੰਬੰਧਤ ਏਰੀਏ ਵਿੱਚ ਮਨੁੱਖ ਜਾਤੀ ਲਈ ਕਿਹੜੀਆਂ-ਕਿਹੜੀਆਂ ਬਿਮਾਰੀਆਂ ਦੂਸ਼ਿਤ ਵਾਤਾਵਰਨ ਅਤੇ ਦੂਸ਼ਿਤ ਪਾਣੀ ਕਰਕੇ ਹੋਈਆਂ? ਗਰੀਬ ਜਨਤਾ ਦਾ ਜਾਨੀ ਨੁਕਸਾਨ ਕਿੰਨਾ ਹੋਇਆ? ਇਸ ਸੰਘਰਸ਼ ਕਰਕੇ ਹੋਈਆਂ ਅਣ-ਮੁੱਲੀਆਂ ਮੌਤਾਂ ਦਾ ਬਣਦਾ ਮੁਆਵਜ਼ਾ ਕਿੰਨਾ ਕਿੰਨਾ ਬਣਦਾ ਹੈ, ਸੰਬੰਧਤ ਫੈਕਟਰੀ ਤੋਂ ਵਸੂਲਿਆ ਜਾਵੇ। ਸੰਘਰਸ਼ੀ ਜਾਣ ਚੁੱਕੇ ਹਨ ਕਿ ਸਰਕਾਰੀ ਵਾਅਦੇ ਜਿਓਂ ਦੇ ਤਿਓਂ ਨਹੀਂ ਮੰਨਦੇ ਤਾਂ ਕਿ ਮੋਦੀ ਵਾਅਦਿਆਂ ਮੁਤਾਬਕ ਫਿਰ ਪਛਤਾਉਣਾ ਪਵੇ। ਜਥੇਬੰਦੀਆਂ ਦੀ ਇਹ ਮੰਗ ਵੀ ਬਹੁਤ ਯੋਗ ਹੈ ਕਿ ਜੋ ਸਰਕਾਰ ਨੇ ਲਗਭਗ ਵੀਹ ਕਰੋੜ ਰੁਪਿਆ ਬਤੌਰ ਜੁਰਮਾਨਾ ਭਰਿਆ ਹੈ, ਉਸ ਦੀ ਵਸੂਲੀ ਵੀ ਫੈਕਟਰੀ ਮਾਲਕਾਂ ਤੋਂ ਕਰਵਾਈ ਜਾਵੇ।

ਸੰਘਰਸ਼ ਦੌਰਾਨ ਜਿਹੜੇ ਮਨਿਸਟਰਾਂ ਨੇ ਸਹੀ ਤੱਥਾਂ ਦੇ ਅਧਾਰ 'ਤੇ ਬਿਆਨ ਨਹੀਂ ਦਿੱਤੇ, ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਅਤੇ ਸਮਝਣਾ ਚਾਹੀਦਾ ਹੈ ਕਿ ਸੱਚ ਦਾ ਕੋਈ ਬਦਲ ਨਹੀਂ ਹੁੰਦਾ। ਸੱਚ ਦਾ ਬਦਲ ਸੱਚ ਹੀ ਹੁੰਦਾ ਹੈ। ਜ਼ਿੰਮੇਵਾਰ ਵਿਅਕਤੀਆਂ ਨੂੰ ਖਾਸ ਕਰ ਵਜ਼ੀਰਾਂ ਅਤੇ ਵਾਤਾਵਰਨ ਪ੍ਰੇਮੀਆਂ ਨੂੰ ਤੱਥਾਂ ਦੇ ਅਧਾਰਤ ਬਿਆਨ ਦਾਗਣੇ ਚਾਹੀਦੇ ਹਨ ਤਾਂ ਕਿ ਕਦੇ ਵੀ ਆਪਣਾ ਥੁੱਕਿਆ ਚੱਟਣਾ ਨਾ ਪਵੇ।

ਜੇਕਰ ਕਿਸਾਨਾਂ ਦੀ ਇਹ ਦੂਸਰੀ ਮਹਾਨ ਜਿੱਤ ਆਖੀ ਜਾ ਸਕਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਇਹ ਆਈ ਏ ਐਸ ਤੇ ਪੀ ਸੀ ਐਸ ਦੀ ਹੜਤਾਲ ਨਾਲ ਨਿਪਟਣ ਤੋਂ ਬਾਅਦ ਇਹ ਦੂਸਰੀ ਅਜਿਹੀ ਘਟਨਾ ਹੈ, ਜਿਸ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੱਦ ਹੋਰ ਉੱਚਾ ਕੀਤਾ ਹੈ ਅਤੇ ਪਹਿਲੀਆਂ ਸਰਕਾਰਾਂ ਤੋਂ ਹਟ ਕੇ ਪੂਰਾ ਕੇਸ ਸਮਝ ਕੇ ਕਿਸਾਨ ਪੱਖੀ ਐਲਾਨ ਕੀਤਾ ਹੈ। ਅਸੀਂ ਮੁੱਖ ਮੰਤਰੀ ਜੀ ਨੂੰ ਆਖਣਾ ਚਾਹਾਂਗੇ ਕਿ ਕਿਸਾਨਾਂ ਖ਼ਿਲਾਫ਼ ਦਰਜ ਕੀਤੇ ਨਜਾਇਜ਼ ਮਾਮਲੇ ਵੀ ਫੌਰਨ ਵਾਪਸ ਲੈਣ ਦਾ ਨਿਰਣਾ ਕੀਤਾ ਜਾਵੇ। ਸਭ ਤਰ੍ਹਾਂ ਦੇ ਪੀੜਤਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਬਾਹਰਲੇ ਦੇਸ਼ਾਂ ਅਤੇ ਸੂਬਿਆਂ ਤੋਂ ਆਉਣ ਵਾਲੇ ਉਦਯੋਗਾਂ ਨੂੰ ਬਣਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ ਅਤੇ ਉਦਯੋਗ ਮਾਲਕਾਂ ਨੂੰ ਵੀ ਆਪਣੇ ਬਣਦੇ ਫ਼ਰਜ਼ਾਂ ਨੂੰ ਪੂਰਾ ਕਰਨ ਲਈ ਹਦਾਇਤ ਕੀਤੀ ਜਾਵੇ। ਅਸੀਂ ਪੰਜਾਬ ਵਿੱਚ ਉਦਯੋਗ ਨੂੰ ਜੀ ਆਇਆਂ ਕਹਿਣ ਵਾਲਿਆਂ ਵਿੱਚੋਂ ਹਾਂ। ਪਰ ਇਹ ਤਰੱਕੀ ਮਨੁੱਖੀ ਸਿਹਤ ਨਾਲ ਖਿਲਵਾੜ ਕਰੇ, ਮਨਜ਼ੂਰ ਨਹੀਂ। ਦੁਖੀ ਅਤੇ ਸਭ ਪ੍ਰਭਾਵਤ ਪਰਵਾਰਾਂ ਦਾ ਬਣਦਾ ਮੁਆਵਜ਼ਾ ਮਿੱਲ ਦੇ ਸਾਰੇ ਯੂਨਿਟ ਬੰਦ ਕਰਕੇ, ਮਿੱਲ ਦਾ ਸਮਾਨ ਨਿਲਾਮ ਕਰਕੇ ਦਿੱਤਾ ਜਾਵੇ।

ਦੁੱਧ ਦਾ ਸੜਿਆ ਬੰਦਾ ਵੀ ਲੱਸੀ ਨੂੰ ਫੂਕਾ ਮਾਰ ਕੇ ਪੀਂਦਾ ਹੈ। ਇਸੇ ਕਰਕੇ ਸਾਂਝੇ ਸੰਘਰਸ਼ ਨੇ ਉਦੋਂ ਤੱਕ ਮੋਰਚਾ ਜਾਰੀ ਰੱਖਣ ਦਾ ਪ੍ਰਣ ਲਿਆ ਹੈ ਜਦ ਤੱਕ ਲਿਖਤੀ ਸਮਝੌਤਾ ਅਤੇ ਬਣਦਾ ਮੁਆਵਜ਼ਾ ਸੰਬੰਧਤ ਦੁਖੀ ਪਰਵਾਰਾਂ ਨੂੰ ਮਿਲ ਨਹੀਂ ਜਾਂਦਾ।

ਕਿਸਾਨਾਂ ਨੇ ਸਾਂਝੇ ਸੰਘਰਸ਼ ਨੇ ਪੰਜਾਬ ਦੀ ਜਨਤਾ ਨੂੰ ਇਹ ਆਸ ਵੀ ਦੁਆਈ ਹੈ ਕਿ ਆਉਣ ਵਾਲੇ ਸਮੇਂ ਵਿੱਚ ਜੇਕਰ ਸਭ ਇਕੱਠੇ ਹੋ ਕੇ ਸਾਂਝਾ ਸੰਘਰਸ਼ ਕਰਨਗੇ ਤਾਂ ਫਿਰ ਗੰਦੇ ਨਾਲੇ ਵੀ ਸਾਫ਼ ਹੋ ਸਕਣਗੇ ਅਤੇ ਬੁੱਢੇ ਨਾਲੇ ਵੀ ਜਵਾਨ ਹੋ ਜਾਣਗੇ। ਸਰਕਾਰਾਂ ਦੀ ਅਫ਼ਸਰਸ਼ਾਹੀ ਉਹ ਹੀ ਕੰਮ ਕਰਦੀ ਹੈ, ਜਿਸ ਨਾਲ ਸਰਕਾਰ ਚਲਦੀ ਰਹੇ ਅਤੇ ਖੁਸ਼ ਹੁੰਦੀ ਰਹੇ। ਉਹ ਕੰਮ ਕਦਾਚਿਤ ਨਹੀਂ ਕਰਦੀ, ਜਿਸ ਨਾਲ ਜਨਤਾ ਖੁਸ਼ ਹੋਵੇ। ਜ਼ੀਰਾ ਮਿੱਲ ਬੰਦ ਕਰਾਉਣ 'ਤੇ ਸਭ ਸੰਘਰਸ਼ੀ ਵਧਾਈ ਦੇ ਹੱਕਦਾਰ ਹਨ। ਜਿਨ੍ਹਾਂ ਵਿੱਚ ਪਰਵਾਰ ਸਮੇਤ ਬੱਚੇ, ਔਰਤਾਂ, ਨੌਜਵਾਨ, ਬਜ਼ੁਰਗ, ਟੀਚਰ, ਡਾਕਟਰ, ਵਕੀਲ, ਵਾਤਾਵਰਨ ਪ੍ਰੇਮੀ, ਲੇਖਕ, ਗੀਤਕਾਰ, ਨਾਟਕ ਮੰਡਲੀਆਂ,ਬੁੱਧੀਜੀਵੀ, ਅਖ਼ਬਾਰਾਂ ਅਤੇ ਚੈਨਲਾਂ ਦੇ ਬੇਸ਼ੁਮਾਰ ਪੱਤਰਕਾਰ ਵੀ ਸ਼ਾਮਲ ਹਨ। ਅਜਿਹੀਆਂ ਕਿਸਾਨੀ ਪ੍ਰਾਪਤੀਆਂ ਤੋਂ ਬਾਅਦ ਲਗਦੈ ਕਿ ਆਉਣ ਵਾਲੇ ਸਮੇਂ ਵਿੱਚ ਜਨਤਾ ਆਪਣੇ ਦੁੱਖ-ਦਰਦ ਸਰਕਾਰ ਨੂੰ ਦੱਸਣ ਦੀ ਬਜਾਏ ਇਨ੍ਹਾਂ ਸੰਘਰਸ਼ੀ ਲੋਕਾਂ ਨੂੰ ਦੱਸਿਆ ਕਰਨਗੇ।

*# ਸੰਪਰਕ : 98721-65741*

# ਮਾਂ, ਮੈਂ ਕੋਟ ਭਾਈ ਜਾਣੈ!

## ਡਾਇਰੀ ਦਾ ਪੰਨਾ

**ਨਿੰਦਰ ਘੁਗਿਆਣਵੀ**

ਦੁੱਗਲ ਖੱਤਰੀਆਂ ਦੇ ਸਾਦ-ਮੁਰਾਦੇ ਘਰ। ਭਲੇ ਜਿਹੇ ਤੇ ਭੋਲੇ ਜਿਹੇ ਲੋਕ। ਦੋ ਵਕਤ ਦਾ ਟੁੱਕਰ ਖਾ ਕੇ ਪਲ-ਪਲ ਰੱਬ ਦਾ ਸ਼ੁਕਰ ਕਰਨ ਵਾਲੇ। ਕੁਛ ਹੱਟੀਆਂ ਕਰਦੇ। ਕੁਛ ਖੇਤੀ ਕਰਦੇ ਤੇ ਕੋਈ ਦੋਧੀ ਬਣ ਦੁੱਧ ਢੋਂਹਦਾ। ਵਿੱਚੋਂ-ਵਿੱਚੋਂ ਕੋਈ-ਕੋਈ ਸਰਕਾਰੀ ਮੁਲਾਜ਼ਮ ਤੇ ਕੋਈ-ਕੋਈ ਮਾਸਟਰ-ਮਾਸਟਰਨੀ।

ਮੈਂ ਪਿੰਡ ਦੀਆਂ ਗਲੀਆਂ 'ਚ ਹਾਣੀਆਂ ਨਾਲ ਭੱਜਦਾ ਨਾ ਥੱਕਦਾ। ਭਜਾ ਭਜਾਈ ਖੇਡਦੇ। ਫੜਾ ਫੜਾਈ ਵੀ। ਲੁਕਣਮੀਟੀ ਵੀ। ਬੁੜ੍ਹੀਆਂ ਕਰਤਾਰੇ ਪੰਡਤ ਕੇ ਨਲਕੇ ਤੋਂ ਪਾਣੀ ਭਰਦੀਆਂ, ਅਸੀਂ ਨਿਆਣੇ ਲੰਮੀ ਹੱਥੀ ਗੇੜਦੇ ਨਾ ਥੱਕਦੇ। ਨਲਕੇ ਦਾ ਪਾਣੀ ਬਰਫ ਦੇ ਪਾਣੀ ਤੋਂ ਵੀ ਠੰਢਾ ਤੇ ਮਿੱਠਾ। ਜਦ ਨਲਕਾ ਵਿਹਲਾ ਹੁੰਦਾ, ਬੁਨੈਣ ਲਾਹ ਮੈਂ ਹੇਠਾਂ ਬਹਿ ਜਾਂਦਾ, ਪਾਣੀ ਦੀਆਂ ਠੰਢੀਆਂ ਧਾਰਾਂ ਸਿਰ ਠਾਰਦੀਆਂ। ਹਾਏ ਓ ਰੱਬਾ, ਓਹ ਅਨੰਦ ਕਿਆ ਕਹਿਣੇ! ਅਨੰਦ ਭਇਆ ਮੇਰੀ ਮਾਏ, ਸਤਗੁਰੂ ਮੈਂ ਪਾਇਆ, ਵਾਲੀ ਅਵਸਥਾ ਨਹੀਂ ਤੇ ਹੋਰ ਕੀ! ਬਾਲਪਨ ਰੰਗੀਲੜਾ। ਮੌਜੀ ਮਨ। ਬੇਫਿਕਰ। ਰਮਣੀਕ ਦਿਨ। ਬਹਾਰਾਂ ਈ ਬਹਾਰਾਂ ਦਿਖਦੀਆਂ।

ਜਦ ਦੁਪਹਿਰੇ ਗਰਮੀ ਅੱਤ ਕਰਦੀ ਤਾਂ ਛੱਪੜ ਵਿਚ ਨਹਾਉਣ ਵੜ ਜਾਣਾ ਤੇ ਕਦੇ ਨਰਮੇ ਦੀਆਂ ਛਿਟੀਆਂ ਜਾਂ ਪੁਰਾਣੇ ਝਾਫਿਆਂ 'ਚੋਂ ਮਾਖੋ ਮੱਖੀ ਦਾ ਸ਼ਹਿਦ ਚੋਣ ਤੁਰੇ ਰਹਿਣਾ। ਊਸ਼ਾ ਭੂਆ ਬਥੇਰਾ ਲੜਦੀ- "ਸਾਰਾ ਸਾਰਾ ਦਿਨ ਬਾਹਰ ਧੱਕੇ ਖਾਂਦਾ ਰਹਿੰਨਾ, ਘਰੇ ਬਹਿ ਟਿਕ ਕੇ, ਆਹ ਵੇਖ ਮੈਂ ਤੇਰੇ ਵਾਸਤੇ ਭਾਈ ਤੋਂ ਅੰਗੂਰ ਲੈ ਕੇ ਰੱਖੇ ਆ।" ਗਿੱਦੜਬਾਹੇ ਇਲਾਕੇ ਦੇ ਅੰਗੂਰ ਏਨੇ ਮਿੱਠੇ ਹੁੰਦੇ ਕਿ ਕਿਆ ਦੱਸਾਂ! ਸਾਈਕਲਾਂ ਉਤੇ ਟੋਕਰੀਆਂ ਭਰੀ ਫਿਰਦੇ ਬੰਦੇ ਪਿੰਡਾਂ ਵਿਚ ਹੋਕੇ ਦੇ-ਦੇ ਅੰਗੂਰ ਵੇਚਦੇ, ਮੋਟੇ ਮਿੱਠੇ ਅੰਗੂਰ ਸਸਤੇ ਭਾਅ। ਮੈਂ ਭੂਆ ਦੇ ਅੰਗੂਰਾਂ ਦੇ ਲਾਲਚ ਵਿਚ ਨਾ ਆਉਂਦਾ। ਮੈਨੂੰ ਤਾਂ ਬਾਹਰ ਭੱਜੇ ਰਹਿਣਾ ਈ ਭਾਉਂਦਾ। (ਹੁਣ ਕੁਛ-ਕੁਛ ਦੋਸਤਾਂ, ਸਾਥੀਆਂ ਦੇ ਨਾਂਅ ਚੇਤੇ ਆ ਰਹੇ ਨੇ। ਪਤਾ ਨਹੀਂ ਹੁਣ ਕੌਣ-ਕੌਣ ਤੇ ਕਿੱਥੇ-ਕਿੱਥੇ ਹਨ?)

ਹੋ ਸਕਦੈ ਕਿ ਜੇ ਉਥੇ ਮੇਰਾ ਬਚਪਨ ਨਾ ਬੀਤਦਾ, ਤਾਂ ਏਨੀ ਲਾਗਿਓਂ ਮੈਂ ਪਿੰਡ ਕੋਟ ਭਾਈ ਤੇ ਦੁੱਗਲਾਂ ਜਾਂ ਹੋਰ ਲੋਕਾਂ ਨਾਲ ਨਾ ਜੁੜਦਾ। ਨਾ ਮੈਨੂੰ ਸੰਗੀਤ ਦੀ ਲਿਵ ਲੱਗਣੀ ਸੀ ਤੇ ਨਾ ਕਿਤਾਬਾਂ ਦੀ। ਭੂਆ ਦੇ ਦੇਵਰ ਸੁਭਾਸ਼ ਚੰਦ ਦੁੱਗਲ ਦੀਆਂ ਕਈ ਕਿਤਾਬਾਂ ਪੱਕੀ-ਨਿੱਕੀ ਬੈਠਕ ਵਿਚ ਪਈਆਂ ਨੇ। ਕਿਤਾਬਾਂ ਦੇ ਨਾਂਅ ਮੇਰੀ ਸਮਝੋਂ ਬਾਹਰੇ ਨੇ, ਪਰ ਮੈਨੂੰ ਆਪਣੇ ਵੱਲ ਖਿੱਚਦੇ ਜ਼ਰੂਰ ਨੇ। ਸੁਭਾਸ਼ ਜੀ ਦੇ ਕੱਚੇ ਕੋਠੇ ਵਿੱਚ ਪਏ ਸਾਜ਼ਾਂ ਨੂੰ ਛੇੜਨ ਨੂੰ ਦਿਲ ਕਰਦਾ। ਦੁਪਹਿਰ ਵੇਲੇ, ਜਦ ਭੂਆ ਸੁੱਤੀ ਹੁੰਦੀ ਹੈ, ਮੈਂ ਚੋਰੀਓਂ ਬੈਠਕ ਵਿਚ ਵੜਦਾਂ ਤੇ ਕਿਤਾਬਾਂ ਦੇ ਪੰਨੇ ਫੋਲਦਾਂ। ਭੂਆ ਕਿਤਾਬਾਂ ਨੂੰ ਛੇੜਨ ਨਹੀਂ ਸੀ ਦੇਂਦੀ, ਕਿਉਂਕਿ ਦੇਵਰ ਆਣ ਕੇ ਲੜੇਗਾ ਕਿ ਮੇਰੀਆਂ ਕਿਤਾਬਾਂ ਕਿਹਨੇ ਉਲਟ-ਪਲਟ ਕਰੀਆਂ? ਸਾਜ਼ ਕਈ ਸਨ। ਸੁਰਾਂ ਦਾ ਪੱਕਾ ਖਿਲਾੜੀ ਸੁਭਾਸ਼ ਚੰਦਰ। ਨਿੱਕਾ ਕੱਦ। ਪਤਲਾ ਸਰੀਰ। ਪਤਲੀ ਕਾਲੀ ਦਾਹੜੀ। ਚਿੱਟੀ ਪਤਲੀ ਐਨਕ। ਜਦ ਸੁਰ ਲਾਉਂਦਾ ਤੇ ਦਿਲ ਲੁੱਟ ਲੈਂਦਾ। ਪਿਡ ਆਇਆ ਕਦੇ-ਕਦੇ ਵਜਦ ਵਿਚ ਆਣ ਉਹ ਗਾਉਂਦਾ ਤਾਂ ਦਰਸ਼ਨ ਫੁੱਫੜ ਖਿਝਦਾ ਹੈ, "ਆ ਗਿਆ ਵੱਡਾ ਏਹ ਸਿੰਘ ਬੰਧੂ।" ਭੂਆ ਮੂੰਹ ਉਤੇ ਉਂਗਲੀ ਰੱਖ ਚੁੱਪ ਕਰਵਾ ਰਹੀ ਫੁੱਫੜ ਨੂੰ। (ਉਹਨੀ ਦਿਨੀਂ ਸਿੰਘ ਬੰਧੂ ਭਰਾ ਬੜੇ ਮਸ਼ਹੂਰ ਸਨ ਤੇ ਦੂਰਦਰਸ਼ਨ ਜਲੰਧਰ ਤੋਂ 'ਗੁਰਬਾਣੀ ਵਿਚਾਰ' ਪ੍ਰੋਗਰਾਮ ਵਿਚ ਪੱਕੇ ਰਾਗਾਂ 'ਚ ਸ਼ਬਦ ਗਾਇਨ ਕਰਦੇ। ਏਨੇ ਗੂੜ੍ਹੇ ਰਾਗ ਪੇਂਡੂ ਲੋਕਾਂ ਦੇ ਸਮਝ ਨਾ ਪੈਂਦੇ, ਜਦ ਭਾਈ ਜੋਧ ਸਿੰਘ ਸ਼ਬਦ ਕੀਰਤਨ ਕਰਦੇ ਤਾਂ ਲੋਕ ਟੀ ਵੀ ਮੂਹਰੇ ਇਕਾਗਰ ਹੋ ਬਹਿ ਜਾਂਦੇ)।

***

ਦਰਸ਼ਨ ਫੁੱਫੜ ਆਖ ਰਿਹਾ-"ਉੱਠ-ਉੱਠ, ਤੇਰੀ ਭੂਆ ਚਾਹ ਬਣਾਈ ਬੈਠੀ ਆ, ਗੋਡੇ-ਗੋਡੇ ਦਿਨ ਚੜ੍ਹਿਆ ਪਿਆ, ਉੱਠ ਕੇ ਚਾਹ ਪੀ ਲੈ।" ਅੱਭੜਵਾਹੇ ਉੱਠਿਆ ਹਾਂ ਕਿ ਕਿਤੇ ਫੁੱਫੜ ਗੁੱਸਾ ਨਾ ਖਾ ਜਾਏ। ਫੁੱਫੜ ਨੇ ਮੁਕਤਸਰ ਵਾਲੀ ਬੱਸ ਫੜਨੀ ਹੁੰਦੀ। ਭੂਆ ਰੋਟੀ ਬਣਾ ਕੇ ਉਹਦੇ ਮੂੰਗੀ ਰੰਗੇ ਸਰਕਾਰੀ ਝੋਲੇ 'ਚ ਪਾਉਂਦੀ। ਫਿਰ ਨਿਆਣੇ ਉਠਾਉਂਦੀ। ਚਾਹ ਪਿਲਾਉਂਦੀ। ਮੈਂ ਨਾ ਉਠਦਾ, ਢੀਠ ਹੋ ਕੇ ਪਿਆ ਰਹਿੰਦਾ ਗੂੜ੍ਹੀ ਨੀਂਦੇ। ਗਰਮੀਆਂ ਦੇ ਦਿਨ, ਕੱਚੇ ਵਿਹੜੇ ਵਿਚ ਮੰਜੇ ਡਾਹ ਕੇ ਤੇ ਪੱਖਾ ਲਾ ਕੇ ਸੌਂਦੇ ਸਾਰੇ ਇਕੱਠੇ।

***

ਅੱਧੀ ਰਾਤ ਹੈ। ਮੈਂ ਤਾਂ ਪਿੰਡ ਹਾਂ ਆਪਣੇ। ਸਾਰਾ ਪਿੰਡ ਸੁੱਤਾ ਏ। ਟੱਬਰ ਸਾਡਾ ਘੂਕ ਉਣੀਂਦੇ ਪਿਆ। ਮੈਨੂੰ ਏਹ ਸੁਪਨਾ ਜਗਾ ਗਿਆ ਹੈ। ਚਾਰ-ਚੁਫੇਰੇ ਹਨੇਰ ਈ ਹਨੇਰ। ਲੱਗਦੈ ਕਿ ਫੁੱਫੜ ਤੇ ਭੂਆ ਮੇਰੇ ਮੰਜੇ ਦੇ ਕੋਲ ਈ ਬੈਠੇ ਨੇ। ਮੈਨੂੰ ਆਪਣੇ ਨਾਲ ਕੋਟ ਭਾਈ ਜਾਣ ਲਈ ਆਖ ਰਹੇ ਨੇ। ਕਿੰਨੇ ਚਾਅ ਨਾਲ ਕੋਟ ਭਾਈ ਜਾਇਆ ਕਰਦਾ ਸਾਂ ਮੈਂ। ਉਸ ਚਾਅ ਤੇ ਉਤਸ਼ਾਹ ਦਾ ਕੋਈ ਮੁੱਲ ਹੀ ਨਹੀਂ। ਨਿੱਕੇ ਬੱਚਿਆਂ ਨੂੰ ਵਧੇਰੇ ਚਾਅ ਨਾਨਕੀਂ ਜਾਣ ਦਾ ਹੁੰਦਾ ਹੈ, ਪਰ ਮੈਨੂੰ ਭੂਆ ਦੇ ਪਿੰਡ ਜਾਣ ਦਾ ਚਾਅ ਚੜ੍ਹਦਾ। ਭੂਆ ਤੇ ਫੁੱਫੜ ਤਾਂ ਰੱਬ ਨੂੰ ਪਿਆਰੇ ਹੋ ਚੁੱਕੇ ਨੇ ਤੇ ਅੱਜ ਏਹ ਮੇਰੇ ਕੋਲ ਕਿਵੇਂ ਆ ਗਏ? ਨਾਲੇ ਉਹ ਤਾਂ ਕੋਟ ਭਾਈ ਤੋਂ ਉੱਠ ਕੇ ਗਿੱਦੜਬਾਹੇ ਆਣ ਵੱਸੇ ਸਨ ਤੇ ਫਿਰ ਮੈਂ ਉਥੇ ਉਨ੍ਹਾ ਕੋਲ ਜਾ ਕੇ ਰਹਿਣ ਲੱਗਿਆ ਸਾਂ, ਪਰ ਕੋਟ ਭਾਈ ਪਿੰਡ ਭੂਆ ਦਾ ਹੱਡਾਂ 'ਚ ਰਚ ਗਿਆ, ਨਹੀਂ ਨਿਕਲਦਾ।

*ਸੰਪਰਕ : 94174-21700*

# ਭਟਕਣ ਵੀ ਸਮਰਥ ਬਣਾਉਂਦੀ ਹੈ

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

**ਡਾ. ਸ਼ਿਆਮ ਸੁੰਦਰ ਦੀਪਤੀ**

ਭਟਕਣਾ ਦਾ ਸਫ਼ਰ, ਏਨੀ ਛੇਤੀ ਮੁੱਕਣ ਵਾਲਾ ਥੋੜ੍ਹਾ ਹੈ। ਭਟਕਣਾ-ਮਨੁੱਖੀ ਹੋਂਦ ਤੋਂ ਹੀ ਜ਼ਿੰਦਗੀ ਦਾ ਹਿੱਸਾ ਹੈ। ਭਟਕਣਾ ਹੀ ਹੈ, ਜੋ ਸੰਘਰਸ਼ ਦੇ ਰਾਹ ਪਾਉਂਦੀ ਹੈ। ਸੰਘਰਸ਼ ਹੀ ਹੈ, ਜੋ ਸਮਰੱਥ ਬਣਾਉਂਦਾ ਹੈ, ਅਸੀਂ ਬਾਂਦਰ ਤੋਂ ਮਨੁੱਖ ਬਣੇ ਹਾਂ, ਇਹ ਸੰਘਰਸ਼ ਦੀ ਗਾਥਾ ਹੈ। ਕੁਦਰਤ ਨਾਲ ਸੰਘਰਸ਼ ਕੀਤਾ, ਇਨਸਾਨ ਦੀ ਸ਼ਕਲ ਅਖਤਿਆਰ ਕੀਤੀ। ਇਹ ਸਮਰੱਥ ਹੋਣ ਦੀ ਕਥਾ ਹੈ। ਇਹ ਮਨੁੱਖ ਤੋਂ ਮਹਾਂਮਨੁੱਖ, ਮਹਾਂ ਬਲੀ ਕਹਾਏ ਜਾਣ ਦਾ ਸਫ਼ਰ ਹੈ।

ਭਟਕਣ ਤੋਂ ਕੋਈ ਦਿੱਕਤ ਨਹੀਂ, ਪਰ ਭਟਕਦੇ-ਭਟਕਦੇ, ਕੁਦਰਤ ਨਾਲ ਆਢਾ ਲੈਂਦੇ-ਲੈਂਦੇ, ਜਦੋਂ ਭਟਕਣ ਦਾ ਸਮਾਜਿਕ ਰੂਪ ਬਣਦਾ ਹੈ, ਤਾਂ ਮਨੁੱਖ ਨੂੰ ਇਕ ਹੋਰ ਪਛਾਣ ਮਿਲਦੀ ਹੈ। ਇਸ ਰਾਹ 'ਤੇ ਪਇਆਂ ਨੂੰ ਨਵਾਂ ਨਾਂਅ ਮਿਲਿਆ ਰਫਿਊਜੀ। ਫਿਰ ਰਫਿਊਜੀ ਤੋਂ ਆਮ ਸ਼ਹਿਰੀ, ਸਤਿਕਾਰਕ ਸਮਾਜ ਦਾ ਹਿੱਸਾ ਬਨਣ ਦੀ ਇਕ ਵੱਖਰੀ ਕਹਾਣੀ ਸ਼ੁਰੂ ਹੁੰਦੀ ਹੈ।

ਵੰਡ ਸਿਆਸੀ ਮਸਲਾ ਸੀ। ਕਿਸ ਪੱਧਰ ਦਾ ਸਿਆਸੀ, ਇਹ ਇਕ ਵੱਖਰੀ ਬਹਿਸ ਹੈ। ਗਿਣੇ-ਚੁਣੇ ਲੋਕਾਂ ਨੂੰ ਭਿਣਕ ਸੀ, ਜੋ ਸੂਚਨਾਵਾਂ ਨਾਲ ਜੁੜੇ ਸੀ। ਉਹ ਮੁਸਲਮਾਨਾਂ ਦੀ ਵੱਧ ਗਿਣਤੀ ਵਾਲੇ ਇਲਾਕਿਆਂ ਨੂੰ ਪਹਿਲਾਂ ਹੀ ਛੱਡ ਗਏ। ਇਸੇ ਤਰ੍ਹਾਂ ਦਾ ਵਰਤਾਰਾ ਪੰਜਾਬ ਨੇ ਫਿਰ ਦੇਖਿਆ ਸਾਲ 1988 ਤੋਂ 1992 ਤੱਕ। ਇਸ ਦੇ ਪਿਛੋਕੜ ਵਿਚ 1947 ਵਰਗਾ ਕਾਰਾ ਵੀ ਸੀ, 1984 ਵਾਲਾ ਵੀ। ਅੰਮ੍ਰਿਤਸਰ ਇਲਾਕੇ ਦੇ ਲੋਕ, ਖਾਸ ਕਰਕੇ ਪੰਜਾਬ ਛੱਡ ਹਰਿਆਣੇ ਚਲੇ ਗਏ। ਘੱਟੋ-ਘੱਟ ਦੋ ਦਰਿਆ ਪਾਰ ਕਰਕੇ, ਬਿਆਸ ਅਤੇ ਸਤਲੁਜ ਲੁਧਿਆਣੇ ਆ ਵਸੇ। ਅੰਮ੍ਰਿਤਸਰ ਦੀ ਸਾਰੀ ਸਨਅਤ ਉਦੋਂ ਦੀ ਉੱਜੜੀ ਅੱਜ ਤੱਕ ਪੈਰਾਂ 'ਤੇ ਨਹੀਂ ਖੜੀ।

ਪਰ ਵੱਡੀ ਗਿਣਤੀ ਸਮੇਂ ਦੀ ਨਬਜ਼ ਤੋਂ ਨਾ-ਵਾਕਫ਼, ਕਿਸਮਤ ਦੇ ਫੈਸਲੇ 'ਤੇ ਨਿਰਭਰ ਰਹਿੰਦੀ ਹੈ ਜਾਂ ਜੋ ਫੈਸਲੇ ਹੋ ਜਾਂਦੇ ਨੇ, ਉਸ ਨੂੰ ਹੀ ਕਿਸਮਤ ਕਹਿ ਦੇਂਦੀ ਹੈ।

ਮਾਪਿਆਂ ਦਾ ਕਾਫ਼ਲਾ ਭਟਕਦਾ-ਭਟਕਦਾ ਅਬੋਹਰ ਆ ਗਿਆ ਤੇ ਮਾਪਿਆਂ ਦੇ ਕਾਫ਼ਲੇ ਦੇ ਆਗੂ ਨੇ ਇਕ ਖਾਲੀ ਪਈ ਸਰਾਂ 'ਤੇ ਕਬਜ਼ਾ ਕਰ ਲਿਆ ਜਾਂ ਉਸ ਨੂੰ ਇਸ ਟਿਕਾਣੇ ਦੀ ਦੱਸ ਪਈ। ਸਾਰੇ ਰਫਿਊਜੀ ਉਸ ਵਿਚ ਠਹਿਰਾਅ ਦਿੱਤੇ। ਉਸ ਦਾ ਨਾਂਅ ਸੀ ਚਤਰੁ ਰਾਮ। ਸੱਚੀਂ-ਮੁੱਚੀਂ ਦਾ ਨਾਂਅ ਸੀ ਜਾਂ ਉਸ ਦੀਆਂ ਚਤੁਰਾਈਆਂ, ਹੁਸ਼ਿਆਰੀਆਂ ਕਰਕੇ ਉਸ ਦਾ ਨਾਂਅ ਚਤਰੁ ਰਾਮ ਪਾ ਦਿੱਤਾ ਗਿਆ ਸੀ, ਪਰ ਮੈਂ ਲੋਕਾਂ ਤੋਂ ਉਸ ਦਾ ਨਾਂਅ ਬੜੇ ਅਦਬ ਨਾਲ ਲਾਲਾ ਚਤਰੁ ਰਾਮ ਲੈਂਦੇ ਸੁਣਿਆ। ਜੋ ਵੀ ਸੀ ਜਾਂ ਜੋ ਵੀ ਪੈ ਗਿਆ ਸੀ, ਉਸ ਨੇ ਪ੍ਰਵਾਨ ਕੀਤਾ, ਪਰ ਉਸ ਕੋਲ ਚਤੁਰਾਈ ਹੈ ਸੀ, ਜੋ ਉਸ ਨੇ ਅੱਗੇ ਲੱਗ ਕੇ ਲੋਕਾਂ ਨੂੰ ਠਿਕਾਣਾ ਦਿਵਾਇਆ ਤੇ ਇਸ ਅੱਗੇ ਲੱਗਣ ਦੀ ਭਾਵਨਾ ਹੀ ਉਸ ਨੂੰ ਰਾਜਨੀਤੀ ਤੱਕ ਵੀ ਲੈ ਗਈ, ਭਾਵੇਂ ਲੋਕਲ ਕਮੇਟੀ ਤੱਕ ਹੀ। ਉਂਜ ਵੀ ਬਰਾਦਰੀ ਵਾਲੇ ਹਰ ਤਰ੍ਹਾਂ ਦੇ ਕੰਮ ਲਈ ਉਸ ਤੱਕ ਹੀ ਪਹੁੰਚ ਕਰਦੇ।

ਨਾਂਅ ਅਸਲੀ ਹੀ ਸੀ। ਵੈਸੇ ਹੁੰਦਾ ਹੈ ਕਈ ਵਾਰੀ, ਨਾਂਅ ਅਤੇ ਕਿਰਦਾਰ ਰਲ ਵੀ ਜਾਂਦੇ ਨੇ। ਉਂਜ ਮਾਪੇ ਚਾਹੁੰਦੇ ਵੀ ਨੇ ਬੱਚੇ ਚਤੁਰ-ਚਲਾਕ ਹੋਣ, ਖਾਸ ਕਰ ਪੁੱਤਾਂ ਤੋਂ ਆਸ ਹੁੰਦੀ ਹੈ, ਭੋਲਾ-ਭਾਲਾ ਸਾਊ ਪੁੱਤ ਕੋਈ ਨਿਵੇਕਲਾ ਹੀ ਮਾਂ-ਪਿਉ ਚਾਹੁੰਦਾ ਹੋਵੇਗਾ। ਇਹ ਗੱਲ ਵੱਖਰੀ ਹੈ ਕਿ ਚੁਸਤ-ਚਲਾਕ ਦਾ ਸਮਾਨਾਰਥੀ ਹੁਣ ਧੋਖੇਬਾਜ਼ ਹੋਣਾ ਹੋ ਗਿਆ ਹੈ।

ਚਤਰੁ ਰਾਮ ਵੱਲੋਂ ਲੱਭੀ ਸਰਾਂ ਦੇ ਬਾਹਰਵਾਰ ਰਾਜਸਥਾਨੀ ਬਾਗੜੀਏ ਲੋਕ ਰਹਿੰਦੇ। ਚਮਾਰ ਬਰਾਦਰੀ ਸੀ। ਜੁੱਤੀਆ ਬਣਾਉਂਦੇ, ਗੰਢਦੇ। ਉਨ੍ਹਾਂ ਘਰਾਂ ਦੀ ਇਕ ਬੈਠਕ ਪਿਤਾ ਜੀ ਨੇ ਕਿਰਾਏ 'ਤੇ ਲਈ ਤੇ ਥੋੜ੍ਹਾ ਜਿਹਾ ਸਾਮਾਨ ਪਾ ਕੇ ਕਰਿਆਨੇ ਦੀ ਹੱਟੀ ਸ਼ੁਰੂ ਕਰ ਲਈ।

ਉਨ੍ਹਾਂ ਦੀ ਤੇ ਆਪਣੀ ਵੀ, ਹਾਲਤ ਦਾ ਇਕ ਦ੍ਰਿਸ਼ ਕਾਫ਼ੀ ਕੁਝ ਕਹਿ ਜਾਂਦਾ ਹੈ। ਹਰ ਰੋਜ਼ ਸ਼ਾਮੀਂ ਰਾਤ ਦੇ ਖਾਣੇ ਤੋਂ ਪਹਿਲਾਂ ਖਾਸ ਕਰਕੇ ਨੇੜੇ-ਤੇੜੇ ਦੇ ਘਰਾਂ ਦੀਆਂ ਔਰਤਾਂ ਆਉਂਦੀਆਂ। ਉਹ ਇਕ ਥਾਲ ਘਰੋਂ ਹੀ ਲਿਆਉਂਦੀਆਂ। ਅੱਧਾ ਕੁ ਕਿਲੋ ਆਟਾ, ਪਾਈਆ ਕੁ ਦਾਲ, ਛਟਾਂਕ ਤੇਲ ਜਾਂ ਘੀ, ਮਾਸਾ ਕੁ ਹਲਦੀ ਅਤੇ ਮਸਾਲਾ ਲੈਂਦੀਆਂ। ਇਕ ਡੰਗ ਦਾ ਰਾਸ਼ਨ ਜਾਂ ਵੱਧ ਤੋਂ ਵੱਧ ਅਗਲੀ ਸਵੇਰ ਦਾ। ਮਨੁੱਖ ਨੂੰ ਇਕ ਖਾਸ ਗੁਣ ਮਿਲਿਆ ਹੈ, ਉਮੀਦ ਦਾ। ਕੱਲ੍ਹ ਸਵੇਰ ਹੋਣ ਦਾ। ਉਂਜ ਇਹ ਹਾਲਤ ਸੀ, ਤੰਗੀ ਜਾਂ ਮੰਦਹਾਲੀ। ਗਰੀਬੀ ਵੀ ਕਹਿ ਸਕਦੇ ਹਾਂ।

ਦੇਸ਼ ਦੀ ਆਜ਼ਾਦੀ ਲਈ ਲੜੇ। ਕੀ ਇਸ ਪਿੱਛੇ ਅਜਿਹੀਆਂ ਹਾਲਤਾਂ ਦਾ ਦਰਦ ਸੀ। ਭਾਵੇਂ ਕਿ ਦੇਸ਼ ਨੂੰ, ਖਾਸ ਕਰ ਪੰਜਾਬ ਦੇ ਕਈ ਲੱਖ ਪਰਵਾਰਾਂ ਨੂੰ ਮਿਲਿਆ, ਦੇਸ਼ ਦੀ ਆਜ਼ਾਦੀ ਦੇ ਨਾਲ ਇੱਕ ਹੋਰ ਦਰਦ। ਕੁਝ ਕੁ ਗਿਣਤੀ ਦੇ ਘਰਾਂ ਦਾ ਦ੍ਰਿਸ਼, ਪੂਰੇ ਦੇਸ਼ 'ਤੇ ਲਾਗੂ ਨਹੀਂ ਹੋ ਸਕਦਾ, ਇਹ ਮੈਂ ਜਾਣਦਾ ਹਾਂ, ਪਰ ਹੁਣ ਇਸ ਘਟਨਾ ਨੂੰ 75 ਸਾਲ ਹੋ ਗਏ ਨੇ, ਕੁਝ ਘੱਟ ਕਹਿ ਲਵੋ, ਮੇਰੇ ਜਨਮ ਤੋਂ ਛੇ-ਸੱਤ ਸਾਲ ਬਾਅਦ ਦੀ ਗੱਲ ਮੰਨ ਲਵੋ, ਪਰ ਨਾਲ ਇਹ ਵੀ ਗੱਲ ਚੇਤੇ ਹੈ ਕਿ ਇਕ ਵਾਰੀ ਆਟੇ ਦਾ ਭਾਅ ਸਿਰਫ਼ ਦਸ ਪੈਸੇ ਵਧ ਗਿਆ ਸੀ। ਉਹ ਵੀ ਮੰਨ ਲਵੋ, ਅੱਜ ਦੇ ਹਿਸਾਬ ਨਾਲ ਕਈ ਗੁਣਾ ਵੱਧ ਹੋਵੇਗਾ। ਫਿਰ ਵੀ ਇਹ ਪੰਜ ਰੁਪਏ ਨਹੀਂ ਬਣਨਾ, ਸ਼ਹਿਰ ਵਿਚ ਕਈ ਕਿਲੋਮੀਟਰ ਲੰਮਾ ਜਲੂਸ ਨਿਕਲਿਆ ਸੀ। ਮਤਲਬ ਇਹ ਵੀ ਲੋਕਾਂ ਦੀ ਮੰਦੀ ਹਾਲਤ ਦਾ ਦ੍ਰਿਸ਼ ਹੈ, ਜੋ ਮੈਨੂੰ ਚੇਤੇ ਹੈ।

ਗਰੀਬੀ ਸੀ, ਭੁੱਖਮਰੀ ਸੀ, ਆਜ਼ਾਦੀ ਦੇ ਸਮੇਂ। ਅੱਜ ਅਮਿਤਾਭ ਬੱਚਨ ਇਕ ਇਸ਼ਤਿਹਾਰ ਵਿਚ ਮਸ਼ਹੂਰੀ ਕਰਦਾ ਹੈ ਕਿ ਆਜ਼ਾਦੀ ਸਮੇਂ ਦੇਸ਼ ਦੀ ਔਸਤਨ ਉਮਰ 21 ਸਾਲ ਸੀ, ਅੱਜ ਇਕਹੱਤਰ ਹੈ, ਪਰ ਇਸ ਭੁੱਖ 'ਤੇ ਚਰਚਾ ਨਹੀਂ ਹੁੰਦੀ ਕਿ ਭੁੱਖਮਰੀ ਵਿਚ ਅਸੀਂ ਦੁਨੀਆ ਦੇ 120 ਦੇਸ਼ਾਂ ਵਿੱਚੋਂ 109ਵੇਂ ਥਾਂ 'ਤੇ ਕਿਉਂ ਹਾਂ?

ਅਸੀਂ ਦੇਸ਼ ਦੀ ਵੰਡ ਨੂੰ ਲੈ ਕੇ ਕਸੂਰ ਲੱਭਣ ਵਿਚ ਲੱਗੇ ਹਾਂ, ਪਰ ਸਥਿਤੀ ਜਿਉਂ ਦੀ ਤਿਉਂ ਹੈ, ਉਸ 'ਤੇ ਗੱਲ ਨਹੀਂ ਹੋ ਰਹੀ। ਸਾਨੂੰ ਪਤਾ ਹੈ ਕਿ ਅੰਗਰੇਜ਼ਾਂ ਦੇ ਰਾਜ ਕਰਨ ਦੀ ਤਕਨੀਕ ਸੀ, ਜੋ ਲਾਲਾ ਹਰਦਿਆਲ ਨੇ ਤਿੰਨ ਲਫ਼ਜ਼ਾਂ ਵਿਚ ਬਿਆਨ ਕੀਤੀ, ਡਿਵਾਇਡ ਐਂਡ ਰੂਲ, ਪਾੜੋ ਤੇ ਰਾਜ ਕਰੋ। ਅੰਗਰੇਜ਼ ਜਾਂਦੇ ਹੋਏ ਵੰਡ ਦੇ ਗਏ, ਪਰ ਨਾਲ ਹੀ ਇਹ ਨੀਤੀ ਵੀ ਦੇ ਗਏ ਜਾਂ ਕਹੀਏ ਅਸੀਂ ਇਹ ਰੱਖ ਲਈ, ਭਾਵੇਂ ਅੰਗਰੇਜ਼ਾਂ ਨੂੰ ਤੋਰ ਦਿੱਤਾ।

ਪਾਕਿਸਤਾਨ ਤੋਂ ਉਜੜਨ ਵੇਲੇ ਜਿੰਨਾ ਕੁ ਬਚਾਅ ਕੇ ਲਿਆ ਸਕਦੇ ਸੀ, ਆਪਣੇ-ਆਪ ਨੂੰ ਬਚਾ ਕੇ ਲਿਆਉਣ ਤੋਂ ਬਾਅਦ ਲਿਆਏ। ਅਬੋਹਰ ਦੀ ਸਰਾਂ ਤੱਕ ਪਹੁੰਚਦੇ-ਪਹੁੰਚਦੇ, ਕੀ-ਕੀ ਹੋਇਆ, ਇਸ ਦਾ ਅੱਖੀਂ ਦੇਖਿਆ ਦ੍ਰਿਸ਼ ਤਾਂ ਮੇਰੇ ਕੋਲ ਨਹੀਂ ਹੈ। ਕੰਨੀਂ ਸੁਣਿਆ ਵੀ ਬਹੁਤ ਘੱਟ। ਛੋਟੀ ਹੀ ਉਮਰ ਸੀ ਹਾਲੇ, ਪਿਤਾ ਜੀ ਦੀ ਮੌਤ ਹੋ ਗਈ। ਭਾਵੇਂ ਇਕ ਛੱਤ ਦਾ ਬੰਦੋਬਸਤ ਕਰ ਗਏ ਤੇ ਵੱਡੇ ਭਰਾਵਾਂ ਲਈ ਕਰਿਆਨੇ ਦੀ ਦੁਕਾਨ ਵੀ।

ਮੇਰਾ ਕੀ, ਸਾਰੇ ਪਰਵਾਰ ਦਾ ਹੀ, ਉਨ੍ਹਾਂ ਨਾਲ ਬਹੁਤਾ ਸੰਪਰਕ-ਸਾਥ ਨਹੀਂ ਰਿਹਾ। ਸਵੇਰੇ ਤੜਕੇ, ਚਾਰ-ਪੰਜ ਵਜੇ ਘਰੋਂ ਚਲੇ ਜਾਂਦੇ, ਰਾਤੀਂ ਦੇਰ ਨੂੰ ਮੁੜਦੇ। ਸੰਘਰਸ਼ ਦੇ ਦਿਨ ਸਨ, ਸਥਾਪਤ ਹੋਣ ਦੇ, ਪਰਵਾਰ ਨੂੰ ਪੈਰਾਂ-ਸਿਰ ਖੜਾ ਕਰਨ ਦੇ ਦਿਨ ਸਨ। ਉਸ ਦੀਆਂ ਕੁਝ ਯਾਦਾਂ ਜ਼ਰੂਰ ਨੇ।

ਬਾਕੀ ਦੇਸ਼ ਵੰਡ ਨੂੰ ਲੈ ਕੇ ਸਾਹਿਤ ਤੋਂ ਕਾਫ਼ੀ ਕੁਝ ਹਾਸਲ ਹੋਇਆ। ਮਨੁੱਖੀ ਮਾਨਸਿਕਤਾ ਦੀ ਸਮਝ ਆਈ। ਸਾਹਿਤ ਦਾ ਵਿਦਿਆਰਥੀ ਬਚਪਨ ਵਿਚ ਹੀ ਹੋ ਗਿਆ। ਭਾਵੇਂ ਵਿਗਿਆਨ ਦੀ ਵਿਧੀਵਤ ਪੜ੍ਹਾਈ ਕੀਤੀ, ਡਾਕਟਰੀ ਦੀ ਉੱਚ ਸਿੱਖਿਆ ਹਾਸਲ ਕੀਤੀ, ਪਰ ਸਾਹਿਤ ਕਦੇ ਨਹੀਂ ਵਿਸਰਿਆ। ਸਾਹਿਤ ਪੜ੍ਹਨਾ ਜਾਰੀ ਹੈ।

ਸਬੱਬੀਂ, ਐੱਮ.ਏ. ਪੰਜਾਬੀ ਕੀਤੀ। ਕਵਿਤਾ, ਕਹਾਣੀ, ਨਾਟਕ ਦੇ ਨਾਲ ਆਲੋਚਨਾ ਦਾ ਇਕ ਪੇਪਰ ਹੁੰਦਾ। ਉਸ ਵਿਚ ਇਕ ਪ੍ਰਸ਼ਨ ਕਾਫੀ ਮਸ਼ਹੂਰ ਦੱਸਿਆ ਜਾਂਦਾ। ਉਹ ਸੀ ਕਿ ਵਿਆਖਿਆ ਕਰੋ, ਇਤਿਹਾਸ ਵਿਚ ਤਰੀਖਾਂ ਅਤੇ ਨਾਵਾਂ ਤੋਂ ਸਿਵਾ ਸਭ ਝੂਠ ਹੁੰਦਾ ਤੇ ਸਾਹਿਤ ਵਿਚ ਕਿਰਦਾਰਾਂ ਦੇ ਨਾਂਅ ਤੇ ਤਰੀਖਾਂ, ਸ਼ਹਿਰ ਆਦਿ ਫਰਜ਼ੀ ਹੁੰਦੇ ਹਨ, ਬਾਕੀ ਸਭ ਸੱਚ ਹੁੰਦਾ ਹੈ। ਇਸ ਨਜ਼ਰੀਏ ਨੇ ਵੀ ਵੰਡ ਦੇ ਸਾਹਿਤ ਨੂੰ, ਉਸ ਸਮੇਂ ਦੇ ਹਾਲਾਤ ਨੂੰ, ਸਾਡੇ ਮਨੁੱਖੀ ਕਿਰਦਾਰ ਤੋਂ ਇਲਾਵਾ ਅੰਗਰੇਜ਼ੀ ਹਕੂਮਤ ਦੀ ਸਾਜ਼ਿਸ਼ ਦੇ ਨਾਲ-ਨਾਲ ਸਾਡੀ ਸਥਾਨਕ ਲੀਡਰਸ਼ਿਪ ਅਤੇ ਉਨ੍ਹਾਂ ਦੀ ਸਿਆਸਤ ਨੂੰ ਵੀ ਸਮਝਣ ਦਾ ਮੌਕਾ ਦਿੱਤਾ।

ਸਾਹਿਤ ਦਾ ਵਿਦਿਆਰਥੀ ਹੀ ਕਹਿੰਦਾ ਆਪਣੇ-ਆਪ ਨੂੰ, ਭਾਵੇਂ ਕਦੇ-ਕਦਾਈਂ ਕੁਝ ਲਿਖ ਵੀ ਲੈਂਦਾ ਹਾਂ। ਕਵਿਤਾ ਤੋਂ ਸ਼ੁਰੂ ਕੀਤਾ, ਪਰ ਹੁਣ ਸਭ ਕੁਝ ਹੀ ਲਿਖਦਾ ਹਾਂ। ਉਨ੍ਹਾਂ ਹਾਲਤਾਂ ਨੂੰ ਭਾਵੇਂ ਦੇਖਿਆ ਨਹੀਂ, ਪਰ ਆਜ਼ਾਦੀ ਦੇ ਸੰਕਲਪ ਅਤੇ ਮੌਜੂਦਾ ਰਾਜਨੀਤਕ ਪਰਿਪੇਖ ਦੇ ਮੱਦੇਨਜ਼ਰ ਇਕ ਕਵਿਤਾ ਲਿਖੀ :

ਸਾਵਣ ਦਾ ਮਹੀਨਾ
ਤੀਆਂ, ਪਿੱਪਲਾਂ 'ਤੇ ਪੀਂਘਾਂ ਪਾ
ਝੂਟੇ ਲੈਂਦੀਆਂ, ਗਾਉਂਦੀਆਂ ਕੁੜੀਆਂ।
ਚੜ੍ਹਿਆ ਭਾਦੋਂ
ਲੱਗੀਆਂ ਪਰਤਣ ਸਹੁਰੇ
ਆਜ਼ਾਦੀ ਮਿਲੀ
ਨਾਲੇ ਮਿਲੀ ਦਰੀ
ਤੁਰ ਚੱਲੇ ਕਾਫ਼ਲੇ
ਕਿਸੇ ਨੂੰ ਪਤਾ ਨਹੀਂ ਕਿੱਥੇ?
ਕਿਸੇ ਨੂੰ ਪਤਾ ਨਹੀਂ ਕਿਉਂ?
ਵੰਡ ਤਾਂ ਮਿਲੀ ਹੀ,
ਮਿਲੀ ਨਫ਼ਰਤ ਵੀ
ਖ਼ੂਨ ਵੀ ਪਿਆ ਵਹਾਉਣਾ।
ਖ਼ੂਨ ਸੀ ਜੋ ਡੁੱਲ੍ਹਿਆ
ਇਹ ਉਹ ਖ਼ੂਨ ਨਹੀਂ ਸੀ,
ਆਜ਼ਾਦੀ ਦੀ ਮੰਗ ਕਰਦਾ, ਤੜਪਦਾ।
ਇਸ ਦਾ ਰੰਗ ਕੀ ਸੀ?
ਅੱਜ ਤੱਕ ਪਤਾ ਨਹੀਂ ਚੱਲਿਆ।
ਹੋ ਰਹੀਆਂ ਨੇ ਖੋਜਾਂ, ਜਾਰੀ ਨੇ ਖੋਜਾਂ
ਕਵੀ ਬੈਠਾ ਹੈ
ਦਾਰਸ਼ਨਿਕ ਲਿਖ ਰਿਹਾ ਹੈ
ਕਿੱਸਾਦਾਰ ਕਹਿ ਰਹੇ ਨੇ
ਕੋਈ ਕਹਿੰਦਾ
ਨੇਤਾ ਸੀ ਸਾਡੇ, ਸਾਡੇ ਆਗੂ
ਗਏ ਜੇਲ੍ਹੀਂ, ਦਿੱਤੀਆਂ ਕੁਰਬਾਨੀਆਂ
ਆਜ਼ਾਦੀ ਲਈ ਵਹਾਉਣਾ ਹੀ ਪੈਂਦਾ ਹੈ ਖ਼ੂਨ
ਹੋਣਾ ਪੈਂਦਾ ਸ਼ਹੀਦ।
ਅਸੀਂ ਹੋਏ ਕੁਰਬਾਨ
ਵਾਰੀ ਜਾਨ, ਕਦੇ ਨਾ ਥਿੜਕੇ
ਚੜ੍ਹੇ ਫਾਂਸੀ, ਹੱਸ-ਹੱਸ ਕੇ
ਇਹ ਖ਼ੂਨ ਉਹ ਨਹੀਂ ਸੀ,
ਕੀ ਰੰਗ ਸੀ, ਹੋ ਰਹੀ ਹੈ ਜਾਂਚ
ਪਰ ਇਕ ਗੱਲ ਪੱਕੀ ਹੈ
ਉਸ ਦਾ ਰੰਗ ਲਾਲ ਨਹੀਂ ਸੀ
ਲਾਲ ਨਹੀਂ ਸੀ।

ਜੇਕਰ ਉਸ ਦੀ ਜਾਂਚ ਕਰ ਲੈਂਦੇ, ਜੇਕਰ ਸਬਕ ਲਿਆ ਹੁੰਦਾ ਤਾਂ ਕਿੰਨਾ ਕੁਝ ਹੋਰ, ਜੋ ਸਾਨੂੰ ਬਰਦਾਸ਼ਤ ਕਰਨਾ ਪਿਆ, ਨਾ ਹੁੰਦਾ, ਟਲ ਜਾਂਦਾ।

ਸਿੱਖਣਾ ਭਾਵੇਂ ਮਨੁੱਖ ਦੀ ਕੁਦਰਤ ਹੈ, ਪਰ ਨਾ-ਸਿੱਖਣ ਦੇ ਜਾਂ ਉਲਟ-ਪੁਲਟ ਸਿੱਖਣ-ਸਿਖਾਉਣ ਦੀ ਕਲਾ ਵੀ ਮਨੁੱਖ ਨੇ ਇਜ਼ਾਦ ਕੀਤੀ ਹੀ ਹੈ।

*ਮੋਬਾਇਲ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

CMYK

# ਤਲਖ਼ ਹਕੀਕਤਾਂ ਦੀ ਤਨਜ਼ੀਆ ਕਾਵਿ-ਚੋਭ

## ਲਹਿੰਦੇ ਪੰਜਾਬ ਦੀ ਹਾਸਰਸ ਸ਼ਾਇਰੀ

**ਸੰਪਾਦਕ : ਡਾ. ਜਸਵਿੰਦਰ ਸਿੰਘ, ਡਾ: ਨਬੀਲਾ ਰਹਿਮਾਨ**
**ਪੰਨੇ : 144, ਮੁੱਲ : 350 ਰੁਪਏ**
**ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**







ਕਿਤਾਬ ਦੀ ਪਰਖ ਪੜਚੋਲ

**ਹਰਜਿੰਦਰ ਸਿੰਘ ਅਟਵਾਲ (ਡਾ.)**

ਸਾਂਝੇ ਪੰਜਾਬ (ਲਹਿੰਦੇ ਅਤੇ ਚੜ੍ਹਦੇ) ਦੀ ਇਹ ਲੋਕ ਪ੍ਰੰਪਰਾ ਹੈ ਕਿ ਕਿਸੇ ਵੀ ਵੱਡੇ-ਛੋਟੇ ਮਸਲੇ ਨੂੰ ਤਨਜ਼, ਵਿਅੰਗ, ਮਜ਼ਾਹੀਆ ਢੰਗ ਨਾਲ ਸਾਹਿਤ ਦੇ ਵੱਖੋ-ਵੱਖਰੇ ਰੂਪਾਂ ਵਿੱਚ ਆਮ ਲੋਕਾਂ ਤੱਕ ਪਹੁੰਚਾਈ ਜਾਂਦੀ ਰਹੀ ਹੈ। ਇਹ ਇੱਕ ਸ਼ਕਤੀਸ਼ਾਲੀ ਸਾਹਿਤ ਵਿਧਾ ਹੈ। ਇਸ ਦੀਆਂ ਜੜ੍ਹਾਂ ਲੋਕ-ਸੁਭਾਅ ਵਿੱਚੋਂ ਖੋਜੀਆਂ ਜਾ ਸਕਦੀਆਂ ਹਨ। ਸਮਾਜਿਕ ਵਰਤ-ਵਰਤਾਰੇ ਵਿੱਚ ਇੱਕ ਵਰਗ ਅਜਿਹਾ ਹੈ, ਜਿਸ ਨਾਲ ਜੁੜੇ ਜ਼ਹੀਨ ਲੋਕ ਕਿਸੇ ਤਾਕਤਵਰ ਬੰਦੇ ਨੂੰ ਉਸ ਦੇ ਜ਼ੁਲਮਾਂ/ਗਲਤੀਆਂ/ਨਾਂਹ-ਪੱਖੀ ਰੁਝਾਨਾਂ ਆਦਿ ਨੂੰ ਅਸਿੱਧੇ ਢੰਗ ਨਾਲ ਉਸ ਦੇ ਮੂੰਹ 'ਤੇ ਕਹਿਣ ਦੀ ਜੁਰਅਤ ਰੱਖਦੇ ਹਨ। ਇਸ ਢੰਗ ਨਾਲ ਉਹ ਆਪਣੀ ਗੱਲ ਵਿੱਚ ਅਜਿਹੀ ਚੋਭ ਵਰਤਦੇ ਹਨ ਕਿ ਸੁਣਨ ਵਾਲਾ ਉਸ ਕਹੀ ਜਾਣ ਵਾਲੀ ਗੱਲ ਵਿੱਚੋਂ ਵਿਅੰਗ ਨੂੰ ਮਹਿਸੂਸ ਵੀ ਕਰਦਾ ਹੈ ਅਤੇ ਨਾਲ ਹੀ ਇਸ ਅੰਦਾਜ਼ ਵਿੱਚ ਕਹੀ ਹੋਈ ਗੱਲ ਦੀ ਗੰਭੀਰਤਾ ਵਾਲੇ ਡੰਗ ਨੂੰ ਮਹਿਸੂਸ ਵੀ ਕਰ ਲੈਂਦਾ ਰਿਹਾ ਹੈ। ਓਪਰੀ ਨਜ਼ਰੇ ਇਸ ਅੰਦਾਜ਼ ਵਿੱਚ ਹਾਸਾ ਮਹਿਸੂਸ ਹੋ ਰਿਹਾ ਹੁੰਦਾ ਹੈ, ਪਰ ਅਕਸਰ ਇਹ ਹਾਸੇ ਪਿੱਛੇ ਇੱਕ ਅਜਿਹੀ ਚੋਭ ਦਾ ਡੰਗ ਦੇਖਿਆ ਜਾ ਸਕਦਾ ਹੈ, ਜੋ ਕਿ ਉਸ ਮਸਲੇ ਵਿਚਲੇ ਸੱਚ ਨੂੰ ਵੀ ਪੇਸ਼ ਕਰਦਾ ਹੁੰਦਾ ਹੈ। ਇਹ ਆਮ ਜੀਵਨ ਵਿੱਚ ਉਦੋਂ ਵਾਪਰਦਾ ਹੈ, ਜਦੋਂ ਕਿਸੇ ਰਾਜੇ-ਮਹਾਰਾਜੇ/ਸਾਧਨ ਸੰਪੰਨ ਵਿਅਕਤੀ ਨੂੰ ਉਸ ਦੇ ਮਾਤ-ਹਿਤ ਵੱਲੋਂ ਉਸ ਦੇ ਵਰਤਾਰੇ ਵਿਚਲੀ ਲੋਕ ਵਿਰੋਧੀ ਸੁਰ ਬਾਰੇ ਸੁਚੇਤ ਕਰਨਾ ਹੁੰਦਾ ਹੈ। ਇਹ ਗੱਲ ਕਹਿੰਦਿਆਂ ਬੁਲਾਰਾ ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤ ਰਹਿੰਦਾ ਹੈ ਕਿ ਪਹਿਲੀ ਨਜ਼ਰੇ ਦੇਖਦਿਆਂ ਇਹ ਮਹਿਸੂਸ ਨਾ ਹੋਵੇ ਕਿ ਉਹ ਉਸ ਵੱਡੇ ਬੰਦੇ ਦੇ ਐਬ ਗਿਣਵਾ ਰਿਹਾ ਹੈ, ਬਲਕਿ ਇਹ ਲੱਗੇ ਕਿ ਕਹਿਣ ਵਾਲਾ ਜਿਸ ਨੂੰ ਮੁਖਾਤਬ ਹੋ ਰਿਹਾ ਹੈ, ਉਸ ਦਾ ਜ਼ਿਕਰ ਨਹੀਂ, ਸਗੋਂ ਕਿਸੇ ਤੀਜੇ ਬੰਦੇ ਬਾਰੇ ਗੱਲ ਕਰ ਰਿਹਾ ਹੈ ਜਾਂ ਉਸ ਦੇ ਬੋਲਾਂ ਵਿੱਚ ਜੋ ਜ਼ਾਹਰਾ ਤੌਰ ਉੱਤੇ ਨਜ਼ਰ ਆ ਰਿਹਾ ਹੈ, ਉਹ ਸੁਣਨ ਵਾਲੇ ਨੂੰ ਉਸ ਦੀ ਚੋਭ ਤਾਂ ਮਹਿਸੂਸ ਹੁੰਦੀ ਹੈ, ਪਰ ਵਿਅੰਗ/ਤਨਜ਼ੀਆ ਵਿਧੀ ਰਾਹੀਂ ਕਹੀ ਜਾਣ ਵਾਲੀ ਗੱਲ ਨੂੰ, ਉਸ ਵਿਚਲੇ ਡੰਗ ਨੂੰ ਉਹ ਸਮਝਦਾ ਹੋਇਆ ਵੀ ਬੁਲਾਰੇ ਉਪਰ ਭੜਕਦਾ ਨਹੀਂ।

ਮਜ਼ਾਹੀਆ ਅਤੇ ਤਨਜ਼ੀਆ ਸ਼ਾਇਰੀ ਦੀ ਪੰਜਾਬੀ ਵਿੱਚ ਇੱਕ ਲੰਮੀ ਅਤੇ ਸ਼ਕਤੀਸ਼ਾਲੀ ਪਰੰਪਰਾ ਰਹੀ ਹੈ। ਲਹਿੰਦੇ ਪੰਜਾਬ ਵਿੱਚ ਇਸ ਸ਼ਾਇਰੀ ਦੀ ਰਵਾਇਤ ਸਗੋਂ ਵਧੇਰੇ ਪੁਖਤਾ ਹੈ। ਇਹ ਸ਼ਾਇਰੀ ਦੀ ਪਹੁੰਚ ਆਮ ਕਰਕੇ ਸਟੇਜੀ ਸ਼ਾਇਰੀ ਵਾਂਗ ਆਮ ਆਵਾਮ ਤੱਕ ਰਸਾਈ ਰਹੀ ਹੈ। ਮੰਚ ਉੱਪਰ ਆਪਣੀ ਗੱਲ ਕਹਿ ਰਿਹਾ ਸ਼ਾਇਰ ਜਦੋਂ ਆਪਣੇ ਸੁਣਨ ਵਾਲਿਆਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਇਸ ਅੰਦਾਜ਼ ਦੀ ਸ਼ਾਇਰੀ ਰਾਹੀਂ ਆਪਣੀ ਗੱਲ ਕਹਿ ਰਿਹਾ ਹੁੰਦਾ ਹੈ ਤਾਂ ਬੁਲਾਰੇ ਅਤੇ ਸੁਣਨ ਵਾਲੇ ਦੇ ਇਸ ਰਿਸ਼ਤੇ ਵਿੱਚ ਨਾਟਕੀ ਰੰਗਤ ਆ ਜਾਣ ਕਰਕੇ ਇਹ ਢੰਗ ਵਧੇਰੇ ਕਾਰਗਰ ਬਣ ਜਾਂਦਾ ਰਿਹਾ ਹੈ। ਸਾਡੇ ਚੜ੍ਹਦੇ ਪੰਜਾਬ ਵਿੱਚ ਅਜਿਹੀ ਸ਼ਾਇਰੀ ਦੀ ਇੱਕ ਖਾਸ ਪ੍ਰੰਪਰਾ ਰਹੀ ਅਤੇ ਅਜੇ ਤੱਕ ਵੀ ਇਸ ਦੀ ਝਲਕ ਮਿਲਦੀ ਹੈ, ਜਦੋਂ ਕੋਈ ਸ਼ਾਇਰ ਆਪਣੀ ਗੱਲ ਰਾਹੀਂ ਜੀਵਨ ਦੀਆਂ ਕੌੜੀਆਂ ਹਕੀਕਤਾਂ ਨੂੰ ਤਨਜ਼ੀਆ ਢੰਗ ਨਾਲ ਪੇਸ਼ ਕਰਦਾ ਹੈ, ਸੁਣਨ ਵਾਲਿਆਂ ਨੂੰ ਪਹਿਲੀ ਝਲਕ ਵਿੱਚ ਹਾਸਾ ਪਰੋਸ ਰਿਹਾ ਹੈ, ਗੰਭੀਰਤਾ ਦੇ ਭਾਰ ਤੋਂ ਸੁਣਨ ਵਾਲਿਆਂ ਨੂੰ ਦੂਰ ਰੱਖਦਾ ਹੋਇਆ ਹਲਕੇ-ਫੁਲਕੇ ਅੰਦਾਜ਼ ਨਾਲ ਆਪਣੀ ਗੱਲ ਵਿਚਲੀ ਗੰਭੀਰਤਾ ਨੂੰ ਸੁਣਨ ਵਾਲਿਆਂ ਦੀ ਸਮਝ ਦਾ ਹਿੱਸਾ ਬਣਾ ਰਿਹਾ ਹੁੰਦਾ ਹੈ। ਤਨਜ਼/ਵਿਅੰਗ ਦੀ ਵਿਧੀ ਦੀ ਉੱਥੇ ਵਧੇਰੇ ਲੋੜ ਹੁੰਦੀ ਹੈ, ਜਿੱਥੇ ਜ਼ਾਹਰਾ ਤੌਰ 'ਤੇ ਅਜਿਹੀ ਸਿੱਧੀ ਗੱਲ ਕਹਿਣ ਦੀ ਮਨਾਹੀ ਹੁੰਦੀ ਹੈ। ਸਾਧਨਾਂ ਨਾਲ ਰੱਜੇ ਵਿਅਕਤੀ ਸਮੇਂ ਦੇ ਹਾਕਮਾਂ ਅੱਗੇ ਕਰਨ ਲਈ ਇਹ ਢੰਗ ਬੜੇ ਹੀ ਕਾਰਗਰ ਢੰਗ ਨਾਲ ਲਹਿੰਦੇ/ਚੜ੍ਹਦੇ ਪੰਜਾਬ ਦੀ ਸ਼ਾਇਰੀ ਵਿੱਚ ਪ੍ਰਚਲਤ ਹੈ। ਧਾਰਮਿਕ, ਸਿਆਸੀ, ਸਮਾਜਿਕ ਆਦਿ ਮਸਲਿਆਂ ਨੂੰ ਉਸ ਦੇ ਸੱਚੇ ਰੂਪ ਵਿੱਚ ਪੇਸ਼ ਕਰਨ ਲੱਗਿਆਂ ਇਸ ਅੰਦਾਜ਼ ਦੀ ਵਰਤੋਂ ਵਧੇਰੇ ਹੁੰਦੀ ਆ ਰਹੀ ਹੈ, ਅਜਿਹੀ ਸ਼ਾਇਰੀ ਆਵਾਮ ਦੇ ਬਹੁਤ ਨੇੜੇ-ਤੇੜੇ ਰਹਿੰਦੀ ਹੋਣ ਕਰਕੇ ਇਸ ਦਾ ਫੌਰੀ ਅਤੇ ਬੱਝਵਾਂ ਪ੍ਰਭਾਵ ਪੈਣ ਦੀ ਸੰਭਾਵਨਾ ਵਧੇਰੇ ਬਣੀ ਰਹਿੰਦੀ ਹੈ।

ਇਸ ਪੁਸਤਕ ਵਿੱਚ ਚੜ੍ਹਦੇ ਪੰਜਾਬ ਦੇ ਚਿੰਤਕ ਡਾ. ਜਸਵਿੰਦਰ ਸਿੰਘ ਤੇ ਲਹਿੰਦੇ ਪੰਜਾਬ ਦੀ ਚਿੰਤਕ ਡਾ. ਨਬੀਲ ਰਹਿਮਾਨ ਨੇ ਲਹਿੰਦੇ ਪੰਜਾਬ ਦੀ ਇਸ ਤਨਜ਼ੀਆ ਸ਼ਾਇਰੀ ਨੂੰ ਇੱਕ ਖਾਸ ਵਿਚਾਰਧਾਰਕ ਅਤੇ ਤਰਕ ਦੇ ਆਧਾਰ 'ਤੇ ਚੁਣ ਕੇ ਉਨ੍ਹਾ ਪਾਠਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ, ਜੋ ਸ਼ਾਹਮੁਖੀ ਅੱਖਰਾਂ ਦੀ ਪਛਾਣ ਤੋਂ ਪਰ੍ਹੇ ਹਨ। ਅੱਜ ਤੋਂ ਪੌਣੀ ਸਦੀ ਪਹਿਲਾਂ ਹੋਈ ਮੁਲਕਾਂ ਦੀ ਵੰਡ ਨੇ ਪੰਜਾਬੀ ਭਾਸ਼ਾ ਨੂੰ ਵੀ ਦੋ ਵੱਖ-ਵੱਖ ਟੁਕੜਿਆਂ ਵਿੱਚ ਵੰਡ ਦਿੱਤਾ ਹੈ ਕਿ ਇੱਕ ਖਿੱਤੇ ਵਿੱਚ ਬੈਠਾ ਪੰਜਾਬੀ ਦੂਜੇ ਖਿੱਤੇ ਦੀ ਪੰਜਾਬੀ ਅਦਬੀ ਪ੍ਰੰਪਰਾ ਨੂੰ ਸੁਣ ਤਾਂ ਸਕਦਾ, ਪਰ ਪੜ੍ਹ ਨਹੀਂ ਸਕਦਾ। ਵਿੱਚ-ਵਿਚਾਲੇ ਦੋਨਾਂ ਪੰਜਾਬਾਂ ਵਿੱਚ ਕੁਝ ਯਤਨ ਹੁੰਦੇ ਆਏ ਹਨ ਕਿ ਜਦੋਂ ਗੁਰਮੁਖੀ ਅਤੇ ਸ਼ਾਹਮੁਖੀ ਤੱਕ ਰਸਾਈ ਰੱਖਣ ਵਾਲੇ ਸਿਆਣੇ ਇੱਕ ਮੁਲਕ ਦੀ ਪੰਜਾਬੀ ਦੀ ਅਦਬੀ ਰਵਾਇਤ ਨੂੰ ਦੂਜੇ ਮੁਲਕ ਦੇ ਪੜ੍ਹਾਕੂਆਂ ਤੱਕ ਪਹੁੰਚਾਉਣ ਦਾ ਉਪਰਾਲਾ ਕਰਦੇ ਹਨ। ਇਹ ਪੁਸਤਕ ਉਸ ਉਪਰਾਲੇ ਦੀ ਇੱਕ ਅਹਿਮ ਕੜੀ ਹੈ। ਚੜ੍ਹਦੇ ਪੰਜਾਬ ਦਾ ਵਿਚਾਰਵਾਨ ਭਾਸ਼ਾ ਦੇ ਨਾਂਅ 'ਤੇ ਬਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਿੱਖਿਆ ਨਾਲ ਜੁੜਿਆ ਉਹ ਨਾਂਅ ਹੈ, ਜੋ ਆਪਣੇ ਮੁੱਲਵਾਨ ਖੋਜ ਕਾਰਜ ਕਰਕੇ ਆਪਣੀ ਗੂੜ੍ਹੀ ਪਛਾਣ ਬਣਾ ਚੁੱਕਾ ਹੈ ਅਤੇ ਲਹਿੰਦੇ ਪੰਜਾਬ ਦੀ ਵਿਚਾਰਵਾਨ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਦੀ ਮੌਜੂਦਾ ਮੁਖੀ ਤੇ ਝੰਗ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਵੀ ਹੈ, ਝੰਗ ਉਹ ਇਲਾਕਾ ਹੈ, ਜੋ ਮੱਧਕਾਲ ਦੀ ਇੱਕ ਸ਼ਕਤੀਸ਼ਾਲੀ ਪ੍ਰੰਪਰਾ ਦੀ ਕਰਮ ਭੂਮੀ ਰਹੀ ਹੈ, ਜਿਸ ਕਰਕੇ ਇਸ ਕਾਰਜ ਨਾਲ ਜੁੜੇ ਦੋਨੋਂ ਵਿਦਵਾਨ ਹੀ ਅਜਿਹੀ ਪ੍ਰਤਿਭਾ ਦੇ ਮਾਲਕ ਹਨ, ਜਿਨ੍ਹਾਂ ਕੋਲੋਂ ਕਿਸੇ ਅਜਿਹੇ ਹੀ ਪਰਾਗੇ ਦੀ ਆਸ ਕੀਤੀ ਜਾ ਸਕਦੀ ਹੈ। ਜਿਸ ਨਾਲ ਇੱਕ ਪੰਜਾਬ ਦੀ ਅਦਬੀ ਰਵਾਇਤ ਦੂਜੀ ਪੰਜਾਬ ਦੇ ਪੜ੍ਹਾਕੂਆਂ ਨੂੰ ਪਹੁੰਚਦੀ ਕੀਤੀ ਜਾ ਸਕੇ। ਭੂਮਿਕਾ ਵਿੱਚ ਡਾ. ਜਸਵਿੰਦਰ ਸਿੰਘ ਲਿਖਦਾ ਹੈ ਕਿ ਅਜੋਕੀ ਪੰਜਾਬੀ ਸ਼ਾਇਰੀ ਲੋਕਾਂ ਤੋਂ ਹੌਲੀ-ਹੌਲੀ ਦੂਰੀ ਬਣਾ ਰਹੀ ਹੈ। ਇਹ ਫਿਕਰ ਵਾਲੀ ਗੱਲ ਹੈ, ਪਰ ਇਸ ਮਜ਼ਾਹੀਆ ਸ਼ਾਇਰੀ ਵਿਚਲਾ ਲੋਕ ਰੰਗ ਦੀ ਪੁੱਠ ਵਾਲਾ ਵਿਅੰਗ ਹਾਸ ਵਿਅੰਗ ਅਜਿਹੇ ਕਲਾਤਮਿਕ ਅੰਦਾਜ਼ ਵਿੱਚ ਪੇਸ਼ ਹੁੰਦਾ ਹੈ ਕਿ ਉਹ ਲੋਕ ਰੰਗ ਵਿੱਚ ਰਚੀ-ਮਿਚੀ ਹੋਣ ਕਰਕੇ ਲੋਕਾਂ ਦੇ ਵਧੇਰੇ ਨੇੜੇ ਹੋ ਜਾਂਦੀ ਹੈ। ਡਾ. ਨਬੀਲ ਰਹਿਮਾਨ ਆਪਣੇ ਵੱਲੋਂ ਇਸ ਸ਼ਾਇਰੀ ਦੀ ਗੱਲ ਕਰਦਿਆਂ ਮਜ਼ਾਹੀਆ ਅਤੇ ਤਨਜ਼ੀਆ ਸ਼ਾਇਰੀ ਨੂੰ ਵੱਖ-ਵੱਖ ਕਰਦਿਆਂ ਲਿਖਦੀ ਹੈ :

> "...ਮਜ਼ਾਹਕਾਰ ਦਾ ਮਕਸਦ ਖੁਸ਼ ਕਰਨ ਤੇ ਹਸਾਣ ਹੁੰਦਾ ਏ ਪਰ ਇਹਦੇ ਸਾਵੇਂ ਤਨਜ਼ ਖਾਲਸਤਨ ਇੱਕ ਸੰਜੀਦਾ ਸ਼ੈ ਹੈ ਜਿਸ ਵਿੱਚ ਕਿਸੇ ਇਖਲਾਕੀ ਅਸੂਲ ਨੂੰ ਤੋੜਨਾ ਜਾਂ ਉਹਦੇ ਅਮਲ ਨੂੰ ਨਫਰਤ ਦਾ ਇਜ਼ਹਾਰ ਟਿੱਚਰ ਜਾਂ ਤਨਜ਼ ਰਾਹੀਂ ਕੀਤਾ ਜਾਂਦਾ ਏ ਤੇ ਤਨਜ਼ਕਾਰ ਮਨੁੱਖੀ ਹਕੂਮਤਾਂ, ਬਦਦਿਆਨੀਆਂ, ਮੁਕਾਫਕਤਾਂ ਤੇ ਦੋਹਰੇ ਰਵਿਆਂ ਦੇ ਖਿਲਾਫ ਤੀਰਾਂ ਦੀ ਬਾਛੜ ਕਰਦਾ ਹੈ...।"

ਦੋਨਾਂ ਮੁਲਕਾਂ ਦੀ ਆਜ਼ਾਦੀ ਸਮੇਂ ਪੰਜਾਬੀ ਦੀ ਗੈਰ-ਕੁਦਰਤੀ ਵੰਡ ਨੇ ਜੋ ਕਹਿਰ ਝੱਲਿਆ, ਉਸ ਦੀ ਪੇਸ਼ਕਾਰੀ ਦੋਨਾਂ ਮੁਲਕਾਂ ਦੇ ਪੰਜਾਬੀਆਂ ਨੇ ਆਪੋ-ਆਪਣੀਆਂ ਅਦਬੀ ਲਹਿਰਾਂ ਵਿੱਚ ਬਾਖੂਬੀ ਪੇਸ਼ ਕੀਤੀ ਹੈ। ਲਹਿੰਦੇ ਪੰਜਾਬ ਦਾ ਰਾਜਤੰਤਰ ਚੜ੍ਹਦੇ ਪੰਜਾਬ ਦੇ ਰਾਜਤੰਤਰ ਤੋਂ ਕਾਫੀ ਵਖਰੇਵਾਂ ਵਾਲਾ ਰਿਹਾ। ਲਹਿੰਦਾ ਪੰਜਾਬ ਉਸ ਖਿੱਤੇ ਵਿੱਚ ਚਲੇ ਗਿਆ, ਜਿਸ ਦੀ ਬੁਨਿਆਦ ਮਜ਼੍ਹਬ 'ਤੇ ਉਸਾਰੀ ਗਈ ਅਤੇ 'ਸ਼ਰਾਅ' ਦਾ ਉਨ੍ਹਾਂ ਪੰਜਾਬੀਆਂ ਦੇ ਜੀਵਨ ਵਿੱਚ ਵਧੇਰੇ ਦਖਲ ਰਿਹਾ। ਮਜ਼੍ਹਬ ਦਾ ਲੋੜ ਤੋਂ ਵਧੇਰੇ ਦਖਲ ਜਦੋਂ ਹੋਵੇਗਾ ਤਾਂ ਜੇ ਉਹ ਬਸ਼ਰ ਨੂੰ ਉਸ ਦੇ ਹਕੂਕਾਂ ਨਾਲ ਭਰਿਆ ਜੀਵਨ ਨਹੀਂ ਦਿੰਦਾ ਤਾਂ ਉਸ ਬਾਰੇ ਵੀ ਆਮ ਬਸ਼ਰ ਦੇ ਮਨ ਵਿੱਚ ਮੁਤਾਲਿਆ ਕਰਨ ਦੀ ਸੋਚ ਪਨਪੇਗੀ। ਉਹ ਸੋਚਣ/ਲਿਖਣ ਲਈ ਮਜਬੂਰ ਹੋਵੇਗਾ ਕਿ ਮੇਰੇ ਜੀਵਨ ਵਿੱਚ ਮਜ਼੍ਹਬ ਦੇ ਦਖਲ ਨਾਲ ਜੋ ਦੁਸ਼ਵਾਰੀਆਂ ਘਰ ਕਰੀ ਬੈਠੀਆਂ ਹਨ, ਉਹਨਾਂ ਦੀ ਜ਼ਮੀਨੀ ਹਕੀਕਤ ਨੂੰ ਸਮਝਣ ਪਾਰੋਂ ਉਹ ਮਜ਼੍ਹਬੀ ਨਿਆਮਤਾਂ ਬਾਰੇ ਮੁੜ ਤੋਂ ਸੋਚਣ ਲਈ ਮਜਬੂਰ ਹੋਵੇਗਾ। ਕਿਸੇ ਮਜ਼੍ਹਬ ਦੇ ਆਧਾਰ 'ਤੇ ਤਾਮੀਰ ਹੋਏ ਮੁਲਕ ਵਿੱਚ ਵੀ ਅਜਿਹੀ ਕਾਰਗਰ ਸ਼ਾਇਰੀ ਪਨਪ ਸਕਦੀ ਹੈ, ਜਿਸ ਵਿਚਲੀ ਤਨਜ਼ੀਆ ਚੋਭ ਉਸ ਮਜ਼੍ਹਬ ਦੇ ਮਨੁੱਖ ਦੀ ਜ਼ਿੰਦਗੀ ਵਿਚਲੇ ਦਖਲ ਅਤੇ ਉਸ ਦੇ ਅਸਰ ਕਰਕੇ ਜ਼ਿੰਦਗੀ ਦੇ ਇੱਕ ਸੀਮਤ ਦਾਇਰੇ ਵਿੱਚ ਕੈਦ ਹੋ ਕੇ ਰਹਿ ਜਾਣਾ ਜਾਂ ਮਜ਼੍ਹਬ ਦਾ ਉਹਨਾਂ ਮਸਲਿਆਂ ਬਾਰੇ ਚੁੱਪ ਰਹਿਣਾ ਜਿਨ੍ਹਾਂ ਨਾਲ ਆਮ ਆਵਾਮ ਦਾ ਰੋਜ਼ ਵਾਹ-ਵਾਸਤਾ ਰਹਿੰਦਾ ਹੈ। ਸਾਈਂ ਅਖਤਰ ਲਹੌਰੀ ਦੀ ਇੱਕ ਲੰਮੀ ਕਵਿਤਾ 'ਅੱਲ੍ਹਾ ਮੀਆਂ ਥੱਲੇ ਆ' ਇੱਕ ਅਜਿਹੇ ਮਸਲੇ ਨੂੰ ਹੀ ਪੇਸ਼ ਕਰਦੀ ਨਜ਼ਰ ਆਉਂਦੀ ਹੈ :

ਸ਼ਹਿਰਾਂ ਵਿੱਚ ਹਨੇਰ ਨੇ ਝੁੱਲੇ
ਬੱਚਿਆਂ ਦੇ ਲਹੂ ਫਰਸ਼ੀਂ ਡੁੱਲ੍ਹੇ
ਕਿੱਥੋਂ ਲਿਆਈਏ ਖਰਲ ਤੇ ਦੁੱਲੇ
ਟੁਰ ਪੈਣ ਜਿਹੜੇ ਮੱਥਾ ਲਾ
ਅੱਲ੍ਹਾ ਮੀਆਂ ਥੱਲੇ ਆ
-0-
ਦੇਸ਼ ਦੇ ਵਿਹੜੇ ਹੋ ਗਏ ਸੌੜੇ
ਜਾਬਰ ਫਿਰਦੇ ਹੋ ਹੋ ਚੌੜੇ
ਪੰਡਤ ਮੁੱਲਾਂ ਬੋਲਣ ਕੌੜੇ
ਤੂੰ ਕਿਉਂ ਹੋ ਗਿਓਂ ਬੇਪ੍ਰਵਾਹ
ਅੱਲ੍ਹਾ ਮੀਆਂ ਥੱਲੇ ਆ
-0-
ਹੀਰੋਸ਼ੀਮਾ ਨਾਗਾਸਾਕੀ
ਕੁਝ ਨਾ ਛੱਡਿਆ ਬੰਬਾਂ ਬਾਕੀ
ਡਟ ਗਏ ਨੇ ਪਰ ਵੇਖ ਇਰਾਕੀ
ਲੱਖਾਂ ਹੱਥ ਪਏ ਕਰਨ ਦੁਆ
ਅੱਲ੍ਹਾ ਮੀਆਂ ਥੱਲੇ ਆ

ਕਿਸੇ ਮਜ਼੍ਹਬੀ ਮੁਲਕ ਵਿੱਚ ਜਦੋਂ ਅਜਿਹੀ ਚੋਭ ਵਾਲੀ ਸ਼ਾਇਰੀ ਉਪਜਦੀ ਹੈ ਤਾਂ ਅਸਲ ਵਿੱਚ ਉਹ ਵਧੇਰੇ ਕਰਕੇ ਆਵਾਮ ਦੇ ਦੁਖੜਿਆਂ ਨੂੰ ਹੀ ਜ਼ੁਬਾਨ ਦੇ ਰਹੀ ਹੁੰਦੀ ਹੈ। ਤਲਖੀਆਂ ਭਰਿਆ ਜੀਵਨ ਪੰਧ ਹੋਰ ਔਖੇਰਾ ਹੋਈ ਜਾ ਰਿਹਾ ਹੈ, ਪਰ ਅੱਲ੍ਹਾ ਮੀਆਂ ਅਲੱਗ ਹੋ ਕੇ ਅੰਬਰਾਂ ਵਿੱਚ ਬੈਠਾ ਹੋਇਆ ਹੈ, ਉਸ ਨੂੰ ਸੁਣਾਇਆ ਜਾ ਰਿਹਾ ਹੈ, ਜੋ ਸਾਹਮਣੇ ਨਹੀਂ, ਪਰ ਤਸੱਵਰ ਵਿੱਚ ਹੈ, ਜੀਵਨ ਵਿੱਚ ਉਸ ਦੀ ਹੋਂਦ ਦਾ ਅਹਿਸਾਸ ਹੈ। ਇਸ ਦਾ ਮੁੱਖ ਤੌਰ 'ਤੇ ਮਸਲਾ ਹੀ ਇਹ ਹੈ ਕਿ ਕੀ ਸਾਡੀ ਆਮ ਜ਼ਿੰਦਗੀ ਦੀ ਦਿਨ ਚਰਿਆ ਵਿੱਚ ਸਾਡੀਆਂ ਮਨੌਤਾਂ ਅਤੇ ਜੀਵਨ ਹਕੀਕਤਾਂ ਵਿੱਚ ਕੋਈ ਸੁਮੇਲ ਹੈ? ਜੇ ਨਹੀਂ ਤਾਂ ਅਖਤਰ ਲਹੌਰੀ ਸਾਈਂ ਤਾਂ ਫਿਰ ਅਜਿਹੀ ਤਨਜ਼ੀਆ ਸ਼ਾਇਰੀ ਦੀ ਚੋਭ ਰਾਹੀਂ ਡੰਗ ਮਾਰੇਗਾ ਹੀ। ਇਸ ਤਰ੍ਹਾਂ ਚਿਰਾਗਦੀਨ ਦੀ ਕਵਿਤਾ 'ਤਿੰਨ ਮਲਵਾਣੇ' ਹੈ, ਜਿਸ ਵਿੱਚ ਅਸਰਾ, ਨਸਰਾ ਤੇ ਮਾਹੀ ਤਿੰਨ ਕਿਸੇ ਪਿੰਡ ਦੀਆਂ ਤਿੰਨ ਮਸੀਤਾਂ ਵਿੱਚ ਬੈਠੇ ਹਨ, ਆਪਸ ਵਿੱਚ ਵਿਚਾਰ-ਵਟਾਂਦਰਾ ਕਰਦਿਆਂ ਸਾਰਾ ਜ਼ੋਰ ਇਸ ਗੱਲ 'ਤੇ ਦਿੰਦੇ ਹਨ ਕਿ ਕਿਸ ਸ਼ਰਾਅ ਦੀ ਰਵਾਇਤ ਪਾਲਦਿਆਂ ਉਹਨਾਂ ਨੂੰ ਪੈਸੇ ਜਾਂ ਮਾਲ ਕਿੰਨਾ ਮਿਲਦਾ ਹੈ। ਜਦੋਂ ਮਜ਼੍ਹਬ ਨੂੰ ਮੁੱਲਾ ਆਪਣੀ ਕਮਾਈ ਤੱਕ ਹੀ ਮਹਿਦੂਦ ਕਰਨਗੇ ਤਾਂ ਚਿਰਾਗਦੀਨ ਤਾਂ ਫਿਰ ਅਜਿਹੀ ਚੋਭ ਮਾਰੇਗਾ ਹੀ :

'...ਹਿਕ ਦੂਜੇ ਨੂੰ ਪੁੱਛਣ ਈਦੋਂ ਬਣੇ ਰੁਪਏ ਕਿੰਨੇ?
ਮੇਰੇ ਪਾਸੋਂ ਕੁਦਰਤ ਵੱਲੋਂ ਬੰਦਾ ਨਹੀਂ ਕੋਈ ਮਰਦਾ
ਇੱਕ ਦੋ ਮਰਨ ਤੇ ਦੋ ਤਿੰਨ ਜੰਮਣ ਫਿਰ ਕੋਈ ਆਮਦਨ ਹੋਵੇ
-0-
ਝਾੜੇ ਫਿਰ ਕੇ ਹੱਥ ਧੋਣ ਲਈ ਲੋਕ ਮਸੀਤੇ ਜਾਂਦੇ
ਇਹੋ ਜਿਹੀਆਂ ਮੁਲਾਣਿਆਂ ਦੇ ਨਾ ਵੱਸ ਖੁਦਾਵੰਦ ਪਾਵੇ
ਮਰਦ ਮਰੇ ਤੇ ਭਾਰੂ ਆਖਣ ਬੱਚੇ ਨੂੰ ਬਚਗਾਨਾ'

ਇਹ ਅਤੇ ਅਜਿਹੇ ਹੋਰ ਵੇਰਵੇ ਪੇਸ਼ ਕਰਦਿਆਂ ਚਿਰਾਗਦੀਨ ਮਜ਼੍ਹਬ ਨੂੰ ਕਮਾਈ ਦਾ ਇੱਕ ਸਾਧਨ ਬਣਾਉਣ ਵਾਲੇ ਧਾਰਮਿਕ ਦਿੱਖ ਵਾਲੇ ਇਹਨਾਂ ਮੁਲਾਣਿਆਂ ਦੀ ਸੱਚਾਈ ਤਾਂ ਉਜਾਗਰ ਕਰ ਹੀ ਰਿਹਾ ਹੈ, ਪਰ ਨਾਲ-ਨਾਲ ਪਾਠਕ ਨੂੰ ਆਪੋ-ਆਪਣੇ ਪ੍ਰੇਮ ਵਿੱਚ ਫੈਲੇ ਅਜਿਹੇ ਪਾਸਾਰ ਬਾਰੇ ਵੀ ਸੋਚਣ ਲਈ ਮਜਬੂਰ ਕਰਦਾ ਹੈ। ਅਜਿਹਾ ਸਿਰਫ ਮਲਵਾਣੇ ਹੀ ਨਹੀਂ ਕਰ ਰਹੇ, ਸਗੋਂ ਹਰ ਧਰਮ ਵਿੱਚ ਅਜਿਹੇ ਮਲਵਾਣੇ ਰੂਪ ਅਤੇ ਨਾਂਅ ਵਟਾ ਕੇ ਅਜਿਹੇ ਕੰਮ ਕਰਦੇ ਦਿਸ ਪੈਣਗੇ। ਚਿਰਾਗਦੀਨ ਦੀ ਇਸ ਸ਼ਾਇਰੀ ਦੀ ਰਸਾਈ ਅਸਲ ਵਿੱਚ ਆਲਮੀ ਪੱਧਰ ਦੀ ਹੈ। ਕੁੱਲ ਆਲਮ ਵਿੱਚ ਇਹ ਰਵਾਇਤ ਸਦੀਆਂ ਤੋਂ ਚਲੀ ਆ ਰਹੀ ਹੈ। ਪੰਦਰ੍ਹਵੀਂ ਸਦੀ ਵਿੱਚ ਗੁਰੂ ਨਾਨਕ ਜਦੋਂ ਅਜਿਹੇ ਪਾਂਧਿਆਂ/ਪੰਡਤਾਂ ਜਾਂ ਹੋਰ ਧਰਮ-ਕਰਮ ਦੇ ਕੰਮਾਂ ਨਾਲ ਜੁੜੇ ਧਾਰਮਿਕ ਰਹਿਨੁਮਾ ਲੋਕਾਂ ਦੀ ਤਸਵੀਰ ਪੇਸ਼ ਕਰਦੇ ਹਨ ਤਾਂ ਉਹ ਵੀ ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਬਣਦੀ ਹੈ, ਸੋ ਆਪਣੀ ਇਸ ਕਵਿਤਾ ਵਿੱਚ ਬਾਬਾ ਨਾਨਕ ਅਤੇ ਹੋਰ ਅਦੀਬਾਂ ਦੀ ਇਸ ਅਦਬੀ ਲੀਹ ਨੂੰ ਅੱਗੇ ਵਧਾ ਰਿਹਾ ਹੈ। ਫਕੀਰ ਮੁਹੰਮਦ ਫਕੀਰ ਦੀ ਇੱਕ ਛੋਟੀ ਜਿਹੀ ਤਨਜ਼ੀਆ ਗੱਲ ਵੇਖੋ :

'ਵਾਂਹਦਾ ਏ ਉਹ ਪਿੰਡ ਦਾ ਖੂਹ ਚੌਧਰੋਂ ਨਹੀਂ ਹਾਰਦਾ
ਇਹ ਵੇ ਮਸਜਿਦ ਪਿੰਡ ਦੀ, ਵਾਹੁੰਦਾ ਤੇ ਬੰਦੇ ਚਾਰਦਾ
ਜੱਟ ਤੇ ਮੁੱਲਾ ਦੇ ਵਿੱਚ ਨਹੀਂ ਫਰਕ ਤਿਲ ਜਿੰਨਾ ਫਕੀਰ
ਜੱਟ ਏ ਛਵੀਆਂ ਮਾਰਦਾ, ਮੁੱਲਾ ਏ ਆਇਤਾਂ ਮਾਰਦਾ'

ਪਾਕ ਕੁਰਾਨ ਸ਼ਰੀਫ ਦੀਆਂ ਪਾਕ ਆਇਤਾਂ ਦੀ ਵਰਤੋਂ ਮੁੱਲਾ ਇਸ ਤਰ੍ਹਾਂ ਕਰਦਾ ਹੈ ਕਿ ਉਹ ਸਾਡੇ ਇਸ ਸ਼ਾਇਰ ਨੂੰ ਇੰਝ ਲੱਗਦਾ ਹੈ ਕਿ ਜਿਵੇਂ ਆਇਤਾਂ ਨਹੀਂ ਸੁਣਾ ਰਿਹਾ, ਸਗੋਂ ਜੱਟ ਵਾਂਗ ਛਵੀਆਂ ਮਾਰ ਰਿਹਾ ਹੈ। ਹਾਲਾਂਕਿ ਮੁਲਾਣਿਆਂ ਨੇ ਇੱਕ ਦੀਨ-ਈਮਾਨ ਦੇ ਪੱਕੇ ਬੰਦੇ ਨੂੰ ਇਸਲਾਮ ਦੇ ਲੜ ਲਾਉਣ ਲਈ ਇਹਨਾਂ 'ਪਾਕ-ਆਇਤਾਂ' ਦੀ ਅਜਿਹੀ ਵਿਆਖਿਆ ਕਰਨੀ ਹੁੰਦੀ ਹੈ ਕਿ ਬੰਦਾ ਆਪਣੇ-ਆਪ ਨੂੰ ਅੱਲ੍ਹਾ ਦੇ ਹੋਰ ਨੇੜੇ ਹੋਇਆ ਮਹਿਸੂਸ ਕਰ ਸਕੇ, ਪਰ ਅਜਿਹਾ ਜਦੋਂ ਨਾ ਹੋ ਰਿਹਾ ਹੋਵੇ ਤਾਂ ਫਕੀਰ ਤਾਂ ਫਿਰ ਅਜਿਹਾ ਹੀ ਲਿਖੇਗਾ, ਜਿਸ ਵਿੱਚ ਤਨਜ਼ ਵੀ ਹੈ ਤੇ ਚੋਭ ਵੀ। ਇਸੇ ਤਰ੍ਹਾਂ ਬੂਟਾ ਸ਼ਾਕਿਰ ਦੀ ਮੌਲਵੀਨਾਮਾ ਹੈ, ਜਿਸ ਵਿਚਲੇ ਮੁਲਵਾਣੇ ਲੋਕਾਂ ਨੂੰ ਆਪਸ ਵਿੱਚ ਲੜਾ-ਮਰਵਾ ਰਹੇ ਹਨ ਅਤੇ ਆਪ ਆਪੋ ਆਪਣੇ ਘਰਾਂ ਵਿੱਚ ਖੁਸ਼ੀ-ਖੁਸ਼ੀ ਵਸ ਰਹੇ ਹਨ। ਇੱਥੇ ਇਨ੍ਹਾਂ ਮੁਲਵਾਣਿਆਂ ਦਾ ਕਿਰਦਾਰ ਅਜੋਕੇ ਸਿਆਸੀ ਬੰਦਿਆਂ ਨਾਲ ਰਲਦਾ-ਮਿਲਦਾ ਮਹਿਸੂਸ ਹੁੰਦਾ ਹੈ :

'ਇੱਕ ਦੂਜੇ ਨੂੰ ਕਾਫਰ ਆਖਣ ਗਿਣ ਗਿਣ ਫਤਵੇ ਲਾਵਣ
ਆਪ ਘਰਾਂ ਵਿੱਚ ਖੁਸ਼ ਪਏ ਵਸਦੇ ਲੋਕਾਂ ਨੂੰ ਮਰਵਾਵਣ
ਦਸ ਮਸੀਤਾਂ ਵੀਹ ਮੁਲਵਾਣੇ ਕਿਹੜੇ ਪਾਸੇ ਜਾਈਏ
ਕਿਹਦੀ ਮੰਨੀਏ ਕਿਹਦੀ ਨਾ ਮੰਨੀਏ ਦਿਲ ਨੂੰ ਕੀ ਸਮਝਾਈਏ'

ਇਸੇ ਹੀ ਤਰ੍ਹਾਂ ਮੁਰਲੀ ਚੌਹਾਨ 'ਲਾ ਤਫੱਰਕੂ' ਵਿੱਚ ਸ਼ੀਆ, ਸੁੰਨੀ, ਦਉਬੰਦੀ ਵਹਾਬੀ ਫਿਰਕਿਆਂ ਦੀ ਆਪਸੀ ਖਿੱਚੋਤਾਨ ਵਿੱਚ ਵੀ ਅਜਿਹੀ ਹੀ ਗੱਲ ਕਰਦਾ ਹੈ। ਅਨਵਰ ਮਸਊਦ 'ਅੱਜ ਕੀ ਪਕਾਈਏ' ਵਿੱਚ ਚੌਧਰੀ ਅਤੇ ਰਹਿਮਾਂ ਦੇ ਆਪਸੀ ਮੁਕਾਲਮੇ ਰਾਹੀਂ ਇੱਕ ਅਜਿਹਾ ਮੰਜ਼ਰ ਪੇਸ਼ ਕਰਦਾ ਹੈ ਕਿ ਹਾਕਮ ਅਤੇ ਮਹਿਕੂਮ ਦਾ ਅਜਿਹਾ ਰਿਸ਼ਤਾ ਹੈ, ਜੋ ਮਹਿਕੂਮ ਨੂੰ ਹਾਕਮ ਅਨੁਸਾਰ ਸੋਚਣ, ਸਮਝਣ, ਵਿਚਾਰਨ ਲਈ ਮਜਬੂਰ ਕਰਦਾ ਹੈ। ਇਸ ਲੰਮੇ ਮੁਕਾਲਮੇ ਵਿੱਚ ਚੌਧਰੀ ਜਦੋਂ ਕਿਸੇ ਸਬਜ਼ੀ ਦੀਆਂ ਖੂਬੀਆਂ ਗਿਣਵਾ ਰਿਹਾ ਹੈ ਤਾਂ ਰਹਿਮਾਂ ਉਸ ਦੀਆਂ ਖੂਬੀਆਂ ਦੀ ਮੁਹਾਰਨੀ ਪੜ੍ਹਦਾ ਹੈ, ਪਰ ਜਦੋਂ ਚੌਧਰੀ ਉਸੇ ਹੀ ਸਬਜ਼ੀ ਦੀਆਂ ਭੈੜਾਂ ਗਿਣਵਾ ਰਿਹਾ ਹੁੰਦਾ ਹੈ ਤਾਂ ਰਹਿਮਾਂ ਉਸ ਮੁਹਾਰਨੀ ਨੂੰ ਚੌਧਰੀ ਨਾਲੋਂ ਵੀ ਵਧ-ਚੜ੍ਹ ਕੇ ਤੀਂਗੜ ਕੇ ਬੁਰਾਈ ਪੜ੍ਹ ਰਿਹਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਗੁਰੂ ਰਵਿਦਾਸ ਦੇ ਫਲਸਫੇ ਅਤੇ ਜੀਵਨ ਦਾ ਤਥਾਤਮਿਕ ਅਧਿਐਨ

## ਗੁਰੂ ਰਵਿਦਾਸ ਪ੍ਰਗਾਸ ਦੀ ਖੋਜ

**ਰੂਪ ਲਾਲ ਰੂਪ**
**ਪੰਨੇ-432, ਮੁੱਲ-900 ਰੁਪਏ**
**ਮਨੀਸ਼ਾ ਪ੍ਰਕਾਸ਼ਨ ਭੇਲ, ਜਲੰਧਰ**

**ਨਵਤੇਜ ਗੜ੍ਹਦੀਵਾਲ਼ਾ**

ਉਪਰੋਕਤ ਪੁਸਤਕ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਸੰਬੰਧੀ ਧੁੰਦਲਕੇ ਦੂਰ ਕਰਕੇ ਉਨ੍ਹਾਂ ਨਾਲ਼ ਜੁੜਿਆ ਜੀਵਨ ਅਤੇ ਬਾਣੀ ਦਾ ਸੱਚ ਪ੍ਰਕਾਸ਼ ਵਿੱਚ ਲਿਆਉਣ ਦੇ ਨਾਲ਼-ਨਾਲ਼ ਲੇਖਕ ਦੀ ਅਣਥੱਕ, ਅਡੋਲ ਮਿਹਨਤ, ਖੋਜ-ਬਿਰਤੀ ਦਾ ਪ੍ਰਮਾਣ ਵੀ ਬਣਦੀ ਹੈ। ਲੇਖਕ ਨੇ ਵਿਸ਼ੇ ਨਾਲ਼ ਸੰਬੰਧਤ ਹਰ ਮਹੱਤਵਪੂਰਨ ਪਹਿਲੂ ਨੂੰ ਵੱਖ-ਵੱਖ ਸ੍ਰੋਤਾਂ ਦੀ ਖੋਜ, ਪਰਖ-ਪੜਚੋਲ ਕਰਨ ਉਪਰੰਤ ਸਿੱਟਾ ਕੱਢਦਿਆਂ ਹੀ ਆਪਣਾ ਬਿਆਨ ਦਰਜ ਕੀਤਾ ਹੈ। ਲੇਖਕ ਨੇ ਰਵਿਦਾਸ ਜੀ ਨਾਲ਼ ਜੁੜੇ ਸਥਾਨ ਆਪ ਜਾ ਕੇ ਵੇਖ, ਸਮਝ ਕੇ ਹੀ ਪ੍ਰਚੱਲਤ ਲਿਖਤਾਂ, ਧਾਰਨਾਵਾਂ, ਵਿਸ਼ਵਾਸਾਂ ਦਾ ਖੰਡਨ/ਮੰਡਨ ਕੀਤਾ ਹੈ। ਪੁਸਤਕ ਦੀ ਵਿਸ਼ਾ-ਸਮੱਗਰੀ ਦੀ ਘੋਖ ਕੀਤਿਆਂ ਸਮੁੱਚੀ ਰਚਨਾ ਨੂੰ ਰਵਿਦਾਸ ਜੀ ਨਾਲ਼ ਸੰਬੰਧਤ ਤਿੰਨ ਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ-ਜੀਵਨ, ਬਾਣੀ ਅਤੇ ਉਨ੍ਹਾਂ ਦੁਆਰਾ ਲੋਕ-ਕਲਿਆਣ ਹਿੱਤ ਕੀਤੀਆਂ ਗਈਆਂ ਲੰਬੀਆਂ ਯਾਤਰਾਵਾਂ।

ਰਵਿਦਾਸ ਜੀ ਦੀ ਸਹੀ ਜਨਮ ਮਿਤੀ ਅਤੇ ਜਨਮ ਸਥਾਨ ਬਾਰੇ ਆਮ ਲੋਕਾਂ ਵਿੱਚ ਹੀ ਨਹੀਂ, ਵਿਦਵਾਨਾਂ ਵਿੱਚ ਵੀ ਬਹੁਤ ਵਖਰੇਵਾਂ ਹੈ। ਇਸ ਬਾਰੇ ਦਰੁਸਤ ਸਿੱਟਾ ਕੱਢਣ ਲਈ ਲੇਖਕ ਨੇ 136 ਲੇਖਕਾਂ ਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਅਧਾਰ ਬਣਾ ਕੇ ਵਿਸਤ੍ਰਿਤ ਪੜਚੋਲ ਕੀਤੀ ਹੈ। ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਦੁਆਰਾ ਦਰਸਾਏ ਜਨਮ-ਸਾਲਾਂ ਵਿੱਚ 232 ਸਾਲਾਂ (1250-1482 ਈਸਵੀ) ਦੇ ਅੰਤਰ ਵਿੱਚ ਸਹੀ ਸੰਨ ਲੱਭਣ ਲਈ ਪੁਸਤਕ ਲੇਖਕ ਨੇ ਸਖ਼ਤ ਮਾਨਸਿਕ ਕਸਰਤ ਉਪਰੰਤ ਸਿੱਟਾ ਕੱਢਦਿਆਂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਾਘ-ਸੁਦੀ ਪੰਦਰਾਸ ਬਿਕਰਮੀ ਸੰਮਤ 1471 ਅਤੇ ਈਸਵੀ ਸੰਨ (1471-57) 1414 ਸਿੱਧ ਕਰਦਿਆਂ ਸਮੁੱਚਾ ਜੀਵਨ-ਕਾਲ 1540 ਈਸਵੀ ਤੱਕ ਮੰਨਿਆ ਹੈ। ਆਪ ਦੇ ਪੰਜ ਜਨਮ ਸਥਾਨਾਂ ਸੰਬੰਧੀ ਗੁਜਰਾਤ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼, ਬਨਾਰਸ ਪਾਸ ਮੰਡੂਰ ਅਤੇ ਸੀਰ ਗੋਵਰਧਨ ਦਾ ਪ੍ਰਚੱਲਤ ਹਵਾਲਾ ਦੇਣ ਉਪਰੰਤ ਬੜੀ ਦਿਲਚਸਪ ਅਤੇ ਵਿਸਥਾਰਤ ਖੋਜ ਦਾ ਵੇਰਵਾ ਪੇਸ਼ ਕੀਤਾ ਗਿਆ ਹੈ। ਲੇਖਕ ਠੋਸ ਸਬੂਤਾਂ ਦੇ ਅਧਾਰ 'ਤੇ ਮੰਡੂਆਡੀਹ (ਮੰਡੂਰ, ਮੰਡੂਰ ਨਗਰ) ਅਤੇ ਸੀਰ ਗੋਵਰਧਨਪੁਰ ਨੂੰ ਕ੍ਰਮਵਾਰ ਰਵਿਦਾਸ ਜੀ ਦੀ ਜਨਮ ਭੂਮੀ ਅਤੇ ਕਰਮ ਭੂਮੀ ਐਲਾਨਦਾ ਹੈ। ਇੱਕ ਕੋਝੀ ਬਿਪਰਵਾਦੀ/ਮਨੂੰਵਾਦੀ ਚਾਲ ਤਾਂ ਸਮਾਜਿਕ/ਧਾਰਮਿਕ ਸੂਝ-ਬੂਝ ਰੱਖਣ ਵਾਲ਼ੇ ਜਾਣਦੇ ਹੀ ਹਨ ਕਿ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਬਾਰੇ ਬਹੁਤ ਭੁਲੇਖੇ ਪੈਦਾ ਕੀਤੇ ਗਏ ਹਨ। ਇਸ ਬਾਰੇ ਲੇਖਕ ਬਹੁਤ ਸੁਚੇਤ ਅਤੇ ਸਪੱਸ਼ਟ ਹੈ। ਲੇਖਕ ਪਰਿਚਈ ਅਨੰਤਦਾਸ ਨੂੰ ਦੋਸ਼ੀ ਮੰਨਦਿਆਂ ਲਿਖਦਾ ਹੈ ਕਿ ਉਹ ਰਾਮਾਨੰਦੀ ਸਕੂਲ ਦਾ ਮੁਖੀ ਹੈ ਅਤੇ ਉਸ ਨੇ ਰਵਿਦਾਸ ਜੀ ਨੂੰ ਬ੍ਰਾਹਮਣਵਾਦੀ ਜੂਲ਼ੇ ਥੱਲੇ ਲਿਆਉਣ ਦੀ ਕੁਚਾਲ ਚੱਲੀ ਹੈ। ਉਹ ਨਿਧੜਕ ਹੋ ਕੇ ਰਾਮਾਨੰਦੀ ਸਕੂਲ ਉੱਤੇ ਹਮਲਾ ਕਰਦਿਆਂ ਵੱਡੇ ਵਿਦਵਾਨ ਕਹਾਉਣ ਵਾਲ਼ਿਆਂ ਨੂੰ ਵੀ ਨਹੀਂ ਬਖ਼ਸ਼ਦਾ, ਡਾ. ਧਰਮਪਾਲ ਸਿੰਗਲ, ਚੇਅਰਮੈਨ, ਗੁਰੂ ਰਵਿਦਾਸ ਚੇਅਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਵੀ ਨਹੀਂ।

'ਰਵਿਦਾਸ' ਨਾਂਅ ਸੰਬੰਧੀ ਸ਼ੰਕਾ ਨਵਿਰਤੀ ਕਰਨ ਲਈ ਲੇਖਕ ਨੇ ਵਿਦਵਾਨਾਂ ਅਤੇ ਆਮ ਲੋਕਾਂ ਵੱਲੋਂ ਮੰਨੇ ਜਾਂਦੇ ਛੱਬੀ ਨਾਵਾਂ ਦੀ ਸੂਚੀ ਪੇਸ਼ ਕੀਤੀ ਹੈ। ਵੱਖ-ਵੱਖ ਨਾਵਾਂ ਦੇ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ, ਭਾਈ ਗੁਰਦਾਸ ਦੀਆਂ ਵਾਰਾਂ, ਮਿਹਰਬਾਨੀ ਸਾਹਿਤ, ਪੋਥੀ ਸਾਹਿਬ-ਕੁਸ਼ਲਦਾਸ ਸਹਿਤ 26 ਵੱਡੇ ਸ੍ਰੋਤਾਂ ਦਾ ਹਵਾਲਾ ਦਿੱਤਾ ਗਿਆ ਹੈ। ਬਾਣੀ ਵਿੱਚ ਮਿਲਦੇ ਨਾਂਅ 'ਰਵਿਦਾਸ' ਅਤੇ 'ਰੈਦਾਸ' ਮਿਲਣ ਬਾਰੇ ਲੇਖਕ ਦਾ ਸਪੱਸ਼ਟ ਮੰਨਣਾ ਹੈ ਕਿ 'ਰੈਦਾਸ' ਨਾਂਅ ਆਮ ਲੋਕਾਂ ਵੱਲੋਂ ਸਰਲ ਉਚਾਰਨ ਕਾਰਨ ਹੋਂਦ ਵਿੱਚ ਆਇਆ ਹੈ। ਲੇਖਕ ਦੀ ਖੋਜ ਅਨੁਸਾਰ 'ਸ੍ਰੀ ਰਵਿਦਾਸ ਪ੍ਰਗਾਸੁ' ਦੇ ਕਰਤਾ ਮਹੰਤ ਜਮਨਾ ਦਾਸ ਉਰਫ ਜਸਵੰਤ ਸਿੰਘ ਸਤਿ ਦਰਬਾਰੀ ਸਿੱਖ ਨੇ ਗੁਰੂ ਜੀ ਲਈ ਰਵਿਦਾਸ ਨਾਂਅ ਦੀ ਵਰਤੋਂ ਕੀਤੀ ਅਤੇ 'ਰੈਦਾਸ' ਦੀ ਸ਼ਖ਼ਸੀਅਤ ਅਲੱਗ ਮੰਨ ਕੇ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ। ਇਸ ਨਾਂਅ ਹੇਠ ਮਿਲਦੀ ਬਾਣੀ ਅਤੇ ਰਵਿਦਾਸ ਨਾਂਅ ਹੇਠ ਮਿਲਦੀ ਬਾਣੀ ਦੀ ਵਿਚਾਰਧਾਰਾਈ ਸਾਂਝ ਸਨਮੁੱਖ ਲੇਖਕ ਡੰਕੇ ਦੀ ਚੋਟ 'ਤੇ ਕਹਿੰਦਾ ਹੈ ਕਿ 'ਰਵਿਦਾਸ' ਅਤੇ 'ਰੈਦਾਸ' ਦੋਨੋਂ ਨਾਂਅ ਇੱਕੋ ਹੀ ਮਹਾਂਪੁਰਸ਼ ਦੇ ਹਨ'। (ਪੰਨਾ 137)




ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ ਦੇ ਚਾਲ਼ੀ ਸ਼ਬਦ ਦਰਜ ਹਨ, ਜੋ ਸ਼ੁੱਧ ਰੂਪ ਵਿੱਚ ਪ੍ਰਮਾਣਿਕ ਹਨ, ਪਰ ਆਪ ਦੇ ਨਾਂਅ ਹੇਠ ਬਹੁਤ ਸਾਰੀ ਹੋਰ ਬਾਣੀ ਵੀ ਮਿਲ਼ਦੀ ਹੈ, ਜਿਸ ਦੀ ਪ੍ਰਮਾਣਿਕਤਾ ਬਾਰੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ। ਲੇਖਕ ਹੋਰ ਬਾਣੀ ਦੀ ਚੋਣ ਕਰਨ ਲਈ ਰਵਿਦਾਸ ਜੀ ਦੇ ਨਾਂਅ 'ਤੇ ਮਿਲ਼ਦੀ ਬਾਣੀ ਦੇ ਵੱਖ-ਵੱਖ ਸ੍ਰੋਤਾਂ ਦੀ ਖੋਜ ਅਤੇ ਡੂੰਘੀ ਜਾਂਚ ਕਰਦਾ ਹੈ। ਉਹ ਮਿਲ਼ਦੀ ਬਾਣੀ-ਰਚਨਾ ਨੂੰ ਪ੍ਰਮਾਣਿਕ ਸ਼ਬਦਾਂ ਦੇ ਕਾਵਿਕ ਪੱਧਰ ਅਤੇ ਵਿਚਾਰ ਦੀ ਧਾਰ 'ਤੇ ਪਰਖ ਕੇ ਕਾਂਟ-ਛਾਂਟ ਕਰਦਿਆਂ ਆਪਣੀ ਪੁਸਤਕ ਵਿੱਚ ਸ਼ਾਮਲ ਕਰਦਾ ਹੈ। ਇਸ ਦੁਰਗਮ ਕਾਰਜ ਦੀ ਸੰਪੂਰਨਤਾ ਲਈ ਲੇਖਕ ਪੰਜਾਬ ਤੋਂ ਸ਼ੁਰੂ ਹੋ ਕੇ ਗੁਜਰਾਤ, ਕੇਰਲ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਸਿੱਕਮ, ਨੇਪਾਲ ਭਾਵ ਸਾਰੇ ਭਾਰਤ ਦੇ ਸੰਭਾਵਿਤ ਬਾਣੀ-ਸ੍ਰੋਤ ਸਥਾਨਾਂ ਦੀ ਯਾਤਰਾ ਕਰਦਾ ਹੈ। ਲੇਖਕ ਨੇ ਵੱਡੀ ਘਾਲਣਾ ਘਾਲ਼ਦਿਆਂ ਸਵਾ ਕੁ ਸੌ ਗ੍ਰੰਥਾਂ, ਪੋਥੀਆਂ, ਪੁਸਤਕਾਂ ਅਤੇ ਹੱਥ-ਲਿਖਤਾਂ ਨੂੰ ਘੋਖਿਆ ਹੈ। ਸਾਲਾਂ ਦੀ ਯਾਤਰਾ ਤੇ ਖੋਜ ਉਪਰੰਤ ਲੇਖਕ ਪੁਸਤਕ ਦੇ ਪੰਨਾ 254 ਤੋਂ 419 ਤੱਕ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਬਾਣੀ ਦੇ 126 ਸ਼ਬਦ ਵੀਹ ਰਾਗਾਂ ਵਿੱਚ ਅਤੇ 216 ਸਲੋਕ ਅੰਕਿਤ ਕਰਦਾ ਹੈ। ਲੇਖਕ ਦਾ ਇਤਰਾਜ਼ ਜਾਇਜ਼ ਹੈ ਕਿ ਵਿਦਵਾਨਾਂ ਤੋਂ ਆਸ ਸੀ, ਪਰ ਕਿਸੇ ਨੇ ਵੀ 'ਰਵਿਦਾਸ-ਬਾਣੀ' ਦੀ ਪ੍ਰਮਾਣਿਕਤਾ ਸੰਬੰਧੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ। ਲੇਖਕ ਦੁਆਰਾ ਬਾਣੀ ਦੀ ਚੋਣ ਸੰਬੰਧੀ ਇਮਾਨਦਾਰੀ 'ਤੇ ਸ਼ੰਕਾ ਨਹੀਂ ਪ੍ਰਗਟਾਈ ਜਾ ਸਕਦੀ, ਪਰ ਪੰਜ-ਸਾਢੇ ਪੰਜ ਸਦੀਆਂ ਦੇ ਲੰਬੇ ਸਮੇਂ ਦੌਰਾਨ ਵੱਖ-ਵੱਖ ਖੇਤਰਾਂ ਅਤੇ ਅਨੇਕਾਂ ਮਨੁੱਖਾਂ ਕੋਲ਼ ਰਹੀ ਹੋਣ ਕਰਕੇ ਇਕੱਤਰ ਕੀਤੀ ਰਚਨਾ ਵਿੱਚ ਮਿਲਾਵਟੀ ਅੰਸ਼ਾਂ ਦੀ ਮੌਜੂਦਗੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲੇਖਕ ਦੁਆਰਾ ਇਕੱਤਰ ਕੀਤੀ ਇਹ ਰਚਨਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਕ੍ਰਾਂਤੀਕਾਰੀ ਰਵਿਦਾਸ ਜੀ ਪਾਸੋਂ ਆਪ ਪ੍ਰਾਪਤ ਕੀਤੇ ਚਾਲ਼ੀ ਸ਼ਬਦਾਂ ਵਾਂਗ ਸ਼ੁੱਧ, ਨਿਰਮਲ, ਧੁਰ ਦੀ ਨਹੀਂ ਹੋ ਸਕਦੀ, ਪਰ ਲੇਖਕ ਨੇ ਬਾਣੀ ਦੀ ਚੋਣ ਗੁਰਮਤਿ ਜੀਵਨ-ਮਾਰਗ ਅਨੁਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦਾ ਢੁਕਵਾਂ ਇਤਰਾਜ਼ ਹੈ ਕਿ ਵੀਹਵੀਂ ਸਦੀ ਦੇ ਪਿਛਲੇਰੇ ਅੱਧ ਤੱਕ ਜਦੋਂ ਛਾਪਾਖਾਨਾ ਆਪਣੀ ਬੁਲੰਦੀ 'ਤੇ ਪਹੁੰਚ ਚੁੱਕਾ ਸੀ, ਤਦ ਉਨ੍ਹਾਂ ਦੇ ਜੀਵਨ-ਦਰਸ਼ਨ 'ਤੇ ਪੀ ਐੱਚ. ਡੀ. ਕਰਵਾਉਣ ਅਤੇ ਕਰਨ ਵਾਲ਼ੇ ਖੋਜਕਰਤਾਵਾਂ ਵੀ ਉਨ੍ਹਾਂ ਦੀ ਬਾਣੀ ਵਿੱਚ ਪਏ ਸਹਿਬਨ ਖੋਟਾਂ ਦੀ ਦਰੁਸਤੀ ਲਈ ਕੋਈ ਯਤਨ ਨਹੀਂ ਕੀਤਾ।

ਰਵਿਦਾਸ ਜੀ ਦੁਆਰਾ ਲੋਕ-ਕਲਿਆਨ ਹਿੱਤ ਕੀਤੀਆਂ ਗਈਆਂ ਲੰਬੀਆਂ ਯਾਤਰਾਵਾਂ ਦਾ ਸਬੂਤ-ਸਹਿਤ ਵਿਸਤ੍ਰਿਤ ਵਰਣਨ ਅਧਿਆਏ ਦਸ ਵਿੱਚ ਦਰਜ ਹੈ। ਲੇਖਕ ਦਾ ਇਹ ਕਥਨ ਇਤਿਹਾਸਕ ਸਚਾਈ ਹੈ ਕਿ ਮਹਾਤਮਾ ਬੁੱਧ ਤੋਂ ਬਾਅਦ ਉਹ ਇੱਕੋ-ਇੱਕ ਅਜਿਹੇ ਯੁੱਗਪੁਰਸ਼ ਸੰਸਾਰ ਮੰਚ 'ਤੇ ਪ੍ਰਗਟ ਹੋਏ ਹਨ, ਜਿਨ੍ਹਾਂ ਆਪਣਾ ਦੈਵੀ ਸੰਦੇਸ਼ ਜਨ-ਜਨ ਤੱਕ ਪਹੁੰਚਾਉਣ ਲਈ ਅਧਿਆਤਮਕ ਯਾਤਰਾਵਾਂ ਦਾ ਮਾਰਗ ਚੁਣਿਆ। ਦਾਰਿਦ ਮਨੁੱਖ ਨੂੰ ਜਾਗ੍ਰਿਤ ਕਰਕੇ ਬ੍ਰਾਹਮਣਵਾਦ ਦੇ ਕਰਮਕਾਂਡਾਂ ਅਤੇ ਉਚ-ਨੀਚ ਸਿਰਜਦੀ ਵਿਵਸਥਾ ਦੇ ਖ਼ਾਤਮੇ ਲਈ ਆਪ ਨੇ ਪਹਿਲੀ ਬਾਰਾਂ ਸਾਲ ਲੰਬੀ ਯਾਤਰਾ (1436-1448 ਈਸਵੀ) ਦੌਰਾਨ ਕਾਸ਼ੀ ਤੋਂ ਗੁਜਰਾਤ, ਬਲੋਚਿਸਤਾਨ, ਅਫਗਾਨਿਸਤਾਨ, ਈਰਾਨ, ਇਰਾਕ, ਮੁਲਤਾਨ ਦੇ ਇਲਾਕਿਆਂ ਦੀ ਦੁਖਿਆਰੀ ਸੰਗਤ ਨੂੰ ਜੀਵਨ-ਸੱਚ ਨਾਲ਼ ਜੋੜਨ ਲਈ ਕ੍ਰਾਂਤੀਕਾਰੀ ਗੁਰਮਤਿ ਜੀਵਨ-ਜਾਚ ਸਿਖਾਈ। ਦੂਸਰੀ ਯਾਤਰਾ (1460-1465 ਈਸਵੀ) ਦੌਰਾਨ ਆਪ ਨੇ ਗਯਾ, ਬੋਧ ਗਯਾ, ਬਿਹਾਰ, ਵਿਸ਼ਾਖਾਪਟਨਮ, ਕੋਟਲਿੰਗ (ਭੁਵਨੇਸ਼ਵਰ), ਜਗਨ ਨਾਥ ਧਾਮ, ਬਲੇਸ਼ਵਰ, ਬੰਗਲਾਦੇਸ਼, ਕਾਮਰੂਪ, ਨੇਪਾਲ ਦੀ ਯਾਤਰਾ ਕੀਤੀ। ਤੀਜੀ ਯਾਤਰਾ (1472-1478 ਈਸਵੀ) ਵੇਲੇ ਆਪ ਨੇ ਦੱਖਣੀ ਭਾਰਤ ਵਿੱਚ ਕਲਿਆਣਕਾਰੀ ਬਾਣੀ-ਸੰਦੇਸ਼ ਦੇਣ ਲਈ ਰੀਵਾ, ਨਾਗਪੁਰ, ਵਿਜੈਵਾੜਾ, ਤਿਰੁਪਤੀ, ਰਮੇਸ਼ਵਰਮ ਦੀ ਯਾਤਰਾ ਕੀਤੀ। ਲੇਖਕ ਦਾ ਮੰਨਣਾ ਹੈ ਕਿ ਆਪ ਟੂਟੀਕਰਨ ਤੋਂ ਵਾਪਸ ਨਹੀਂ ਮੁੜੇ ਹੋਣਗੇ, ਆਪ ਕੰਨਿਆ ਕੁਮਾਰੀ ਤੱਕ ਜ਼ਰੂਰ ਗਏ ਹੋਣਗੇ, ਭਾਵ ਰਵਿਦਾਸ ਜੀ ਨੇ ਧੁਰ ਦੱਖਣੀ ਭਾਰਤ ਤੱਕ ਬਾਣੀ ਦਾ ਕ੍ਰਾਂਤੀਕਾਰੀ ਜੀਵਨ-ਸੰਦੇਸ਼ ਦਿੱਤਾ। ਚੌਥੀ ਯਾਤਰਾ (1481-1470) ਦੌਰਾਨ ਆਪ ਆਪਣੀ ਭਗਤ ਮੰਡਲੀ ਸਹਿਤ ਸੁਲਤਾਨਪੁਰ, ਫੈਜ਼ਾਬਾਦ, ਅਯੁੱਧਿਆ, ਯਮੁਨਾ ਨਗਰ, ਸਰਹੰਦ, ਲੋਧੀਆਣਾ (ਲੁਧਿਆਣਾ), ਜਲੰਧਰ, ਅਟਾਰੀ, ਲਾਹੌਰ, ਚੂਹੜਕਾਣਾ ਦੀ ਧਰਤ ਦੇ ਮਾਨਵੀ ਜੀਵਨ-ਸੰਕਟ ਦੇ ਨਿਵਾਰਨ ਲਈ ਆਪਣੇ ਨਵੀਨ ਬਾਣੀ-ਸੂਤਰ ਸੰਗਤ ਨੂੰ ਸਮਝਾਏ। ਇਸੇ ਯਾਤਰਾ ਦੌਰਾਨ ਚੂਹੜਕਾਣਾ ਵਿਖੇ ਹੀ ਸੱਚੀ ਭਗਤ ਮੰਡਲੀ ਨੂੰ ਨਾਨਕ ਦੇਵ ਜੀ (ਸ੍ਰੀ ਗੁਰੂ ਨਾਨਕ ਦੇਵ ਜੀ) ਨੇ ਲੰਗਰ ਛਕਾ ਕੇ 'ਸੱਚਾ ਸੌਦਾ' ਕੀਤਾ ਸੀ। ਲੇਖਕ ਨੇ ਇਸੇ ਭਗਤ ਮੰਡਲੀ ਸਤਿਗੁਰ ਕਬੀਰ ਜੀ, ਸਤਿਗੁਰ ਪੀਪਾ ਜੀ ਦੀ ਹਾਜ਼ਰੀ ਸਿੱਧ ਕੀਤੀ ਹੈ। ਬਾਦਸ਼ਾਹ ਸਿਕੰਦਰ ਲੋਧੀ ਦੀ ਬੇਨਤੀ 'ਤੇ 1439 ਅਤੇ 1496 ਈਸਵੀ ਵਿੱਚ ਰਵਿਦਾਸ ਜੀ ਨੇ ਕਬੀਰ ਸਾਹਿਬ ਸਹਿਤ ਵਿਸ਼ਾਲ ਭਗਤ ਮੰਡਲੀ ਨਾਲ਼ ਫਿਰ ਪੰਜਾਬ ਵੱਲ ਯਾਤਰਾ ਸ਼ੁਰੂ ਕੀਤੀ। ਕੁਰੂਕਸ਼ੇਤਰ ਪਹੁੰਚਣ ਉਪਰੰਤ ਆਪ ਅਕਤੂਬਰ 1496 ਈਸਵੀ ਵਿੱਚ ਸੁਲਤਾਨਪੁਰ ਲੋਧੀ ਪਹੁੰਚਦੇ ਹਨ। ਇੱਥੇ ਹੀ ਗੁਰੂ ਨਾਨਕ ਦੇਵ ਜੀ ਬੇਈਂ ਵਿੱਚੋਂ ਅਲੋਪ ਹੋ ਜਾਣ ਨੂੰ ਰਵਿਦਾਸ ਜੀ ਦੇ ਸਤਿਸੰਗ ਨਾਲ਼ ਜੁੜਿਆ ਸਿੱਧ ਕੀਤਾ ਗਿਆ ਹੈ। ਲੇਖਕ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਕ੍ਰਾਂਤੀਕਾਰੀ, ਕਲਿਆਣਕਾਰੀ ਗੁਰਮਤਿ ਸੰਘਰਸ਼ੀ ਮਾਰਗ-ਸਿਰਜਣਾ ਵਿੱਚ ਇਸ ਮੁਲਾਕਾਤ ਦੀ ਭੂਮਿਕਾ ਰਹੀ ਹੈ। ਵਾਪਸੀ ਸਮੇਂ ਦਾ ਯਾਤਰਾ-ਮਾਰਗ ਵੀ ਲੇਖਕ ਨੇ ਖੋਜਿਆ, ਵਿਸਥਾਰ ਸਹਿਤ ਉਲੀਕਆ ਹੈ। ਰਵਿਦਾਸ ਜੀ ਬਟਾਲ਼ਾ, ਗੁਰਦਾਸਪੁਰ, ਪਠਾਨਕੋਟ, ਜੰਮੂ, ਚੰਬਾ, ਕਮਾਹੀ ਦੇਵੀ, ਢੋਲਵਾਹਾ, ਜਨਕਾਪੁਰ (ਜਨੌੜੀ) ਖੁਰਾਲਗੜ੍ਹ ਹੁੰਦੇ ਹੋਏ ਹਰਿਦੁਆਰ ਪਹੁੰਚਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

## ਉਦਾਸੀ ਸ਼ਾਮ

**ਪ੍ਰਭਾਤ ਕਿਰਨ ਭਗਤ**
**(ਗਜ਼ਲ/ਕਾਵਿ ਸੰਗ੍ਰਹਿ)**
**ਪੰਨੇ : 120, ਮੁੱਲ : 250 ਰੁਪਏ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**




ਪ੍ਰਭਾਤ ਕਿਰਨ ਦੀ ਸ਼ਾਇਰੀ ਨੂੰ ਅਧੂਰਾ ਸੁਪਨਾ ਹੀ ਕਹਿ ਸਕਦੇ ਹਾਂ, ਹੋਰ ਕਹਿ ਵੀ ਕੀ ਸਕਦੇ ਹਾਂ? ਉਸ ਦੇ ਮਾਤਾ-ਪਿਤਾ, ਪਰਵਾਰ ਤੇ ਸਨੇਹੀਆਂ ਨੂੰ ਉਸ ਦੀ ਕੀਤੀ ਸ਼ਾਇਰੀ 'ਤੇ ਫਖਰ ਹੋਣਾ ਚਾਹੀਦਾ ਹੈ। ਸਦਮਾ ਤਾਂ ਕਦੇ ਦਿਲਾਂ ਵਿੱਚੋਂ ਨਿਕਲਦਾ ਹੀ ਨਹੀਂ। ਪੰਜਾਬੀ ਪਾਠਕਾਂ ਦੀ ਝੋਲੀ ਵਿੱਚ ਉਸ ਦੇ ਸ਼ਬਦ ਸੁੱਚੇ ਮੋਤੀਆਂ ਵਾਂਗ ਹਨ। ਉਹ ਸ਼ਬਦ ਸਾਡੇ ਲਈ ਭਾਵੇਂ ਤਿਲ-ਫੁੱਲ ਹਨ, ਪਰ ਇਹ ਤਿਲ-ਫੁੱਲ ਵੀ ਸਾਡੇ ਤੇ ਪਰਵਾਰ ਦੀ ਰਹਿੰਦੀ ਜ਼ਿੰਦਗੀ ਦਾ ਸਹਾਰਾ ਹਨ।

-ਭੂਮਿਕਾ 'ਚੋਂ

## ਪਰਾਏ ਪਰਾਂ ਦੀ ਪਰਵਾਜ਼

**ਨਿਰਮਲ ਸਿੰਘ**
**(ਕਾਵਿ ਸੰਗ੍ਰਹਿ)**
**ਪੰਨੇ : 102, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਸਮਾਜ ਵਿੱਚ ਕੁਝ ਅਜਿਹੇ ਲੋਕ ਹੁੰਦੇ ਹਨ, ਜੋ ਆਪਣੇ ਬਲਬੂਤੇ ਜੀਵਨ ਜਿਉਣਾ ਲੋਚਦੇ ਹਨ, ਆਪਣੀਆਂ ਪਗਡੰਡੀਆਂ ਉੱਪਰ ਤੁਰਦੇ ਹਨ ਅਤੇ ਆਪਣੇ ਰਾਹ ਆਪ ਬਣਾਉਂਦੇ ਹਨ, ਪ੍ਰੰਤੂ ਬਹੁਤ ਸਾਰੇ ਅਜਿਹੇ ਲੋਕ ਵੀ ਹੁੰਦੇ ਹਨ, ਜੋ ਦੂਸਰਿਆਂ ਦੇ ਪਰਾਂ 'ਤੇ ਉੱਚੀਆਂ-ਉੱਚੀਆਂ ਉਡਾਰੀਆਂ ਮਾਰ ਕੇ ਬਿਨਾਂ ਪੌੜੀਉਂ ਆਸਮਾਨੀ ਚੜ੍ਹਨਾ ਚਾਹੁੰਦੇ ਹਨ। ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕਿਸੇ ਦੂਸਰੇ ਦੇ ਪਰਾਂ ਦੀ ਲੋੜ ਨਹੀਂ ਹੁੰਦੀ, ਬਲਕਿ ਖੁਦ ਦੇ ਬੁਲੰਦ ਹੌਸਲੇ ਦੀ ਲੋੜ ਹੁੰਦੀ ਹੈ।

-ਲੇਖਕ ਵੱਲੋਂ

## ਉਧਾਰੀ ਛਾਂ

**ਚਮਕੌਰ ਸਿੰਘ ਚਹਿਲ**
**ਪੰਨੇ : 136, ਮੁੱਲ : 280 ਰੁਪਏ**
**ਜੌਹਰਾ ਪਬਲੀਕੇਸ਼ਨ, ਪਟਿਆਲਾ**




ਕਵੀ ਲੋਕਾਂ ਦੇ ਨਾਇਕਾਂ ਪ੍ਰਤੀ ਬਹੁਤ ਹੀ ਸ਼ਿੱਦਤ ਦੀ ਭਾਵਨਾ ਰੱਖਦਾ ਹੈ। ਉਹ ਰਾਜ ਤੰਤਰੀ ਪਖੰਡਾਂ ਦੀਆਂ ਪੈੜਾਂ ਪਛਾਣਦਾ ਹੈ ਕਿ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਜੋ ਪਾਖੰਡ ਆਪਣੀਆਂ ਤਕਰੀਰਾਂ ਵਿੱਚ ਕਰਨ ਲਈ ਭੀੜ ਤੰਤਰ ਇਕੱਠਾ ਕਰਦੇ ਹਨ।

ਸ਼ਹਾਦਤ ਦੇ ਅਸਲ ਅਰਥ ਸਮਝਣ ਵਾਲੇ ਲੋਕ ਸ਼ਹੀਦਾਂ ਦੇ ਵਿਚਾਰਾਂ ਉੱਪਰ ਤੁਰਨ ਦਾ ਹੀਆ ਕਰਦੇ ਹਨ।

-ਭੂਮਿਕਾ 'ਚੋਂ

# ਪੁਸਤਕ ਰੀਵਿਊ

## ਸਿੱਖ ਇਤਿਹਾਸ ਦੀ ਪੇਸ਼ਕਾਰੀ

**ਤੁਰੇ ਤੇਗ ਦੀ ਧਾਰ 'ਤੇ**
**(ਇਕਾਂਗੀ ਸੰਗ੍ਰਹਿ)**
**ਗੁਰਨਾਮ ਸਿੰਘ ਪ੍ਰਭਾਤ**
**ਪੰਨੇ:134, ਕੀਮਤ : 145 ਰੁਪਏ**
**ਟੂਡੇ ਪਬਲੀਕੇਸ਼ਨ, ਚੰਡੀਗੜ੍ਹ**

'ਤੁਰੇ ਤੇਗ ਦੀ ਧਾਰ 'ਤੇ' ਗੁਰਨਾਮ ਸਿੰਘ ਪ੍ਰਭਾਤ ਦੁਆਰਾ ਲਿਖਿਆ ਇਕਾਂਗੀ ਸੰਗ੍ਰਹਿ ਹੈ। ਇਸ ਵਿਚਲੀਆਂ ਇਕਾਂਗੀਆਂ ਸਿੱਖ ਇਤਿਹਾਸ ਨਾਲ ਸੰਬੰਧ ਰੱਖਣ ਵਾਲੀਆਂ ਹਨ। ਪੰਜਾਬੀ ਵਿੱਚ ਧਾਰਮਕ ਨਾਟਕ/ ਇਕਾਂਗੀ ਲਿਖਣਾ ਬਹੁਤ ਔਖਾ ਕਾਰਜ ਹੈ, ਕਿਉਕਿ ਸਿੱਖ ਧਰਮ ਨਾਲ ਸੰਬੰਧਤ ਪ੍ਰਮੁੱਖ ਸ਼ਖਸੀਅਤਾਂ, ਜਿਵੇਂ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਵਾਰਕ ਮੈਂਬਰ ਅਤੇ ਉਨ੍ਹਾਂ ਦੀਆਂ ਸਮਕਾਲੀ ਸਿੱਖ ਸ਼ਖਸੀਅਤਾਂ ਨੂੰ ਸਟੇਜ ਉਪਰ ਪੇਸ਼ ਕਰਨ ਦੀ ਮਨਾਹੀ ਹੈ। ਇਸ ਮਨਾਹੀ ਦੇ ਚਲਦਿਆਂ ਸਿੱਖ ਇਤਿਹਾਸ ਅਤੇ ਸਿੱਖ ਫਲਸਫੇ ਦੇ ਮੂਲ ਸਰੋਕਾਰਾਂ ਨੂੰ ਨਾਟਕ/ ਇਕਾਂਗੀ ਦੇ ਰੂਪ ਵਿਚ ਪੇਸ਼ ਕਰਨ ਲਈ ਜਿਥੇ ਸਿੱਖ ਇਤਿਹਾਸ/ ਫਲਸਫੇ ਦੀ ਡੂੰਘੀ ਸਮਝ ਦੀ ਜ਼ਰੂਰਤ ਹੈ, ਉਥੇ ਨਾਲ ਹੀ ਨਾਟਕ/ ਇਕਾਂਗੀ ਦੀ ਪੇਸ਼ਕਾਰੀ ਜੁਗਤਾਂ ਦੀ ਪਰਪੱਕਤਾ ਵੀ ਲੋੜੀਂਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਵਿਚ ਧਾਰਮਕ ਨਾਟਕ/ ਇਕਾਂਗੀ ਲਿਖਣ ਦੀ ਕੋਈ ਵੱਡੀ ਪਰੰਪਰਾ ਵਿਕਸਤ ਨਹੀਂ ਹੋਈ। ਬਹੁਤ ਥੋੜ੍ਹੇ ਇਕਾਂਗੀਕਾਰਾਂ ਨੇ ਹੀ ਇਸ ਜੋਖਮ ਭਰੇ ਕਾਰਜ ਨੂੰ ਹੱਥ ਪਾਇਆ ਹੈ। ਇਸ ਪੁਸਤਕ ਵਿਚ ਪੇਸ਼ ਕੀਤਾ ਗਿਆ ਨਾਟ ਪਾਠ ਇਹ ਸਪੱਸ਼ਟ ਕਰਦਾ ਹੈ ਕਿ ਪ੍ਰਭਾਤ ਨੂੰ ਧਾਰਮਕ ਇਕਾਂਗੀ ਲਿਖਣ ਦਾ ਵੱਡਾ ਤਜਰਬਾ ਹੈ। ਇਸ ਪੁਸਤਕ ਵਿਚਲੀਆਂ ਤਸਵੀਰਾਂ ਇਸ ਗੱਲ ਦੀਆਂ ਗਵਾਹ ਹਨ ਕਿ ਪ੍ਰਭਾਤ ਲਿਖਣ ਦੇ ਹੁਨਰ ਤੋਂ ਇਲਾਵਾ ਨਾਟਕ/ ਇਕਾਂਗੀ ਦਾ ਸਟੇਜ ਮੰਚਨ ਕਰਨ ਵਿੱਚ ਵੀ ਮਾਹਰ ਹੈ।

ਇਸ ਇਕਾਂਗੀ ਸੰਗ੍ਰਹਿ ਵਿਚ ਕੁੱਲ ਛੇ ਇਕਾਂਗੀ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਦੇ ਨਾਇਕ ਸਿੱਖ ਇਤਿਹਾਸ ਨਾਲ ਸੰਬੰਧਤ ਹਨ ਤੇ ਇਨ੍ਹਾਂ ਵਿਚਲੀਆਂ ਘਟਨਾਵਾਂ ਸਿੱਖ ਇਤਿਹਾਸ ਦੇ ਕਿਸੇ ਅਹਿਮ ਪੜਾਅ ਨਾਲ ਸੰਬੰਧ ਰੱਖਦੀਆਂ ਹਨ। 'ਤੁਰੇ ਤੇਗ ਦੀ ਧਾਰ 'ਤੇ' ਇਕਾਂਗੀ ਰਾਹੀਂ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਵੱਲੋਂ ਸਿਰ ਵੱਢੇ ਜਾਣ ਵਾਲੀ ਘਟਨਾ ਦਾ ਵਰਨਣ ਕੀਤਾ ਹੈ। ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੇ ਪਾਤਰਾਂ ਦੀ ਗੈਰ-ਹਾਜ਼ਰੀ ਵਿੱਚ ਉਨ੍ਹਾਂ ਦੀ ਬਹਾਦਰੀ ਦੀ ਪੇਸ਼ਕਾਰੀ ਕਰਨ ਵਿੱਚ ਇਕਾਂਗੀਕਾਰ ਨੇ ਸਫਲਤਾ ਹਾਸਲ ਕੀਤੀ ਹੈ।

ਦੂਸਰੀ ਇਕਾਂਗੀ 'ਅਨੂਪ ਕੌਰ' ਸਿੱਖ ਇਤਿਹਾਸ ਦੀ ਅਣਗੌਲੀ ਨਾਇਕਾ ਅਨੂਪ ਕੌਰ ਦੀ ਬਹਾਦਰੀ ਨੂੰ ਬਾਖੂਬੀ ਪੇਸ਼ ਕਰਦੀ ਹੈ। ਅਨੂਪ ਕੌਰ ਰਾਹੀਂ ਇਕਾਂਗੀਕਾਰ ਨੇ ਅਜਿਹਾ ਪਾਤਰ ਚਿਤਰਨ ਦਾ ਯਤਨ ਕੀਤਾ ਹੈ, ਜਿਹੜਾ ਕਿ ਗੁਰੂ ਪਰਵਾਰ ਦੀ ਰੱਖਿਆ ਲਈ ਆਪਣੀ ਜਾਨ ਦੀ ਬਾਜ਼ੀ ਲਗਾਉਣ ਤੋਂ ਵੀ ਪਿੱਛੇ ਨਹੀਂ ਹਟਦਾ। ਤੀਸਰੇ ਇਕਾਂਗੀ 'ਸੈਦ ਖਾਂ' ਰਾਹੀਂ ਉਸ ਘਟਨਾ ਦੀ ਪੇਸ਼ਕਾਰੀ ਕੀਤੀ ਗਈ ਹੈ, ਜਿਸ ਵਿੱਚ ਬੁਰੀ ਨੀਤ ਨਾਲ ਗੁਰੂ ਦਰਬਾਰ ਵਿਚ ਆਉਣ ਵਾਲੇ ਕਈ ਲੋਕ ਵੀ ਗੁਰਸਿੱਖੀ ਧਾਰਨ ਕਰ ਲੈਂਦੇ ਸਨ। ਅਵਲੂ ਅਤੇ ਸੈਦ ਖਾਂ ਦੋ ਅਜਿਹੇ ਪਾਤਰ ਹਨ, ਜਿਹੜੇ ਬੁਰੀ ਨੀਤ ਨਾਲ ਸਿੱਖਾਂ ਵਿੱਚ ਆਉਂਦੇ ਹਨ, ਪਰ ਅਧਿਆਤਮਕ ਮਾਹੌਲ ਵਿਚ ਅਜਿਹੇ ਰੰਗੇ ਜਾਂਦੇ ਹਨ ਕਿ ਆਪ ਹੀ ਸਿੱਖ ਬਣ ਜਾਂਦੇ ਹਨ।

'ਮਝੈਲ ਸ਼ੇਰਨੀ' ਇਕਾਂਗੀ ਸਿੱਖ ਕੌਮ ਦੀ ਮਹਾਨ ਨਾਇਕਾ ਮਾਈ ਭਾਗੋ ਦੀ ਬਹਾਦਰੀ ਨੂੰ ਪੇਸ਼ ਕਰਦੀ ਹੈ, ਜਿਸ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਬੇਦਾਵਾ ਦੇ ਕੇ ਆਏ 40 ਸਿੱਖਾਂ ਨੂੰ ਪ੍ਰੇਰ ਕੇ ਗੁਰੂ ਦੀ ਸ਼ਰਨ ਵਿੱਚ ਭੇਜਿਆ ਅਤੇ ਉਨ੍ਹਾਂ ਸਿੱਖਾਂ ਨੇ ਮੁਕਤਸਰ ਦੀ ਧਰਤੀ 'ਤੇ ਸ਼ਹੀਦੀ ਦੇ ਕੇ 'ਮੁਕਤੇ' ਸਨਮਾਨ ਨੂੰ ਪ੍ਰਾਪਤ ਕੀਤਾ। 'ਆਲੀ ਸਿੰਘ' ਇਕਾਂਗੀ ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ਅਤੇ ਦੂਰਦਰਸ਼ੀ ਸੂਝ ਦਾ ਪ੍ਰਗਟਾਵਾ ਕਰਦੀ ਹੈ। ਆਲੀ ਸਿੰਘ ਸਰਹੰਦ ਫਤਿਹ ਕਰਨ ਉਪਰੰਤ ਸਰਹੰਦ ਦੇ ਨਾਇਬ ਸੂਬਾ ਨਿਯੁਕਤ ਹੋਏ ਸਨ। ਇਹ ਇਕਾਂਗੀ ਬੀਰਰਸ ਦੀ ਪੇਸ਼ਕਾਰੀ ਕਰਨ ਵਾਲੀ ਹੈ। ਅੰਤਲੀ ਇਕਾਂਗੀ ਸਿੱਖ ਰਾਜ ਦੀ ਅੰਤਮ ਮਹਾਰਾਣੀ ਜਿੰਦਾਂ ਨਾਲ ਸੰਬੰਧ ਰੱਖਦੀ ਹੈ। ਮਹਾਰਾਣੀ ਜਿੰਦਾਂ ਅਤੇ ਉਸ ਦੇ ਨਾਬਾਲਗ ਬੇਟੇ ਦਲੀਪ ਸਿੰਘ ਵੱਲੋਂ ਅੰਗਰੇਜ਼ਾਂ ਨੂੰ ਰਾਜ ਸੌਂਪੇ ਜਾਣ ਅਤੇ ਫਿਰ ਇੰਗਲੈਂਡ ਵਿਚ ਬੰਦੀ ਬਣਾਏ ਜਾਣ ਦੀ ਕਥਾ ਨੂੰ ਇਸ ਇਕਾਂਗੀ ਰਾਹੀਂ ਸਫਲਤਾਪੂਰਵਕ ਪੇਸ਼ ਕੀਤਾ ਗਿਆ ਹੈ।

ਪੰਜਾਬੀ ਸਾਹਿਤ ਵਿੱਚ ਅਜਿਹੇ ਧਾਰਮਕ ਇਕਾਂਗੀ-ਸੰਗ੍ਰਹਿ ਬਹੁਤ ਘੱਟ ਉਪਲੱਬਧ ਹੋਣ ਕਾਰਨ ਇਹ ਪੁਸਤਕ ਬਹੁਤ ਮੁੱਲਵਾਨ ਹੈ। ਇਹ ਸੰਗ੍ਰਹਿ ਵਿਸ਼ੇਸ਼ ਕਰਕੇ ਉਨ੍ਹਾਂ ਲਈ ਹੋਰ ਵੀ ਮਹੱਤਵਪੂਰਨ ਸਾਬਤ ਹੋ ਸਕਦਾ ਹੈ, ਜਿਹੜੇ ਕਿ ਸਿੱਖ ਇਤਿਹਾਸ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਸਟੇਜ 'ਤੇ ਖੇਡ ਕੇ ਇਸ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਲੇਖਕ ਦੀ ਇਜਾਜ਼ਤ ਤੋਂ ਬਿਨਾਂ ਇਕਾਂਗੀ ਨਾ ਖੇਡਣ ਦੀ ਤਾਕੀਦ ਕਰਨੀ ਵਾਜਿਬ ਹੈ, ਤਾਂ ਕਿ ਕੋਈ ਵੀ ਇਸ ਦੇ ਪਾਤਰਾਂ ਅਤੇ ਉਨ੍ਹਾਂ ਦੇ ਵਾਰਤਾਲਾਪ ਨਾਲ ਛੇੜਛਾੜ ਨਾ ਕਰ ਸਕੇ। ਬੇਸ਼ੱਕ ਕਿ ਲੇਖਕ ਦੀ ਈ ਮੇਲ ਆਈਡੀ ਦਿੱਤੀ ਗਈ ਹੈ, ਪਰ ਉਸ ਦੇ ਰਿਹਾਇਸ਼ੀ ਪਤੇ ਅਤੇ ਫੋਨ ਨੰਬਰ ਦਾ ਨਾ ਹੋਣਾ ਇਸ ਦੀ ਸੀਮਾ ਬਣ ਜਾਂਦੀ ਹੈ। ਕੁੱਲ ਮਿਲਾ ਕੇ ਇਹ ਪੁਸਤਕ ਸਵਾਗਤਯੋਗ ਹੈ।

**— ਵੰਦਨਾ ਸੁਖੀਜਾ**

# 'ਆਪਣੀ ਆਵਾਜ਼ ਪੁਰਸਕਾਰ' ਵਰਿਆਮ ਸੰਧੂ ਅਤੇ 'ਕਾਵਿ-ਲੋਕ' ਮਦਨ ਵੀਰਾ ਨੂੰ






**ਜਲੰਧਰ** : ਸਾਹਿਤ, ਕਲਾ ਤੇ ਸੱਭਿਆਚਾਰ ਨੂੰ ਸਮਰਪਿਤ ਸੰਸਥਾ ਲੋਕ ਮੰਚ ਪੰਜਾਬ ਵੱਲੋਂ ਦਿੱਤੇ ਜਾਣ ਵਾਲੇ ਸਾਲ 2022 ਦੇ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਕ ਲੱਖ ਰੁਪਏ ਦਾ "ਆਪਣੀ ਆਵਾਜ਼ ਪੁਰਸਕਾਰ" ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੂੰ ਉਸ ਦੇ ਕਹਾਣੀ ਸੰਗ੍ਰਹਿ "ਜਮਰੌਦ" ਲਈ ਦਿੱਤਾ ਜਾਵੇਗਾ ਅਤੇ ਇਕੱਤੀ ਹਜ਼ਾਰ ਰੁਪਏ ਦਾ "ਕਾਵਿ ਲੋਕ ਪੁਰਸਕਾਰ" ਮਦਨ ਵੀਰਾ ਨੂੰ ਉਸ ਦੇ ਕਾਵਿ ਸੰਗ੍ਰਹਿ "ਘੇਰੇ ਤੋਂ ਬਾਹਰ" ਲਈ ਦਿੱਤਾ ਜਾਵੇਗਾ। ਇਹ ਐਲਾਨ ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾਕਟਰ ਲਖਵਿੰਦਰ ਸਿੰਘ ਜੌਹਲ, ਪ੍ਰਧਾਨ ਸੁਰਿੰਦਰ ਸਿੰਘ ਸੁੱਨੜ, ਮੀਤ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ ਅਤੇ ਸਕੱਤਰ ਦੀਪਕ ਸ਼ਰਮਾ ਚਨਾਰਥਲ ਨੇ ਕੀਤਾ। ਉਹਨਾਂ ਦੱਸਿਆ ਕਿ ਇਹ ਪੁਰਸਕਾਰ ਫਰਵਰੀ ਵਿੱਚ ਕੀਤੇ ਜਾ ਰਹੇ ਇਕ ਵਿਸ਼ੇਸ਼ ਸਾਹਿਤਕ ਸਮਾਗਮ ਵਿੱਚ ਭੇਟ ਕੀਤੇ ਜਾਣਗੇ। ਪਿਛਲੇ ਸਾਲ ਇਹ ਪੁਰਸਕਾਰ ਗੁਲਜ਼ਾਰ ਸਿੰਘ ਸੰਧੂ, ਗੁਰਮੀਤ ਕੜਿਆਲਵੀ ਅਤੇ ਸਰਬਜੀਤ ਕੌਰ ਜੱਸ ਨੂੰ ਦਿੱਤਾ ਗਿਆ ਸੀ। ਡਾ. ਜੌਹਲ ਨੇ ਦੱਸਿਆ ਕਿ ਵਰਿਆਮ ਸੰਧੂ ਪੰਜਾਬੀ ਕਹਾਣੀ ਦਾ ਬਹੁਤ ਵੱਡਾ ਨਾਂਅ ਹੈ, ਜਦ ਕਿ ਮਦਨ ਵੀਰਾ ਸਮਕਾਲੀ ਪੰਜਾਬੀ ਕਵਿਤਾ ਦਾ ਉਹ ਹਸਤਾਖਰ ਹੈ, ਜੋ ਆਪਣੇ ਸਮੇਂ ਦੀ ਲੋਕ ਪੀੜਾ ਨੂੰ ਆਪਣੀ ਕਾਵਿ ਸੰਵੇਦਨਾ ਦਾ ਕੇਂਦਰੀ ਧੁਰਾ ਬਣਾ ਕੇ ਚਿੰਤਨਮਈ ਕਾਵਿਕਾਰੀ ਨਾਲ ਜੁੜਿਆ ਹੋਇਆ ਹੈ।






# ਸਾਹਿਤਕ ਪਿੜ ਦੀ ਮਾਸਿਕ ਬੈਠਕ



**ਨਡਾਲਾ** : ਸਾਹਿਤਕ ਪਿੜ ਨਡਾਲਾ ਦੀ ਮਾਸਿਕ ਇਕੱਤਰਤਾ ਪ੍ਰਸਿੱਧ ਆਲੋਚਕ ਤੇ ਕਵੀ ਡਾ. ਮੱਖਣ ਸਿੰਘ ਭੁਲੱਥ ਹੁਰਾਂ ਦੀ ਪ੍ਰਧਾਨਗੀ ਹੇਠ ਹੋਈ। ਨਵੇਂ ਵਰ੍ਹੇ ਦੀ ਠੰਢੀ ਠਾਰ ਤੇ ਮਾਘੀ ਦੇ ਦਿਹਾੜੇ ਹੋਈ ਇਸ ਮਿਲਣੀ ਬਾਰੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਉਨ੍ਹਾ ਕਿਹਾ ਕਿ ਸਾਹਿਤ ਲਿਖਣ ਵਾਲੇ ਲਿਖਦੇ ਹੀ ਨਹੀਂ, ਉਹ ਉਸ ਸੰਗ ਜਿਊਂਦੇ ਵੀ ਨੇ। ਜਦੋਂ ਲੇਖਕ ਲਿਖਤ 'ਚ ਖੁੱਭ ਕੇ ਲਿਖਦੈ ਤਾਂ ਉਸ ਦੀ ਰਚਨਾ ਸਾਹਿਤ ਦਾ ਉੱਤਮ ਨਮੂਨਾ ਹੋ ਨਿਬੜਦੈ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਤੇ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਕਰਦਿਆਂ ਆਏ ਸਾਹਿਤਕਾਰਾਂ ਨੂੰ ਵਾਰੋ-ਵਾਰੀ ਆਵਾਜ਼ ਮਾਰ ਕੇ ਨਵੀਆਂ ਤੇ ਤਾਜ਼ੀਆਂ ਰਚਨਾਵਾਂ ਦਾ ਦੌਰ ਆਰੰਭਿਆ। ਇਸ ਮੌਕੇ ਦਲਜੀਤ ਮਹਿਮੀ (ਕਰਤਾਰਪੁਰ) ਨੇ ਗਾ ਕੇ ਸ਼ਹੀਦੀ ਦਿਹਾੜੇ ਨਾਲ ਸੰਬੰਧਤ ਗੀਤ ਪੇਸ਼ ਕੀਤਾ। ਪ੍ਰਸਿੱਧ ਵਿਅੰਗ ਕਵੀ ਸੋਢੀ ਸੱਤੋ ਵਾਲੀ ਨੇ ਵਿਅੰਗਮਈ ਕਵਿਤਾ ਸੁਣਾ ਕੇ ਰੰਗ ਵੀ ਬੰਨ੍ਹਿਆ ਤੇ ਚਿਹਰਿਆਂ 'ਤੇ ਹਾਸੇ ਦੀਆਂ ਫੁਹਾਰਾਂ ਵੀ ਲਿਆ ਦਿੱਤੀਆਂ। ਕਵੀ ਨਾਨਕ ਚੰਦ ਵਿਰਲੀ ਨੇ ਸਮਾਜ ਦੀਆਂ ਕੁਰੀਤੀਆਂ ਦੀ ਚੀਰ-ਫਾੜ ਕਰਦੀ ਲੰਮੀ ਕਵਿਤਾ ਸੁਣਾਈ। ਗਾਇਕ ਤੇ ਲਿਖਾਰੀ ਲਾਲੀ ਕਰਤਾਰਪੁਰੀ ਨੇ ਆਪਣੀ ਬੁਲੰਦ ਆਵਾਜ਼ 'ਚ 'ਸਾਹਿਬਜ਼ਾਦਿਆਂ' ਨੂੰ ਸਮਰਪਿਤ ਗੀਤ ਸੁਣਾ ਕੇ ਸਭ ਨੂੰ ਉਸ ਸਾਕੇ ਦੇ ਵਹਿਣਾਂ 'ਚ ਹੀ ਵਹਾ ਦਿੱਤਾ। ਮਾਸਟਰ ਸੁਖਦੇਵ ਸਿੰਘ ਗੰਢਵਾਂ ਦੀ ਮਿੱਠੀ ਆਵਾਜ਼ 'ਚ ਵੀ ਸੂਬਾ ਸਰਹੰਦ ਦੀ ਕਚਹਿਰੀ 'ਚ ਹੋਇਆ ਵਾਕਾ ਗੀਤ ਦੇ ਬੋਲਾਂ 'ਚੋਂ ਉਮੜ ਆਇਆ। ਇਸ ਮੌਕੇ ਡਾ. ਮੱਖਣ ਸਿੰਘ ਭੁਲੱਥ ਨੇ ਖੁੱਲ੍ਹੀ ਕਵਿਤਾ ਤੇ ਡਾ. ਕਰਮਜੀਤ ਸਿੰਘ ਨਡਾਲਾ ਨੇ ਕਹਾਣੀ 'ਘੜੀਆਂ' ਸੁਣਾਈ, ਜਿਸ 'ਚ ਵਿਦੇਸ਼ ਗਏ ਨੌਜਵਾਨ ਦਾ ਵਰ੍ਹਿਆਂ ਬਾਅਦ ਉਜੜੇ ਘਰ 'ਚ ਵਾਪਸ ਮੁੜਨ ਦਾ ਬਿਰਤਾਂਤ ਸੀ, ਜਿਸ ਨੂੰ ਹਰ ਇੱਕ ਨੇ ਸੁਣ ਕੇ ਸਲਾਹਿਆ। **—ਡਾ. ਕਰਮਜੀਤ ਸਿੰਘ ਨਡਾਲਾ**

# ਓਮ ਪ੍ਰਕਾਸ਼ ਗਾਸੋ ਨੂੰ ਪੰਜਾਬ ਗੌਰਵ ਦਾ ਸਨਮਾਨ

**ਬਰਨਾਲਾ**-ਸਾਹਿਤ ਦਾ ਮੱਕਾ ਸ਼ਹਿਰ ਬਰਨਾਲਾ ਦੇ ਵਾਸੀ ਅਤੇ ਪ੍ਰਸਿੱਧ ਨਾਵਲਕਾਰ ਓਮ ਪ੍ਰਕਾਸ਼ ਗਾਸੋ ਨੂੰ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਪੰਜਾਬ ਗੌਰਵ ਦਾ ਸਨਮਾਨ ਮਿਲਣ ਨਾਲ ਜਿੱਥੇ ਸਾਹਿਤਕਾਰਾਂ ਵਿਚ ਖ਼ੁਸ਼ੀ ਪਾਈ ਜਾ ਰਹੀ ਹੈ, ਉੱਥੇ ਸਾਹਿਤ ਦੇ ਮੱਕੇ ਦਾ ਨਾਂਅ ਵੀ ਰੌਸ਼ਨ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਨੇ ਓਮ ਪ੍ਰਕਾਸ਼ ਗਾਸੋ ਨੂੰ ਪੰਜਾਬ ਗੌਰਵ ਦੇ ਸਨਮਾਨ ਨਾਲ ਨਿਵਾਜਿਆ ਹੈ। ਇਸ ਸਨਮਾਨ ਵਿਚ ਸਨਮਾਨਿਤ ਸਨਮਾਨ ਚਿੰਨ੍ਹ ਤੋਂ ਇਲਾਵਾ ਇੱਕ ਲੱਖ ਰੁਪਏ ਦੀ ਰਾਸ਼ੀ ਵੀ ਸ਼ਾਮਲ ਹੈ। ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਸ੍ਰੀ ਗਾਸੋ ਨੇ ਹੁਣ ਤੱਕ 85 ਦੇ ਲੱਗਭੱਗ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਹਨ ਅਤੇ ਅਜੇ ਵੀ ਸਾਹਿਤ ਸਫ਼ਰ ਜਾਰੀ ਹੈ। ਸ੍ਰੀ ਗਾਸੋ ਨੂੰ ਸਨਮਾਨ ਮਿਲਣ ਮੌਕੇ ਜਿੱਥੇ ਬਰਨਾਲਾ ਦੀਆਂ ਸਾਹਿਤਕ ਸੰਸਥਾਵਾਂ ਜਿਨ੍ਹਾਂ ਵਿਚ ਪੰਜਾਬੀ ਸਾਹਿਤ ਸਭਾ ਰਜਿ., ਮਾਲਵਾ ਸਾਹਿਤ ਸਭਾ ਰਜਿ., ਲਿਖਾਰੀ ਸਭਾ ਰਜਿ., ਲੇਖਕ ਪਾਠਕ ਸਾਹਿਤ ਸਭਾ ਰਜਿ., ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਰਜਿ., ਇਸਤਰੀ ਲਿਖਾਰੀ ਸਭਾ ਪੰਜਾਬ, ਪੰਜ ਦਰਿਆ ਲੋਕ ਕਲਾ ਮੰਚ ਕਲਾਕਾਰ ਸੰਗਮ ਲੋਕ ਰੰਗ ਸਾਹਿਤ ਸਭਾ ਅਤੇ ਹੋਰ ਸਾਹਿਤ ਸਭਾਵਾਂ ਦੇ ਆਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉੱਥੇ ਸਮੂਹ ਸਾਹਿਤ ਸਭਾਵਾਂ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ ਅਤੇ ਸਕੱਤਰ ਜਨਰਲ ਡਾ. ਲਖਵਿੰਦਰ ਸਿੰਘ ਜੌਹਲ ਦਾ ਧੰਨਵਾਦ ਵੀ ਕੀਤਾ ਹੈ।

# 'ਤ੍ਰਿਕਾਲ-ਸੰਧਿਆ' 'ਤੇ ਵਿਚਾਰ-ਚਰਚਾ



**ਅੰਮ੍ਰਿਤਸਰ**-ਅਜੋਕੀ ਪੰਜਾਬੀ ਕਹਾਣੀ ਵਿਚ ਨਿਵੇਕਲਾ ਸਥਾਨ ਹਾਸਲ ਕਥਾਕਾਰ ਦੀਪ ਦੇਵਿੰਦਰ ਸਿੰਘ ਦੇ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਤ੍ਰਿਕਾਲ-ਸੰਧਿਆ 'ਤੇ ਵਿਚਾਰ-ਚਰਚਾ ਕਰਵਾਈ ਗਈ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਜਨਵਾਦੀ ਲੇਖਕ ਸੰਘ ਵੱਲੋਂ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਕਰਵਾਏ ਇਸ ਅਦਬੀ ਸਮਾਗਮ ਦਾ ਆਗਾਜ਼ ਪ੍ਰਿੰ. ਅੰਕਿਤਾ ਸਹਿਦੇਵ ਅਤੇ ਪ੍ਰਮੁੱਖ ਰੇਡੀਓ ਹੋਸਟ ਸੀਮਾ ਗਰੇਵਾਲ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ।

ਚਰਚਾ ਅਧੀਨ ਪੁਸਤਕ ਉੱਪਰ ਡਾ. ਮੇਘਾ ਸਲਵਾਨ, ਡਾ. ਰੁਪਿੰਦਰ ਕੌਰ ਅਤੇ ਡਾ. ਗੋਪਾਲ ਸਿੰਘ ਬੁੱਟਰ ਨੇ ਆਪੋ-ਆਪਣੇ ਪਰਚੇ ਪੜ੍ਹਦਿਆਂ ਸਾਂਝੀ ਰਾਏ ਉਸਾਰੀ ਕਿ ਬੇਸ਼ੱਕ ਤ੍ਰਿਕਾਲ ਸੰਧਿਆ ਦੀਆਂ ਸਮੁੱਚੀਆਂ ਕਹਾਣੀਆਂ ਆਰਥਿਕ ਮੰਦਹਾਲੀ ਅਤੇ ਪਰਵਾਰਕ ਰਿਸ਼ਤਿਆਂ ਦੇ ਟੁੱਟ-ਭੱਜ ਦੀਆਂ ਕਹਾਣੀਆਂ ਹਨ, ਫਿਰ ਵੀ ਆਸ਼ਾਵਾਦੀ ਹਨ।

ਚਰਚਾ ਵਿੱਚ ਹਿੱਸਾ ਲੈਂਦਿਆਂ ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਦੀਪ ਦੀਆਂ ਕਹਾਣੀਆਂ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਾਲੇ ਉਸਾਰਿਆ ਪੁਲ ਹੈ, ਜਿਸ ਰਾਹੀਂ ਉਹ ਸੰਤਾਲੀ ਦੀ ਵੱਢ-ਟੁੱਕ, ਜਾਤੀ ਪਾੜਾ ਅਤੇ ਧਾਰਮਿਕ ਅਡੰਬਰਾਂ 'ਤੇ ਗਹਿਰੀ ਚੋਟ ਕਰਦਾ ਹੈ। ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਵਧਾਈ ਦਿੰਦਿਆਂ ਕਿਹਾ ਕਿ ਸਮੁੱਚੀਆਂ ਕਹਾਣੀਆਂ ਦੇ ਕਮਾਲ ਦੇ ਦ੍ਰਿਸ਼ ਚਿੱਤਰਣ ਕਰਕੇ ਪਾਤਰ ਸਾਹ ਲੈਂਦੇ ਵੀ ਵਿਖਾਈ ਦਿੰਦੇ ਹਨ।

ਸੁਸ਼ੀਲ ਦੁਸਾਂਝ ਅਤੇ ਡਾ. ਪਰਮਜੀਤ ਸਿੰਘ ਕਲਸੀ ਨੇ ਕਿਹਾ ਕਿ ਦੀਪ ਦੇਵਿੰਦਰ ਕਥਾ ਜੁਗਤਾਂ ਰਾਹੀਂ ਮਾਨਵੀ ਗੁੰਝਲਾਂ ਨੂੰ ਵੱਖਰੇ ਪ੍ਰਤੀਕਾਂ ਨਾਲ ਉਘਾੜਦਾ ਅਤੇ ਸ਼ਿੰਗਾਰਦਾ ਹੈ। ਮੱਖਣ ਕੁਹਾੜ ਅਤੇ ਸ਼ੈਲਿੰਦਰਜੀਤ ਰਾਜਨ ਨੇ ਕਿਹਾ ਕਿ ਕਥਾਕਾਰ ਕੋਲ ਭਾਸ਼ਾ ਦਾ ਸੋਹਜ ਹੈ, ਜਿਸ ਰਾਹੀਂ ਉਹ ਔਖੀਆਂ ਸਥਿਤੀਆਂ ਨੂੰ ਵੀ ਸਹਿਜ ਪੇਸ਼ ਕਰਨ ਦੀ ਜੁਗਤ ਰੱਖਦਾ ਹੈ। ਗੁਰਮੀਤ ਸਿੰਘ ਬਾਜਵਾ, ਡਾ. ਮੋਹਨ, ਡਾ. ਪਰਮਜੀਤ ਬਾਠ, ਮੰਗਤ ਚੰਚਲ, ਸੁਖਦੇਵ ਸਿੰਘ ਆਦਿ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਵਧਾਈ ਦਿੱਤੀ। ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਾਂਝੇ ਤੌਰ 'ਤੇ ਧੰਨਵਾਦ ਕੀਤਾ।

ਇਸ ਸਮੇਂ ਹਰਜੀਤ ਸਿੰਘ ਸੰਧੂ, ਮਨਮੋਹਨ ਢਿੱਲੋਂ, ਸਰਬਜੀਤ ਸੰਧੂ, ਮਨਮੋਹਨ ਸਿੰਘ ਬਾਸਰਕੇ, ਹਰਪਾਲ ਨਾਗਰਾ, ਪ੍ਰਿੰ. ਰਘਬੀਰ ਸਿੰਘ ਸੋਹਲ, ਕੋਮਲ ਸਹਿਦੇਵ, ਮੱਖਣ ਭੈਣੀਵਾਲਾ, ਬਲਜਿੰਦਰ ਮਾਂਗਟ, ਜਸਵੰਤ ਧਾਪ, ਸਕੱਤਰ ਪੁਰੇਵਾਲ, ਸੁਖਬੀਰ ਖੁਰਮਣੀਆਂ, ਸੁਮੀਤ ਸਿੰਘ, ਡਾ. ਕਸ਼ਮੀਰ ਸਿੰਘ, ਬਰਕਤ ਵੋਹਰਾ, ਵਿਜੇ ਅਗਨੀਹੋਤਰੀ, ਨਿਸ਼ਾਨ ਸਿੰਘ ਕਲਾਨੌਰ, ਤਰਲੋਚਨ ਤਰਨ ਤਾਰਨ, ਕਮਲ ਦੁਸਾਂਝ, ਕੁਲਵਿੰਦਰ ਕੌਰ, ਸੁਖਪਾਲ ਕੌਰ, ਹਰਜਿੰਦਰ ਸਿੰਘ, ਅਮਰਪਾਲ, ਪ੍ਰਿੰ. ਅੰਮ੍ਰਿਤ ਲਾਲ ਮੰਨਣ, ਰਾਜਵਿੰਦਰ ਰਾਜ, ਗੁਰਜੀਤ ਕੌਰ ਅਜਨਾਲਾ, ਯੈਸ਼ਮੀਨ ਮਾਹੀ, ਤੇਜਿੰਦਰਪਾਲ ਰਵੀ, ਕੁਲਦੀਪ ਸਿੰਘ, ਗੁਲਸ਼ਨ ਸੱਗੀ, ਵਿਪਨ ਧਵਨ, ਅਜੀਤ ਸਿੰਘ ਨਬੀਪੁਰੀ, ਪਰਮਜੀਤ ਕੌਰ, ਪੂਨਮ ਸ਼ਰਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਹਿਤਕਾਰ ਹਾਜ਼ਰ ਸਨ।

# ਤੁਰ ਗਿਆ 'ਮਾਰਗਰੀਤਾ' ਅਤੇ 'ਵੀਹਾਂ ਦਾ ਨੋਟ' ਦਾ ਸਿਰਜਕ

ਮਾਹਿਲਪੁਰ : ਹੁਸ਼ਿਆਰਪੁਰ ਦਾ ਜਾਇਆ ਅਤੇ ਹੁਣ ਕੈਨੇਡਾ ਵੱਸਦਾ, ਪਰ ਨਿਰੰਤਰ ਜੰਮਣ ਭੋਇੰ ਗੇੜ ਹੀ ਮਾਰਦਾ ਰਹਿਣ ਵਾਲਾ ਪੰਜਾਬੀ ਕਹਾਣੀਕਾਰ, ਰੰਗਕਰਮੀ, ਕਵੀ, ਫਿਲਮ ਕਲਾਕਾਰ, ਸਮਾਜਿਕ ਕਾਰਕੁੰਨ, ਤਰਕਸ਼ੀਲ ਅਤੇ ਵੈਨਕੂਵਰ ਸੱਥ ਤੇ ਪਰਚਾ ਵਤਨ ਦਾ ਕਾਮਾ ਅਮਨਪਾਲ ਸਾਰਾ 66 ਵਰ੍ਹਿਆਂ ਦੀ ਉਮਰੇ, ਵੇਲੇ ਤੋਂ ਕਿਤੇ ਪਹਿਲਾਂ ਸਦੀਵੀ ਉਡਾਰੀ ਮਾਰ, ਸਾਹਿਤਕ ਅਤੇ ਅਗਾਂਹਵਧੂ ਹਲਕਿਆਂ ਦੇ ਪੱਲੇ ਬੇਹੱਦ ਉਦਾਸ ਖਬਰ ਪਾ ਗਿਆ ਹੈ।



ਤਿੰਨ ਦਹਾਕਿਆਂ ਦੇ ਕਰੀਬ ਦੇ ਆਪਣੇ ਸਾਹਿਤਕ ਜੀਵਨ ਵਿੱਚ ਅਮਨਪਾਲ ਨੇ ਤਿੰਨ ਕਹਾਣੀ ਸੰਗ੍ਰਹਿ-ਸਰਦ ਰਿਸ਼ਤੇ (1993), ਵੀਹਾਂ ਦਾ ਨੋਟ (2000), ਡਾਇਮੰਡ ਰਿੰਗ (2006) ਅਤੇ ਇਕ ਕਾਵਿ-ਸੰਗ੍ਰਹਿ-ਦੋ ਮਾਂਵਾਂ ਦਾ ਪੁੱਤਰ (1999) ਪ੍ਰਕਾਸ਼ਤ ਕੀਤੇ।

ਅਮਨਪਾਲ ਦਾ ਜਨਮ 2 ਅਗਸਤ 1957 ਨੂੰ ਹੁਸ਼ਿਆਰਪੁਰ ਵਿੱਚ ਹੋਇਆ। ਸੰਨ 76 ਵਿੱਚ ਉਸ ਨੇ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਬੀ.ਐੱਸ.ਸੀ. ਕੀਤੀ ਅਤੇ ਕੈਨੇਡਾ ਚਲਾ ਗਿਆ। ਤਿੰਨ ਸਾਲ ਕੈਨੇਡਾ ਰਹਿਣ ਤੋਂ ਬਾਅਦ ਉਹ 1979 ਵਿੱਚ ਵਾਪਸ ਭਾਰਤ ਚਲੇ ਗਿਆ। ਸੰਨ 80 ਵਿੱਚ ਜਦ ਫਿਰ ਕੈਨੇਡਾ ਮੁੜਨ ਉਪਰੰਤ ਉਸ ਦਾ ਵਿਆਹ ਸੁਖਜਿੰਦਰ ਕੌਰ ਸ਼ੇਰਗਿੱਲ ਨਾਲ ਹੋਇਆ। ਉਹਨਾਂ ਦੇ ਘਰ ਦੋ ਬੇਟੇ ਪੈਦਾ ਹੋਏ, ਅਜ਼ਾਦ ਪਾਲ ਅਤੇ ਸੂਰਜ ਪਾਲ।

ਸੰਨ 1984 ਵਿੱਚ ਅਮਨਪਾਲ ਵੈਨਕੂਵਰ ਸੱਥ ਵਿੱਚ ਰੰਗਮੰਚ ਕਰਨ ਲੱਗਾ ਅਤੇ ਵੈਨਕੂਵਰ ਸੱਥ ਵੱਲੋਂ ਖੇਡੇ ਬਹੁਤ ਸਾਰੇ ਨਾਟਕਾਂ ਵਿੱਚ ਕੰਮ ਕੀਤਾ, ਨਾਲ ਹੀ ਇਹਨਾਂ ਨਾਟਕਾਂ ਦੀ ਪ੍ਰੋਡਕਸ਼ਨ ਵਿੱਚ ਵੀ ਸਰਗਰਮ ਹਿੱਸਾ ਪਾਇਆ। ਅਮਨਪਾਲ ਨੇ ਵੈਨਕੂਵਰ ਸੱਥ ਦੇ ਜਿਹਨਾਂ ਨਾਟਕਾਂ ਵਿੱਚ ਕਮਾਲ ਦਾ ਕੰਮ ਕੀਤਾ, ਉਹ ਸਨ ਪਿਕਟ ਲਾਈਨ (ਅੰਗਰੇਜ਼ੀ ਅਤੇ ਪੰਜਾਬੀ), ਲੱਤਾਂ ਦੇ ਭੂਤ, ਹਵੇਲੀਆਂ ਤੇ ਪਾਰਕਾਂ, ਜ਼ਹਿਰ ਦੀ ਫਸਲ, ਮਲੂਕੇ ਦਾ ਵਿਸ਼ਵ ਵਿਦਿਆਲਾ, ਨਿੱਕੀ ਜਿਹੀ ਗੱਲ ਨਹੀਂ, ਤੂਤਾਂ ਵਾਲਾ ਖੂਹ ਅਤੇ ਏ ਕਰਾਪ ਆਫ ਪੁਆਜਿਨ (ਜ਼ਹਿਰ ਦੀ ਫਸਲ ਦਾ ਅੰਗਰੇਜ਼ੀ ਰੂਪ)। ਇਹ ਨਾਟਕ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਅਤੇ ਸੂਬਿਆਂ ਵਿੱਚ ਖੇਡੇ ਗਏ।

ਸੰਨ 1989 ਵਿੱਚ ਜਦ ਸਾਹਿਤਕ ਮੈਗਜ਼ੀਨ ਵਤਨ ਸ਼ੁਰੂ ਹੋਇਆ, ਤਦ ਉਸ ਸਾਧੂ ਵਿਨਿੰਗ ਅਤੇ ਸੁਖਵੰਤ ਹੁੰਦਲ ਵਰਗੇ ਅਗਾਂਹਵਧੂਆਂ ਨਾਲ ਵਤਨ ਦੀ ਸੰਪਾਦਕੀ/ਪ੍ਰਬੰਧਕੀ ਕਾਰਜ 1995 ਤੱਕ ਨਿਭਾਇਆ।

ਵਤਨ ਵਿੱਚ ਕੰਮ ਕਰਦਿਆਂ ਅਮਨਪਾਲ ਨੇ ਲੋਕ-ਸਰੋਕਾਰਾਂ ਨੂੰ ਸੰਬੋਧਿਤ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਸਿਰਜਣਾ ਦੇ ਜੁਲਾਈ-ਸਤੰਬਰ 1996 ਦੇ ਅੰਕ ਵਿੱਚ ਅਮਨਪਾਲ ਦੀ ਕਹਾਣੀ "ਵੀਹਾਂ ਦਾ ਨੋਟ" ਛਪੀ।

'ਵੀਹਾਂ ਦਾ ਨੋਟ' ਕਹਾਣੀ ਨੇ ਨਾ ਸਿਰਫ ਮਨੁੱਖੀ ਸੰਵੇਦਨਾ ਨੂੰ ਹਲੂਣ ਕੇ ਰੱਖ ਦਿੱਤਾ, ਸਗੋਂ ਸਾਰਾ ਵੀ ਇੱਕ ਨਾਮਣੇ ਵਾਲੇ ਕਹਾਣੀਕਾਰ ਵਜੋਂ ਸਥਾਪਤ ਹੋ ਗਿਆ। ਸਿਰਜਣਾ ਦੇ ਕਵਰ 'ਤੇ ਸਿਰਜਣਾ ਦੇ ਸੰਪਾਦਕ ਰਘਬੀਰ ਸਿੰਘ ਨੇ ਇਸ ਕਹਾਣੀ ਦੀ ਪਛਾਣ ਕਰਾਉਂਦਿਆਂ ਲਿਖਿਆ ਸੀ, "ਇਕ ਸਮਰੱਥ ਕਹਾਣੀਕਾਰ ਵਜੋਂ ਕੈਨੇਡੀਅਨ ਲੇਖਕ ਅਮਨਪਾਲ ਸਾਰਾ ਦੀ ਪਛਾਣ : ਕਹਾਣੀ ਵੀਹਾਂ ਦਾ ਨੋਟ"। ਧੁਨੰਤਰ ਵਿਚਾਰਕ ਪੇਪਰ ਸਿਰਜਣਾ ਦੇ ਸੰਪਾਦਕ ਦੀ ਇਹ ਸੰਖੇਪ ਟਿੱਪਣੀ ਇਸ ਗੱਲ ਦਾ ਐਲਾਨ ਸੀ ਕਿ ਹੁਣ ਸਾਡਾ ਅਮਨਪਾਲ ਪੰਜਾਬੀ ਦਾ ਇਕ ਸਥਾਪਤ ਕਹਾਣੀਕਾਰ ਬਣ ਗਿਆ ਹੈ।

ਵਤਨ ਵਿੱਚ ਕੰਮ ਕਰਦਿਆਂ ਅਮਨਪਾਲ ਨੇ ਲਾਲਾ ਹਰਦਿਆਲ ਦੇ ਮਸ਼ਹੂਰ ਲੇਖ "ਕੰਪੈਰੇਟਿਵ ਰਿਲੀਜਨ" ਦਾ "ਤੁਲਨਾਤਮਕ ਧਰਮ" ਦੇ ਨਾਂਅ ਹੇਠ ਪੰਜਾਬੀ ਵਿੱਚ ਅਨੁਵਾਦ ਕੀਤਾ ਸੀ।

ਵੈਨਕੂਵਰ ਸੱਥ ਦੇ ਮੈਂਬਰ ਵਜੋਂ ਅਮਨਪਾਲ ਸਿਰਫ ਸੱਥ ਦੇ ਰੰਗਮੰਚ ਅਤੇ ਵਤਨ ਵਿੱਚ ਹੀ ਕੰਮ ਨਹੀਂ ਕਰਦਾ ਸੀ, ਸਗੋਂ ਸੱਥ ਵੱਲੋਂ ਕੀਤੇ ਹੋਰ ਪ੍ਰੋਜੈਕਟਾਂ ਵਿੱਚ ਵੀ ਕੀਮਤੀ ਯੋਗਦਾਨ ਪਾਉਂਦਾ ਸੀ। ਉਦਾਹਰਨ ਲਈ ਸੰਨ 1989 ਵਿੱਚ ਸਾਧੂ ਸਿੰਘ ਧਾਮੀ ਦੇ ਨਾਵਲ ਮਲੂਕਾ ਨੂੰ ਕੈਨੇਡਾ ਵਿੱਚ ਰਿਲੀਜ਼ ਕਰਨ ਦੇ ਪ੍ਰੋਜੈਕਟ ਵਿੱਚ ਅਮਨਪਾਲ ਨੇ ਕਾਫੀ ਕੰਮ ਕੀਤਾ ਸੀ। ਇਸੇ ਹੀ ਤਰ੍ਹਾਂ ਅਮਨਪਾਲ ਵੈਨਕੂਵਰ ਸੱਥ ਵੱਲੋਂ ਕੱਢੇ ਮੈਗਜ਼ੀਨ 'ਅੰਕੁਰ' ਦੀ ਟੀਮ ਦਾ ਵੀ ਮੈਂਬਰ ਸੀ।

ਸੱਥ ਅਤੇ ਵਤਨ ਤੋਂ ਬਿਨਾਂ ਅਮਨਪਾਲ ਵੈਨਕੂਵਰ ਦੇ ਇਲਾਕੇ ਵਿੱਚ ਹੁੰਦੀਆਂ ਸਾਹਿਤਕ ਸਰਗਰਮੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਸੀ। ਆਪਣੇ ਸਾਹਿਤਕ ਸਫਰ ਦੌਰਾਨ ਉਹ ਵੈਨਕੂਵਰ ਦੇ ਇਲਾਕੇ ਵਿਚਲੀ ਲੇਖਕਾਂ ਦੀ 50 ਸਾਲ ਪੁਰਾਣੀ ਸੰਸਥਾ ਪੰਜਾਬੀ ਲੇਖਕ ਮੰਚ ਦਾ ਸਰਗਰਮ ਮੈਂਬਰ ਰਿਹਾ ਸੀ।

ਨਾਟਕਾਂ ਤੋਂ ਬਿਨਾਂ ਅਮਨਪਾਲ ਨੇ ਫਿਲਮਾਂ ਵੀ ਬਣਾਈਆਂ। ਉਸ ਦੀ ਪਹਿਲੀ ਫਿਲਮ 'ਓਹਲਾ' ਸੀ, ਜਿਸ ਵਿੱਚ ਉਸ ਨਾਲ ਰਮਾ ਵਿੱਜ ਨੇ ਮੁੱਖ ਭੂਮਿਕਾ ਨਿਭਾਈ ਸੀ। ਉਸ ਤੋਂ ਬਾਅਦ ਸੰਨ 2001 ਵਿੱਚ ਉਸ ਨੇ 'ਗੁਲਦਸਤਾ' ਨਾਂਅ ਦੀ ਫਿਲਮ ਬਣਾਈ।

ਡੇਢ-ਦੋ ਦਹਾਕੇ ਪਹਿਲਾਂ ਅਮਨਪਾਲ ਨੂੰ ਪਾਰਕਿਨਸਨ ਬਿਮਾਰੀ ਹੋਣ ਦਾ ਪਤਾ ਲੱਗਾ ਸੀ। ਇਸ ਬਿਮਾਰੀ ਨੇ ਹੌਲੀ-ਹੌਲੀ ਉਸ ਦੀ ਲਿਖਣ ਦੀ ਅਤੇ ਸਾਹਿਤਕ ਸਰਗਰਮੀਆਂ ਵਿੱਚ ਸ਼ਾਮਲ ਹੋਣ ਦੀ ਸਮਰੱਥਾ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ, ਅਖੀਰ ਇਹ ਪ੍ਰਤਿਭਾਵਾਨ ਯੁੱਧ ਸਾਥੀ, ਲੰਬੇ ਸਮੇਂ ਲਈ ਬੇਹੱਦ ਸਰੀਰਕ ਪੀੜਾ ਹੰਢਾਉਣ ਲਈ ਮੰਜੇ 'ਤੇ ਢਹਿ ਪਿਆ।

ਅਮਨਪਾਲ ਦੀ ਇਸ ਸੰਸਾਰ ਤੋਂ ਵਿਦਾਇਗੀ ਸਮੇਂ ਉਸ ਦੇ ਸਾਹਿਤਕ ਅਤੇ ਰੰਗਮੰਚੀ ਜੀਵਨ 'ਤੇ ਇਹ ਸੰਖੇਪ ਝਾਤ ਇਹ ਦਰਸਾਉਂਦੀ ਹੈ ਕਿ ਉਸ ਦਾ ਪੰਜਾਬੀ ਸਾਹਿਤ, ਖਾਸ ਕਰਕੇ ਕੈਨੇਡਾ ਦੇ ਪੰਜਾਬੀ ਸਾਹਿਤ ਵਿੱਚ ਇਕ ਮਹੱਤਵਪੂਰਨ ਥਾਂ ਹੈ। ਉਸ ਨੇ ਕੈਨੇਡਾ ਵਿੱਚ ਪੰਜਾਬੀ ਰੰਗਮੰਚ ਨੂੰ ਪ੍ਰਫੁੱਲਤ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਉਸ ਵੱਲੋਂ ਕੀਤੇ ਇਸ ਸਾਹਿਤਕ ਕਾਰਜ ਨੂੰ ਸਲਾਮ।

ਦੱਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਬੇਹੱਦ ਚਰਚਿੱਤ ਹੋਈ ਕਹਾਣੀ, ਜਿਹੜੀ ਪਾਕਿਸਤਾਨ ਦੀ ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਦਾ ਵੀ ਹਿੱਸਾ ਬਣੀ, ਦੇ ਦੋ ਮੁੱਖ ਪਾਤਰ ਮਾਹਿਲਪੁਰ ਖਿੱਤੇ ਦੇ ਮਕਬੂਲ ਪਿੰਡ ਬਾਹੋਵਾਲ ਅਤੇ ਬੰਬੇਲੀ ਦੇ ਨਾਂਅ ਬਦਲਵੇਂ ਜਾਏ ਹਨ। ਅਮਨਪਾਲ ਦੀ ਮਾਂ ਬੀਬੀ ਗੁਰਮੀਤ ਕੌਰ ਸਾਰਾ ਗਦਰੀ ਸ਼ਹੀਦ ਭਾਈ ਵੀਰ ਸਿੰਘ ਬਾਹੋਵਾਲ ਦੀ ਪੋਤੀ ਅਤੇ ਬਹੁਪਰਤੀ ਦੇਸ਼ ਭਗਤ ਜਰਨੈਲ ਮੂਲਾ ਸਿੰਘ ਬਾਹੋਵਾਲ ਦੀ ਧੀ ਹੈ। ਉੱਜਲ ਦੁਸਾਂਝ ਇਸ ਦਾ ਮਸੇਰ ਹੈ। ਜਿੱਥੇ ਇਸ ਦਾ ਬਾਪ ਸਵ. ਹਰਨੌਨਿਹਾਲ ਸਿੰਘ ਸਿਰਫ ਹੁਸ਼ਿਆਰਪੁਰ ਜ਼ਿਲ੍ਹੇ ਦਾ ਉੱਘਾ ਵਿੱਦਿਆ ਦਾਨੀ ਸੀ, ਉਥੇ ਉਸ ਦੀ ਅਤੇ ਅਮਨਪਾਲ ਸਾਰਾ ਦੀ ਪ੍ਰੇਰਨਾ ਨਾਲ ਇਸ ਸਮਾਜ ਸੇਵੀ ਟੱਬਰ ਨੇ ਪਿੱਛੇ ਜਿਹੇ ਬੰਬੇਲੀ ਪਿੰਡ ਦੇ ਸਰਕਾਰੀ ਸਕੂਲ ਦੀ ਬਿਹਤਰੀ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ 31 ਲੱਖ, ਇੱਕ ਵੱਡੀ ਰਕਮ ਦਾ ਸਹਿਯੋਗੀ ਹਿੱਸਾ ਪਾਇਆ।

ਮੇਰੇ ਸੰਵਾਦੀ ਸਾਥੀ ਅਮਨ ਪਾਲ! ਭਾਵੇਂ ਤੂੰ ਸਮੇਂ ਤੋਂ ਕਿਤੇ ਪਹਿਲਾਂ ਤੁਰ ਗਿਆਂ, ਪਰ ਸਾਡੇ ਚੇਤਿਆਂ ਵਿੱਚ ਤੂੰ ਸਦਾ ਜ਼ਿੰਦਾ ਰਹੇਂਗਾ।

**—ਵਿਜੈ ਬੰਬੇਲੀ**

# ਸਮਕਾਲ

## ਸੰਗਰਾਮੀ ਲਹਿਰ : ਜਨਵਰੀ 2023




ਨਵੇਂ ਸਾਲ ਦੇ ਇਸ ਪਲੇਠੇ ਅੰਕ ਦੇ ਮੁੱਖ ਪੰਨੇ 'ਤੇ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ ਸਤਰਾਂ ਅਤੇ ਉਹਨਾਂ ਸਤਰਾਂ ਦੀ ਹਾਣੀ ਤਸਵੀਰ ਧਿਆਨ ਖਿੱਚਦੀ ਹੈ। ਸੰਸਾਰ ਨੂੰ ਚੰਗਾ ਬਣਾਉਣ ਲਈ ਜੂਝਦੇ ਰਹਿਣ ਦਾ ਅਹਿਦ ਅਤੇ ਲੋੜ ਵਾਲੀ ਸੰਪਾਦਕੀ ਹੈ। ਸਟਾਲਿਨ ਦੀ ਦੇਣ, ਕਾਰਪੋਰੇਟ ਲੁੱਟ ਦੇ ਸੰਦ, ਕਿਸਾਨੀ ਘੋਲ ਦਾ ਦੂਜਾ ਪੜਾਅ, ਚੋਣ ਵਿਸ਼ਲੇਸ਼ਣ ਆਦਿ ਵਿਸ਼ਿਆਂ ਬਾਰੇ ਲੇਖ ਹਨ। ਕਿਸਾਨੀ ਸੰਘਰਸ਼, ਸੰਪਾਦਕੀ ਟਿੱਪਣੀਆਂ, ਕੌਮਾਂਤਰੀ ਪਿੜ ਆਦਿ ਕਾਲਮ ਵੀ ਹਨ। ਮੋਹਨ ਲਾਲ ਫਿਲੌਰੀਆ ਦੀ ਬਹੁਤ ਚਿਰ ਪਹਿਲਾਂ ਲਿਖੀ ਕਹਾਣੀ 'ਮੋਚੀ ਦਾ ਪੁੱਤ' ਅਤੇ ਵੱਖ-ਵੱਖ ਕਵੀਆਂ ਦੀਆਂ ਕਵਿਤਾਵਾਂ ਅੰਕ ਨੂੰ ਸਾਹਿਤਕ ਦਿੱਖ ਪ੍ਰਦਾਨ ਕਰਦੀਆਂ ਹਨ। ਮੱਖਣ ਕੁਹਾੜ ਤੇ ਸੁਖਵਿੰਦਰ ਅੰਮ੍ਰਿਤ ਦੀਆਂ ਗਜ਼ਲਾਂ ਵਿਸ਼ੇਸ਼ ਹਨ। ਸੰਸਾਰ ਪੱਧਰ ਦੀਆਂ ਸਰਗਰਮੀਆਂ ਵੀ ਇਸ ਅੰਕ ਦਾ ਹਿੱਸਾ ਹਨ।

ਪੰਨੇ : 44, ਮੁੱਲ : 20 ਰੁਪਏ, ਸੰਪਾਦਕ : ਮੰਗਤ ਰਾਮ ਪਾਸਲਾ, ਸੰਪਰਕ : ਸ਼ਹੀਦ ਸਰਵਣ ਸਿੰਘ ਚੀਮਾ, ਮੈਮੋਰੀਅਲ ਭਵਨ, 352/1, ਗੜ੍ਹਾ, ਜਲੰਧਰ-144001 (ਮੋ:) 99153-12806

## ਲੋਕ ਲਹਿਰ : ਜਨਵਰੀ 2023




ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਬੁਲਾਰਾ ਇਹ ਨਵੇਂ ਸਾਲ 'ਚ ਨਵਾਂ ਅੰਕ ਲੈ ਕੇ ਹਾਜ਼ਰ ਹੈ। ਦਸੰਬਰ ਚੋਣ ਨਤੀਜਿਆਂ ਤੇ ਸੰਪਾਦਕੀ ਟਿੱਪਣੀਆਂ ਹਨ। ਪੋਲਿਟ ਬਿਊਰੋ ਦੇ ਫੈਸਲਿਆਂ ਦੀ ਜਾਣਕਾਰੀ, ਪੰਜਾਬ ਦੇ ਰਾਜਸੀ ਹਾਲਾਤ, ਸਿੱਖਿਆ ਖੇਤਰ 'ਚ ਫਿਰਕਾਪ੍ਰਸਤੀ, ਸਟਾਲਿਨ ਬਾਰੇ ਅਤੇ ਹੋਰ ਜਾਣਕਾਰੀ ਵਾਲੇ ਲੇਖ ਵੀ ਹਨ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਲਹਿੰਬਰ ਸਿੰਘ ਤੱਗੜ, ਸੰਪਰਕ : ਬਾਬਾ ਕਰਮ ਸਿੰਘ ਚੀਮਾ ਭਵਨ, ਸੈਕਟਰ 30-ਬੀ, ਚੰਡੀਗੜ੍ਹ, (ਮੋ:) 94651-05372

## ਪੰਖੜੀਆਂ : ਜਨਵਰੀ 2023




ਪੰਜਾਬ ਸਕੂਲ ਸਿੱਖਿਆ ਬੋਰਡ ਦਾ ਇਹ ਮਾਸਿਕ ਬੁਲਾਰਾ ਬੱਚਿਆਂ ਨੂੰ ਸਮਰਪਿਤ ਹੈ। ਸੰਪਾਦਕੀ ਸਮੇਂ ਦੀ ਕਦਰ ਕਰਨ ਦੀ ਨਸੀਹਤ ਕਰਦੀ ਹੈ। ਗੁਰੂ ਗੋਬਿੰਦ ਸਿੰਘ, ਗਣਤੰਤਰ ਦਿਵਸ, ਸਰਦਾਰ ਪਟੇਲ, ਬੁਝਾਰਤਾਂ, ਲੋਕ ਕਹਾਣੀਆਂ ਅਤੇ ਹੋਰ ਦਿਲਚਸਪ ਸਮੱਗਰੀ ਹੈ, ਜੋ ਬੱਚਿਆਂ ਦੀਆਂ ਮਾਨਸਿਕ ਲੋੜਾਂ ਦੀ ਪੂਰਤੀ ਕਰਦੀ ਨਜ਼ਰ ਆਉਂਦੀ ਹੈ। ਬਾਲ ਕਵਿਤਾਵਾਂ ਅਤੇ ਬਾਲ ਕਹਾਣੀਆਂ ਵੀ ਹਨ। ਬੱਚਿਆਂ ਦੀ ਬੁੱਧੀ ਤੀਖਣ ਕਰਨ ਹਿੱਤ ਮੁਕਾਬਲਾ ਕਾਲਮ ਵੀ ਹਮੇਸ਼ਾ ਵਾਂਗ ਹਾਜ਼ਰ ਹੈ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

## ਪ੍ਰਾਇਮਰੀ ਸਿੱਖਿਆ : ਜਨਵਰੀ 2023




ਇਸ ਅੰਕ ਦੀ ਸੰਪਾਦਕੀ ਨਵੇਂ ਸਾਲ ਵਿੱਚ ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਦੀ ਕਾਮਨਾ ਹੈ। ਪੈਂਤੀ ਅੱਖਰੀ ਕਵਿਤਾ ਨਾਲ ਸ਼ੁਰੂ ਹੋਇਆ ਇਹ ਅੰਕ ਰੁੱਖਾਂ ਬਾਰੇ, ਕਿਤਾਬਾਂ ਬਾਰੇ, ਕਹਾਣੀਆਂ, ਲੋਕ ਕਹਾਣੀਆਂ ਅਤੇ ਹੋਰ ਅਜਿਹੀ ਸਮੱਗਰੀ ਵੀ ਹੈ, ਜੋ ਪ੍ਰਾਇਮਰੀ ਸਿੱਖਿਆ ਨਾਲ ਜੁੜੇ ਬੱਚਿਆਂ ਲਈ ਰੌਚਿਕ ਵੀ ਹੈ ਤੇ ਗਿਆਨ-ਵਰਧਕ ਵੀ।

ਪੰਨੇ : 32, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

*- ਹਰਜਿੰਦਰ ਅਟਵਾਲ (ਡਾ.)*

# ਪਾਠਕਾਂ ਦੇ ਝਰੋਖੇ 'ਚੋਂ

## ਮੁਲਾਕਾਤ

15 ਜਨਵਰੀ ਦੇ 'ਐਤਵਾਰਤਾ' ਵਿਚ ਦਲਵੀਰ ਕੌਰ ਦੀ ਹਰਬਖਸ਼ ਮਕਸੂਦਪੁਰੀ ਨਾਲ ਮੁਲਾਕਾਤ ਜ਼ਿੰਦਗੀ ਦੀ ਪੈੜਚਾਲ ਨਾਲ ਇਕ ਸੁਰ ਹੁੰਦੀ ਲੱਗੀ। ਹਰਬਖਸ਼ ਮਕਸੂਦਪੁਰੀ ਦਾ ਜ਼ਿੰਦਗੀ ਜਿਉਣ ਦਾ ਨਜ਼ਰੀਆ ਮੁਲਾਕਾਤ ਵਿੱਚੋਂ ਸਪੱਸ਼ਟ ਹੁੰਦਾ ਹੈ ਸੁੱਖ-ਦੁੱਖ, ਜ਼ਿੰਦਗੀ-ਮੌਤ, ਅਗਲਾ ਜਨਮ, ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਜੀਵਨ ਸਿਧਾਂਤ, ਇਸ਼ਕ-ਮਿਜ਼ਾਜ਼ੀ ਤੇ ਇਸ਼ਕ-ਹਕੀਕੀ ਹੋਰ ਕਿੰਨੇ ਸਾਲ ਜਿਉਣ ਦੀ ਤਾਂਘ ਜਿਹੇ ਪਿਆਰੇ ਤੇ ਸੁਹਜਵਾਦੀ ਸਵਾਲਾਂ ਨੇ ਮੁਲਾਕਾਤ ਨੂੰ ਰਸਦਾਇਕ ਬਣਾ ਦਿੱਤਾ। ਇਸ ਕਿਸ਼ਤ ਵਿਚ ਤੀਹ ਕੁ ਸਵਾਲ ਪੜ੍ਹੇ। ਸਾਰੇ ਸਵਾਲ ਬਹੁਤ ਮਿਆਰੀ ਲੱਗੇ। ਮਕਸੂਦਪੁਰੀ ਨੇ ਜ਼ਿੰਦਗੀ ਨੂੰ ਤਰਕਸ਼ੀਲ ਨਜ਼ਰੀਏ ਨਾਲ ਜਿਉਣ ਦਾ ਸੰਦੇਸ਼ ਦਿੱਤਾ। ਇਸ ਮੁਲਾਕਾਤ ਦੀ ਅਗਲੀ ਕਿਸ਼ਤ ਵਿਚ ਹੋਰ ਦਾਰਸ਼ਨਿਕ ਸਵਾਲਾਂ ਦੀ ਉਡੀਕ ਹੈ। ਇਨ੍ਹਾਂ ਸਵਾਲਾਂ ਵਿਚ ਮਕਸੂਦਪੁਰੀ ਦੇ ਰਚੇ ਸਾਹਿਤ ਦੀ ਗੱਲ ਘੱਟ ਹੋਈ ਹੈ, ਨਾ ਹੀ ਘਰ ਪਰਵਾਰ ਬਾਰੇ ਤੇ ਸਾਹਿਤ ਸਿਰਜਨਾ ਦੀ ਜਾਣਕਾਰੀ ਮਿਲੀ ਹੈ। ਉਮੀਦ ਹੈ ਕਿ ਇਹ ਕੁਝ ਹਰ ਸਵਾਲ ਅਗਲੀ ਕਿਸ਼ਤ ਵਿਚ ਜਾਣ ਸਕਾਂਗੇ। ਬਹੁਤੇ ਸਵਾਲ ਦਾਰਸ਼ਨਿਕ ਕਿਸਮ ਦੇ ਹਨ। ਨਿੰਦਰ ਘੁਗਿਆਣਵੀ 2023 ਦੇ ਤੋਹਫੇ ਵਿਚ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਉੱਘੇ ਸਾਹਿਤਕਾਰਾਂ ਦੇ ਲੇਖਾਂ ਦੀ ਸੰਪਾਦਿਤ ਕਿਤਾਬ ਮਿਲਣੀ ਬਹੁਤ ਵੱਡੀ ਮਾਅਰਕੇ ਦੀ ਗੱਲ ਹੈ। ਇਸ ਲਈ ਨਿੰਦਰ ਘੁਗਿਆਣਵੀ ਨੂੰ ਮੁਬਾਰਕਾਂ। ਖੁਸ਼ੀ ਹੈ ਕਿ ਨਿੰਦਰ ਘੁਗਿਆਣਵੀ ਦੀਆਂ ਚਾਰ-ਪੰਜ ਕਿਤਾਬਾਂ ਛਪ ਰਹੀਆਂ ਹਨ। ਖਤਾਂ ਦੀ ਕਿਤਾਬ ਬਾਰੇ ਉਹ ਕੁਝ ਸਮੇਂ ਤੋਂ ਯੋਜਨਾ ਬਣਾ ਰਿਹਾ ਸੀ। ਉਸ ਵੇਲੇ ਮੇਰੇ ਨਾਲ ਫੋਨ 'ਤੇ ਗੱਲਬਾਤ ਵੀ ਹੋਈ ਸੀ। ਖਤਾਂ ਦੀ ਵਿਰਾਸਤ ਨੂੰ ਸਾਂਭਣਾ ਬਹੁਮੁੱਲੀ ਦੇਣ ਹੈ ਪੰਜਾਬੀ ਸਮਾਜ ਤੇ ਸੱਭਿਆਚਾਰ ਨੂੰ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਆਪਣੇ ਪਰਵਾਰ ਬਾਰੇ ਜਾਣਕਾਰੀ ਦਿੱਤੀ ਹੈ ਕਿ ਡਾ. ਦੀਪਤੀ ਦਾ ਪਰਵਾਰ ਸੰਤਾਲੀ ਦੀ ਵੰਡ ਵੇਲੇ ਪਾਕਿਸਤਾਨ ਤੋਂ ਇਧਰ ਆਇਆ ਸੀ। ਉਸ ਭਿਆਨਕ ਸਾਲ ਵਿਚ ਲੱਖਾਂ ਲੋਕ ਉੱਜੜ ਗਏ ਸੀ ਜੋ ਥਾਂ ਸਿਰ ਹੋਣ ਲਈ ਤਰਲੋਮੱਛੀ ਹੁੰਦੇ ਰਹੇ। ਪੰਜਾਬ ਵਿਚ ਅਫਸਰਸ਼ਾਹੀ ਦੀ ਹੜਤਾਲ ਬਾਰੇ ਤੇ ਸਰਕਾਰ ਵੱਲੋਂ ਸਖਤੀ ਦਾ ਰੁਖ ਅਪਨਾਉਣ ਪਿੱਛੋਂ ਹੜਤਾਲ ਦੀ ਵਾਪਸੀ ਨੇ ਪੰਜਾਬ ਵਿਚ ਜੋ ਹਾਲਾਤ ਪੈਦਾ ਕੀਤੇ, ਉਸ ਦੀ ਚਰਚਾ ਸਿਆਸੀ ਧਿਰਾਂ ਵਿਚ ਕੁਝ ਸਮਾਂ ਹੁੰਦੀ ਰਹੀ ਹੈ। ਅਸਲ ਵਿਚ ਅਫਸਰ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ। ਸਰਕਾਰ ਤੇ ਅਫਸਰਾਂ 'ਚ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਲੋਕਾਂ ਦਾ ਭਲਾ ਵੀ ਇਸੇ ਵਿੱਚ ਹੈ, ਲੋਕ ਖਰਾਬ ਨਾ ਹੋਣ, ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਤੇ ਅਫਸਰਾਂ ਦੀ ਸਾਂਝੀ ਹੈ। ਕਿਤਾਬਾਂ ਵਾਲੇ ਪੰਨੇ 'ਤੇ ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਕੁਲਵੰਤ ਦੀਆਂ ਦੋ ਲੰਮੀਆਂ ਕਵਿਤਾਵਾਂ ਬਾਰੇ ਵਿਚਾਰ ਬਹੁਤ ਸੂਖਮਤਾ ਨਾਲ ਲਿਖੇ ਹਨ। ਕਵਿਤਾਵਾਂ ਦਾ ਬੌਧਿਕ ਪੱਖ ਸਮਝਣ ਤੇ ਵਿਚਾਰਨ ਵਾਲਾ ਹੈ। ਖੁੱਲ੍ਹੀ ਪੰਜਾਬੀ ਕਵਿਤਾ ਵਿਚ ਖਿਆਲ ਹੀ ਮੁੱਖ ਸੁਰ ਹੁੰਦਾ ਹੈ। ਇਸ ਅੰਦਰਲੀ ਬੌਧਿਕ ਤੱਕ ਪਹੁੰਚਣਾ ਕੇਵਲ ਬੌਧਿਕਵਾਦੀ ਪਾਠਕਾਂ ਦਾ ਹੀ ਕਾਰਜ ਰਹਿ ਜਾਂਦਾ ਹੈ। ਇਸ ਕਿਸਮ ਦੀ ਕਵਿਤਾ ਦੇ ਪਾਠਕ ਸਧਾਰਨ ਪਾਠਕ ਨਹੀਂ ਹੋ ਸਕਦੇ। ਹੁਣ ਦੀ ਪੰਜਾਬੀ ਕਵਿਤਾ ਦੀ ਇਹ ਪ੍ਰਮੁੱਖ ਧਾਰਾ ਬਣ ਗਈ ਹੈ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਨਮਸਕਾਰ

8 ਜਨਵਰੀ ਦਾ 'ਐਤਵਾਰਤਾ' ਪੜ੍ਹਿਆ। ਮੁੱਖ ਪੰਨੇ 'ਤੇ ਮਨਮੋਹਨ ਬਾਵਾ ਲਿਖਤ "ਲਾਓ ਤਸੂ" ਦਾ ਦਰਸ਼ਨ ਪੜ੍ਹਿਆ। ਜੀਵਨ ਸੇਧ ਲਈ ਇਹ ਵਿਚਾਰ ਬਹੁਮੁੱਲੇ ਹਨ। ਜੇਕਰ ਸਾਡੇ ਗ੍ਰੰਥ ਮਨ ਜੀਤੇ ਜਗ ਜੀਤ ਕਹਿੰਦੇ ਹਨ ਤਾਂ ਲਾਓ ਤਸੂ ਵੀ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰਨ ਨੂੰ ਕਹਿੰਦੇ ਹਨ। ਪ੍ਰੋ. ਕੁਲਵੰਤ ਸਿੰਘ ਔਜਲਾ ਹੁਰਾਂ ਨੇ ਜੀਵਨ-ਜਾਚ ਵਿੱਚ ਇਹੋ ਦੱਸਿਆ ਹੈ ਕਿ ਆਪਸੀ ਮੇਲਜੋਲ ਖੁਸ਼ਨੁਮਾ ਜੀਵਨ ਲਈ ਬੇਹੱਦ ਜ਼ਰੂਰੀ ਹੈ। ਜਤਿੰਦਰ ਪਨੂੰ ਹੁਰਾਂ ਨੇ 'ਦ੍ਰਿਸ਼ਟੀਕੋਣ' ਵਿੱਚ ਪੰਜਾਬ ਦੇ ਮੁੱਦਿਆਂ ਦੀ ਗੱਲ ਕੀਤੀ ਹੈ ਕਿ ਪਿਛਲੇ ਝਗੜੇ ਹੱਲ ਨਹੀਂ ਹੋਏ, ਨਵੇਂ ਹੋਰ ਤੁਰ ਪਏ ਹਨ, ਇਸ ਲਈ ਪੰਜਾਬ ਦੀ ਲੀਡਰਸ਼ਿਪ ਸੁਹਿਰਦ ਹੋ ਕੇ ਲੋਕ ਮਸਲੇ ਹੱਲ ਕਰੇ। 'ਸੁਲਘਦੇ ਸਵਾਲ' ਵਿੱਚ ਐਡਵੋਕੇਟ ਗੁਰਮੀਤ ਸਿੰਘ ਸ਼ੁਕਰੀਆ ਹੁਰਾਂ ਨੇ ਵੀ ਬਹੁਤ ਸੰਵੇਦਨਸ਼ੀਲ ਸਮਾਜਿਕ ਮੁੱਦਾ ਚੁੱਕਿਆ ਹੈ। ਵਿਜੈ ਬੰਬੇਲੀ ਨੇ ਪਾਣੀ ਦੇ ਗੰਧਲੇ ਹੋਣ ਦਾ ਮਸਲਾ ਪੇਸ਼ ਕੀਤਾ ਹੈ। ਜੇ ਅਸੀਂ ਹੁਣ ਵੀ ਸੁਚੇਤ ਨਾ ਹੋਏ ਤਾਂ ਪੂਰਾ ਪੰਜਾਬ ਬਿਮਾਰੀ ਦਾ ਘਰ ਬਣ ਜਾਵੇਗਾ। ਡਾ. ਸ਼ਿਆਮ ਸੁੰਦਰ ਦੀਪਤੀ ਹੁਰਾਂ ਨੇ ਥਾਂ-ਥਾਂ ਹੁੰਦੀ ਸਿਆਸਤ ਬਾਰੇ ਵਧੀਆ ਚਾਨਣਾ ਪਾਇਆ ਹੈ। ਅੰਤਲੇ ਪੰਨੇ 'ਤੇ ਡਾ. ਡੀ.ਪੀ ਸਿੰਘ ਹੁਰਾਂ ਦੀ ਮੁਲਾਕਾਤ ਪ੍ਰੇਰਨਾਦਾਇਕ ਸੀ। ਬਾਲ ਪੰਨੇ ਦੀ ਕਲਾਕਾਰੀ ਸ਼ਲਾਘਾਯੋਗ ਹੈ।

**—ਵਿਵੇਕ,**
**ਮਾਨਵਤਾ ਭਵਨ ਕੋਟ ਈਸੇ ਖਾਂ (ਮੋਗਾ)**

## ਮੁਲਾਕਾਤ ਅਤੇ ਪਰਖ ਪੜਚੋਲ

ਜੇਕਰ 'ਨਵਾਂ ਜ਼ਮਾਨਾ' ਦਾ 'ਐਤਵਾਰਤਾ' ਨਾ ਮਿਲੇ ਜਾਂ ਦੇਰ ਬਾਅਦ ਮਿਲੇ ਤਾਂ ਇਉਂ ਲੱਗਦਾ ਰਹਿੰਦਾ ਹੈ ਕਿ ਕੁਝ ਅਧੂਰਾ ਰਹਿ ਗਿਆ ਹੈ। ਜਦੋਂ ਪੜ੍ਹ ਲੈਂਦਾ ਹਾਂ ਤਾਂ ਕੁਝ ਲਿਖਤਾਂ ਪ੍ਰਤੀ ਸਲਾਹੁਣਯੋਗ, ਪ੍ਰੇਰਨਾਦਾਇਕ, ਬਹੁਤ ਜ਼ਿਆਦਾ ਮਹੱਤਵਪੂਰਨ, ਨਵਾਂ ਤੇ ਨਰੋਆਪਣ ਮਹਿਸੂਸ ਹੁੰਦਾ ਹੈ। ਸੰਪਾਦਕ ਨੂੰ ਚੰਗੇ, ਬਹੁਤ ਚੰਗੇ, ਬਹੁਤ-ਬਹੁਤ ਖਾਸ ਅੰਕ ਬਾਰੇ ਖਤ-ਪੱਤਰ ਲਿਖਣਾ ਚਾਹੁੰਦਾ ਹੋਇਆ ਸੋਚਦਾ-ਸੋਚਦਾ ਹੀ ਬਹੁਤ ਦਿਨ ਲੰਘਾ ਦਿੰਦਾ ਹਾਂ।

ਰਾਤ, ਜਿਸ ਦੀ ਸ਼ਾਂਤੀ ਅੰਦਰ, ਪੰਦਰਾਂ ਜਨਵਰੀ ਦੇ ਐਤਵਾਰਤਾ ਅੰਦਰੋਂ ਮਨ-ਪਸੰਦ ਰਚਨਾਵਾਂ 'ਚੋਂ ਮਾਣ-ਸਨਮਾਨ ਵਾਲਾ ਮੇਰੇ ਮਨ 'ਚ ਵਸਿਆ ਇਕ ਕਵੀ ਤੇ ਆਲੋਚਕ ਵਜੋਂ ਸਿਰਫ ਤੇ ਸਿਰਫ ਨਾਂਅ ਹਰਬਖਸ਼ ਮਕਸੂਦਪੁਰੀ ਜੋ ਹੈ, ਦੇ ਉੱਤਰ ਆਪਣੀ ਰੂਹ ਵਿਚ ਉਤਾਰਨ ਦੀ ਸ਼ੁਰੂਆਤ ਕੀਤੀ ਗਈ ਸੀ। ਪ੍ਰਸ਼ਨ-ਕਰਤਾ ਬ-ਕਮਾਲ ਹੈ। ਜਿਸ ਦੀ ਬ-ਦੌਲਤ ਸਰਵੋਤਮ ਉੱਤਰ ਪ੍ਰਾਪਤ ਹੋਏ ਹਨ। ਦਾਰਸ਼ਨਿਕ ਪ੍ਰਸ਼ਨ-ਉੱਤਰ ਹਨ। ਸਿੱਖਿਆ, ਸੇਧ ਵਾਲੇ ਹਨ। ਹੋਰ ਕੁਝ, ਨਹੀਂ ਪੜ੍ਹ ਸਕਿਆ। ਪ੍ਰਸ਼ਨਾਂ-ਉੱਤਰਾਂ ਬਾਰੇ ਸੋਚਦਾ ਹੀ ਸੌਂ ਗਿਆ ਸਾਂ।

ਸੁਬਾ-ਸਵੇਰੇ (ਡਾ.) ਹੀਰਾ ਸਿੰਘ ਵੱਲੋਂ (ਡਾ.) ਸੁਰਜੀਤ ਸਿੰਘ ਭੱਟੀ ਦੀ ਪੁਨਰ ਪ੍ਰਕਾਸ਼ਿਤ ਪੁਸਤਕ 'ਮਾਰਕਸਵਾਦੀ ਸਮੀਖਿਆ ਸਿਧਾਂਤ' ਬਾਰੇ ਕੀਤੀ ਪਰਖ-ਪੜਚੋਲ ਪੜ੍ਹਨੀ ਆਰੰਭ ਕਰ ਦਿੱਤੀ ਸੀ। (ਡਾ.) ਹੀਰਾ ਸਿੰਘ ਨੂੰ ਮੈਂ ਪਿਛਲੇ ਵਰ੍ਹਿਆਂ ਵਿਚ ਦੋ-ਚਾਰ ਵਾਰ ਸਾਹਿਤਕ ਸਮਾਗਮਾਂ ਵਿਚ ਵੇਖਿਆ ਹੈ। ਇਕ ਵਾਰ ਦੋ ਬੋਲ ਵੀ ਸਾਂਝੇ ਕਰਨ ਦਾ ਮੌਕਾ ਮਿਲ ਗਿਆ ਸੀ। ਇਸ ਪਰਖ-ਪੜਚੋਲ ਨੂੰ ਪੜ੍ਹਦਿਆਂ ਉਹਨਾਂ ਪ੍ਰਤੀ ਪਿਆਰ-ਸਤਿਕਾਰ ਵਧਣ ਦੀ ਛੱਲ ਉੱਠੀ ਹੈ। ਇਸ ਦਾ ਕਾਰਨ ਇਹ ਹੈ ਕਿ (ਡਾ.) ਹੀਰਾ ਸਿੰਘ ਨੇ ਪਰਖ-ਪੜਚੋਲ ਵਾਲੀ ਪੁਸਤਕ ਦੀ ਜਾਣਕਾਰੀ ਤੋਂ ਪਹਿਲਾਂ ਇਕ ਨਵੀਂ ਤੇ ਨਰੋਏਪਣ ਵਾਲੀ ਬਹੁਤ ਜ਼ਿਆਦਾ ਮਹੱਤਵਪੂਰਨ ਭੂਮਿਕਾ ਜੋ ਲਿਖੀ ਹੈ। ਇਹ ਸੰਵਾਦ ਰਚਾਉਣ ਵਾਲੀ ਹੈ।

ਸੋ, ਅੰਤ ਵਿਚ ਮੈਨੂੰ ਮਹਿਸੂਸ ਹੋਇਆ ਕਿ ਮਾਣਯੋਗ ਸ਼ਖਸੀਅਤ ਹਰਬਖਸ਼ ਮਕਸੂਦਪੁਰੀ ਦੇ ਉੱਤਰ ਅਤੇ (ਡਾ.) ਹੀਰਾ ਸਿੰਘ ਦੀ ਪਰਖ-ਪੜਚੋਲ ਰਾਹੀਂ (ਡਾ.) ਸੁਰਜੀਤ ਸਿੰਘ ਭੱਟੀ ਦੀ ਪੁਸਤਕ ਵਾਲੇ ਵਿਚਾਰ ਇਕ ਸਿੱਕੇ ਦੇ ਦੋ ਪਾਸੇ ਹਨ, ਜਿਨ੍ਹਾਂ ਵਿਚ ਸਮਾਜ, ਸਾਹਿਤ ਤੇ ਸਿਧਾਂਤ ਅਤੇ ਸ਼ਾਸਤਰ ਦਾ ਸਰੂਪ ਸ਼ਾਮਲ ਹੈ। ਇਹੋ ਹੀ ਅੱਜ ਦੇ ਦੌਰ ਦਾ ਬਹੁਤ ਮਹੱਤਵਪੂਰਨ ਮਹਾਂ-ਪ੍ਰਸੰਗ ਹੈ। ਇਸ ਬਾਰੇ ਨਾ-ਮਾਤਰ ਚਰਚਾ ਚੱਲਦੀ ਹੋਈ ਮਿਲਦੀ ਹੈ, ਜਦੋਂ ਕਿ ਬਹੁਤੀ ਮਾਤਰਾ ਵਿਚ ਚਰਚਾ ਮਿਲੇ-ਇੱਛਾ ਰੱਖਦਾ ਹਾਂ।

**—ਜਸਬੀਰ ਕਲਸੀ ਧਰਮਕੋਟ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਜਿੱਥੇ ਨਿੱਤ ਦੇਸ਼ ਭਗਤੀ ਦਾ ਇਮਤਿਹਾਨ ਦੇਣਾ ਪੈਂਦਾ : ਰਾਣਾ ਆਯੂਬ

ਹਰਬਖ਼ਸ਼ ਮਕਸੂਦਪੁਰੀ ਨਾਲ ਮੁਲਾਕਾਤ-3 : ਦਲਵੀਰ ਕੌਰ

'ਚੰਦਨ ਰੁੱਖ ਤੇ ਨਾਗ' ਦੀ ਪਰਖ ਪੜਚੋਲ : ਡਾ. ਅਸ਼ੋਕ ਕੁਮਾਰ ਖੁਰਾਣਾ

ਪ੍ਰਤੀਨਿਧ ਮਿੰਨੀ ਕਹਾਣੀਆਂ ਅਤੇ ਹੋਰ ਬਹੁਤ ਕੁਝ

22-JAN-PAGE-1.qxd 1/21/2023 9:24 PM Page 1

ਐਤਵਾਰ, 22 ਜਨਵਰੀ, 2023
9 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 233

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • SUNDAY, 22 JANUARY, 2023 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

## ਗੁਰਦਾਸਪੁਰ ਜ਼ਿਲ੍ਹੇ 'ਚ ਭਲਕੇ ਛੁੱਟੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਸਤਿਗੁਰੂ ਸ੍ਰੀ ਬਾਵਾ ਲਾਲ ਦੇ ਜਨਮ ਦਿਹਾੜੇ ਮੌਕੇ 23 ਜਨਵਰੀ (ਸੋਮਵਾਰ) ਨੂੰ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਰਕਾਰੀ ਦਫਤਰਾਂ, ਬੋਰਡਾਂ/ ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਸਥਾਨਕ ਛੁੱਟੀ ਹੋਵੇਗੀ। ਪ੍ਰਸੋਨਲ ਵਿਭਾਗ ਵੱਲੋਂ ਇਸ ਸੰਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ।

## ਬੰਬ ਦੀ ਧਮਕੀ ਤੋਂ ਬਾਅਦ ਮਾਸਕੋ-ਗੋਆ ਹਵਾਈ ਜਹਾਜ਼ ਉਜ਼ਬੇਕਿਸਤਾਨ ਵੱਲ ਮੋੜਿਆ



**ਨਵੀਂ ਦਿੱਲੀ** : ਰੂਸ ਦੀ ਰਾਜਧਾਨੀ ਮਾਸਕੋ ਤੋਂ 240 ਯਾਤਰੀਆਂ ਨਾਲ ਗੋਆ ਆ ਰਹੀ ਉਡਾਣ ਨੂੰ ਬੰਬ ਦੀ ਧਮਕੀ ਤੋਂ ਬਾਅਦ ਸ਼ਨੀਵਾਰ ਤੜਕੇ ਉਜ਼ਬੇਕਿਸਤਾਨ ਵੱਲ ਮੋੜ ਦਿੱਤਾ ਗਿਆ। ਅਜੁਰ ਏਅਰ ਦੇ ਜਹਾਜ਼ ਨੇ ਸਵੇਰੇ 4.15 ਵਜੇ ਦੱਖਣੀ ਗੋਆ ਦੇ ਡਾਬੋਲਿਮ ਹਵਾਈ ਅੱਡੇ 'ਤੇ ਉਤਰਨਾ ਸੀ, ਪਰ ਭਾਰਤੀ ਹਵਾਈ ਖੇਤਰ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਇਸ ਨੂੰ ਉਜ਼ਬੇਕਿਸਤਾਨ ਵੱਲ ਮੋੜ ਦਿੱਤਾ ਗਿਆ। ਅਧਿਕਾਰੀ ਅਨੁਸਾਰ— 'ਡਾਬੋਲਿਮ ਹਵਾਈ ਅੱਡੇ ਦੇ ਨਿਰਦੇਸ਼ਕ ਨੂੰ ਰਾਤ 12.30 ਵਜੇ ਈਮੇਲ ਪ੍ਰਾਪਤ ਹੋਈ, ਜਿਸ 'ਚ ਜਹਾਜ਼ ਵਿੱਚ ਬੰਬ ਹੋਣ ਦਾ ਜ਼ਿਕਰ ਕੀਤਾ ਗਿਆ ਸੀ। ਇਸ ਤੋਂ ਬਾਅਦ ਜਹਾਜ਼ ਨੂੰ ਉਜ਼ਬੇਕਿਸਤਾਨ ਵੱਲ ਮੋੜ ਦਿੱਤਾ ਗਿਆ।' ਜ਼ਿਕਰਯੋਗ ਹੈ ਕਿ ਬੀਤੇ ਕੁਝ ਹਫਤਿਆਂ 'ਚ ਇਹ ਦੂਜਾ ਮਾਮਲਾ ਹੈ, ਜਦ ਗੋਆ ਆਉਣ ਵਾਲੇ ਕਿਸੇ ਜਹਾਜ਼ ਨੂੰ ਇਸ ਤਰ੍ਹਾਂ ਦੇ ਡਰ ਕਾਰਨ ਕਿਤੇ ਹੋਰ ਮੋੜਿਆ ਗਿਆ। ਇਸ ਮਹੀਨੇ ਦੀ ਸ਼ੁਰੂਆਤ 'ਚ ਇਸ ਏਅਰਲਾਈਨਜ਼ ਦੀ ਇੱਕ ਹੋਰ ਚਾਰਟਰ ਉਡਾਣ ਨੂੰ ਬੰਬ ਦੀ ਸੂਚਨਾ ਮਿਲਣ 'ਤੇ ਗੁਜਰਾਤ ਵੱਲ ਮੋੜ ਦਿੱਤਾ ਗਿਆ ਸੀ। ਐਮਰਜੈਂਸੀ ਦੀ ਸਥਿਤੀ 'ਚ ਉਤਰਨ ਵਾਲੇ ਜਹਾਜ਼ 'ਚ 236 ਯਾਤਰਾ ਸਵਾਰ ਸਨ।

## ਮਿਸਰ ਦੇ ਰਾਸ਼ਟਰਪਤੀ ਗਣਤੰਤਰ ਦਿਵਸ ਸਮਾਗਮ 'ਚ ਹੋਣਗੇ ਮੁੱਖ ਮਹਿਮਾਨ



**ਨਵੀਂ ਦਿੱਲੀ** : ਮਿਸਰ ਦੇ ਰਾਸ਼ਟਰਪਤੀ ਅਬਦੁਲ ਫਤਿਹ ਅਲ-ਸੀਸੀ ਭਾਰਤ ਦੇ 74ਵੇਂ ਗਣਤੰਤਰ ਦਿਵਸ ਸਮਾਰੋਹ ਦੇ ਮੁੱਖ ਮਹਿਮਾਨ ਹੋਣਗੇ। ਵਿਦੇਸ਼ ਮੰਤਰਾਲੇ ਨੇ ਸ਼ਨੀਵਾਰ ਕਿਹਾ ਕਿ ਰਾਸ਼ਟਰਪਤੀ ਅਲ-ਸੀਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ 26 ਜਨਵਰੀ ਤੱਕ ਭਾਰਤ ਦਾ ਦੌਰਾ ਕਰ ਰਹੇ ਹਨ। ਪਹਿਲੀ ਵਾਰ ਹੈ, ਜਦੋਂ ਮਿਸਰ ਦੇ ਰਾਸ਼ਟਰਪਤੀ ਨੂੰ ਗਣਤੰਤਰ ਦਿਵਸ 'ਤੇ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਹੈ। ਗਣਤੰਤਰ ਦਿਵਸ ਪਰੇਡ 'ਚ ਮਿਸਰ ਦੀ ਫੌਜ ਦੀ ਟੁਕੜੀ ਵੀ ਹਿੱਸਾ ਲਵੇਗੀ। ਆਪਣੀ ਯਾਤਰਾ ਦੌਰਾਨ ਰਾਸ਼ਟਰਪਤੀ ਅਲ-ਸੀਸੀ ਪ੍ਰਧਾਨ ਮੰਤਰੀ ਮੋਦੀ ਨਾਲ ਨਿੱਜੀ ਅਤੇ ਵਪਾਰਕ ਭਾਈਚਾਰੇ ਨਾਲ ਗੱਲਬਾਤ ਕਰਨਗੇ।

## ਨਰਵਾਲ 'ਚ ਦੋ ਧਮਾਕੇ, 7 ਜ਼ਖ਼ਮੀ

**ਸ੍ਰੀਨਗਰ** : ਜੰਮੂ ਦੇ ਨਰਵਾਲ ਇਲਾਕੇ 'ਚ ਸ਼ਨੀਵਾਰ ਲਗਾਤਾਰ ਸੀਰੀਅਲ ਧਮਾਕੇ ਹੋਏ। ਇਸ ਦੀ ਲਪੇਟ 'ਚ ਆਉਣ ਨਾਲ ਛੇ ਤੋਂ ਜ਼ਿਆਦਾ ਲੋਕਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। ਧਮਾਕੇ ਦੀ ਸੂਚਨਾ ਤੋਂ ਬਾਅਦ ਮੌਕੇ 'ਤੇ ਐੱਸ ਐੱਸ ਪੀ ਸਮੇਤ ਹੋਰ ਏਜੰਸੀਆਂ ਦੇ ਅਧਿਕਾਰੀ ਪਹੁੰਚ ਗਏ। ਰਿਪੋਰਟਾਂ ਮੁਤਾਬਕ ਇਨ੍ਹਾਂ ਧਮਾਕਿਆਂ ਦੀ ਐੱਨ ਆਈ ਏ ਜਾਂਚ ਕਰੇਗੀ। ਇਹ ਧਮਾਕੇ ਜੰਮੂ 'ਚ 'ਭਾਰਤ ਜੋੜੋ' ਯਾਤਰਾ ਦੀ ਐਂਟਰੀ ਤੋਂ ਦੋ ਦਿਨ ਬਾਅਦ ਹੋਏ ਹਨ। ਹਾਲਾਂਕਿ ਧਮਾਕਿਆਂ ਵਾਲੀ ਥਾਂ ਤੋਂ ਯਾਤਰਾ ਹਾਲੇ 58 ਕਿਲੋਮੀਟਰ ਦੂਰ ਹੈ। ਗਣਤੰਤਰ ਦਿਵਸ ਅਤੇ ਰਾਹੁਲ ਗਾਂਧੀ ਦੀ ਯਾਤਰਾ ਦੇ ਚਲਦੇ ਜੰਮੂ 'ਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਪੁਲਸ ਨੇ ਪੂਰੇ ਇਲਾਕੇ ਨੂੰ ਘੇਰ ਲਿਆ। ਡੀ ਆਈ ਜੀ ਸ਼ਕਤੀ ਪਾਠਕ ਨੇ ਵੀ ਪੂਰੇ ਇਲਾਕੇ ਦਾ ਦੌਰਾ ਕੀਤਾ। ਸਥਾਨਕ ਲੋਕਾਂ ਮੁਤਾਬਕ ਨਰਵਾਲ ਇਲਾਕੇ ਦੇ ਟਰਾਂਸਪੋਰਟ ਨਗਰ ਦੇ ਯਾਰਡ ਨੰਬਰ ਸੱਤ ਅਤੇ ਨੌਂ 'ਤੇ ਧਮਾਕੇ ਹੋਏ। ਪਹਿਲਾ ਧਮਾਕਾ 11:05 'ਤੇ ਹੋਇਆ ਅਤੇ ਦੂਜਾ ਧਮਾਕਾ 11:20 'ਤੇ। ਪੁਲਸ ਨੇ ਮੌਕੇ 'ਤੇ ਖੜੇ ਸਾਰੇ ਵਾਹਨਾਂ ਨੂੰ ਉਥੋਂ ਹਟਾ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਇਲਾਕੇ 'ਚ ਕਈ ਸਥਾਨਾਂ 'ਤੇ ਵੱਡੀ ਗਿਣਤੀ 'ਚ ਕਬਾੜ ਪਿਆ ਸੀ। ਇਸ 'ਚ ਹੀ ਧਮਾਕਾ ਹੋਇਆ, ਜਿਸ ਦੀ ਲਪੇਟ 'ਚ ਆਉਣ ਕਾਰਨ ਲੋਕ ਜ਼ਖ਼ਮੀ ਹੋਏ। ਏ ਡੀ ਜੀ ਨੇ ਦੱਸਿਆ ਕਿ ਜਾਂਚ ਕੀਤੀ ਜਾ ਰਹੀ ਹੈ। ਧਮਾਕੇ ਤੋਂ ਬਾਅਦ ਪੂਰੇ ਇਲਾਕੇ 'ਚ ਜਾਂਚ ਜਾਰੀ ਹੈ। ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਦੇ ਡਾਕਟਰਾਂ ਨੇ ਕਿਹਾ— ਧਮਾਕਿਆਂ 'ਚ ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ 'ਚੋਂ ਇੱਕ ਦੀ ਸਰਜਰੀ ਕੀਤੀ ਜਾ ਰਹੀ ਹੈ, ਜਿਸ ਦੇ ਢਿੱਡ 'ਚ ਛਰ੍ਹੇ ਲੱਗੇ ਹਨ। ਇਸ ਤੋਂ ਪਹਿਲਾਂ ਪੁਲਸ ਨੇ ਕਿਹਾ ਸੀ ਕਿ ਨਰਵਾਲ ਵਿਖੇ ਹੋਏ ਧਮਾਕਿਆਂ 'ਚ ਛੇ ਲੋਕ ਜ਼ਖ਼ਮੀ ਹੋਏ ਹਨ।

# ਗੁਜਰਾਤ ਦੰਗਿਆਂ 'ਤੇ ਬਣੀ ਬੀ ਬੀ ਸੀ ਦੀ ਡਾਕੂਮੈਂਟਰੀ ਨੂੰ ਸਰਕਾਰ ਨੇ ਕਿਹਾ 'ਭੰਡੀ ਪ੍ਰਚਾਰ'

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਗੁਜਰਾਤ ਦੰਗਿਆਂ ਲਈ ਜ਼ਿੰਮੇਵਾਰ ਦੱਸਣ ਵਾਲੇ ਬੀ ਬੀ ਸੀ ਦੀ ਡਾਕੂਮੈਂਟਰੀ 'ਤੇ ਪੈਦਾ ਹੋਏ ਵਿਵਾਦ ਵਿਚਾਲੇ ਭਾਰਤ ਨੇ ਇਸ ਨੂੰ 'ਭੰਡੀ ਪ੍ਰਚਾਰ ਦਾ ਇੱਕ ਹਿੱਸਾ' ਕਰਾਰ ਦਿੰਦੇ ਹੋਏ ਸਿਰੇ ਤੋਂ ਖਾਰਜ ਕਰ ਦਿੱਤਾ ਅਤੇ ਕਿਹਾ ਕਿ ਇਸ 'ਚ ਨਿਰਪੱਖਤਾ ਦੀ ਕਮੀ ਅਤੇ ਬਸਤੀਵਾਦੀ ਮਾਨਸਿਕਤਾ ਸਪੱਸ਼ਟ ਰੂਪ 'ਚ ਝਲਕਦੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਬੀ ਬੀ ਸੀ ਦੀ ਇਸ ਡਾਕੂਮੈਂਟਰੀ 'ਤੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇਹ ਇੱਕ 'ਗਲਤ ਵਖਿਆਨ' ਤੋਂ ਇਲਾਵਾ ਕੁਝ ਨਹੀਂ ਹੈ। ਬਾਗਚੀ ਨੇ ਕਿਹਾ, 'ਇਹ ਸਾਨੂੰ ਇਸ ਕਵਾਇਦ ਦੇ ਉਦੇਸ਼ ਅਤੇ ਇਸ ਪਿਛਲੇ ਦੇ ਏਜੰਡੇ ਬਾਰੇ ਚੋਣ ਕਰਨ ਲਈ ਮਜਬੂਰ ਕਰਦਾ ਹੈ। ਉਨ੍ਹਾ ਕਿਹਾ ਕਿ ਸਰਕਾਰ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਮਹੱਤਵ ਨਹੀਂ ਦਿੰਦੀ।

ਜ਼ਿਕਰਯੋਗ ਹੈ ਕਿ ਬੀ ਬੀ ਸੀ ਨੇ 'ਇੰਡੀਆ : ਦਿ ਮੋਦੀ ਕੁਵੈਸਚਨ' ਦੇ ਸਿਰਲੇਖ ਹੇਠ ਦੋ ਕਿਸ਼ਤਾਂ 'ਚ ਇੱਕ ਸੀਰੀਜ਼ ਬਣਾਈ ਹੈ। ਇਹ ਸੀਰੀਜ਼ ਗੁਜਰਾਤ 'ਚ 2002 'ਚ ਹੋਏ ਦੰਗਿਆਂ 'ਤੇ ਅਧਾਰਤ ਹੈ, ਜਦ ਨਰੇਂਦਰ ਮੋਦੀ ਸੂਬੇ ਦੇ ਮੁੱਖ ਮੰਤਰੀ ਸਨ। ਇਸ 'ਚ ਦੱਸਿਆ ਗਿਆ ਕਿ ਬ੍ਰਿਟੇਨ ਸਰਕਾਰ ਵੱਲੋਂ ਕਰਵਾਈ ਗਈ ਗੁਜਰਾਤ ਦੰਗਿਆਂ ਦੀ ਜਾਂਚ 'ਚ ਨਰੇਂਦਰ ਮੋਦੀ ਨੂੰ ਸਿੱਧੇ ਤੌਰ 'ਤੇ ਹਿੰਸਾ ਲਈ ਜ਼ਿੰਮੇਵਾਰ ਪਾਇਆ ਗਿਆ ਸੀ।

ਬੀ ਬੀ ਸੀ 'ਤੇ ਬ੍ਰਿਟੇਨ 'ਚ ਪ੍ਰਸਾਰਤ ਹੋਈ ਇੱਕ ਨਵੀਂ ਸੀਰੀਜ਼ ਦੇ ਪਹਿਲੇ ਭਾਗ 'ਚ ਬ੍ਰਿਟੇਨ ਸਰਕਾਰ ਦੀ ਇੱਕ ਰਿਪੋਰਟ, ਜਿਸ ਨੂੰ ਪਹਿਲਾ ਰੱਦ ਕਰ ਦਿੱਤਾ ਗਿਆ ਸੀ, ਜੋ ਹੁਣ ਤੱਕ ਨਾ ਕਦੇ ਪ੍ਰਕਾਸ਼ਤ ਹੋਈ ਅਤੇ ਨਾ ਸਾਹਮਣੇ ਆਈ, ਨੂੰ ਵਿਸਥਾਰ ਨਾਲ ਦਿਖਾਇਆ ਗਿਆ ਹੈ। ਡਾਕੂਮੈਂਟਰੀ 'ਚ ਰਿਪੋਰਟ ਦੀਆਂ ਤਸਵੀਰਾਂ ਦੀ ਇੱਕ ਸੀਰੀਜ਼ ਹੈ। ਇੱਕ ਬਿਆਨ 'ਚ ਜਾਂਚ ਰਿਪੋਰਟ ਕਹਿੰਦੀ ਹੈ ਕਿ ਨਰੇਂਦਰ ਮੋਦੀ ਇਹਨਾਂ ਦੰਗਿਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਇਹ ਘਟਨਾਵਾਂ ਦੀ ਸੀਰੀਜ਼ 'ਹਿੰਸਾ ਯੋਜਨਾਬੱਧ ਮੁਹਿੰਮ' ਦੇ ਰੂਪ 'ਚ ਪੇਸ਼ ਕਰਦੀ ਹੈ, ਜਿਸ 'ਚ ਨਸਲੀ ਸਫਾਏ ਦੇ ਸਾਰੇ ਸੰਕੇਤ ਸ਼ਾਮਲ ਹਨ।

ਡਾਕੂਮੈਂਟਰੀ 'ਚ ਦੰਗਿਆਂ ਬਾਰੇ ਬ੍ਰਿਟੇਨ ਦੇ ਸਾਬਕਾ ਵਿਦੇਸ਼ ਮੰਤਰੀ ਜੈਕ ਸਟ੍ਰਾ ਦੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਬਾਗਚੀ ਨੇ ਕਿਹਾ—ਇਸ ਤਰ੍ਹਾਂ ਲੱਗਦਾ ਹੈ ਕਿ ਉਹ (ਸਟ੍ਰਾ) ਬ੍ਰਿਟਿਸ਼ ਸਰਕਾਰ ਦੀ ਕਿਸੇ ਅੰਦਰੂਨੀ ਰਿਪੋਰਟ ਦਾ ਜ਼ਿਕਰ ਕਰ ਰਹੇ ਸਨ ਅਤੇ ਇਹ 20 ਸਾਲ ਪੁਰਾਣੀ ਰਿਪੋਰਟ ਹੈ ਅਤੇ ਇਸ ਤੱਕ ਸਾਡੀ ਪਹੁੰਚ ਕਿਸ ਤਰ੍ਹਾਂ ਹੋ ਸਕਦੀ ਹੈ। ਬੁਲਾਰੇ ਨੇ ਕਿਹਾ ਕਿ ਕੇਵਲ ਜੈਕ ਸਟ੍ਰਾ ਨੇ ਇਹ ਗੱਲ ਦੱਸੀ, ਇਸ ਨੂੰ ਕਿਸ ਤਰ੍ਹਾਂ ਸਹੀ ਮੰਨਿਆ ਜਾ ਸਕਦਾ ਹੈ। ਉਨ੍ਹਾ ਕਿਹਾ—ਮੈਂ ਜਾਂਚ ਵਰਗੇ ਕੁਝ ਸ਼ਬਦ ਸੁਣੇ, ਇਸ ਲਈ ਇਸ ਨੂੰ ਲੈ ਕੇ 'ਬਸਤੀਵਾਦੀ ਮਾਨਸਿਕਤਾ' ਸ਼ਬਦ ਦਾ ਇਸਤੇਮਾਲ ਕਰ ਰਿਹਾ ਹਾਂ। ਉਨ੍ਹਾ ਕਿਹਾ ਕਿ ਇਹ ਕਿਸ ਤਰ੍ਹਾਂ ਦੀ ਜਾਂਚ ? ਉਹ ਦੇਸ਼ 'ਤੇ ਸ਼ਾਸਨ ਕਰ ਰਹੇ ਸਨ। ਮੈਂ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਸਹਿਮਤ ਨਹੀਂ ਹਾਂ।

ਉਨ੍ਹਾ ਕਿਹਾ ਕਿ ਇਸ ਡਾਕੂਮੈਂਟਰੀ ਦਾ ਪ੍ਰਸਾਰਨ ਭਾਰਤ 'ਚ ਨਹੀਂ ਹੋਵੇਗਾ। ਬ੍ਰਿਟਿਸ਼ ਨਾਗਰਿਕਾਂ ਦੀ ਮੌਤ ਦੇ ਦਾਅਵਿਆਂ ਦੇ ਸਵਾਲ 'ਤੇ ਉਨ੍ਹਾ ਕਿਹਾ ਕਿ ਜੇਕਰ ਇਸ ਤਰ੍ਹਾਂ ਹੋਇਆ ਹੋਵੇਗਾ, ਉਦੋਂ ਭਾਰਤ 'ਚ ਕਾਨੂੰਨ ਪ੍ਰਕਿਰਿਆ ਦਾ ਪਾਲਣ ਕੀਤਾ ਗਿਆ ਹੋਵੇਗਾ। ਰਿਪੋਰਟ 'ਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਨਾਲ ਸੰਬੰਧਤ ਵਿਸ਼ਵ ਹਿੰਦੂ ਪ੍ਰੀਸ਼ਦ (ਵੀ ਐੱਚ ਪੀ) ਦਾ ਵੀ ਜ਼ਿਕਰ ਕੀਤਾ ਗਿਆ ਹੈ। ਸਾਬਕਾ ਡਿਪਲੋਮੈਟ ਨੇ ਕਿਹਾ, 'ਹਿੰਸਾ ਇੱਕ ਕੱਟੜ ਹਿੰਦੂ ਰਾਸ਼ਟਰਵਾਦੀ ਸਮੂਹ ਵੀ ਐੱਚ ਪੀ ਦੁਆਰਾ ਵਿਆਪਕ ਤੌਰ 'ਤੇ ਆਯੋਜਿਤ ਕੀਤੀ ਗਈ ਸੀ।' ਰਿਪੋਰਟ ਕਹਿੰਦੀ

● ਬਾਕੀ ਸਫ਼ਾ 10 'ਤੇ

### ਬਹੁਤ ਖੋਜ ਕਰਕੇ ਬਣਾਈ ਗਈ ਡਾਕੂਮੈਂਟਰੀ : ਬੀ ਬੀ ਸੀ

ਬੀ ਬੀ ਸੀ ਨੇ ਡਾਕੂਮੈਂਟਰ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਹ ਬਹੁਤ ਖੋਜ ਕਰਨ ਤੋਂ ਬਾਅਦ ਬਣਾਈ ਗਈ ਹੈ, ਜਿਸ 'ਚ ਮਹੱਤਵਪੂਰਨ ਮੁੱਦਿਆਂ ਨੂੰ ਨਿਰਪੱਖਤਾ ਨਾਲ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਬੀ ਬੀ ਸੀ ਨੇ ਕਿਹਾ ਕਿ ਸੀਰੀਜ਼ ਬਣਾਉਂਦੇ ਸਮੇਂ ਉਨ੍ਹਾ ਕਈ ਤਰ੍ਹਾਂ ਦੀ ਰਾਇ ਰੱਖਣ ਵਾਲੇ ਲੋਕਾਂ ਨਾਲ ਸੰਪਰਕ ਕੀਤਾ। ਵੱਖ-ਵੱਖ ਰਾਇ ਰੱਖਣ ਵਾਲੇ ਲੋਕਾਂ, ਗਵਾਹਾਂ ਅਤੇ ਮਾਹਰਾਂ ਨਾਲ ਸੰਪਰਕ ਕੀਤਾ ਗਿਆ। ਇਸ 'ਚ ਭਾਜਪਾ ਦੇ ਲੋਕਾਂ ਦੀ ਪ੍ਰਤੀਕਿਰਿਆ ਵੀ ਸ਼ਾਮਲ ਹੈ। ਅਸੀਂ ਭਾਰਤ ਸਰਕਾਰ ਨੂੰ ਸੀਰੀਜ਼ 'ਚ ਚੁੱਕੇ ਗਏ ਮੁੱਦਿਆਂ 'ਤੇ ਜਵਾਬ ਦੇਣ ਲਈ ਕਿਹਾ, ਪਰ ਉਹਨਾਂ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਬੀ ਬੀ ਸੀ ਨੇ ਕਿਹਾ ਕਿ ਉਹ ਦੁਨੀਆ ਭਰ ਦੇ ਮਹੱਤਵਪੂਰਨ ਮੁੱਦਿਆਂ ਨੂੰ ਸਾਹਮਣੇ ਲਿਆਉਣ ਲਈ ਪ੍ਰਤੀਬੱਧ ਹੈ। ਡਾਕੂਮੈਂਟਰੀ ਸੀਰੀਜ਼ ਭਾਰਤ ਦੇ ਹਿੰਦੂ ਬਹੁਗਿਣਤੀ ਅਤੇ ਘੱਟ ਗਿਣਤੀ ਮੁਸਲਿਮ ਭਾਈਚਾਰੇ ਵਿਚਾਲੇ ਤਣਾਅ ਦੀ ਜਾਂਚ ਕਰਦੀ ਹੈ ਅਤੇ ਉਨ੍ਹਾਂ ਵਿਚਾਲੇ ਤਣਾਅ ਦੇ ਸੰਬੰਧ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਰਾਜਨੀਤੀ ਦੀ ਪੜਤਾਲ ਕਰਦੀ ਹੈ।

### ਡਾਕੂਮੈਂਟਰੀ ਸ਼ੇਅਰ ਕਰਨ ਵਾਲੇ ਟਵਿੱਟਰ ਬਲਾਕ

ਗੁਜਰਾਤ ਦੰਗਿਆਂ 'ਤੇ ਬੀ ਬੀ ਸੀ ਦੀ ਡਾਕੂਮੈਂਟਰੀ ਨੂੰ ਸ਼ੇਅਰ ਕਰਨ ਵਾਲੇ ਟਵੀਟ ਨੂੰ ਬਲਾਕ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਸਰਕਾਰ ਨੇ ਉਨ੍ਹਾ ਯੂਟਿਊਬ ਵੀਡੀਓਜ਼ ਨੂੰ ਵੀ ਬਲਾਕ ਕਰਨ ਦਾ ਆਦੇਸ਼ ਦਿੱਤਾ ਹੈ, ਜਿਸ 'ਚ ਬੀ ਬੀ ਸੀ ਡਾਕੂਮੈਂਟਰੀ ਦੇ ਪਹਿਲੇ ਭਾਗ ਨੂੰ ਸ਼ੇਅਰ ਕੀਤਾ ਗਿਆ ਸੀ। ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਇਹ ਆਦੇਸ਼ ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ ਇਸ ਤਰ੍ਹਾਂ ਦੇ 50 ਟਵਿੱਟਰਾਂ ਨੂੰ ਬਲਾਕ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਇਸ 'ਚ ਯੂਜਰਸ ਨੇ ਬੀ ਬੀ ਸੀ ਦੀ ਡਾਕੂਮੈਂਟਰੀ ਵਾਲੇ ਯੂਟਿਊਬ ਲਿੰਕ ਨੂੰ ਸ਼ੇਅਰ ਕੀਤਾ ਸੀ। ਇਹ ਆਦੇਸ਼ ਸੂਚਨਾ ਅਤੇ ਪ੍ਰਸਾਰਨ ਮੰਰਤਾਲੇ ਦੇ ਸਕੱਤਰ ਆਈ ਟੀ ਨਿਯਮ 2001 ਦੇ ਤਹਿਤ ਮਿਲਣ ਵਾਲੀ ਐਮਰਜੈਂਸੀ ਪਾਵਰ ਦੇ ਅਧੀਨ ਦਿੱਤਾ ਗਿਆ ਹੈ।

## ਸਰਕਾਰਾਂ ਘੱਟ-ਗਿਣਤੀਆਂ ਲਈ ਅਪਣਾ ਰਹੀਆਂ ਨੇ ਵੱਖਰੀ ਨੀਤੀ : ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਕਤਲ ਤੇ ਬਲਾਤਕਾਰ ਵਰਗੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਫਿਰ 40 ਦਿਨ ਦੀ ਪੈਰੋਲ ਮਿਲਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਤਲ ਅਤੇ ਬਲਾਤਕਾਰੀ ਇਸੇ ਤਰ੍ਹਾਂ ਸਮਾਜ ਵਿਚ ਵਿਚਰਣ ਲਈ ਖੁੱਲ੍ਹੇ ਛੱਡੇ ਜਾ ਸਕਦੇ ਹਨ, ਤਾਂ ਫਿਰ ਕੌਮੀ ਹੱਕਾਂ ਤੇ ਹਿੱਤਾਂ ਲਈ ਸੰਘਰਸ਼ ਕਰਨ ਵਾਲੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿਚ ਕੀ ਮੁਸ਼ਕਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਦੀ ਇਹੀ ਦੋਹਰੀ ਨੀਤੀ ਸਿੱਖਾਂ ਅੰਦਰ ਬੇਵਿਸ਼ਵਾਸੀ ਦਾ ਮਾਹੌਲ ਸਿਰਜ ਰਹੀ ਹੈ। ਉਨ੍ਹਾਂ ਆਖਿਆ ਕਿ ਜੇਕਰ ਕਾਤਲ ਅਤੇ ਬਲਾਤਕਾਰ ਦੇ

● ਬਾਕੀ ਸਫ਼ਾ 10 'ਤੇ

### ਚੌਥੀ ਵਾਰ ਡੇਰਾ ਮੁਖੀ ਜੇਲ੍ਹ 'ਚੋਂ ਪੈਰੋਲ 'ਤੇ ਬਾਹਰ ਆਇਆ

**ਸਿਰਸਾ** : ਬਲਾਤਕਾਰ ਅਤੇ ਕਤਲ ਦੇ ਦੋਸ਼ 'ਚ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ 40 ਦਿਨ ਦੀ ਪੈਰੋਲ ਮਿਲ ਗਈ ਹੈ। ਡੇਰਾ ਮੁਖੀ ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ 14 ਮਹੀਨਿਆਂ 'ਚ ਚੌਥੀ ਵਾਰ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆਇਆ ਹੈ। ਡੇਰਾ ਮੁਖੀ ਨੂੰ ਇਹ ਪੈਰੋਲ 54 ਦਿਨਾਂ ਬਾਅਦ 40 ਦਿਨਾਂ ਲਈ ਮਿਲੀ ਹੈ। ਇਸ ਮੌਕੇ ਜੇਲ੍ਹ ਦੇ ਨੇੜੇ ਵੱਡੀ ਗਿਣਤੀ 'ਚ ਪੁਲਸ ਤਾਇਨਾਤ ਸੀ।

● ਬਾਕੀ ਸਫ਼ਾ 10 'ਤੇ

## ਫਿਰਕੂ ਜ਼ਹਿਰ ਫੈਲਾਅ ਕੇ ਸੰਵਿਧਾਨ ਨੂੰ ਤੋੜਨ ਵਾਲੀਆਂ ਤਾਕਤਾਂ ਦੀ ਅਰਥੀ 30 ਨੂੰ ਜਾਵੇਗੀ ਫੂਕੀ : ਅਰਸ਼ੀ

**ਮਾਨਸਾ (ਆਤਮਾ ਸਿੰਘ)**



'ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰ ਕੇ ਦੇਸ਼ ਦੇ ਸੰਵਿਧਾਨ ਦੀਆਂ ਧੱਜੀਆ ਉਡਾ ਕੇ ਫਿਰਕੂ ਜ਼ਹਿਰ ਉਗਲਣ ਵਾਲੀਆਂ ਤਾਕਤਾਂ ਭਾਈਚਾਰਕ ਸਾਂਝ ਨੂੰ ਖਤਮ ਕਰਨ ਲਈ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰੇ ਵੱਲ ਧੱਕ ਰਹੀਆ ਹਨ, ਕਿਉਂਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਆਰ ਐੱਸ ਐੱਸ ਦੇ ਇਸ਼ਾਰਿਆਂ 'ਤੇ ਕੰਮ ਕਰਦਿਆਂ ਧਰਮ, ਜਾਤੀ, ਰੰਗ, ਨਸਲ, ਖੇਤਰ ਅਤੇ ਭਾਸ਼ਾਵਾਦ ਦਾ ਸਹਾਰਾ ਲੈ ਕੇ ਮਨੁੱਖੀ ਕਦਰਾਂ-ਕੀਮਤਾਂ ਨੂੰ ਅਣਗੌਲਿਆ ਨਹੀਂ ਕੀਤਾ, ਸਗੋਂ ਮੁੱਢ ਤੋਂ ਨਕਾਰਿਆ ਹੈ।' ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਜ਼ਿਲ੍ਹਾ ਕੌਂਸਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾ ਕਿਹਾ ਕਿ ਸੰਵਿਧਾਨਕ ਸੰਸਥਾਵਾਂ ਵਿੱਚ ਮੋਦੀ ਸਰਕਾਰ ਦੇ ਬੇਲੋੜੇ ਦਖਲ ਨੇ ਸੰਵਿਧਾਨ ਦੀਆਂ ਮੂਲ ਧਾਰਨਾਵਾ ਨੂੰ ਵਧੇਰੇ ਖਤਰੇ ਵੱਲ ਧੱਕਿਆ ਹੈ। ਸਾਥੀ ਅਰਸ਼ੀ ਨੇ ਸੰਵਿਧਾਨ ਨੂੰ ਖਤਰਾ ਦੱਸਦਿਆਂ ਕਿਹਾ ਕਿ ਫਿਰਕੂ ਜ਼ਹਿਰ ਦਾ ਸਹਾਰਾ ਲੈ ਦੇਸ਼ ਨੂੰ ਵੰਡਣ ਵਾਲੀ ਆਰ ਐੱਸ ਐੱਸ ਤੇ ਮੋਦੀ ਸਰਕਾਰ ਖਿਲਾਫ ਲੋਕ ਸ਼ਕਤੀ ਨੂੰ ਇੱਕ ਝੰਡੇ ਥੱਲੇ ਲਾਮਬੰਦ ਕਰ ਸੰਘਰਸ਼ ਲਈ ਪ੍ਰੇਰਤ ਕਰਨਾ ਸਮੇਂ ਦੀ ਮੁੱਖ ਲੋੜ ਦੱਸਿਆ। ਮੀਟਿੰਗ ਦੀ ਪ੍ਰਧਾਨਗੀ ਅਰਵਿੰਦਰ ਕੌਰ ਨੇ ਕੀਤੀ। ਇਸ ਮੌਕੇ 26 ਜਨਵਰੀ ਗਣਤੰਤਰ ਦਿਵਸ ਮੌਕੇ ਪਾਰਟੀ ਦਫਤਰਾਂ 'ਤੇ ਰਾਸ਼ਟਰੀ ਝੰਡਾ ਚੜ੍ਹਾਉਣ, ਸੰਯੁਕਤ ਮੋਰਚੇ ਵੱਲੋ ਜੀਂਦ ਮਹਾਂਪੰਚਾਇਤ ਵਿੱਚ ਜ਼ਿਲ੍ਹੇ ਵਿੱਚੋਂ ਸਾਥੀਆਂ ਨੂੰ ਸ਼ਾਮਲ ਕਰਵਾਉਣ ਲਈ ਡਿਊਟੀਆਂ ਲਾਈਆਂ ਗਈਆਂ। 30 ਜਨਵਰੀ ਨੂੰ ਪਾਰਟੀ ਕਾਲ 'ਤੇ ਫਿਰਕੂ ਤਾਕਤਾਂ ਦੀ ਮਾਨਸਾ ਅਤੇ ਬੁਢਲਾਡਾ ਵਿੱਚ ਅਰਥੀ ਫੂਕ ਕੇ ਸਦਭਾਵਨਾ ਦਾ ਸੁਨੇਹਾ ਦਿੱਤਾ ਜਾਵੇਗਾ। ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਕਿਸਾਨ ਅਤੇ ਮਜ਼ਦੂਰ ਅੰਦੋਲਨ ਦੀ ਹਮਾਇਤ ਕਰਦਿਆਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਖਿਲਾਫ ਚੱਲ ਰਹੇ ਅੰਦੋਲਨ ਵਿੱਚ ਪਾਰਟੀ ਪੂਰੀ ਸ਼ਕਤੀ ਝੋਕੇਗੀ। ਪਾਰਟੀ ਪ੍ਰੋਗਰਾਮ ਨੂੰ ਆਮ ਲੋਕਾਂ ਵਿੱਚ ਲੈ ਕੇ ਜਾਣ ਤੇ ਮਜ਼ਬੂਤ ਕਮਿਊਨਿਸਟ ਧਿਰ ਉਸਾਰਨ ਦਾ ਸੱਦਾ ਦਿੱਤਾ। ਮੀਟਿੰਗ ਮੌਕੇ ਵੇਦ ਪ੍ਰਕਾਸ਼ ਬੁਢਲਾਡਾ, ਰੂਪ ਸਿੰਘ ਢਿੱਲੋਂ, ਰਤਨ ਭੋਲਾ, ਸੀਤਾ ਰਾਮ ਗੋਬਿੰਦਪੁਰਾ, ਦਲਜੀਤ ਸਿੰਘ, ਕਾਕਾ ਸਿੰਘ, ਮਲਕੀਤ ਮੰਦਰਾ, ਜਗਸੀਰ ਕੁਸ਼ਲਾ, ਮਨਜੀਤ ਗਾਮੀਵਾਲਾ, ਗੋਰਾ ਟਾਹਲੀਆਂ, ਜੱਗਾ ਸ਼ੇਰ ਖਾਂ ਵਾਲਾ, ਹਰਪਾਲ ਬੱਪੀਆਣਾ, ਸੁਖਰਾਜ ਜੋਗਾ ਤੇ ਹਰਜਿੰਦਰ ਕੌਰ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਬਰਫ਼ਬਾਰੀ ਨੇ ਢਕ'ਤੇ ਪਹਾੜ



**ਸ਼ਿਮਲਾ** : ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਜੰਮੂ-ਕਸ਼ਮੀਰ ਦੇ ਕਈ ਇਲਾਕਿਆਂ 'ਚ ਬਰਫਬਾਰੀ ਦਾ ਦੌਰ ਜਾਰੀ ਹੈ। ਬਰਫਬਾਰੀ ਸ਼ੁਰੂ ਹੋਣ ਦੇ ਨਾਲ ਹੀ ਸੈਲਾਨੀਆਂ ਦੀ ਵੱਡੀ ਗਿਣਤੀ ਬਰਫਬਾਰੀ ਦਾ ਆਨੰਦ ਲੈਣ ਪਹੁੰਚ ਰਹੀ ਹੈ। ਹਾਲਾਂਕਿ ਇਸ ਦੇ ਨਾਲ ਹੀ ਆਫਤ ਵੀ ਵਧ ਗਈ ਹੈ। ਸੜਕਾਂ 'ਤੇ ਗੱਡੀਆਂ ਦੀ ਰਫ਼ਤਾਰ ਰੁਕ ਗਈ ਹੈ। ਬੀਤੇ ਕਈ ਦਿਨਾਂ ਤੋਂ ਪਹਾੜਾਂ 'ਤੇ ਬਰਫਬਾਰੀ ਦਾ ਦੌਰ ਜਾਰੀ ਹੈ। ਬੀਤੇ ਲੰਮੇ ਸਮੇਂ ਤੋਂ ਸੂਬੇ ਡਰਾਈ ਚੱਲ ਰਹੇ ਸਨ, ਜਿਸ ਤੋਂ ਬਾਅਦ ਹੁਣ ਬਰਫਬਾਰੀ ਦਾ ਅਸਰ 26 ਜਨਵਰੀ ਤੱਕ ਦੇਖਣ ਨੂੰ ਮਿਲੇਗਾ। ਹਿਮਾਚਲ ਪ੍ਰਦੇਸ਼ ਦੇ ਉਚਾਈ ਵਾਲੇ ਇਲਾਕਿਆਂ 'ਚ ਜ਼ਬਰਦਸਤ ਬਰਫਬਾਰੀ ਹੋ ਰਹੀ ਹੈ। ਮਨਾਲੀ, ਕੁੱਲੂ, ਰੋਹਤਾਂਗ ਅਤੇ ਕਈ ਇਲਾਕਿਆਂ 'ਚ ਚਿੱਟੀ ਚਾਦਰ ਵਿਛ ਗਈ ਹੈ। ਲਗਾਤਾਰ ਬਰਫਬਾਰੀ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵੀ ਵਧ ਗਈਆਂ ਹਨ। ਉਚਾਈ ਵਾਲੇ ਇਲਾਕਿਆਂ ਦੀਆਂ ਸੜਕਾਂ 'ਤੇ ਆਵਾਜਾਈ ਬੰਦ ਹੋ ਗਈ ਹੈ। ਮਨਾਲੀ ਦੇ ਨੇੜਲੇ ਇਲਾਕਿਆਂ 'ਚ ਸਥਿਤੀ ਗੰਭੀਰ ਹੈ।

ਪਹਾੜਾਂ ਦੀ ਰਾਣੀ ਸ਼ਿਮਲਾ ਸਮੇਤ ਕੁਫਰੀ, ਫਾਗੂ, ਨਾਰਕੰਡਾ, ਖੜ੍ਹਾ ਪੱਥਰ, ਚੌਪਾਲ 'ਚ ਰੁਕ-ਰੁਕ ਬਰਫਬਾਰੀ ਹੋ ਰਹੀ ਹੈ। ਤਾਜ਼ਾ ਬਰਫਬਾਰੀ ਤੋਂ ਬਾਅਦ ਤਾਪਮਾਨ 'ਚ ਵੀ ਗਿਰਾਵਟ ਆਈ ਹੈ। ਸ਼ਿਮਲਾ ਦਾ ਘੱਟੋ-ਘੱਟ ਤਾਪਮਾਨ ਜ਼ੀਰੋ ਬਣਿਆ ਹੋਇਆ ਹੈ। ਸ਼ਹਿਰ 'ਚ ਪੂਰਾ ਦਿਨ ਹਲਕੀ ਬਰਫਬਾਰੀ ਹੁੰਦੀ ਰਹੀ। ਖਾਸ ਗੱਲ ਇਹ ਹੈ ਕਿ ਇਸ ਵਾਰ ਹਫ਼ਤੇ ਦੇ ਆਖਰੀ ਦਿਨ ਸੈਲਾਨੀਆਂ ਦੇ ਆਉਣ ਨਾਲ ਕਾਰੋਬਾਰ ਚੰਗਾ ਹੋਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ।

ਉਤਰਾਖੰਡ 'ਚ ਵੀ ਬਰਫਬਾਰੀ ਦਾ ਦੌਰ ਜਾਰੀ ਹੈ, ਮਸ਼ਹੂਰ ਸੈਰ-ਸਪਾਟਾ ਸਥਾਨ ਔਲੀ 'ਚ ਖੂਬ ਬਰਫਬਾਰੀ ਤੋਂ ਬਾਅਦ ਸੈਲਾਨੀਆਂ 'ਚ ਜ਼ਬਰਦਸਤ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਜੰਮੂ ਅਤੇ ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਦੇ ਪ੍ਰਸਿੱਧ ਸੈਰ-ਸਪਾਟਾ ਸਥਾਨ ਪਤਨੀਟਾਪ 'ਚ ਤਾਜ਼ਾ ਬਰਫਬਾਰੀ ਹੋਈ ਅਤੇ ਸੈਲਾਨੀਆਂ ਨੇ ਖੁਸ਼ੀ ਮਨਾਈ। ਹਿਮਾਚਲ 'ਚ ਸ਼ਨੀਵਾਰ ਬਰਫ ਦੇ ਤੋਦੇ ਡਿੱਗੇ। ਬਰਫਬਾਰੀ ਤੋਂ ਬਾਅਦ ਧੁੱਪ ਨਿਕਲਦੇ ਹੀ ਦੁਪਹਿਰ ਨੂੰ ਲਾਹੌਲ ਸਪਿਤੀ 'ਚ ਪੀਰ ਪੰਜਾਲ ਦੀਆਂ ਪਹਾੜੀਆਂ ਤੋਂ ਠੇਲਾਂਗ ਦੇ ਪਿੰਡ 'ਚ ਬਰਫ ਦੇ ਤੋਦੇ ਡਿੱਗੇ। ਇਲਾਕੇ ਦੇ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ, ਪਰ ਇਸ 'ਚ ਕਿਸੇ ਤਰ੍ਹਾਂ ਦਾ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ। ਕੇਲਾਂਗ ਤੋਂ 11 ਕਿਲੋਮੀਟਰ ਦੂਰ ਚੰਦਰ ਭਾਗਾ ਨਦੀ ਦੇ ਠੀਕ ਉਪਰ ਪੀਰ ਪੰਜਾਲ ਦੀਆਂ ਪਹਾੜੀਆਂ 'ਤੇ ਇਹ ਤੂਫਾਨ ਆਇਆ।

## ਪਾਕਿਸਤਾਨ : 22 ਸਾਲਾਂ ਦੌਰਾਨ 1500 ਫੀਸਦੀ ਕਰਜ਼ 'ਚ ਵਾਧਾ



**ਨਵੀਂ ਦਿੱਲੀ** : ਗੁਆਂਢੀ ਦੇਸ਼ ਪਾਕਿਸਤਾਨ ਆਪਣੇ ਇਤਿਹਾਸ 'ਚ ਪਹਿਲੀ ਵਾਰ ਇੱਕ ਡਿਫਾਲਟਰ ਬਣਨ ਦੀ ਕਗਾਰ 'ਤੇ ਹੈ। ਇਸ ਦੇ ਪਿੱਛੇ ਕਈ ਕਾਰਨ ਅਤੇ ਕਈ ਪ੍ਰਧਾਨ ਮੰਤਰੀ ਜ਼ਿੰਮੇਵਾਰ ਹਨ। ਪਾਕਿਸਤਾਨ ਦੀ ਖਸਤਾ ਹਾਲਤ ਹੁੰਦੀ ਜਾ ਰਹੀ ਹੈ। ਅਰਥ ਵਿਵਸਥਾ ਦੀ ਸਮੱਸਿਆ ਦੀ ਜੜ੍ਹ ਕਰਜ਼ ਨੀਤੀਆਂ ਰਹੀਆਂ ਹਨ, ਜੋ ਉਥੇ ਦੇ ਹੁਕਮਰਾਨਾਂ ਨੇ ਬਣਾਈਆਂ ਹਨ। ਇਸ ਦਾ ਨਤੀਜਾ ਇਹ ਹੋਇਆ ਕਿ ਪਿਛਲੇ ਸਿਰਫ਼ 22 ਸਾਲਾਂ 'ਚ ਪਾਕਿਸਤਾਨ ਦਾ ਕੁਲ ਜਨਤਕ ਕਰਜ਼ 1500 ਫੀਸਦੀ ਵਧ ਗਿਆ ਹੈ। ਪਾਕਿਸਤਾਨੀ ਅਖ਼ਬਾਰ 'ਦਿ ਐਕਸਪ੍ਰੈੱਸ ਟ੍ਰਿਬਿਊਨ' 'ਚ ਆਰਥਿਕਤਾ ਬਾਰੇ ਸੀਨੀਅਰ ਪੱਤਰਕਾਰ ਸ਼ਹਿਬਾਜ਼ ਰਾਣਾ ਨੇ ਪਾਕਿਸਤਾਨ ਦੀ ਸਥਾਪਨਾ ਤੋਂ ਲੈ ਕੇ ਅੱਜ ਤੱਕ ਦੀ ਆਰਥਕ ਸਥਿਤੀ ਦੀ ਸਮੀਖਿਆ ਰਿਪੋਰਟ 'ਚ ਦੇਸ਼ ਦੇ ਹਾਲਾਤ ਦਾ ਜਿਕਰ ਕੀਤਾ ਹੈ ਅਤੇ ਦੱਸਿਆ ਹੈ ਕਿ 75 ਸਾਲਾਂ ਦੌਰਾਨ ਪਾਕਿਸਤਾਨ ਕਰਜ਼ ਦੇ ਜਾਲ 'ਚ ਕਿਸ ਤਰ੍ਹਾਂ ਫਸਦਾ ਗਿਆ। ਰਾਣਾ ਨੇ ਲਿਖਿਆ ਹੈ ਕਿ ਪਾਕਿਸਤਾਨ 'ਚ ਅੱਜ ਕਰਜ਼ 'ਤੇ ਵਿਆਜ ਭੁਗਤਾਨ ਦੀ ਲਾਗਤ 4.8 ਟ੍ਰਿਲੀਅਨ ਰੁਪਏ ਹਨ, ਜੋ ਪਾਕਿਸਤਾਨ ਦੇ ਸੰਘੀ ਬਜਟ ਦਾ 50 ਫੀਸਦੀ ਹੈ। ਉਨ੍ਹਾ ਅਨੁਸਾਰ ਸਾਲ 2000 ਤੋਂ ਬਾਅਦ ਸਾਰੀਆਂ ਸਰਕਾਰਾਂ, ਚਾਹੇ ਉਹ ਫੌਜੀ ਤਾਨਾਸ਼ਾਹੀ, ਨਾਗਰਿਕ ਜਾਂ ਮਿਸ਼ਰਤ ਰਹੀ ਹੋਵੇ, ਨੇ ਆਪਣੇ ਸ਼ਾਸਨਕਾਲ 'ਚ ਦੇਸ਼ ਦੇ ਜਨਤਕ ਕਰਜ਼ ਨੂੰ ਲਗਭਗ ਦੁੱਗਣਾ ਕਰ ਦਿੱਤਾ। ਰਾਣਾ ਨੇ ਲਿਖਿਆ ਹੈ ਕਿ 2000 'ਚ ਪਾਕਿਸਤਾਨ ਦਾ ਕੁਲ ਜਨਤਕ ਕਰਜ਼ 3.1 ਟ੍ਰਿਲੀਅਨ ਰੁਪਏ ਸੀ। ਵਿੱਤ ਮੰਤਰਾਲੇ ਦੇ ਅੰਕੜੇ ਦੱਸਦੇ ਹਨ ਕਿ 2008 'ਚ ਜਦ ਜਨਰਲ ਪਰਵੇਜ਼ ਮੁਸ਼ੱਰਫ ਦੀ ਤਾਨਾਸ਼ਾਹੀ ਸਮਾਪਤ ਹੋਈ ਤਾਂ ਉਦੋਂ ਪਾਕਿਸਤਾਨ ਦਾ ਕਰਜ਼ ਵਧ ਕੇ 6.1 ਟ੍ਰਿਲੀਅਨ ਰੁਪਏ ਹੋ ਗਿਆ। ਮਤਲਬ ਅੱਠ ਸਾਲਾਂ 'ਚ ਕੁੱਲ ਕਰਜ਼ 'ਚ 100 ਫੀਸਦੀ ਦਾ ਵਾਧਾ ਹੋਇਆ।

ਪਾਕਿਸਤਾਨੀ ਮੀਡੀਆ ਦਾ ਕਹਿਣਾ ਹੈ ਕਿ ਜੂਨ 2013 ਤੱਕ ਪਾਕਿਸਤਾਨ ਦਾ ਜਨਤਕ ਕਰਜ਼ ਵਧ ਕੇ 14.3 ਟ੍ਰਿਲੀਅਨ ਰੁਪਏ ਹੋ ਗਿਆ ਸੀ। ਇਸ ਦੌਰਾਨ ਦੇਸ਼ 'ਤੇ ਪਾਕਿਸਤਾਨ ਪੀਪਲਜ਼ ਪਾਰਟੀ ਦਾ ਸ਼ਾਸਨ ਸੀ। ਪਹਿਲਾਂ ਚਾਰ ਸਾਲ ਯੂਸਫ ਰਜ਼ਾ ਗਿਲਾਨੀ ਪ੍ਰਧਾਨ ਮੰਤਰੀ ਸਨ, ਜਦਕਿ ਆਖਰ ਦੇ ਇੱਕ ਸਾਲ ਰਾਜਾ ਪਰਵੇਜ਼ ਅਸ਼ਰਫ ਪ੍ਰਧਾਨ ਮੰਤਰੀ ਸਨ। ਮਤਲਬ ਪੰਜ ਸਾਲ ਦੇ ਪੀ ਪੀ ਪੀ ਦੇ ਸ਼ਾਸਨਕਾਲ 'ਚ ਕਰਜ਼ 'ਚ 130 ਫੀਸਦੀ ਦਾ ਵਾਧਾ ਹੋਇਆ।

ਪੀ ਪੀ ਪੀ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ

● ਬਾਕੀ ਸਫ਼ਾ 10 'ਤੇ

### ਕੁਝ ਵੀ ਹੋ ਜਾਵੇ, ਭਾਰਤ ਜੋੜੋ ਯਾਤਰਾ ਜਾਰੀ ਰਹੇਗੀ

**ਜੰਮੂ** : ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਜੰਮੂ-ਕਸਮੀਰ 'ਚ ਹੈ। ਇਸ ਦੌਰਾਨ ਸ਼ਨੀਵਾਰ ਜੰਮੂ 'ਚ ਦੋ ਬੰਬ ਧਮਾਕੇ ਹੋਏ, ਜਿਸ 'ਚ 7 ਲੋਕ ਜ਼ਖ਼ਮੀ ਹੋ ਗਏ। ਇਸ ਘਟਨਾ ਤੋਂ ਬਾਅਦ ਕਾਂਗਰਸ ਦੀ ਯਾਤਰਾ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਸਨ, ਜਿਸ 'ਤੇ ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਯਾਤਰਾ ਸ਼ੁਰੂ ਹੋਣ ਤੋਂ ਦੋ ਹਫ਼ਤੇ ਪਹਿਲਾਂ ਮੈਂ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਨਾਲ ਮੁਲਾਕਾਤ ਕੀਤੀ ਸੀ। ਨਾਲ ਹੀ ਉਨ੍ਹਾ ਨੂੰ ਯਾਤਰਾ ਦੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਜੰਮੂ ਕਸ਼ਮੀਰ 'ਚ ਸਾਡੇ ਸਾਰੇ ਨੇਤਾ ਸੁਰੱਖਿਆ ਮੁਲਾਜ਼ਮਾਂ ਦੇ ਲਗਾਤਾਰ ਸੰਪਰਕ 'ਚ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਧਿਆਨ ਦੇਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਚਾਹੇ ਕੁਝ ਵੀ ਹੋ ਜਾਵੇ, ਭਾਰਤ ਜੋੜੋ ਯਾਤਰਾ ਜਾਰੀ ਰਹੇਗੀ। ਜੰਮੂ-ਕਸ਼ਮੀਰ ਦੇ ਐੱਲ ਜੀ ਮਨੋਜ ਸਿਨਹਾ ਨੇ ਨਰਵਾਲ 'ਚ ਹੋਏ ਧਮਾਕਿਆਂ ਦੀ ਸਖ਼ਤ ਨਿੰਦਾ ਕੀਤੀ। ਸੀਨੀਅਰ ਪੁਲਸ ਅਧਿਕਾਰੀਆਂ ਨੇ ਉਪ ਰਾਜਪਾਲ ਨੂੰ ਧਮਾਕਿਆਂ ਦੀ ਜਾਂਚ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਰਾਜਪਾਲ ਨੇ ਜ਼ਖ਼ਮੀਆਂ ਨੂੰ 50-50 ਹਜ਼ਾਰ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ।

### ਮੁੱਖ ਮੰਤਰੀ ਵੱਲੋਂ 'ਸਕੂਲ ਆਫ ਐਮੀਨੈਂਸ' ਦੀ ਸ਼ੁਰੂਆਤ

**ਮੁਹਾਲੀ (ਗੁਰਜੀਤ ਬਿੱਲਾ)**



ਸੂਬੇ ਵਿਚ ਆਹਲਾ ਦਰਜੇ ਦੀਆਂ ਸਹੂਲਤਾਂ ਵਾਲੇ 'ਸਕੂਲ ਆਫ ਐਮੀਨੈਂਸ' ਨੂੰ ਹੋਣਹਾਰ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਚਾਨਣ ਮੁਨਾਰਾ ਦੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੁਣ ਪੰਜਾਬ ਸਹੀ ਮਾਅਨਿਆਂ ਵਿਚ ਸਿੱਖਿਆ ਦੇ ਖੇਤਰ ਵਿਚ ਅੱਵਲ ਸੂਬਾ ਬਣੇਗਾ ਜਦਕਿ ਇਸ ਤੋਂ ਪਹਿਲਾਂ ਪਿਛਲੀਆਂ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸੂਬੇ ਨੂੰ ਫਰਜ਼ੀ ਅੰਕੜਿਆਂ ਰਾਹੀਂ ਮੋਹਰੀ ਹੋਣ ਦੇ ਝੂਠੇ ਦਾਅਵੇ ਕੀਤੇ ਜਾਂਦੇ ਸੀ। ਇੱਥੇ 'ਸਕੂਲ ਆਫ ਐਮੀਨੈਂਸ' ਦੀ ਸ਼ੁਰੂਆਤ ਕਰਨ ਮੌਕੇ ਪ੍ਰਿੰਸੀਪਲਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਖਾਤਬ ਹੁੰਦਿਆਂ ਆਖਿਆ ਕਿ ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਸਰਕਾਰੀ ਸਕੂਲ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਸਨ ਪਰ ਪਿਛਲੀਆਂ

● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

**(ਅੱਜ 22 ਜਨਵਰੀ ਨੂੰ 21 ਸਾਲ ਪੂਰੇ ਕਰ ਗਿਆ ਹੈ ਨਿੱਤ ਦਿਨ ਛਪਣ ਵਾਲਾ ਕਾਲਮ 'ਅੱਜ-ਨਾਮਾ')**

ਆਉਣ ਕਈ ਆਗੂ ਅਤੇ ਆਣ ਕੇ ਚਲੇ ਜਾਂਦੇ,
ਸਾਰਿਆਂ ਦੀ ਵੇਖੀ ਜਾਂਦਾ ਚਾਲ ਤੀਸ ਮਾਰ ਖਾਂ।
ਸ਼ੋਭਾ ਕੋਈ ਖੱਟਦਾ ਜਾਂ ਲਾਹ੍ਨਤਾਂ ਕੋਈ ਖੱਟ ਜਾਂਦਾ,
ਬੁਰਾ ਵਿੰਹਦਾ, ਕਰੇ ਕੁਝ ਸਵਾਲ ਤੀਸ ਮਾਰ ਖਾਂ।
ਹੁੰਦਾ ਕੋਈ ਨੇਕ ਕੰਮ, ਆਖ ਦੇਵੇ ਠੀਕ ਕੀਤਾ,
ਵਿੰਹਦਾ ਸਭ ਚੰਗਾ-ਮੰਦਾ ਹਾਲ ਤੀਸ ਮਾਰ ਖਾਂ।
ਡਿੱਗਦਾ ਕੋਈ ਖੂਹ ਵਿੱਚ, ਡਿੱਗਦੇ ਨੂੰ ਟੋਕ ਦੇਂਦਾ,
ਮਾਰਦਾ ਨਹੀਂ ਖੂਹ 'ਚ ਪਿੱਛੇ ਛਾਲ ਤੀਸ ਮਾਰ ਖਾਂ।
ਕੌੜੇ-ਫਿੱਕੇ ਜਿਹੋ ਜਿਹੇ ਹਾਲਾਤ ਖੜੇ ਹੋਣ ਮੂਹਰੇ,
ਲੋਕਾਂ ਤੋਂ ਹੈ ਲੈਂਦਾ ਪਿਆ ਪਿਆਰ ਤੀਸ ਮਾਰ ਖਾਂ।
ਇੱਕੀ ਸਾਲ ਸੇਵਾ ਕਰ ਬਾਈਵਾਂ ਸ਼ੁਰੂ ਕਰੀ ਬੈਠਾ,
ਏਦਾਂ ਈ ਸੇਵਾ ਕਰਨ ਨੂੰ ਤਿਆਰ ਤੀਸ ਮਾਰ ਖਾਂ।

-ਤੀਸ ਮਾਰ ਖਾਂ

## 'ਲਿਟ ਫੇਸਟ' 'ਚ ਜਾਵੇਦ ਤੇ ਸ਼ਬਾਨਾ ਦੇ ਸ਼ਬਦਾਂ ਨਾਲ ਮੰਚ ਗੁਲਜ਼ਾਰ



**ਜੈਪੁਰ** : ਲਿਟ ਫੇਸਟ ਸਾਹਿਤ ਦੀ ਨਦੀ 'ਚ ਡੂੰਘਾ ਗੋਤਾ ਲਾਉਂਦੇ ਹੋਏ ਦੂਜੇ ਦਿਨ ਸਵੇਰੇ 11 ਵਜੇ ਮੰਚ 'ਤੇ ਜਾਵੇਦ ਅਖ਼ਤਰ ਤੇ ਸ਼ਬਾਨਾ ਆਜ਼ਮੀ ਅਤੇ ਇਨ੍ਹਾਂ ਨਾਲ ਗੱਲਬਾਤ ਕਰਨ ਲਈ ਰਕਸ਼ੰਦਾ ਜਲੀਲ ਮੰਚ 'ਤੇ ਬਿਰਾਜਮਾਨ ਹੋਏ। ਰੋਮਾਂਟਿਕ ਅੰਦਾਜ਼ ਦੀ ਗੱਲ ਚੱਲੀ ਤਾਂ ਸ਼ਬਾਨਾ ਨੇ ਤਨਜ਼ ਕੱਸਦਿਆਂ ਕਿਹਾ ਕਿ ਲੋਕ ਮੈਨੂੰ ਮਿਲਦੇ ਹਨ ਅਤੇ ਕਹਿੰਦੇ ਹਨ—ਏਨੇ ਰੋਮਾਂਟਿਕ ਗੀਤ ਲਿਖਣ ਵਾਲਾ ਤੁਹਾਡਾ ਜੀਵਨ ਸਾਥੀ ਹੈ। ਤੁਹਾਡਾ ਤਾਂ ਜੀਵਨ ਹੀ ਸਫ਼ਲ ਹੋ ਗਿਆ। ਮੈਂ ਕਿਹਾ—ਰੋਮਾਂਟਿਕ ਨਾਂਅ ਦੀ ਕਿਸੇ ਚੀਜ਼ ਦਾ ਇੱਕ ਕਣ ਵੀ ਨਹੀਂ ਹੈ ਇਸ ਆਦਮੀ 'ਚ। ਇਸ ਤਨਜ਼ 'ਤੇ ਸਾਹਿਤਕ ਲਹਿਜ਼ੇ 'ਚ ਜਾਵੇਦ ਨੇ ਕਿਹਾ—ਭਾਈ, ਜੋ ਲੋਕ ਸਰਕਸ 'ਚ ਝੂਲੇ 'ਤੇ ਕੰਮ ਕਰਦੇ ਹਨ, ਕੀ ਉਹ ਘਰ 'ਚ ਦਿਨ-ਭਰ ਉਲਟੇ ਲਟਕੇ ਰਹਿੰਦੇ ਹਨ ? ਜ਼ੋਰਦਾਰ ਹਾਸੇ ਤੋਂ ਬਾਅਦ ਗੱਲ ਅੱਗੇ ਵਧੀ। ਅਸਲ 'ਚ ਇਹ ਸੈਕਸ਼ਨ ਜਾਂਨਿਸਾਰ ਅਖ਼ਤਰ ਅਤੇ ਕੈਫੀ ਆਜ਼ਮੀ ਦੀ ਸ਼ਾਇਰੀ ਦਾ ਸੀ। ਜਾਂਨਿਸਾਰ ਸਾਹਿਬ ਮਤਲਬ ਸ਼ਬਾਨਾ ਦੇ ਸਹੁਰਾ ਅਤੇ ਕੈਫੀ ਸਾਹਿਬ ਮਤਲਬ ਅਖ਼ਤਰ ਦੇ ਸਹੁਰਾ। ਕੁਲ ਮਿਲਾ ਕੇ ਸ਼ਾਇਰੀ ਦੇ ਸਹੁਰਿਆਂ 'ਤੇ ਸੈਸ਼ਨ।

ਸ਼ਬਾਨਾ ਨੇ ਕੁਝ ਉਦਾਹਰਨ ਦੇ ਕੇ ਕਿਹਾ—ਜੋ ਫਰਕ ਜਾਵੇਦ ਅਤੇ ਗੁਲਜ਼ਾਰ ਸਾਹਿਬ 'ਚ ਹੈ, ਉਹੀ ਜਾਂਨਿਸਾਰ ਅਖ਼ਤਾਰ ਅਤੇ ਕੈਫੀ ਆਜ਼ਮੀ 'ਚ ਸੀ। ਸ਼ਬਾਨਾ ਨੇ ਕਿਹਾ—ਜਾਂਨਿਸਾਰ ਅਖ਼ਤਾਰ ਸਾਹਿਬ ਨੂੰ ਪੜ੍ਹਦੇ ਹਨ ਤਾਂ ਲੱਗਦਾ ਹੈ ਕਿ ਕੋਲ ਹੀ ਬੈਠੇ ਹਨ। ਇਸ ਦੇ ਉਲਟ ਜਾਵੇਦ ਸਾਹਿਬ ਨੇ ਕੈਫੀ ਸਾਹਿਬ ਨੂੰ ਬਾਗੀ ਦੱਸ ਦਿੱਤਾ। ਖੁਦ ਫੈਜ ਨੇ ਕਿਹਾ ਹੈ-ਕੈਫੀ ਸਾਹਿਬ ਸ਼ਾਇਰੀ ਦੇ ਬਾਗੀ ਸਿਪਾਹੀ ਹਨ। ਇਸ ਤੋਂ ਬਾਅਦ ਗੱਲ ਤਰਜ਼ਮਾ ਕਰਨ ਦੀ। ਗ਼ਜ਼ਲ ਦੇ ਤਰਜ਼ਮੇ 'ਤੇ ਹੈਰਾਨ ਕਰਨ ਵਾਲੀ ਗੱਲ ਸਾਹਮਣੇ ਆਈ। ਸ਼ਬਾਨਾ ਨੇ ਕਿਹਾ—ਅਸਲ 'ਚ ਤਰਜ਼ਮਾ ਕਿਸੇ ਪਰਫਿਊਮ ਨੂੰ ਇੱਕ ਸ਼ੀਸ਼ੀ ਤੋਂ ਦੂਜੀ ਸ਼ੀਸ਼ੀ 'ਚ ਪਾਉਣ ਦੀ ਤਰ੍ਹਾਂ ਹੈ। ਇਸ ਨਾਲ ਖੁਸ਼ਬੂ ਉਡ ਹੀ ਜਾਂਦੀ ਹੈ! ਜਾਵੇਦ ਨੇ ਕਿਹਾ—ਸਾਰੇ ਟਾਈਗਰ ਜਾਨਵਰ ਹੁੰਦੇ ਹਨ, ਪਰ ਸਾਰੇ ਜਾਨਵਰ ਟਾਈਗਰ ਨਹੀਂ ਹੁੰਦੇ।

ਜਾਵੇਦ ਤੋਂ ਬਾਅਦ ਗੁਲਜ਼ਾਰ ਸਾਹਿਬ ਦਾ ਸੈਸ਼ਨ ਸੀ। ਮੌਕਾ ਸੀ ਉਨ੍ਹਾ ਦੀ ਐਡਟਿੰਗ ਵਾਲੀ ਕਿਤਾਬ ਦੇ ਇਨਾਗਰੇਸ਼ਨ ਦਾ। ਇਸ 'ਚ ਉਨ੍ਹਾ ਕੁਝ ਨਜ਼ਮਾਂ ਸੁਣਾਇਆ। ਇਸ 'ਚ ਸ਼ਾਇਰ ਬਾਰੇ ਕਿਹਾ, 'ਘੰਟੋਂ ਰਾਤ ਕੋ ਬੈਠਾ ਹੋਇਆ ਵੋ ਅਗਲੀ ਰਾਤ ਦਾ ਇੰਤਜਾਰ ਕਰਤਾ ਹੈ', 'ਕੋਰਸ ਕੀ ਕਿਤਾਬੇਂ ਅੱਛੀ ਨਹੀਂ ਲੱਗਤੀ ਉਨਮੇਂ ਦਰਦ ਨਹੀਂ ਹੋਤਾ,' 'ਮੈਂ ਨਜ਼ਮੇਂ ਓੜ ਕੇ ਬੈਠਾ ਹੂਆ ਹਾਂ, ਬਿਨਾਂ ਨਜ਼ਮਾਂ ਕੇ ਮੈਂ ਨੰਗਾ ਹੂੰ ਅੰਦਰ ਸੇ, 'ਬਹੁਤ ਸੀ ਚੋਟੇਂ ਅੰਦਰ ਛਿਪਾ ਰੱਖੀ ਹੈ, ਮੁਝੇ ਜਬ ਚੋਟ ਲਗਤੀ ਹੈ, ਨਈਂ ਨਜ਼ਮ ਓੜ ਕਰ ਛਿਪਾ ਲੇਤਾ ਹੂੰ।'

## ਆਸਟ੍ਰੇਲੀਆ 'ਚ ਮਿਲਿਆ 2.7 ਕਿਲੋ ਦਾ ਡੱਡੂ



**ਸਿਡਨੀ** : ਆਸਟ੍ਰੇਲੀਆ 'ਚ ਦੁਨੀਆ ਦਾ ਸਭ ਤੋਂ ਵੱਡਾ ਡੱਡੂ ਮਿਲਿਆ। ਰੇਂਜਰਸ ਨੇ ਜਦ ਇਸ ਨੂੰ ਦੇਖਿਆ ਤਾਂ ਉਹ ਹੈਰਾਨ ਰਹਿ ਗਏ। ਇਸ ਦਾ ਭਾਰ 2.7 ਕਿਲੋਗ੍ਰਾਮ ਹੈ, ਜੋ ਹੁਣ ਤੱਕ ਦਾ ਸਭ ਤੋਂ ਵੱਡਾ ਡੱਡੂ ਹੋਣ ਦਾ ਰਿਕਾਰਡ ਆਪਣੇ ਨਾਂਅ ਕਰ ਸਕਦਾ ਹੈ। ਕਵੀਂਸਲੈਂਡ ਸੂਬੇ ਦੇ ਵਾਤਾਵਰਣ ਅਤੇ ਵਿਗਿਆਨ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਕਿਹਾ, 'ਟਾਡਜ਼ਿਲਾ' 2.7 ਕਿਲੋਗ੍ਰਾਮ ਦਾ ਹੈ, ਜੋ ਪਿਛਲੇ ਹਫ਼ਤੇ ਕਵੀਂਸਲੈਂਡ ਦੇ ਕਾਨਵੇ ਨੈਸ਼ਨਲ ਪਾਰਕ 'ਚ ਮਿਲਿਆ। ਜਦ ਪਾਰਕ ਦੇ ਮੁਲਾਜ਼ਮ ਕੰਮ ਕਰ ਰਹੇ ਸਨ, ਉਦੋਂ ਇਸ ਨੂੰ ਦੇਖਿਆ ਗਿਆ। ਰੇਂਜਰ ਕਾਇਲੀ ਗ੍ਰੇ ਨੇ ਕਿਹਾ ਕਿ ਟੀਮ ਨੇ ਇਸ ਵਿਸ਼ਾਲ ਡੱਡੂ ਨੂੰ ਉਦੋਂ ਖੋਜਿਆ, ਜਦ ਉਨ੍ਹਾਂ ਇੱਕ ਸੱਪ ਨੂੰ ਟਰੈਕ ਤੋਂ ਲੰਘਣ ਸਮੇਂ ਗੱਡੀ ਰੋਕੀ। ਉਹ ਸੱਪ ਨੂੰ ਹਟਾਉਣ ਲਈ ਗੱਡੀ 'ਚੋਂ ਉਤਰੀ ਸਨ। ਗ੍ਰੇ ਨੇ ਕਿਹਾ—ਮੈਂ ਥੱਲੇ ਉਤਰੀ ਤੇ ਇਸ ਨੂੰ ਫੜ ਲਿਆ। ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਇਹ ਡੱਡੂ ਏਨਾ ਵੱਡਾ ਅਤੇ ਭਾਰੀ ਹੈ। ਅਸੀਂ ਏਨੇ ਵੱਡੇ ਡੱਡੂ ਨੂੰ 'ਟਾਡਜ਼ਿਲਾ' ਨਾਂਅ ਦਿੱਤਾ ਹੈ। ਗ੍ਰੇ ਨੇ ਕਿਹਾ—ਇਹ ਡੱਡੂ ਕੁਝ ਵੀ ਖਾ ਸਕਦਾ ਹੈ, ਜੋ ਵਾਤਾਵਰਣ ਲਈ ਨੁਕਸਾਨਦੇਹ ਹੋਵੇਗਾ। ਇਹ ਬਾਕੀ ਕੀੜਿਆਂ ਨੂੰ ਖ਼ਤਮ ਕਰ ਸਕਦਾ ਹੈ। ਇਹ ਡੱਡੂ ਇੱਕ ਮਾਦਾ ਹੈ, ਜੋ ਆਮ ਤੌਰ 'ਤੇ ਨਰ ਦੀ ਤੁਲਨਾ 'ਚ ਵੱਡੇ ਹੁੰਦੇ ਹਨ। ਇਸ ਤੋਂ ਪਹਿਲਾਂ ਸਭ ਤੋਂ ਵੱਡੇ ਡੱਡੂ ਦਾ ਨਾਂਅ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ 'ਚ ਦਰਜ ਹੈ, ਜੋ ਸਵੀਡਨ ਦਾ 'ਪ੍ਰਿੰਸੇਨ' ਨਾਂਅ ਦਾ ਇੱਕ ਪਾਲਤੂ ਡੱਡੂ ਹੈ। 1991 'ਚ ਸਭ ਤੋਂ ਵੱਡੇ ਡੱਡੂ ਦਾ ਰਿਕਾਰਡ ਇਸ ਦੇ ਨਾਂਅ 'ਤੇ ਸੀ, ਇਸ ਦਾ ਭਾਰ 2.65 ਕਿਲੋਗ੍ਰਾਮ ਹੈ।

# ਇਸਤਰੀ ਜਾਗ੍ਰਿਤੀ ਮੰਚ ਵੱਲੋਂ ਥਾਣੇ ਅੱਗੇ ਧਰਨਾ ਪ੍ਰਦਰਸ਼ਨ

**ਜਲੰਧਰ, (ਨਵਾਂ ਜ਼ਮਾਨਾ ਸਰਵਿਸ)**-ਇਸਤਰੀ ਜਾਗ੍ਰਿਤੀ ਮੰਚ ਵਲੋਂ ਮੀਂਹ ਦੀ ਕਿਣਮਿਣ ਅਤੇ ਪੁਲਸ ਅਧਿਕਾਰੀਆਂ ਦੀਆਂ ਧਮਕੀਆਂ ਦੇ ਬਾਵਜੂਦ ਥਾਣਾ ਸਦਰ ਜਮਸ਼ੇਰ ਦਾ 3 ਘੰਟੇ ਤੋਂ ਵੱਧ ਸਮਾਂ ਘਿਰਾਓ ਕਰਕੇ ਪ੍ਰਦਰਸ਼ਨ ਕੀਤਾ ਗਿਆ। ਧਰਨਾਕਾਰੀਆਂ ਵਿੱਚ ਆ ਕੇ ਆਗੂਆਂ ਨਾਲ ਏਸੀਪੀ ਜਲੰਧਰ ਕੈਂਟ ਬਬਨਦੀਪ ਸਿੰਘ ਲੁਭਾਣਾ ਨੇ ਗੱਲਬਾਤ ਕਰਕੇ ਇਨਸਾਫ ਦਾ ਭਰੋਸਾ ਦਿੱਤਾ ਤਾਂ ਜਾ ਕੇ ਘੇਰਾਓ ਖਤਮ ਕੀਤਾ ਗਿਆ। ਇਸ ਮੌਕੇ ਮੰਚ ਦੀ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ ਅਤੇ ਜ਼ਿਲ੍ਹਾ ਸਕੱਤਰ ਜਸਵੀਰ ਕੌਰ ਜੱਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਵਾਅਦੇ ਅਨੁਸਾਰ ਇਨਸਾਫ ਨਾ ਮਿਲਿਆ ਤਾਂ ਜਥੇਬੰਦੀ ਸੰਘਰਸ ਨੂੰ ਹੋਰ ਤੇਜ ਕਰਨ ਲਈ ਮਜਬੂਰ ਹੋਵੇਗੀ। ਉਨ੍ਹਾਂ ਕਿਹਾ ਕਿ ਕਹਿਣ ਦੇ ਬਾਵਜੂਦ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਰਾਜ ਵਿੱਚ ਵੀ ਔਰਤਾਂ ਉੱਪਰ ਜਬਰ ਜੁਲਮ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਉਨ੍ਹਾਂ ਦੱਸਿਆ ਕਿ ਪਿੰਡ ਸਮਰਾਏ ਦੀ ਨੌਜਵਾਨ ਫੁੱਟਬਾਲ ਕੋਚ 26 ਸਾਲਾ ਹਰਦੀਪ ਕੌਰ ਪੁੱਤਰੀ ਜੋਗਿੰਦਰ ਸਿੰਘ ਵਲੋਂ ਜੰਡਿਆਲਾ ਮੰਜਕੀ ਦੇ ਵਸਨੀਕ ਅਰੁਨਦੀਪ ਸਿੰਘ ਉਰਫ ਘੁੱਗੇ ਆਦਿ ਤੋਂ ਦੁਖੀ ਹੋ ਕੇ 27-28 ਸਤੰਬਰ 2022 ਦੀ ਦਰਮਿਆਨੀ ਰਾਤ ਨੂੰ ਖੁਦਕਸੀ ਕਰ ਲਈ ਗਈ। ਥਾਣਾ ਸਦਰ ਜਮਸੇਰ ਵਿਖੇ ਕਸੂਰਵਾਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ। ਇਸ ਮਾਮਲੇ ਵਿੱਚ ਅਰੁਨਦੀਪ ਸਿੰਘ ਉਰਫ ਘੁੱਗੇ ਵਲੋਂ ਹਾਈਕੋਰਟ ਵਿੱਚ ਬਾਹਰੋਂ ਬਾਹਰ




ਜਮਾਨਤ ਅਰਜੀ ਲਗਾਈ ਗਈ ਤਾਂ ਪੁਲਸ ਵਲੋਂ ਸਫਾ ਮਿਸਲ ਉੱਪਰ ਸਹੀ ਢੰਗ ਨਾਲ ਅਰੁਨਦੀਪ ਸਿੰਘ ਉਰਫ ਘੁੱਗੇ ਦਾ ਨਾਂਅ ਨਾ ਲਿਆਉਣ ਕਾਰਨ ਅਦਾਲਤ ਨੇ ਜਮਾਨਤ ਦਾ ਹੁਕਮ ਦੇ ਦਿੱਤਾ ਗਿਆ। ਇਸ ਕੇਸ ਵਿੱਚ ਨਾਮਜਦ ਵਿਅਕਤੀਆਂ ਨੂੰ ਬਚਾਉਣ ਲਈ ਪੁਲਿਸ ਦੀ ਮਿਲੀਭੁਗਤ ਸਾਬਿਤ ਕਰਦਾ ਹੈ। ਉਨ੍ਹਾਂ ਪ੍ਰਾਪਤ ਜਾਣਕਾਰੀ ਅਨੁਸਾਰ ਦੱਸਿਆ ਕਿ ਹਰਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਵਿਖੇ 4 ਸਾਲ ਤੋਂ ਫੁੱਟਬਾਲ ਕੋਚ ਨੌਕਰੀ ਕਰਦੀ ਸੀ। ਜੰਡਿਆਲਾ ਮੰਜਕੀ ਨਿਵਾਸੀ ਅਰੁਨਦੀਪ ਸਿੰਘ ਉਰਫ ਘੁੱਗੇ ਵੀ ਫੁੱਟਬਾਲ ਕੋਚ ਵਜੋਂ ਨੌਕਰੀ ਕਰਦਾ ਸੀ। ਇਹਨਾਂ ਦੀ ਆਪਸੀ ਕਾਫੀ ਨੇੜਤਾ ਸੀ ਅਤੇ ਇਹ ਆਪਸ ਵਿੱਚ ਵਿਆਹ ਕਰਾਉਣ ਦਾ ਤੈਅ ਕਰੀ ਬੈਠੇ ਸਨ। ਬਾਅਦ ਵਿੱਚ ਅਰੁਨਦੀਪ ਸਿੰਘ ਉਰਫ ਘੁੱਗੇ ਹਰਦੀਪ ਕੌਰ ਦਾ ਫੋਨ ਚੁੱਕਣੋਂ ਹੱਟ ਗਿਆ ਅਤੇ ਫੁੱਟਬਾਲ ਕੋਚ ਗੋਪੀ ਅਤੇ ਸੁੱਖ ਜੌਹਲ ਵਾਸੀ ਜੰਡਿਆਲਾ ਮੰਜਕੀ ਨੂੰ ਵੀ ਇਸ ਰਿਸਤੇ ਦੀ ਜਾਣਕਾਰੀ ਸੀ। ਮਾਨਸਿਕ ਪ੍ਰੇਸਾਨ ਲੜਕੀ ਨੇ ਫੁੱਟਬਾਲ ਕੋਚ ਸੁੱਖ ਜੌਹਲ ਅਤੇ ਗੋਪੀ ਨੂੰ ਵੀ ਫੋਨ ਅਤੇ ਫੋਨ ਉੱਪਰ ਮੈਸਜ ਕਰਕੇ ਅਰੁਨਦੀਪ ਸਿੰਘ ਉਰਫ ਘੁੱਗੇ ਨਾਲ ਗੱਲ ਕਰਵਾਉਣ ਅਤੇ ਸਮਝਾਉਣ ਬਾਰੇ ਕਿਹਾ ਅਤੇ ਗੱਲ ਨਾ ਕਰਨ ਦੀ ਸੂਰਤ ਵਿੱਚ ਖੁਦਕਸੀ ਕਰਨ ਬਾਰੇ ਕਿਹਾ ਤਾਂ ਉਹਨਾਂ ਨੇ ਵੀ ਲੜਕੀ ਨੂੰ ਖੁਦਕੁਸ਼ੀ ਕਰਨ ਤੋਂ ਰੋਕਣ ਲਈ ਕੋਈ ਕਦਮ ਨਾ ਉਠਾਇਆ।

ਜਿਸ ਕਾਰਨ ਲੜਕੀ ਵਲੋਂ ਖੁਦਕੁਸ਼ੀ ਕਰ ਲਈ ਗਈ। ਸਦਰ ਪੁਲਸ ਵਲੋਂ ਨਾਮਜਦ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਕੋਈ ਵੀ ਯਤਨ ਨਹੀਂ ਕੀਤਾ ਜਾ ਰਿਹਾ ਸਗੋਂ ਮਿਲੀਭੁਗਤ ਤਹਿਤ ਬਚਾਉਣ ਲਈ ਕੇਸ ਨੂੰ ਕਮਜੋਰ ਕੀਤਾ ਜਾ ਰਿਹਾ ਹੈ। ਜਾਣਬੁੱਝ ਕੇ ਹੋਰ ਕਸੂਰਵਾਰਾਂ ਨੂੰ ਨਾਮਜਦ ਨਹੀਂ ਕੀਤਾ ਗਿਆ। ਜਿਸ ਕਾਰਨ ਜਥੇਬੰਦੀ ਨੂੰ ਮਜਬੂਰਨ ਧਰਨਾ ਪ੍ਰਦਰਸ਼ਨ ਕਰਨਾ ਪੈ ਰਿਹਾ ਹੈ। ਜਥੇਬੰਦੀ ਵਲੋ ਇੱਕ ਮਤਾ ਪਾਸ ਕਰਕੇ ਲਤੀਫਪੁਰਾ ਇਲਾਕੇ ਦੇ ਲੋਕਾਂ ਨੂੰ ਮੁੜ ਉਸ ਜਗ੍ਹਾ ਵਸਾਉਣ, ਉਹਨਾਂ ਦੇ ਹੋਏ ਨੁਕਸਾਨ ਦਾ ਢੁੱਕਵਾਂ ਮੁਆਵਜਾ ਦਿੱਤਾ ਜਾਵੇ ਅਤੇ ਗਾਲੀ ਗਲੋਚ ਕਰਨ ਵਾਲੇ ਡੀਸੀਪੀ ਜਸਕਿਰਨਜੀਤ ਸਿੰਘ ਤੇਜਾ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਗਈ। ਦੂਜੇ ਮਤੇ ਰਾਹੀਂ ਦਿੱਲੀ ਜੰਤਰ-ਮੰਤਰ ਵਿਖੇ ਜਿਣਸੀ ਸੋਸਣ ਖਿਲਾਫ ਚੱਲ ਰਹੇ ਔਰਤ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਦੋਸ਼ੀਆਂ ਖਿਲਾਫ ਬਣਦੀ ਸਖਤ ਕਾਰਵਾਈ ਦੀ ਮੰਗ ਕੀਤੀ। ਧਰਨੇ ਵਿੱਚ ਡੈਮੋਕ੍ਰੇਟਿਕ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਵਰਕਰ ਯੂਨੀਅਨ ਦੀਆਂ ਸਾਥਣਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਬੀਬੀ ਨਿਰਮਲਜੀਤ ਕੌਰ, ਸਰਪੰਚ ਕੁਲਵੰਤ ਕੌਰ ਪੱਬਵਾਂ,ਬਲਵਿੰਦਰ ਕੌਰ ਘੁੱਗ, ਦਲਜੀਤ ਕੌਰ ਪਾੜਾ, ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਰਮਨਜੀਤ ਕੌਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ, ਬਲਿਹਾਰ ਕੌਰ, ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਬਲਵਿੰਦਰ ਕੌਰ ਦਿਆਲਪੁਰ ਤੋਂ ਇਲਾਵਾ ਚੰਨਣ ਸਿੰਘ ਬੁੱਟਰ, ਮਨਜੀਤ ਕੌਰ ਉੱਧੋਵਾਲ ਅਤੇ ਮ੍ਰਿਤਕ ਫੁੱਟਬਾਲ ਕੋਚ ਹਰਦੀਪ ਕੌਰ ਦੀ ਮਾਤਾ ਕਮਲਦੀਪ ਕੌਰ ਆਦਿ ਨੇ ਸੰਬੋਧਨ ਕੀਤਾ।

## ਸਰਕਾਰ ਨੰਬਰਦਾਰਾਂ ਦੀਆਂ ਜਾਇਜ਼ ਮੰਗਾਂ ਤੇ ਕੀਤੇ ਵਾਅਦੇ ਜਲਦ ਪੂਰੇ ਕਰੇ: ਧੀਰਪੁਰ



**ਕਰਤਾਰਪੁਰ (ਹਰਮੇਸ਼ ਦੱਤ )** ਪੰਜਾਬ ਸਰਕਾਰ ਪੰਜਾਬ ਦੇ ਨੰਬਰਦਾਰਾਂ ਨਾਲ ਚੋਣਾਂ ਸਮੇਂ ਕੀਤੇ ਆਪਣੇ ਵਾਅਦੇ ਮੁਤਾਬਕ ਨੰਬਰਦਾਰਾਂ ਦੀਆਂ ਹੱਕੀ ਮੰਗਾਂ ਮੰਨਣ ਸੰਬੰਧੀ ਤਰੁੰਤ ਐਲਾਨ ਕਰੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਤਾਰਪੁਰ ਨੰਬਰਦਾਰ ਯੂਨੀਅਨ 643 ਦੀ ਗੁਰਦੁਆਰਾ ਗੰਗਸਰ ਸਾਹਿਬ ਦੇ ਦੀਵਾਨ ਹਾਲ ਵਿੱਚ ਪ੍ਰਧਾਨ ਭਜਨ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਹੋਈ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਬੁਲਾਰਿਆਂ ਨੇ ਕੀਤਾ। ਨੰਬਰਦਾਰ ਚਰਨਜੀਤ ਸਿੰਘ ਮੁੱਖ ਬੁਲਾਰਾ ਪੰਜਾਬ ਨੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੰਬਰਦਾਰਾਂ ਦੀਆ ਮੰਗਾਂ ਚੋਣਾਂ ਸਮੇਂ ਰਵਾਇਤੀ ਨੰਬਰਦਾਰੀ ਸਿਸਟਮ ਚਾਲੂ ਕਰਨ, ਮਾਣ ਭੱਤਾ 5 ਹਜਾਰ ਕਰਨ , ਨੰਬਰਦਾਰੀ ਜੱਦੀ ਪੁਸ਼ਤੀ , ਬੱਸ ਪਾਸ ਦੀ ਸਹੂਲਤ , ਟੋਲ ਪਲਾਜਾ ਫ੍ਰੀ , 5 ਲੱਖ ਤੱਕ ਹਰੇਕ ਨੰਬਰਦਾਰ ਦਾ ਸਿਹਤ ਬੀਮਾ ਕਰਨ , ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਵਿੱਚ ਨੰਬਰਦਾਰਾਂ ਨੂੰ ਨੁਮਾਇੰਦਗੀ ਦੇਣ ਤੇ ਹਰ ਤਹਿਸੀਲ -ਸਬ ਤਹਿਸੀਲ ਵਿੱਚ ਬੈਠਣ ਲਈ ਕਮਰੇ ਅਲਾਟ ਕਰਨ ਸਬੰਧੀ ਮਤੇ ਪਾਸ ਕੀਤੇ ਗਏ । ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ 15 ਅਗਸਤ ਅਤੇ 26 ਜਨਵਰੀ ਮੌਕੇ ਸਮਾਜ ਲਈ ਚੰਗੇ ਕਾਰਜ ਕਰਨ ਵਾਲੇ ਨੰਬਰਦਾਰਾਂ ਨੂੰ ਸਨਮਾਨਿਤ ਕਰੇ ਤਾਂ ਜੋ ਨੰਬਰਦਾਰ ਸਮਾਜ ਲਈ ਹੋਰ ਵੀ ਚੰਗੇ ਕਾਰਜ ਕਰਨ ਲਈ ਉਤਸ਼ਾਹਿਤ ਹੋ ਸਕਣ । ਇਸ ਸੰਬੰਧੀ ਇੱਕ ਮੰਗ ਪੱਤਰ ਬਲਬੀਰ ਰਾਜ ਸਿੰਘ ਐਸ ਡੀ ਐਮ ਜਲੰਧਰ -2 ਨੂੰ ਵੀ ਦਿੱਤਾ ਗਿਆ । ਇਸ ਮੌਕੇ ਜੋਗਾ ਸਿੰਘ ਸੰਘਾ , ਜਸਵੀਰ ਸਿੰਘ ਵਿਰਕ , ਜਗਰੂਪ ਸਿੰਘ ਚੋਹਲਾ , ਕਰਨੈਲ ਸਿੰਘ ਦਿਆਲਪੁਰ , ਮਹਿੰਦਰਪਾਲ ਸਿੰਘ ਅਲੀ ਖੇਲਾਂ , ਪਰਮਜੀਤ ਸਿੰਘ ਪੱਤੜ , ਰਣਜੀਤ ਸਿੰਘ , ਗੁਰਮੇਲ ਸਿੰਘ ਸਰਾਏ , ਮੋਹਣ ਲਾਲ ਮੱਲੀਆਂ , ਨਛੱਤਰ ਸਿੰਘ ਕਾਹਲਵਾਂ, ਗੁਰਦੀਪ ਸਿੰਘ , ਅਮਰੀਕ ਸਿੰਘ , ਮਨਰਾਜ ਸਿੰਘ , ਈਸਵਰ ਸਰੂਪ ਜੱਲਾ ਸਿੰਘ , ਜਾਗੀਰ ਸਿੰਘ , ਸਰਬਜੀਤ ਸਿੰਘ , ਗਿਆਨ ਸਿੰਘ ਫਾਜਲਪੁਰ , ਤਰਸੇਮ ਸਿੰਘ ਕਾਹਲਵਾਂ , ਸੁਨੀਤ ਕੁਮਾਰ ਭੱਠੇ ਆਦਿ ਵੱਖ ਵੱਖ ਪਿੰਡਾਂ ਦੇ ਨੰਬਰਦਾਰ ਹਾਜਰ ਸਨ ।

## ਮਗਨਰੇਗਾ ਸੰਬੰਧੀ ਸ਼ਿਕਾਇਤਾਂ ਦਾ ਹੱਲ ਮੁੱਢਲੀ ਜ਼ਿੰਮੇਵਾਰੀ : ਜਸਵਿੰਦਰ ਸਿੰਘ

**ਕਪੂਰਥਲਾ, ( ਪ੍ਰੀਤ ਸੰਗੋਜਲਾ )**-ਪੰਜਾਬ ਸਰਕਾਰ ਵਲੋਂ ਜਸਵਿੰਦਰ ਸਿੰਘ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਕਪੂਰਥਲਾ ਵਿਖੇ ਲੋਕਪਾਲ ਨਿਯੁਕਤ ਕੀਤਾ ਗਿਆ । ਉਨ੍ਹਾਂ ਵਲੋਂ ਕਪੂਰਥਲਾ ਜ਼ਿਲ੍ਹੇ ਦੇ ਪਿੰਡਾਂ ਦੇ ਲੋਕਾਂ ਦੀਆਂ ਮਗਨਰੇਗਾ ਨਾਲ ਸਬੰਧਿਤ ਸ਼ਿਕਾਇਤਾਂ ਦੀ ਸੁਣਵਾਈ ਕੀਤੀ ਜਾਵੇਗੀ। ਜਸਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਤਾਂ ਜੋ ਲੋਕਾਂ ਦੀਆਂ ਮੁਸ਼ਕਿਲਾਂ ਦਾ ਸਮੇਂ ਸਿਰ ਹੱਲ ਕਰਵਾਇਆ ਜਾ ਸਕੇ। ਉਨਾਂ ਕਿਹਾ ਕਿ ਲੋਕ ਆਪਣੀਆਂ ਮਗਨਰੇਗਾ ਨਾਲ ਸਬੰਧਿਤ ਸ਼ਿਕਾਇਤਾਂ ਦਫ਼ਤਰ ਜ਼ਿਲ੍ਹਾ ਪ੍ਰੀਸ਼ਦ ਕੰਮਪਲੈਕਸ ਕਪੂਰਥਲਾ ਵਿਖੇ ਦੇ ਸਕਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਬੰਧੀ 78891-04075 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਿੰਡਾਂ 'ਚ ਲਗਾਏ ਜਨਤਕ ਸ਼ਿਕਾਇਤ ਨਿਵਾਰਨ ਕੈਂਪ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲੋਕਾਂ ਦੀਆਂ ਬਰੂਹਾਂ ਤੱਕ ਪ੍ਰਸ਼ਾਸਨਿਕ ਸੇਵਾਵਾਂ ਦੇਣ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਵਿਚ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚ ਲਗਾਏ ਜਾ ਰਹੇ ਸ਼ਿਕਾਇਤ ਨਿਵਾਰਨ ਕੈਂਪ ਦੀ ਲੜੀ ਤਹਿਤ ਉਪ ਮੰਡਲ ਮੈਜਿਸਟਰੇਟ ਪ੍ਰੀਤਇੰਦਰ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਅੱਜ ਵੱਖ-ਵੱਖ ਪਿੰਡਾਂ ਵਿਚ ਕੈਂਪ ਲਗਾਏ ਗਏ। ਇਨ੍ਹਾਂ ਪਿੰਡਾਂ ਵਿਚ ਧੁੱਗਾ ਖੁਰਦ, ਮੁਰਾਦਪੁਰ, ਨਰਿਆਲ, ਧਾਮੀਆਂ ਖੁਰਦ, ਹੇਜਮ, ਝੋਜੜ, ਬਡਾਲਾ ਖੁਪਤਾ ਆਦਿ ਪਿੰਡ ਸ਼ਾਮਲ ਸਨ। ਇਨ੍ਹਾਂ ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਵਲੋਂ ਪਿੰਡਾਂ ਦੀਆਂ ਗਰਾਮ ਪੰਚਾਇਤਾਂ ਅਤੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ. ਪ੍ਰੀਤਇੰਦਰ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਵਿਚ ਪਹੁੰਚ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣ ਰਿਹਾ ਹੈ, ਤਾਂ ਜੋ ਉਨ੍ਹਾਂ ਦਾ ਯੋਗ ਨਿਪਟਾਰਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਹੈ।

## ਚਾਈਨਾ ਡੋਰ ਦੀਆਂ 32 ਚਰਖੜੀਆਂ ਸਮੇਤ ਦੁਕਾਨਦਾਰ ਗ੍ਰਿਫਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਚੌਕੀ ਭੂੰਗਾ, ਥਾਣਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਏ.ਐਸ.ਆਈ ਜਗਦੀਸ਼ ਕੁਮਾਰ ਇੰਚਾਰਜ ਚੌਕੀ ਸਮੇਤ ਸਾਥੀ ਕਰਮਚਾਰੀਆਂ ਸਮੇਤ ਅੱਡਾ ਦੋਸ਼ੜਕਾ ਵਿਖੇ ਮੌਜੂਦ ਸੀ ਤਾਂ ਮੁਖਬਰ ਦੀ ਇਤਲਾਹ' ਤੇ ਪਰਮਜੀਤ ਸਿੰਘ ਉਰਫ ਧੌਤਾ ਪੁੱਤਰ ਸਤਨਾਮ ਸਿੰਘ ਵਾਸੀ ਧੂਤ ਕਲਾਂ ਥਾਣਾ ਹਰਿਆਣਾ ਜੋ ਧੂਤ ਕਲਾ ਵਿਖੇ ਪਤੰਗਾਂ ਦੀ ਦੁਕਾਨ ਕਰਦਾ ਹੈ ਦੀ ਦੁਕਾਨ 'ਤੇ ਰੇਡ ਕੀਤਾ ਗਿਆ ਜਿਸ ਨੂੰ ਜ਼ਿਲ੍ਹਾ ਮੈਜਿਸਟਰੇਟ ਹੁਸਿਆਰਪੁਰ ਵੱਲੋ ਜਾਰੀ ਹੁਕਮਾਂ ਤੋਂ ਜਾਣੂ ਕਰਵਾਉਦੇ ਹੋਏ ਦੁਕਾਨ ਦੀ ਚੈਕਿੰਗ ਕੀਤੀ ਗਈ ਤਾਂ ਦੁਕਾਨ ਅੰਦਰੋਂ 33 ਗੱਟੂ (ਚਰਖੜੀਆਂ) ਚਾਇਨਾ ਡੋਰ ਬ੍ਰਾਮਦ ਹੋਈਆਂ ਜਿਸ 'ਤੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਥਾਣਾ ਹਰਿਆਣਾ ਵਿਖੇ ਦਰਜ ਕੀਤਾ ਗਿਆ ਹੈ। ਇਸ ਮੌਕੇ ਐਸ.ਐਚ.ਓ ਹਰਿਆਣਾ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਚਾਇਨਾ ਡੋਰ ਜਾਨਲੇਵਾ ਡੋਰ ਹੈ ਇਸ ਦਾ ਇਸਤੇਮਾਲ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਖੁਫੀਆ ਸੋਰਸ ਲਗਾ ਕੇ-ਚਾਇਨਾ ਡੋਰ ਵੇਚਣ, ਖ੍ਰੀਦਣ ਅਤੇ ਇਸਤੇਮਾਲ ਕਰਨ ਵਾਲੇ ਵਿਅਕਤੀਆਂ ਖਿਲਾਫ ਸਖਤ-ਕਾਰਵਾਈ ਕੀਤੀ ਜਾਵੇਗੀ।

## ਭਾਸ਼ਣ ਪ੍ਰਤੀਯੋਗਤਾ ਤੇ ਲੋਕ ਗੀਤਾਂ ਦੇ ਮੁਕਾਬਲੇ 22 ਫਰਵਰੀ ਨੂੰ

**ਨੂਰਮਹਿਲ ( ਬਾਲੀ )** - ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਨੂਰਮਹਿਲ ਦੇ ਐਗਜੈਕਟਿਵ ਮੈਂਬਰਾਂ ਦੀ ਮੀਟਿੰਗ ਸਕੈਨ ਦੇ ਪ੍ਰਧਾਨ ਰਣਜੀਤ ਸਿੰਘ ਹੁੰਦਲ ਦੀ ਅਗਵਾਈ ਵਿਚ ਪ੍ਰਧਾਨ ਦੇ ਗ੍ਰਹਿ ਵਿਖੇ ਹੋਈ ਤੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਹਰ ਸਾਲ ਦੀ ਤਰ੍ਹਾਂ ਭਾਸ਼ਣ ਪ੍ਰਤੀਯੋਗਤਾ ਅਤੇ ਲੋਕ ਗੀਤਾਂ ਦੇ ਮੁਕਾਬਲੇ ਇਸ ਵਾਰ 22 ਫਰਵਰੀ 2023 ਨੂੰ ਕਰਵਾਏ ਜਾਣਗੇ। ਮੀਟਿੰਗ ਵਿਚ ਪ੍ਰਧਾਨ ਰਣਜੀਤ ਸਿੰਘ ਹੰਦਲ, ਵਾਇਸ ਪ੍ਰਧਾਨ ਮੈਡਮ ਸੁਮਨ ਪਾਠਕ,ਪਵਨ ਕੁਮਾਰ ਰਾਏ ਸਕੱਤਰ ,ਰਵਿੰਦਰ ਸਿੰਘ ਗੋਗੀ, ਖੁਸਪਾਲ ਨਾਨਾ ,ਪ੍ਰਿਤਪਾਲ ਸਿੰਘ ਨੰਨਰਾ,ਹਰਕਮਲ ਸਿੰਘ ਜੋਹਲ,ਜਗਜੀਤ ਸਿੰਘ ਬਾਸੀ , ਅਮਨ ਭੱਚੂ ਅਤੇ ਮੁਕੇਸ ਭਾਰਦਵਾਜ ਸ਼ਾਮਲ ਹੋਏ।

## ਸਾਬਕਾ ਸਰਪੰਚ ਜੋਗਿੰਦਰ ਰਾਮ ਨੂੰ ਅੰਤਮ ਵਿਦਾਇਗੀ



**ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ)**-ਪਿੰਡ ਬਿਨਪਾਲਕੇ ਦੇ ਸਾਬਕਾ ਸਰਪੰਚ, ਨਿਧੜਕ ਬੁਲਾਰੇ ਅਤੇ ਸਮਾਜਿਕ ਆਗੂ ਜੋਗਿੰਦਰ ਰਾਮ ਸੰਖੇਪ ਬਿਮਾਰੀ ਪਿਛੋਂ ਅਕਾਲ ਚਲਾਣਾ ਕਰ ਗਏ। ਉਹ 85 ਵਰਿਆਂ ਦੇ ਸਨ। ਉਨ੍ਹਾਂ ਦਾ ਜਨਮ ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ ਵਿਖੇ ਪਿਤਾ ਦਲੀਪਾ ਰਾਮ ਅਤੇ ਮਾਤਾ ਸ੍ਰੀਮਤੀ ਪੁੰਨਾ ਦੇ ਗ੍ਰਹਿ ਵਿੱਚ ਹੋਇਆ। ਜੁਗਿੰਦਰ ਰਾਮ ਦੀ ਉਮਰ ਛੋਟੀ ਹੀ ਸੀ ਕਿ ਇਨ੍ਹਾਂ ਦੀ ਮਾਤਾ ਦਾ ਦਿਹਾਂਤ ਹੋ ਗਿਆ। ਇਨਾਂ ਨੇ ਬਚਪਨ ਤੋਂ ਹੀ ਸਖਤ ਮਿਹਨਤ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕੀਤਾ। ਇਹਨਾਂ ਦੇ ਦੋ ਪੁੱਤਰ ਅਤੇ ਤਿੰਨ ਧੀਆਂ ਹਨ। ਆਪ ਲਗਭੱਗ 30 ਸਾਲ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਰਹੇ। ਇਨ੍ਹਾਂ ਦੀ ਅਗਵਾਈ ਦੁਆਰਾ ਪਿੰਡ ਵਿਚ ਸੁੰਦਰ ਗੁਰੂ ਰਵਿਦਾਸ ਗੁਰੂ ਘਰ ਦੀ ਉਸਾਰੀ ਹੋਈ। ਇਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਕਮਲਜੀਤ ਅਤੇ ਸਰਬਜੀਤ ਨੇ ਦਿੱਤੀ। ਇਨਾਂ ਦੇ ਨਮਿਤ ਅੰਤਿਮ ਅਰਦਾਸ 28 ਜਨਵਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਵਿਖੇ ਹੋਵੇਗੀ।

## ਅੰਜਲੀ ਪੜ੍ਹਾਈ ਦੇ ਨਾਲ-ਨਾਲ ਵਧੀਆ ਪੇਂਟਿੰਗ ਬਣਾ ਕੇ ਕਰ ਰਹੀ ਸ਼ੌਕ ਪੂਰਾ



**ਫਿਲੌਰ, (ਨਿਰਮਲ)**- ਨੂਰਮਹਿਲ ਰੋਡ ਸਥਿਤ ਗੋਪਾਲ ਕਾਲੌਨੀ ਵਿਖੇ ਰਹਿ ਰਹੀ ਅੰਜਲੀ ਪੁੱਤਰੀ ਜਸਵੰਤ ਰਾਏ ਜੋਂ ਪੜ੍ਹਾਈ ਦੇ ਨਾਲ ਨਾਲ ਆਪਣੀ ਅੰਦਰ ਲੁੱਕੀ ਹੋਈ ਪ੍ਰਤਿਭਾ ਪੇਂਟਿੰਗ ਨੂੰ ਆਪਣੇ ਸ਼ੌਕ ਤੌਰ 'ਤੇ ਨਿਖਾਰ ਰਹੀ ਹੈ। ਇਸ ਸਬੰਧੀ ਅੰਜਲੀ ਨੇ ਦੱਸਿਆ ਕਿ ਉਸ ਨੂੰ ਬਚਪਨ ਤੋਂ ਹੀ ਪੇਂਟਿੰਗ ਦਾ ਸ਼ੌਕ ਹੈ ਅਤੇ ਉਹ ਅੱਜ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਰੇ ਦੇਸ਼ ਵਿਚ ਪੇਂਟਿੰਗ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿਸ ਦਾ ਹਲਕਾ ਫਿਲੌਰ 'ਚ ਰਣਜੀਤ ਪਵਾਰ ਨੂੰ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ, ਉਹ ਹਲਕੇ ਵਿੱਚ ਪੇਂਟਿੰਗ ਮੁਕਾਬਲੇ ਕਰਵਾ ਰਹੇ ਹਨ। ਪਰ ਜਦੋਂ ਪਵਾਰ ਨੇ ਅੰਜਲੀ ਦੀ ਪੇਂਟਿੰਗ ਦੇਖੀ ਤਾਂ ਉਹ ਹੈਰਾਨ ਰਹਿ ਗਏ ਕਿ ਕਿੰਨੀ ਖੂਬਸੂਰਤੀ ਨਾਲ ਪੇਂਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅੰਜਲੀ ਦੀ ਪੇਂਟਿੰਗ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਧਿਆਨ ਵਿੱਚ ਲਿਆ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਵਾਇਆ ਜਾਵੇਗਾ।

## ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਜ਼ੋਨ ਗੜ੍ਹਦੀਵਾਲਾ ਦੇ ਪਿੰਡਾਂ 'ਚ ਮੀਟਿੰਗਾਂ ਦਾ ਸਿਲਸਿਲਾ ਜਾਰੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਕਿਸਾਨ ਮਜਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਜੋਨ ਗੜ੍ਹਦੀਵਾਲ ਵਿਚ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਪਿੰਡ ਸਕਰਾਲਾ ,ਖਿਆਲਾ ਬੁਲੰਦਾ, ਗਾਲੋਵਾਲ ਬਾਹਗਾ, ਜਮਸ਼ੇਰ, ਚਠਿਆਲ, ਗੜ੍ਹਦੀਵਾਲ ਧਰਮਕੋਟ ਆਦਿ ਪਿੰਡਾਂ ਵਿੱਚ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੋਤਾਲਾ ਅਤੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਨੇ ਕਿਹਾ ਕਿ ਪਿਛਲੇ ਦਿਨੀਂ ਕੁਝ ਆਗੂ ਲਹਿਰ ਨੂੰ ਧੋਖਾ ਦੇ ਕੇ ਸਿਆਸੀਆ ਦੇ ਝੋਲੀ ਵਿੱਚ ਜਾ ਡਿੱਗੇ ਹਨ। ਮਾਈਕਰੋ ਫਾਈਨਾਂਸ ਕੰਪਨੀਆਂ ਦੇ ਹੱਕ ਵਿੱਚ ਜਾ ਖੜ੍ਹੇ ਹਨ।

ਆਗੂਆਂ ਨੇ ਕਿਹਾ ਕਿ ਜਥੇਬੰਦੀ ਵਿਚ ਕੰਮ ਕਰਨ ਵਾਲੇ ਕਿਸੇ ਵੀ ਵਰਕਰ ਨੂੰ ਧੋਖਾ ਨਹੀਂ ਦਿੱਤਾ ਜਾਵੇਗਾ। ਜਥੇਬੰਦੀ ਲਗਾਤਾਰ ਮਾਈਕਰੋ ਫਾਈਨਸ ਕੰਪਨੀਆ ਦੇ ਵਿਰੁੱਧ ਅਤੇ ਦੱਬੇ-ਕੁਚਲੇ ਲੋਕਾਂ ਦੇ ਹੱਕ ਵਿਚ ਖੜੀ ਹੈ।

ਪਿਛਲੇ ਸਮੇਂ ਵਿੱਚ ਮਾਈਕਰੋ ਫਾਈਨਾਂਸ ਕੰਪਨੀਆਂ ਨੇ ਹਦਾਇਤਾਂ ਦੇ ਉਲਟ ਗਰੀਬ ਲੋਕਾਂ ਨੂੰ ਕਰਜਾ ਦੇ ਕੇ ਭਰੀ ਲੁੱਟ ਕੀਤੀ ਹੈ। ਮਾਈਕਰੋ ਫਾਈਨਾਂਸ ਕੰਪਨੀਆਂ ਵੱਲੋਂ ਕੀਤੀ ਜਾਂਦੀ ਲੁੱਟ ਦਾ ਜੱਥੇਬੰਦੀ ਹਮੇਸ਼ਾ ਭਾਰੀ ਵਿਰੋਧ ਕਰਦੀ ਰਹੀ ਹੈ ਅਤੇ ਹਮੇਸ਼ਾ ਕਰਦੀ ਰਹੇਗੀ। 26 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ ਤੇ ਵੱਡਾ ਇਕੱਠ ਕਰਕੇ ਕੰਪਨੀਆਂ ਖਿਲਾਫ ਡੀ.ਸੀ ਨੂੰ ਮੰਗ ਪੱਤਰ ਵੀ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਦੀਪ ਸਿੰਘ ਜੱਗੀ ਗਿੱਲ ,ਦਲਜੀਤ ਕੌਰ, ਬਲਜੀਤ ਕੌਰ ,ਬਲਜਿੰਦਰ ਕੌਰ, ਮਹਿੰਦਰ ਸਿੰਘ , ਮਨਜਿੰਦਰ ਸਿੰਘ, ਜਗਜੀਤ ਕੌਰ, ਦੀਪਿਕਾ, ਰਿਬਿਕਾ, ਅਮਰਜੀਤ ਕੌਰ, ਇਕਬਾਲ ਕੌਰ, ਸੀਮਾ ਗਰੇਵਾਲ ਆਦਿ ਆਗੂ ਹਾਜਰ ਸਨ।

## ਅੰਧਵਿਸ਼ਵਾਸ਼ ਦੇਸ਼ ਲਈ ਲੱਕੜ ਦੇ ਘੁਣ ਵਾਂਗ ਖਤਰਨਾਕ : ਤਰਕਸ਼ੀਲ

**ਮੋਹਾਲੀ (ਗੁਰਜੀਤ ਬਿੱਲਾ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਮੋਹਾਲੀ ਅਤੇ ਚੰਡੀਗੜ੍ਹ ਵੱਲੋਂ ਸੂਬਾ ਆਗੂ ਡਾ. ਮਜੀਦ ਆਜਾਦ ਅਤੇ ਸਤਨਾਮ ਦਾਉਂ ਦੀ ਅਗਵਾਈ ਹੇਠ ਹਲਕਾ ਵਿਧਾਇਕ ਕੁਲਵੰਤ ਸਿੰਘ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ-ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਸਬੰਧੀ ਮੰਗ ਪੱਤਰ ਦਿੱਤਾ ਗਿਆ। ਇਸ ਕਾਨੂੰਨ ਦਾ ਮੰਤਵ ਪੰਜਾਬ ਵਿੱਚ ਕਾਲਾ-ਇਲਮ, ਕਾਲਾ-ਜਾਦੂ, ਬੁਰੀਆਂ ਆਤਮਾਵਾਂ, ਝੂਠੀਆਂ ਭਵਿੱਖ-ਬਾਣੀਆਂ ਅਤੇ ਹੋਰ ਅੰਧਵਿਸ਼ਵਾਸੀ ਤਰੀਕਿਆਂ ਰਾਹੀਂ ਤਾਂਤਰਿਕਾਂ, ਚੌਂਕੀਆਂ ਲਾਉਣ ਵਾਲੇ ਢੌਂਗੀ ਬਾਬਿਆਂ ਆਦਿ ਵੱਲੋਂ ਭੋਲੇ-ਭਾਲੇ, ਦੁੱਖਾਂ ਮਾਰੇ ਲੋਕਾਂ ਦਾ ਕੀਤਾ ਜਾ ਰਿਹਾ ਆਰਥਿਕ, ਮਾਨਸਿਕ ਅਤੇ ਸਰੀਰਕ ਸੋਸਣ ਬੰਦ ਕਰਵਾਉਣਾ ਹੈ। ਇਸ ਮੌਕੇ ਮੌਜੂਦ ਆਗੂਆਂ ਨੇ ਕਿਹਾ ਕਿ ਅੰਧਵਿਸਵਾਸ ਕਿਸੇ ਸਮਾਜ ਲਈ ਬਿਲਕੁਲ ਇਸੇ ਤਰ੍ਹਾਂ ਨੁਕਸਾਨਦੇਹ ਹੁੰਦੇ ਹਨ ਜਿਸ ਤਰ੍ਹਾਂ ਲੱਕੜ ਲਈ ਸਿਉਂਕ। ਅਖੌਤੀ ਬਾਬੇ ਆਪ ਤਾਂ ਅਜਿਹਾ ਕੋਈ ਕੰਮਕਾਰ ਕਰਦੇ ਨਹੀਂ ਜਿਸ ਨਾਲ ਦੇਸ ਦੇ ਵਿਕਾਸ ਵਿੱਚ ਕੋਈ ਯੋਗਦਾਨ ਪੈਂਦਾ ਹੋਵੇ। ਉਲਟਾ ਕਿਰਤੀ ਲੋਕਾਂ ਦੀ ਕਮਾਈ ਲੁੱਟਣ ਵਾਸਤੇ ਚੌਕੀਆਂ ਆਦਿ ਲਾਕੇ ਅੰਧਵਿਸ਼ਵਾਸੀ ਕਰਮਕਾਂਡਾਂ ਦਾ ਪਸਾਰ ਕਰਦੇ ਹਨ ਜਿਸ ਨਾਲ ਦੇਸ਼ ਦੇ ਵਿਕਾਸ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ। ਇਸ ਮੌਕੇ ਹਾਜਰ ਆਗੂਆਂ ਨੇ ਕਿਹਾ ਕਿ ਵਿਗਿਆਨਕ ਸੋਚ ਨੂੰ ਪ੍ਰਫੁੱਲਿਤ ਕਰਨਾ ਕਿਸੇ ਵੀ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਬਣਦੀ ਹੈ। ਤਰਕਸੀਲਾਂ ਨੇ ਪੰਜਾਬ ਸਰਕਾਰ ਨੂੰ ਇਹ ਕਾਨੂੰਨ ਬਣਾਉਣ ਲਈ ਪੁਰਜੋਰ ਅਪੀਲ ਕੀਤੀ ਤਾਂ ਜੋ ਪੰਜਾਬ ਨੂੰ ਅੰਧਵਿਸ਼ਵਾਸੀ ਲੁੱਟ ਤੋਂ ਬਚਾਇਆ ਜਾ ਸਕੇ । ਉਨ੍ਹਾਂ ਕਿਹਾ ਕਿ ਕੁਝ ਚਲਾਕ ਲੋਕਾਂ ਵੱਲੋਂ ਭੋਲੇ ਭਾਲੇ ਲੋਕਾਂ ਦੀ ਨਾਲ ਕੀਤੀ ਜਾਂਦੀ ਠੱਗੀ ਨੂੰ ਬੰਦ ਕਰਾਉਣ ਲਈ ਆਪਣੀ ਜਿੰਮੇਵਾਰੀ ਸਮਝਿਆ ਪੰਜਾਬ ਸਰਕਾਰ ਨੂੰ ਇਹ ਕਾਨੂੰਨ ਜਰੂਰ ਬਣਾਉਣਾ ਚਾਹੀਦਾ ਹੈ। ਇਸ ਮੌਕੇ ਤਰਕਸੀਲ ਕਾਰਕੁੰਨ ਗੁਰਤੇਜ ਸਿੰਘ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਵਹਿਮਾਂ-ਭਰਮਾਂ ਦੇ ਸਥਾਈ ਹੱਲ ਵਾਸਤੇ ਵਿਗਿਆਨਕ ਸੋਚ ਨੂੰ ਜੀਵਨ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਬਿਹਤਰ ਜੀਵਨ-ਜਾਚ ਦੇ ਰਾਹ ਪਿਆ ਜਾ ਸਕੇ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਵਲੋਂ ਕਾਨੂੰਨ ਨੂੰ ਬਨਾਉਣ ਅਤੇ ਪੈਰਵਾਈ ਕਰਨ ਦਾ ਪੂਰਾ ਭਰੋਸਾ ਦਿੱਤਾ ਗਿਆ ।

## ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਨੇ ਲਾਚੋਵਾਲ ਵਿਖੇ ਖੋਲ੍ਹਿਆ ਮੁੱਖ ਦਫਤਰ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ, ਓ ਪੀ ਰਾਣਾ )**- ਕਿਸਾਨੀ ਸੰਘਰਸ਼ ਦੌਰਾਨ ਲਾਚੋਵਾਲ ਟੋਲ ਪਲਾਜ਼ਾ ਤੋਂ ਸੰਘਰਸ਼ ਵਿਚ ਵੱਡਾ ਯੋਗਦਾਨ ਪਾਉਣ ਵਾਲੀ ਜੱਥੇਬੰਦੀ ਆਜਾਦ ਕਿਸਾਨ ਸੰਘਰਸ਼ ਕਮੇਟੀ ਦੁਆਬਾ ਲਾਚੋਵਾਲ ਨੇ ਆਪਣਾ ਮੁੱਖ ਦਫਤਰ ਲਾਚੋਵਾਲ ਵਿਖੇ ਸੁਖਮਣੀ ਸਾਹਿਬ ਦਾ ਪਾਠ ਕਰਵਾ ਕੇ ਖੋਲਿਆ ਗਿਆ। ਇਸ ਸਮੇਂ ਕਮੇਟੀ ਵੱਲੋਂ ਦਫਤਰ ਲਈ ਜਗ੍ਹਾ ਮੁਹੱਈਆ ਕਰਵਾਉਣ ਵਾਲੇ ਸਰਦਾਰ ਚੰਚਲ ਸਿੰਘ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਸਮੇਂ ਆਜਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਤੇ ਗੁਰਦੀਪ ਸਿੰਘ ਖੁਣ ਖੁਣ ਨੇ ਸਾਂਝੇ ਤੌਰ ਤੇ ਕਿਹਾ ਕਿ 25-25 ਸਾਲਾਂ ਤੋਂ ਵੱਧ ਕਾਨੂੰਨੀ ਸਜਾ ਭੁਗਤ ਚੁੱਕੇ ਬੰਦੀ ਸਿੱਖਾਂ ਨੂੰ ਜੇਲਾਂ ਵਿੱਚ ਬੰਦ ਕਰਕੇ ਹਕੂਮਤਾਂ ਦੇ ਗੈਰ ਵਿਧਾਨਕ ਤੇ ਗੈਰ ਇਨਸਾਨੀ ਦੁਖਦਾਈ ਅਮਲ ਹੋ ਰਹੇ ਹਨ। ਉਹਨਾਂ ਦੀ ਰਿਹਾਈ ਕਰਵਾਉਣ ਲਈ ਚੰਡੀਗੜ੍ਹ ਮੁਹਾਲੀ ਸਰਹੱਦ ਤੇ ਚੱਲ ਰਹੇ ਕੌਮੀ ਮੋਰਚੇ ਦੇ ਸਮਰਥਨ ਵਿੱਚ 28 ਜਨਵਰੀ ਨੂੰ ਸ਼ਮੂਲੀਅਤ ਕੀਤੀ ਜਾਵੇਗੀ ।

ਇਸ ਸਮੇਂ ਉਹਨਾਂ ਕਿਹਾ ਕਿ ਪਸ਼ਾਸਨ ਨੂੰ ਮੰਗ ਪੱਤਰ ਦੇਣ ਦੇ ਬਾਵਜੂਦ ਵੀ ਟਾਂਡਾ ਬਾਈਪਾਸ ਸੜਕ ਦੀ ਖਸਤਾ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ, ਜਿਸ ਖਿਲਾਫ ਵੀ ਸੰਘਰਸ਼ ਕੀਤਾ ਜਾਵੇਗਾ। ਇਸ ਸਮੇਂ ਰਣਧੀਰ ਸਿੰਘ ਅਸਲਪੁਰ, ਪਰਮਿੰਦਰ ਸਿੰਘ ਪੰਨੂੰ, ਗੁਰਨਾਮ ਸਿੰਘ ਸਿੰਗੜੀਵਾਲਾ, ਅਕਬਰ ਸਿੰਘ ਬੂਰੇ ਜੱਟਾਂ, ਪ੍ਰਮਿੰਦਰ ਸਿੰਘ ਖਾਨਪੁਰ, ਜਗਦੀਪ ਸਿੰਘ ਬੈਂਸ, ਗੁਰਬਚਨ ਸਿੰਘ ਅਸਲਪੁਰ, ਜਗਤ ਸਿੰਘ ਲਾਚੋਵਾਲ, ਬਿੱਕਰ ਸਿੰਘ ਸੇਰਪੁਰ ਕੱਚਾ, ਸੁਖਦੇਵ ਸਿੰਘ , ਅਵਤਾਰ ਸਿੰਘ, ਕੁਲਦੀਪ ਸਿੰਘ , ਪ੍ਰੀਤਮ ਸਿੰਘ, ਸਤਵੰਤ ਸਿੰਘ ਮੁਰਾਦਪੁਰ, ਧਿਆਨ ਸਿੰਘ ਤੇ ਦਲਵੀਰ ਸਿੰਘ ਆਦਿ ਹਾਜਰ ਸਨ।

## ਮਜਦੂਰਾਂ ਵੱਲੋਂ ਫਰਵਰੀ ਮਹੀਨੇ ਪੰਜਾਬ ਭਰ 'ਚ ਮੋਰਚੇ ਲਾਉਣ ਦਾ ਫੈਸਲਾ



**ਮਹਿਤਪੁਰ (ਰਾਜਾ)** ਪੇਂਡੂ ਮਜਦੂਰ ਯੂਨੀਅਨ ਦੀ ਅਗਵਾਈ ਹੇਠ ਐਸ ਡੀ ਐਮ ਨਕੋਦਰ ਤੋਂ ਨਕੋਦਰ ਤੇ ਮਹਿਤਪੁਰ ਦੇ ਮਨਰੇਗਾ ਵਰਕਰ ਮੰਗ ਕਰਨ ਪਹੁੰਚੇ ਕਿ ਉਨਾਂ ਨੂੰ ਬਲਾਕ ਦੇ ਅਧਿਕਾਰੀ ਸਾਨੂੰ ਮਨਰੇਗਾ ਕਾਨੂੰਨ ਹੇਠ ਸਾਨੂੰ 100 ਦੇਣ ਦਾ ਕੰਮ ਦੁਆਉਣ ਵਿਚ ਪੂਰੀ ਤਰ੍ਹਾਂ ਅਸਫਲ ਰਹੇ ਹਨ। ਅਸੀਂ ਸਰਕਾਰ ਵੱਲੋਂ ਗ੍ਰਾਮ ਸਭਾਵਾਂ ਵਿੱਚ ਵੀ ਰੋਜਗਾਰ ਦੀ ਗਾਰੰਟੀ ਸਮੇਤ ਲਾਲ ਲਕੀਰ ਅਤੇ ਪੰਜ-ਪੰਜ ਮਰਲੇ ਦੇ ਪਲਾਟ ਦਲਿਤਾਂ ਨੂੰ ਤੀਜੇ ਹਿੱਸੇ ਦੀ ਜਮੀਨ ਅਤੇ ਭ੍ਰਿਸ਼ਟ ਪੰਚਾਇਤਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਗ੍ਰਾਮ ਪੰਚਾਇਤਾਂ ਵਿੱਚ ਵੀ ਉਠਾ ਚੁੱਕੇ ਹਾਂ । ਲਿਖਤੀ ਰੂਪ ਵਿੱਚ ਵੀ ਬੀ. ਡੀ.ਪੀ.ਓ ਸਾਹਿਬ ਨੂੰ ਕਈ ਮੰਗ ਪੱਤਰ ਦੇ ਚੁੱਕੇ ਹਾਂ । ਡਿਪਟੀ ਕਮਿਸ਼ਨਰ ਵਿਕਾਸ ਨੂੰ ਵੀ ਕਈ ਵਾਰ ਉਨ੍ਹਾਂ ਪੰਚਾਇਤਾਂ ਦੀ ਲਿਖਤੀ ਸ਼ਿਕਾਇਤ ਦੀ ਵੀ ਭੇਜ ਚੁੱਕੇ ਹਾਂ ਜਿਹਨਾਂ ਕੋਲ ਲੱਖਾਂ ਰੁਪਇਆ ਲੇਬਰ ਬਜਟ ਪਿਆ ਹੈ । ਫੰਡ ਹੋਣ ਦੇ ਬਾਵਜੂਦ ਵੀ 100 ਦਿਨ ਕੰਮ ਦੀ ਗਰੰਟੀ ਦੀ ਸਰੇਆਮ ਉਲੰਘਣਾ ਕੀਤੀ ਜਾ ਰਹੀ ਹੈ। ਜਦਕਿ ਕੁੱਝ ਮਹੀਨਿਆਂ ਬਾਅਦ ਇਹ ਲੇਬਰ ਬਜਟ ਖਰਚ ਨਾ ਕੀਤਾ ਗਿਆ ਤਾਂ ਇਹ ਫੰਡ ਲੈਪਸ ਹੋ ਜਾਣਗੇ। ਜਿਹੜਾ ਮਜਦੂਰਾਂ ਨੂੰ ਭੁੱਖੇ ਮਾਰਨ ਤੇ ਸੂਬੇ ਦੇ ਵਿਕਾਸ ਲਈ ਵੀ ਨੁਕਸਾਨਦੇਹ ਹੈ। ਇਸ ਲਈ ਜਥੇਬੰਦੀਆਂ ਵੱਲੋਂ ਫਰਵਰੀ ਵਿੱਚ ਮਜਦੂਰਾਂ ਵੱਲੋਂ ਪੰਜਾਬ ਭਰ ਵਿੱਚ ਮੋਰਚੇ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਇਸਤਰੀ ਜਾਗ੍ਰਿਤੀ ਮੰਚ ਦੇ ਜਿਲ੍ਹਾ ਪ੍ਰਧਾਨ ਅਨੀਤਾ ਸੰਧੂ,ਅਤੇ ਪੇਂਡੂ ਮਜਦੂਰ ਯੂਨੀਅਨ ਪੰਜਾਬ ਵਲੋਂ ਜਸਵਿੰਦਰ ਕੌਰ ਮਹਿਸਮਪੁਰ ,ਸ਼ਿੰਦੋ ਮੰਡਿਆਲਾ , ਬਖਸ਼ੋ ਖੁਰਸੈਦਪੁਰ, ਪਰਮਜੀਤ ਕੌਰ ਤਲਵੰਡੀ , ਰਾਣੋ ਉਗੀ , ਬਲਵਿੰਦਰ ਕੌਰ ਰਹੀਮਪੁਰ , ਰਸਪਾਲ ਨੱਤ ਪ੍ਰਿਅੰਕਾ ਢੱਡਾ, ਕਮਲਜੀਤ ਸੀਹੋਵਾਲ , ਪ੍ਰਵੀਨ ਕੁਮਾਰੀ ਬੀੜ ਬਲੋਕੀ ਆਦਿ ਹਾਜਰ ਸਨ।

## ਬਹਿਰਾਮਪੁਰ ਬੇਟ, ਰਾਮਪੁਰ ਤੇ ਮੋਹਣ ਮਾਜਰਾ ਦੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਦਾ ਨਿਪਟਾਰਾ ਉਨ੍ਹਾਂ ਦੇ ਦਰਾਂ ਤੇ ਜਾ ਕੇ ਹੱਲ ਕਰਨ ਲਈ ਹਮੇਸ਼ਾ ਵਚਨਬੱਧ ਹੈ। ਸੂਬਾ ਸਰਕਾਰ ਵੱਲੋਂ ਮਿਲੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿੰਡਾਂ ਵਿੱਚ ਰਹਿ ਰਹੇ ਆਮ ਲੋਕਾਂ ਦੀਆਂ ਸਾਂਝੀਆਂ ਤੇ ਨਿੱਜੀ ਸਮੱਸਿਆਵਾਂ ਦਾ ਹੱਲ ਜਨ ਸੁਨਾਵੀਂ ਕੈਂਪ ਲਗਾ ਕੇ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾਂ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਸ੍ਰੀਮਤੀ ਅਨਮਜੋਤ ਕੌਰ ਨੇ ਜ਼ਿਲ੍ਹੇ ਅਧੀਨ ਸ੍ਰੀ ਚਮਕੌਰ ਸਾਹਿਬ ਬਲਾਕ ਦੇ ਪਿੰਡ ਬਹਿਰਾਮਪੁਰ ਬੇਟ, ਰਾਮਪੁਰ ਤੇ ਮੋਹਣ ਮਾਜਰਾ ਪਿੰਡਾਂ ਦੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਉਪਰੰਤ ਕੀਤਾ। ਅਨਮਜੋਤ ਕੌਰ ਅਤੇ ਐਸ ਡੀ ਐਮ ਸ੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਵਲੋਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀਆਂ ਸਾਂਝੀਆਂ ਤੇ ਨਿੱਜੀ ਸਮੱਸਿਆਵਾਂ ਸੁਣੀਆਂ ਗਈਆਂ। ਇਸ ਦੌਰਾਨ ਉਨ੍ਹਾਂ ਵੱਲੋਂ ਜਿੱਥੇ ਬਹੁਤੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ, ਉੱਥੇ ਹੀ ਕਈ ਹੋਰ ਸਮੱਸਿਆਵਾਂ ਦੇ ਯੋਗ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਕੈਂਪ ਦੌਰਾਨ ਤਹਿਸੀਲਦਾਰ ਸ੍ਰੀ ਚਮਕੌਰ ਸਾਹਿਬ ਚੇਤਨ ਬੰਗੜ, ਬੀਡੀਪੀਓ ਹਰਕੀਤ ਸਿੰਘ, ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ, ਸਿਹਤ ਵਿਭਾਗ ਤੋਂ ਐਸਐਮਓ ਡਾ. ਗੋਬਿੰਦ ਟੰਡਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਬੰਧਤ ਪਿੰਡਾਂ ਦੀਆਂ ਪੰਚਾਇਤਾਂ, ਮੋਹਤਬਰ ਵਿਅਕਤੀ ਸਮੇਤ ਆਮ ਲੋਕ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਲੈਪਟਾਪ ਤੇ ਮੋਬਾਇਲ ਦੇ ਕੇ ਕੀਤਾ ਸਨਮਾਨਤ



**ਨੂਰਮਹਿਲ ( ਬਾਲੀ )** -ਸਰਕਾਰੀ ਹਾਈ ਸਕੂਲ ਰਾਜੋਵਾਲ ਦੇ ਅੱਠਵੀਂ ਜਮਾਤ 'ਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿੱਦਿਆਰਥੀਆਂ ਨੂੰ ਮਹਿੰਦਰ ਪਾਲ ਸਰਹਾਲੀ ਤੇ ਉਹਨਾਂ ਦੇ ਪਰਵਾਰ ਵਲੋਂ ਲੈਪਟਾਪ ਤੇ ਮੋਬਾਇਲ ਦੇ ਕੇ ਸਨਮਾਨਿਤ ਕੀਤਾ ਗਿਆ ! ਇਸ ਮੌਕੇ ਮਹਿੰਦਰਪਾਲ ਸਰਹਾਲੀ ਨਾਲ ਉਹਨਾਂ ਦੇ ਪਰਵਾਰਕ ਮੈਂਬਰ ਸੁਪਤਨੀ ਗੁਰਮੇਜ ਕੌਰ, ਪੁੱਤਰ ਹਰਦਿਆਲ ਪਾਲ, ਸੋਹਣ ਲਾਲ ਏ. ਐਸ. ਆਈ, ਸੁਰਿੰਦਰ ਪਾਲ, ਊਸ਼ਾ ਰਾਣੀ, ਮਨਜੀਤ ਕੌਰ ਆਦਿ ਹਾਜਰ ਸਨ! ਸਾਹਿਤਕਾਰ ਤੇ ਸਟੇਟ ਅਵਾਰਡੀ ਅਧਿਆਪਕ ਸੁਮਨ ਸਾਮਪੁਰੀ ਨੇ ਕਿਤਾਬਾਂ ਪੜ੍ਹਨ ਦੇ ਮਹੱਤਵ ਤੇ ਆਪਣੇ ਵਿਚਾਰ ਪੇਸ਼ ਕੀਤੇ! ਹੈੱਡਮਾਸਟਰ ਮੰਗਤ ਰਾਮ ਅਤੇ ਐਸ. ਐਮ. ਸੀ ਚੇਅਰਮੈਨ ਬੂਟਾ ਰਾਮ ਨੇ ਬੱਚਿਆਂ ਦੀ ਹੌਂਸਲਾ ਅਫਜਾਈ ਲਈ ਮਹਿੰਦਰਪਾਲ ਤੇ ਉਨ੍ਹਾਂ ਦੇ ਪਰਵਾਰ ਦਾ ਧੰਨਵਾਦ ਕੀਤਾ!

## ਅਜੋਕੇ ਯੁੱਗ 'ਚ ਲੜਕੀਆਂ ਲੜਕਿਆਂ ਨਾਲੋਂ ਜ਼ਿਆਦਾ ਮੱਲਾਂ ਮਾਰ ਰਹੀਆਂ : ਕੇਸ਼ਵ ਸੈਣੀ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ,ਉਂਕਾਰ ਸਿੰਘ )**- "ਬੇਟੀ ਬਚਾਉ ਬੇਟੀ ਪੜ੍ਹਾਉ" ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ ਅਮਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ.ਡੀ.ਪੀ.ਓ ਬਾਲ ਵਿਕਾਸ ਪ੍ਰੋਜੈਕਟ ਅਫਸਰ ਟਾਂਡਾ ਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਆਂਗਨਵਾੜੀ ਸੈਂਟਰ ਸਰਕਲ ਕੋਟਲੀ ਦਫਤਰ ਬਲਾਕ ਟਾਂਡਾ ਉੜਮੁੜ ਵਿਖੇ ਨਵ-ਜੰਮੀਆ 10 ਧੀਆਂ ਦੀ ਲੋਹੜੀ ਮਨਾਉਣ ਲਈ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਹੁੰਚ ਰਹੇ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੂੰ ਕਿਸੇ ਜਰੂਰੀ ਕੰਮ ਤੇ ਬਾਹਰ ਜਾਣ ਕਾਰਨ ਉਨ੍ਹਾਂ ਵੱਲੋਂ ਆਪ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਸਮਾਰੋਹ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਨਾਲ ਆਪ ਆਗੂ ਗੁਰਦੀਪ ਸਿੰਘ ਹੈਪੀ, ਆਪ ਆਗੂ ਮਨਮੋਹਨ ਸਿੰਘ ਸੰਘਾ ਟਾਂਡਾ, ਅਤਵਾਰ ਸਿੰਘ ਪਲਾਚੱਕ, ਆਪ ਨੇਤਾ ਪ੍ਰੇਮ ਪਡਵਾਲ, ਸੁਰਿੰਦਰ ਸਿੰਘ ਭਾਟੀਆ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਮਾਗਮ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਕਿਹਾ ਕਿ ਪੁਰਾਣੇ ਸਮੇਂ ਵਿੱਚ ਲੜਕਿਆਂ ਦੀ ਹੀ ਲੋਹੜੀ ਪਾਈ ਜਾਂਦੀ ਸੀ ਪਰ ਹੁਣ ਸਮਾਂ ਬਦਲ ਗਿਆ ਹੈ ਅਤੇ ਅੱਜ-ਕੱਲ੍ਹ ਲੜਕਿਆਂ ਦੇ ਨਾਲ-ਨਾਲ ਲੜਕੀਆਂ ਦੀ ਵੀ ਲੋਹੜੀ ਪਾਈ ਜਾ ਰਹੀ ਹੈ ਜੋ ਕੇ ਇਕ ਸ਼ਲਾਘਾਯੋਗ ਕਾਰਜ ਹੈ। ਉਨ੍ਹਾਂ ਕਿਹਾ ਕਿ ਅਜੋਕੇ ਯੁੱਗ ਵਿਚ ਲੜਕੀਆਂ ਹਰ ਖੇਤਰ 'ਚ ਲੜਕਿਆਂ ਨਾਲੋਂ ਜ਼ਿਆਦਾ ਮੱਲਾਂ ਮਾਰ ਰਹੀਆਂ ਹਨ, ਇਸ ਲਈ ਲੜਕੀਆਂ ਨੂੰ ਪੂਰਾ ਮਾਣ ਸਤਿਕਾਰ ਦੇਣਾ ਚਾਹੀਦਾ ਹੈ।। ਕੇਸ਼ਵ ਸੈਣੀ, ਗੁਰਦੀਪ ਸਿੰਘ ਹੈਪੀ ਅਤੇ ਸੰਘਾ ਟਾਂਡਾ ਨੇ ਲੋਕਾਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਲੜਕੀ ਵਿਆਹ ਤੋਂ ਪਹਿਲਾਂ ਆਪਣੇ ਮਾਤਾ-ਪਿਤਾ ਦੇ ਦੁੱਖ ਸੁੱਖ 'ਚ ਸਾਥ ਦਿੰਦੀ ਹੈ ਅਤੇ ਵਿਆਹ ਤੋਂ ਬਾਅਦ ਆਪਣੇ ਸਸੁਰਾਲ ਦੇ ਘਰ ਖੁਸ਼ੀਆਂ ਬਿਖੇਰਦੀ ਹੈ ਇਸ ਲਈ ਲੜਕੀ ਦੇ ਜਨਮ ਤੇ ਘਰ 'ਚ ਲਕਸ਼ਮੀ ਆਈ ਕਿਹਾ ਜਾਂਦਾ ਹੈ। ਇਸ ਮੌਕੇ ਤੇ ਸੀ.ਡੀ.ਪੀ.ਓ ਟਾਂਡਾ ਮਨਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਲੜਕੇ-ਲੜਕੀਆਂ ਵਿੱਚ ਫਰਕ ਨਾ ਰੱਖਦੇ ਹੋਏ ਲੜਕੀਆਂ ਨੂੰ ਵੀ ਪੂਰਾ ਪੜ੍ਹਾਉਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਜੀਵਨ ਨੂੰ ਆਪਣੇ ਪੈਰਾਂ ਤੇ ਖੜੇ ਹੋ ਕੇ ਸਫਲ ਬਣਾ ਸਕਣ। ਇਸ ਮੌਕੇ 'ਤੇ ਸੁਪਰਵਾਈਜਰ ਸਟਾਫ ਗੀਤਾ ਰਾਣੀ, ਰੇਨੂੰ ਬਾਲਾ, ਕਮਲਜੀਤ ਕੌਰ, ਜਸਪਾਲ ਕੌਰ, ਬਖਸੀਸ ਕੌਰ, ਜਗੀਰ ਕੌਰ, ਜਸਪਾਲ ਕੌਰ ਅਤੇ ਹੋਰ ਆਂਗਣਵਾੜੀ ਵਰਕਰਾਂ ਨੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਅਤੇ ਨਵ-ਜੰਮੀਆ ਧੀਆਂ ਦੇ ਪਰਵਾਰਾਂ ਨੂੰ ਗਿਫਟ ਵੀ ਦਿੱਤੇ।

## ਸ਼ੋਭਾ ਯਾਤਰਾ ਦਾ ਸ਼ਰਧਾਲੂਆਂ ਨੇ ਫੁੱਲਾਂ ਦੀ ਵਰਖਾ ਨਾਲ ਕੀਤਾ ਸਵਾਗਤ

**ਕਰਤਾਰਪੁਰ (ਹਰਮੇਸ ਦੱਤ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੁਰਵ ਦੇ ਸੰਬੰਧ ਵਿੱਚ ਸ੍ਰੀ ਗੁਰੂ ਰਵਿਦਾਸ ਮੰਦਿਰ ਆਰੀਆ ਨਗਰ ਤੋਂ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਪ੍ਰਧਾਨ ਨਰਿੰਦਰਪਾਲ ਦੀ ਦੇਖ ਰੇਖ ਵਿੱਚ ਪਾਵਨ ਜੋਤ ਸ਼ੋਭਾ ਯਾਤਰਾ ਦਾ ਆਯੋਜਨ ਬੜੀ ਧੂਮ ਧਾਮ ਤੇ ਸ਼ਰਧਾ ਭਾਵਨਾ ਨਾਲ ਕੀਤਾ ਗਿਆ। ਸ਼ਰਧਾਲੂਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਭਜਨਾਂ ਦਾ ਗੁਣਗਾਨ ਕੀਤਾ ਅਤੇ ਆਰਿਆਂ ਨਗਰ ਅੰਬੇਦਕਰ ਨਗਰ ਵਿਖੇ ਸ਼ੋਭਾ ਯਾਤਰਾ ਦਾ ਫੁੱਲਾਂ ਦੀ ਵਰਖਾ ਨਾਲ ਸਮਾਜ ਸੇਵਕ ਬਲਵਿੰਦਰ ਬਲ ਅਤੇ ਉਸ ਦੇ ਪਰਵਾਰ ਨੇ ਭਰਵਾਂ ਸਵਾਗਤ ਕੀਤਾ। ਸ਼ਰਧਾਲੂਆਂ ਲਈ ਲੰਗਰ ਲਗਾਏ ਗਏ। ਸ਼ੋਭਾ ਯਾਤਰਾ ਪਰਕਰਮਾ ਕਰਦੇ ਹੋਏ ਵਾਪਿਸ ਮੰਦਰ ਵਿਚ ਪਹੁੰਚੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਕੀਤੀ ਗਈ ਅਤੇ ਬਾਅਦ ਵਿਚ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਬਾਬਾ ਮੋਹਨ ਗਿਰੀ,ਪ੍ਰਧਾਨ ਨਰਿੰਦਰਪਾਲ,ਬਣੀ,ਬਲਵਿੰਦਰ ਬਲ,ਰਕੇਸ਼ ਕੁਮਾਰ, ਕ੍ਰਿਸ਼ਨ ਬਲ, ਗੁਰਪ੍ਰੀਤ, ਹਰਸ਼, ਪ੍ਰਸ਼ੋਤਮ ਪਾਲ, ਕਰਨ ਬਲ,ਰਿਧਮਾ ਬਲ,ਤਾਰਾ ਲਾਲ,ਸ਼ੁਭਮ ਮੇਹਮੀ,ਵਰਣ ਮਹਿਮੀ, ਕਰਨ ਕੁਮਾਰ, ਦਿਨੇਸ਼ ਕੁਮਾਰ,ਰਾਣੋ ਆਦਿ ਹਾਜਰ ਸਨ।

## ਲਲਿਤਾ ਸਕਲਾਨੀ ਨੇ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਦਾ ਅਹੁਦਾ ਸੰਭਾਲਿਆ



**ਕਪੂਰਥਲਾ, ( ਪ੍ਰੀਤ ਸੰਗੋਜਲਾ )**-ਪੰਜਾਬ ਦੇ ਖੇਤੀ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਹਾਜ਼ਰੀ ਵਿਚ ਲਲਿਤਾ ਸਕਲਾਨੀ ਨੇ ਜ਼ਿਲ੍ਹਾ ਯੋਜਨਾ ਕਮੇਟੀ ਕਪੂਰਥਲਾ ਦੀ ਚੇਅਰਪਰਸਨ ਵਜੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਹੁਦਾ ਸੰਭਾਲਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਚੇਅਰਪਰਸਨ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਵਲੋਂ ਪਾਰਟੀ ਦੇ ਵਰਕਰਾਂ ਨੂੰ ਅਹੁਦੇ ਦਿੱਤੇ ਜਾ ਰਹੇ ਹਨ,ਜਿਸ ਨਾਲ ਆਮ ਘਰਾਂ ਦੇ ਲੋਕ ਉੱਚੇ ਰਾਜਨੀਤਕ ਅਹੁਦਿਆਂ 'ਤੇ ਪੁੱਜੇ ਹਨ। ਉਨ੍ਹਾਂ ਕਿਹਾ ਕਿ ਲਲਿਤਾ ਸਕਲਾਨੀ ਨੂੰ ਪਾਰਟੀ ਨੇ ਚੇਅਰਮੇਨ ਨਿਯੁਕਤ ਕਰਕੇ ਸਾਫ-ਸੁਥਰੀ ਰਾਜਨੀਤੀ ਦੀ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਲਲਿਤਾ ਸਕਲਾਨੀ ਦੀ ਅਗਵਾਈ ਹੇਠ ਯੋਜਨਾ ਕਮੇਟੀ ਜ਼ਿਲ੍ਹੇ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਏਗੀ। ਚੇਅਰਪਰਸਨ ਲਲਿਤਾ ਸਕਲਾਨੀ ਨੇ ਅਹੁਦਾ ਸੰਭਾਲਣ ਮਗਰੋਂ ਕਿਹਾ ਕਿ ਜਿਲ੍ਹੇ ਦਾ ਯੋਜਨਾਬੱਧ ਵਿਕਾਸ ਉਨ੍ਹਾਂ ਦੀ ਪਹਿਲ ਹੋਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕਪੂਰਥਲਾ ਨੂੰ ਭਵਿੱਖੀ ਚੁਣੌਤੀਆਂ ਲਈ ਤਿਆਰ ਕਰਨ ਵਾਸਤੇ ਯੋਜਨਾ ਬੋਰਡ ਵਲੋਂ ਖਾਕਾ ਤਿਆਰ ਕੀਤਾ ਜਾਵੇਗਾ, ਜਿਸ ਨੂੰ ਲਾਗੂ ਕਰਕੇ ਜਿਲ੍ਹੇ ਨੂੰ ਵਿਕਾਸ ਮੁਖੀ ਤੇ ਲੋਕ ਪੱਖੀ ਲੀਹਾਂ 'ਤੇ ਤੋਰਿਆ ਜਾਵੇਗਾ। ਇਸ ਮੌਕੇ ਵਿਧਾਇਕ ਡਾ.ਰਵਜੋਤ,ਵਿਧਾਇਕ ਜਸਬੀਰ ਰਾਜਾ ਗਿੱਲ,ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ,ਐਸ.ਐਸ.ਪੀ ਨਵਨੀਤ ਸਿੰਘ ਬੈਂਸ,ਰਾਜਵਿੰਦਰ ਕੌਰ ਥਿਆੜਾ ਜਰਨਲ ਸਕੱਤਰ ਆਮ ਆਦਮੀ ਪਾਰਟੀ ਤੇ ਹੋਰਨਾਂ ਆਗੂਆਂ ਨੇ ਨਵ-ਨਿਯੁਕਤ ਚੇਅਰਪਰਸਨ ਨੂੰ ਮੁਬਾਰਕਬਾਦ ਦਿੱਤੀ।

ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਇਕ ਟੁਕੜੀ ਵਲੋਂ ਕੈਬਨਿਟ ਮੰਤਰੀ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਮੰਜੂ ਰਾਣਾ,ਸਾਬਕਾ ਕੈਬਨਿਟ ਮੰਤਰੀ ਜੋਗਿੰਦਰ ਸਿੰਘ ਮਾਨ,ਰਣਜੀਤ ਸਿੰਘ ਰਾਣਾ, ਡਾ ਪਰਮਜੀਤ ਸਿੰਘ ਔਜਲਾ,ਵਧੀਕ ਡਿਪਟੀ ਕਮਿਸ਼ਨਰ(ਵਿਕਾਸ)ਪਰਮਜੀਤ ਕੌਰ,ਡੀ.ਡੀ.ਪੀ.ਓ ਹਰਜਿੰਦਰ ਸਿੰਘ ਸੰਧੂ ਹਾਜ਼ਰ ਸਨ।

## ਲੁਟੇਰਾ ਔਰਤ ਦਾ ਪਰਸ ਖੋਹ ਕੇ ਭੱਜਿਆ, ਪੁਲਸ ਨੇ ਦਬੋਚਿਆ



**ਫਿਲੌਰ (ਨਿਰਮਲ)**- ਲੱਕੜਮੰਡੀ ਫਿਲੌਰ ਵਿਖੇ ਰਿਕਸ਼ੇ 'ਤੇ ਜਾ ਰਹੀਂ ਔਰਤ ਦਾ ਪਰਸ ਇਕ ਲੁਟੇਰਾ ਜੋ ਮੋਟਰਸਾਈਕਲ 'ਤੇ ਸਵਾਰ ਪਰਸ ਖੋਹ ਕੇ ਭੱਜ ਤੁਰਿਆ। ਲੁਟੇਰਾ ਰੇਲਵੇਂ ਸ਼ਟੇਸ਼ਨ ਵੱਲ ਜਾ ਰਿਹਾ ਸੀ ਤਾਂ ਅੱਗੋਂ ਆ ਰਹੇ ਮੋਟਰਸਾਈਕਲ ਨਾਲ ਟਕਰਾ ਗਿਆ ਅਤੇ ਡਿੱਗ ਪਿਆ। ਲੋਕਾਂ ਵੱਲੋਂ ਪੁਲਸ ਨੂੰ ਸੂਚਿਤ ਕੀਤਾ, ਸਬ ਇੰਸਪੈਕਟਰ ਪੰਕਜ ਕੁਮਾਰ ਅਤੇ ਥਾਣੇਦਾਰ ਅਸ਼ੋਕ ਕੁਮਾਰ ਫੌਰੀ ਤੌਰ ਮੌਕੇ 'ਤੇ ਪੁੱਜੇ ਅਤੇ ਥਾਣੇ ਲੈ ਗਏ। ਪਰਸ ਵਿੱਚ ਮੋਬਾਇਲ ਫੋਨ ਅਤੇ ਨਗਦੀ ਸੀ। ਥਾਣਾ ਮੁੱਖੀ ਫਿਲੌਰ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਲੁਟੇਰੇ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਲੁੱਟ-ਖੋਹ ਦੀਆਂ ਹੋਰ ਵਾਰਦਾਤਾਂ ਦੇ ਭੇਦ ਖੁਲ੍ਹਣ ਦੀ ਆਸ ਦੱਸੀ ਜਾ ਰਹੀ ਹੈ।

## ਵੱਖ-ਵੱਖ ਹਸਤੀਆਂ ਨੇ ਦਿੱਤੀ ਪ੍ਰਧਾਨ ਨਿਰਮਲ ਸਿੰਘ ਮੱਲੀ ਨੂੰ ਸ਼ਰਧਾਂਜਲੀ

**ਅੱਡਾ ਸਰਾਂ , (ਕਾਜਲ )**- ਪਿੰਡ ਦੇਹਰੀਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਦੌਰਾਨ ਵੱਖ ਵੱਖ ਹਸਤੀਆਂ ਨੇ ਸੀਨੀਅਰ ਅਕਾਲੀ ਆਗੂ ਅਤੇ ਪਬਲਿਕ ਖਾਲਸਾ ਕਾਲਜ ਕੰਧਾਲਾ ਜੱਟਾਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਰਮਲ ਸਿੰਘ ਮੱਲੀ ਨੂੰ ਸ਼ਰਧਾਜਲੀ ਦਿੱਤੀ।

ਪਾਠ ਦੇ ਭੋਗ ਉਪਰੰਤ ਭਾਈ ਨਿਰਵੈਰ ਸਿੰਘ ਦੇ ਜੱਥੇ ਨੇ ਕੀਰਤਨ ਕੀਤਾ। ਐੱਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ, ਚੇਅਰਮੈਨ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਹਰਮੀਤ ਔਲਖ, ਹਲਕਾ ਇੰਚਾਰਜ ਅਕਾਲੀ ਦਲ ਅਰਵਿੰਦਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਭੂਲੇਵਾਲਰਾਠਾਂ, ਮਨਜੀਤ ਸਿੰਘ ਦਸੂਹਾ, ਬਿਕਰਮਜੀਤ ਸਿੰਘ ਲਾਲੀ ਅਤੇ ਸੁਖਵਿੰਦਰ ਸਿੰਘ ਮੂਨਕ ਬੁਲਾਰਿਆਂ ਨੇ ਪ੍ਰਧਾਨ ਮੱਲੀ ਦੇ ਰਾਜਨੀਤਿਕ ਅਤੇ ਸਮਾਜਿਕ ਵਿਕਾਸ ਦੇ ਕੰਮਾਂ ਦੇ ਨਾਲ ਨਾਲ ਸਿੱਖਿਆ ਪ੍ਰਸਾਰ ਲਈ ਕੀਤੇ ਸ਼ਲਾਘਾ ਯੋਗ ਕੰਮਾਂ ਦਾ ਜਿਕਰ ਕਰਦਿਆਂ ਸ਼ਰਧਾਂਜਲੀ ਦਿੱਤੀ। ਸ਼ਰਧਾਂਜਲੀ ਸਮਾਗਮ ਵਿਚ ਬਾਬਾ ਕੁਲਦੀਪ ਸਿੰਘ,ਲਖਵਿੰਦਰ ਸਿੰਘ ਲੱਖੀ,ਜਥੇਦਾਰ ਗੁਰਨਾਮ ਸਿੰਘ ਸਹਿਬਾਜ਼ਪੁਰ,ਗੁਰਮੇਲ ਸਿੰਘ ਸੀਕਰੀ,ਗੁਰਕਮਲ ਸੋਢੀ,ਅਵਤਾਰ ਸਿੰਘ ਕੰਧਾਲਾ ਜੱਟਾਂ,ਜਸਵੰਤ ਸਿੰਘ ਬੈਂਚਾਂ,ਅਵਤਾਰ ਸਿੰਘ ਬੀਰਮਪੁਰ,ਕੁਲਦੀਪ ਸਿੰਘ ਘੋੜੇਵਾਹਾ,ਹਰਚਰਨ ਸਿੰਘ ਧਾਲੀਵਾਲ, ਜਸਵੰਤ ਸਿੰਘ ਚੌਟਾਲਾ,ਅਮਰਜੀਤ ਸਿੰਘ ਚੌਹਾਨ, ਕੁਲਜੀਤ ਸਿੰਘ ਬਿੱਟੂ,ਹਰਪ੍ਰੀਤ ਸਿੰਘ ਧਾਮੀ,ਸਾਹਿਬ ਸਿੰਘ, ਪ੍ਰਿਥੀਪਾਲ ਸਿੰਘ ਦਾਤਾ, ਗੁਰਵਿੰਦਰ ਮੋਹਕਮਗੜ,



ਇਕਬਾਲ ਸਿੰਘ ਢਡਿਆਲਾ,ਹਰਵਿੰਦਰ ਸਿੰਘ,ਨੰਬਰਦਾਰ ਸੁਖਵਿੰਦਰ ਸਿੰਘ,ਨਗਿੰਦਰ ਸਿੰਘ,ਸਰਪੰਚ ਹਰਦਿਆਲ ਸਿੰਘ,ਨੰਬਰਦਾਰ ਮਨਪ੍ਰੀਤ ਸਿੰਘ,ਹੈੱਡਮਾਸਟਰ ਜਤਿੰਦਰਪਾਲ ਸਿੰਘ,ਗੁਰਦੀਪ ਸਿੰਘ ਦਾਰਾਪੁਰ,ਮੈਨੇਜਰ ਸਰਬਜੀਤ ਸਿੰਘ,ਮੈਨੇਜਰ ਬਲਦੇਵ ਸਿੰਘ,ਇਕਬਾਲ ਜੋਹਲ,ਦਰਬਾਰਾ ਸਿੰਘ,ਨਿਰਮਲ ਸਿੰਘ ਤੁੱਲੀ,ਬਲਰਾਜ ਚੌਹਾਨ, ਨਰਿੰਦਰ ਸਿੰਘ ਜੌੜਾ,ਕੁਲਵਿੰਦਰ ਨਰਵਾਲ, ਸਤਨਾਮ ਸਿੰਘ ਢਿੱਲੋਂ,ਰਕੇਸ਼ ਵੋਹਰਾ,ਜਗਦੀਸ਼ ਸਿੰਘ,ਕੁਲਦੀਪ ਸਿੰਘ,ਪ੍ਰਤਾਪ ਸਿੰਘ,ਬਲਬੀਰ ਸਿੰਘ,ਅਮਨਦੀਪ ਸਿੰਘ ਘੋੜੇਵਾਹਾ, ਸ਼ੈਲਿੰਦਰ ਪਰਮਾਰ,ਵਿਸ਼ਾਲ ਵਰਮਾ, ਦਵਿੰਦਰ ਕੌਰ,ਬਲਜਿੰਦਰ ਭਿੰਡਰ,ਕਿਰਪਾਲ ਸਿੰਘ ਪੰਡੋਰੀ ਅਤੇ ਸਮੂਹ ਕਾਲਜ ਕਮੇਟੀ ਮੈਂਬਰ ਅਤੇ ਸਟਾਫ ਮੈਂਬਰ ਮੌਜੂਦ ਸਨ।

# ਅੰਧ-ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਲਈ ਭਰਾਜ ਨੂੰ ਦਿੱਤਾ ਮੰਗ ਪੱਤਰ



**ਸੰਗਰੂਰ (ਪ੍ਰਵੀਨ ਸਿੰਘ)**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਪੰਜਾਬ ਦੀਆਂ ਸਾਰੀਆਂ ਇਕਾਈਆਂ ਵੱਲੋਂ ਆਪਣੇ ਆਪਣੇ ਹਲਕੇ ਦੇ ਐਮ ਐਲ ਏਜ਼ ਸਾਹਿਬਾਨ ਨੂੰ "ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧਵਿਸ਼ਵਾਸ ਰੋਕੂ ਕਾਨੂੰਨ" ਬਣਾਉਣ ਸੰਬੰਧੀ ਮੰਗ ਪੱਤਰ ਦਿੱਤੇ ਜਾ ਰਹੇ ਹਨ। ਇਸੇ ਕੜੀ ਵਿੱਚ ਅੱਜ ਇਕਾਈ ਸੰਗਰੂਰ ਵੱਲੋਂ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰਪਾਲ ਉਪਲੀ ਦੀ ਅਗਵਾਈ ਵਿੱਚ ਤਰਕਸ਼ੀਲਾਂ ਦੇ ਵਫਦ ਨੇ ਹਲਕਾ ਸੰਗਰੂਰ ਦੀ ਵਿਧਾਇਕਾ ਨਰਿੰਦਰ ਕੌਰ ਭਰਾਜ ਨੂੰ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤਾ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇਸ ਕਾਨੂੰਨ ਦਾ ਮੰਤਵ ਪੰਜਾਬ ਵਿੱਚ ਕਾਲਾ-ਇਲਮ, ਕਾਲਾ-ਜਾਦੂ, ਬੁਰੀਆਂ ਆਤਮਾਵਾਂ, ਝੂਠੀਆਂ ਭਵਿੱਖ-ਬਾਣੀਆਂ ਅਤੇ ਹੋਰ ਅੰਧਵਿਸ਼ਵਾਸੀ ਤਰੀਕਿਆਂ ਰਾਹੀਂ ਤਾਂਤਰਿਕਾਂ, ਚੌਂਕੀਆਂ ਲਾਉਣ ਵਾਲੇ, ਪੁੱਛਾਂ ਦੇਣ ਵਾਲੇ ਢੌਂਗੀ ਬਾਬਿਆਂ ਆਦਿ ਵੱਲੋਂ ਭੋਲੇ-ਭਾਲੇ, ਦੁੱਖਾਂ ਮਾਰੇ ਲੋਕਾਂ ਦਾ ਕੀਤਾ ਜਾ ਰਿਹਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਬੰਦ ਕਰਵਾਉਣਾ ਹੈ। ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਕਿ ਮਹਾਂਰਾਸ਼ਟਰ ,ਕਰਨਾਟਕਾ ਤੇ ਉਤਰਾਖੰਡ ਵਿੱਚ ਇਹ ਕਾਨੂੰਨ ਬਣ ਚੁੱਕਿਆ ਹੈ ਤੇ ਪੰਜਾਬ ਵਿਧਾਨ ਸਭਾ ਵਿੱਚ ਵੀ ਇਸ ਸੰਬੰਧੀ 2018 ਤੇ 2019 ਵਿੱਚ ਚਰਚਾ ਹੋ ਚੁੱਕੀ ਹੈ। ਵਿਧਾਇਕਾ ਭਰਾਜ ਨੇ ਸਾਰੀ ਗੱਲ ਨੂੰ ਧਿਆਨ ਨਾਲ ਸੁਣਿਆ ਤੇ ਹਾਂ ਪੱਖੀ ਹੁੰਗਾਰਾ ਭਰਿਆ। ਉਨ੍ਹਾਂ ਇਹ ਮੰਗ ਵਿਧਾਨ ਸਭਾ ਸੈਸ਼ਨ ਵਿੱਚ ਰੱਖਣ ਦਾ ਵਿਸ਼ਵਾਸ ਦਿਵਾਇਆ ਅਤੇ ਕਿਹਾ ਕਿ ਇਹ ਕਾਨੂੰਨ ਬਣਨ ਨਾਲ ਲੋਕਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਬੰਦ ਹੋਵੇਗਾ। ਇਸ ਮੌਕੇ ਮੌਕੇ ਮਾਸਟਰ ਪਰਮਵੇਦ ਤੇ ਸੁਰਿੰਦਰਪਾਲ ਨੇ ਕਿਹਾ ਕਿ ਅੰਧਵਿਸ਼ਵਾਸ ਵਹਿਮ ਭਰਮ, ਰੂੜ੍ਹੀਵਾਦੀ ਵਿਚਾਰ ਸਮਾਜ ਲਈ ਘੁਣ ਹਨ। ਅਖੌਤੀ ਬਾਬੇ ਆਪ ਤਾਂ ਅਜਿਹਾ ਕੋਈ ਕੰਮਕਾਰ ਕਰਦੇ ਨਹੀਂ ਜਿਸ ਨਾਲ ਦੇਸ਼ ਦੇ ਵਿਕਾਸ ਵਿੱਚ ਕੋਈ ਯੋਗਦਾਨ ਪੈਂਦਾ ਹੋਵੇ, ਉਲਟਾ ਕਿਰਤੀ ਲੋਕਾਂ ਦੀ ਕਮਾਈ ਲੁੱਟਣ ਲਈ ਜਾਦੂ, ਟੂਣੇ -ਟਾਮਣ, ਧਾਗੇ ਤਵੀਤਾਂ, ਓਪਰੀਆਂ ਸ਼ੈਆਂ, ਕਲਪਿਤ ਭੂਤਾਂ ਪਰੇਤਾਂ, ਕਸਰਾਂ ਆਦਿ ਦੇ ਭਰਮ ਜਾਲ ਤੇ ਅੰਧਵਿਸ਼ਵਾਸੀ ਕਰਮਕਾਂਡਾਂ ਦਾ ਪਸਾਰਾ ਕਰਕੇ ਦੇਸ਼ ਦੇ ਵਿਕਾਸ ਉੱਪਰ ਮਾੜਾ ਪ੍ਰਭਾਵ ਪਾ ਰਹੇ ਹਨ। ਅੰਧਵਿਸ਼ਵਾਸ ਰੋਕੂ ਕਨੂੰਨ ਬਣਾਉਣਾ ਵਕਤ ਦੀ ਮੁੱਖ ਲੋੜ ਹੈ। ਤਰਕਸ਼ੀਲਾਂ ਨੇ ਲੋਕਾਂ ਨੂੰ ਦਿੱਤੇ ਸਨੇਹਾ ਵਿੱਚ ਕਿਹਾ ਕਿ ਲੁੱਟ ਰਹਿਤ ਤੇ ਬਰਾਬਰਤਾ ਵਾਲੇ ਸਮਾਜ ਲਈ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਦੀ ਥਾਂ ਵਿਗਿਆਨਕ ਵਿਚਾਰਾਂ ਦੇ ਚਾਨਣ ਦੀ ਮੁੱਖ ਲੋੜ ਹੈ, ਜਿਸ ਦੇ ਚਾਨਣ ਨਾਲ ਸਮਾਜ ਰੁਸ਼ਨਾਏਗਾ। ਵਫਦ ਵਿੱਚ ਉਪਰੋਕਤ ਤੋਂ ਇਲਾਵਾ ਤਰਕਸ਼ੀਲ ਆਗੂ ਸਵਰਨਜੀਤ ਸਿੰਘ, ਚਰਨ ਕਮਲ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਗੁਰਦੀਪ ਲਹਿਰਾ, ਸੀਤਾ ਰਾਮ, ਰਘਵੀਰ ਸਿੰਘ, ਮਾਸਟਰ ਰਣਜੀਤ ਸਿੰਘ, ਤਰਸੇਮ ਅਲੀਸ਼ੇਰ, ਧਰਮਵੀਰ ਸਿੰਘ, ਮਾਸਟਰ ਗੁਰਜੰਟ ਸਿੰਘ, ਲੈਕ. ਜਸਦੇਵ ਸਿੰਘ ਸ਼ਾਮਲ ਸਨ।

## ਭਾਕਿਯੂ ਡਕੌਂਦਾ ਬਲਾਕ ਮਹਿਲ ਕਲਾਂ ਦਾ ਵੱਡਾ ਕਾਫਲਾ 26 ਦੀ ਜੀਂਦ ਰੈਲੀ 'ਚ ਸ਼ਾਮਲ ਹੋਵੇਗਾ : ਮਨਜੀਤ ਧਨੇਰ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਕਿਯੂ ਡਕੌਂਦਾ ਬਲਾਕ ਮਹਿਲ ਕਲਾਂ ਦੀ ਮੀਟਿੰਗ ਇਤਿਹਾਸਕ ਪਿੰਡ ਠੀਕਰੀਵਾਲਾ ਵਿਖੇ ਨਾਨਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਧਨੇਰ, ਪ੍ਰੈੱਸ ਸਕੱਤਰ ਬਲਵੰਤ ਸਿੰਘ ਉੱਪਲੀ ਨੇ ਸੰਯੁਕਤ ਕਿਸਾਨ ਮੋਰਚਾ ਵੱਲੋਂ 26 ਜਨਵਰੀ ਨੂੰ ਜੀਂਦ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਦੇ ਮਕਸਦ ਤੋਂ ਜਾਣੂ ਕਰਵਾਇਆ। ਆਗੂਆਂ ਦੱਸਿਆ ਕਿ ਤਿੰਨ ਖੇਤੀ ਵਿਰੋਧੀ ਕਾਨੂੰਨ ਰੱਦ ਕਰਵਾਉਣ ਲਈ ਚੱਲੇ ਇਤਿਹਾਸਕ ਜੇਤੂ ਕਿਸਾਨ ਅੰਦੋਲਨ ਦੌਰਾਨ 26 ਜਨਵਰੀ 2021 ਲਾਲ ਕਿਲ੍ਹੇ ਉੱਪਰ ਵਾਪਰੀ ਘਟਨਾ ਇੱਕ ਇਤਿਹਾਸਕ ਘਟਨਾ ਸੀ। ਕੇਂਦਰ ਦੀ ਮੋਦੀ ਸਰਕਾਰ ਇਸ ਦਿਨ ਸਾਂਝੇ ਕਿਸਾਨ ਘੋਲ ਨੂੰ ਲੀਹੋਂ ਲਾਹੁਣਾ ਚਾਹੁੰਦੀ ਸੀ। ਪੰਜਾਬ, ਹਰਿਆਣਾ ਸਮੇਤ ਪੂਰੇ ਮੁਲਕ ਅੰਦਰ ਉੱਸਰੀ ਜਥੇਬੰਦਕ ਸਾਂਝ ਨੂੰ ਖੇਰੂੰ-ਖੇਰੂੰ ਕਰਨ ਦਾ ਭਰਮ ਪਾਲ ਰਹੀ ਸੀ। ਐਸ ਕੇ ਐਮ ਦੀ ਲੀਡਰਸ਼ਿਪ ਨੇ ਮੋਦੀ ਸਰਕਾਰ ਦੀ ਇਸ ਸਾਜ਼ਸ਼ ਨੇ ਪੂਰੀ ਸੂਝ ਬੂਝ ਨਾਲ ਇਸ ਸਾਜ਼ਸ਼ ਨੂੰ ਪਛਾਣ ਕੇ ਸਾਂਝੇ ਸੰਘਰਸ਼ ਰਾਹੀਂ ਉੱਸਰੀ ਏਕਤਾ ਨੂੰ ਬਰਕਰਾਰ ਰੱਖਦਿਆਂ ਅੱਗੇ ਵਧਾਇਆ। 9 ਦਸੰਬਰ 2021 ਨੂੰ ਐਸ ਕੇ ਐਮ ਦੀ ਲੀਡਰਸ਼ਿਪ ਨਾਲ ਐਮ ਐਸ ਪੀ ਦੀ ਗਰੰਟੀ ਸੰਬੰਧੀ ਕਾਨੂੰਨ ਬਣਾਉਣ, ਬਿਜਲੀ ਸੋਧ ਬਿੱਲ -2020 ਰੱਦ ਕਰਨ, ਪੁਲਸ ਕੇਸ ਵਾਪਸ ਲੈਣ, ਸ਼ਹੀਦ ਕਿਸਾਨ ਪਰਵਾਰਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਆਦਿ ਦਾ ਲਿਖਤੀ ਵਾਅਦਾ ਕੀਤਾ ਸੀ, ਪਰ ਮੋਦੀ ਸਰਕਾਰ ਇਨ੍ਹਾਂ ਵਾਅਦਿਆਂ ਤੋਂ ਮੁੱਕਰ ਗਈ ਹੈ। ਇਸ ਕਰਕੇ ਸੰਯੁਕਤ ਕਿਸਾਨ ਮੋਰਚੇ ਨੇ 26 ਨਵੰਬਰ ਨੂੰ ਰਾਜ ਭਵਨ ਵੱਲ ਮਾਰਚ ਕਰਕੇ ਸੰਘਰਸ਼ ਦਾ ਦੂਜਾ ਪੜਾਅ ਸ਼ੁਰੂ ਕੀਤਾ ਸੀ। ਹੁਣ 26 ਜਨਵਰੀ ਜੀਂਦ ਵਿਸ਼ਾਲ ਰੈਲੀ ਵੀ ਇਸੇ ਸੰਘਰਸ਼ ਦੀ ਅਗਲੀ ਕੜੀ ਹੈ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਾਬੂ ਸਿੰਘ ਖੁੱਡੀਕਲਾਂ, ਅਮਰਜੀਤ ਸਿੰਘ ਠੁੱਲੀਵਾਲ, ਗੋਰਾ ਸਿੰਘ ਰਾਇਸਰ, ਜੱਗੀ ਸਿੰਘ ਰਾਇਸਰ, ਰਾਜ ਸਿੰਘ ਹਮੀਦੀ, ਜੱਗਾ ਸਿੰਘ, ਬਲਜੀਤ ਸਿੰਘ ਮਹਿਲ ਕਲਾਂ, ਗੁਰਪ੍ਰੀਤ ਸਿੰਘ ਸਹਿਜੜਾ, ਸੱਤਪਾਲ ਸਿੰਘ ਸਹਿਜੜਾ, ਦਰਸ਼ਨ ਸਿੰਘ ਠੀਕਰੀਵਾਲਾ, ਕੁਲਵਿੰਦਰ ਸਿੰਘ ਠੀਕਰੀਵਾਲਾ, ਚਤਰ ਸਿੰਘ ਠੀਕਰੀਵਾਲਾ, ਸੁਖਦੇਵ ਸਿੰਘ, ਭਿੰਦਰ ਸਿੰਘ, ਸਤਨਾਮ ਸਿੰਘ ਮੂੰਮ, ਬਲਵੀਰ ਸਿੰਘ, ਰੁਪਿੰਦਰ ਪਾਲ ਸਿੰਘ ਮੂੰਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਹੁੰਚੇ ਕਿਸਾਨ ਆਗੂਆਂ ਨੇ 26 ਜਨਵਰੀ ਦੀ ਜੀਂਦ ਰੈਲੀ ਵਿੱਚ ਕਾਫਲੇ ਬੰਨ੍ਹ ਕੇ ਸ਼ਾਮਲ ਹੋਣ ਦਾ ਵਿਸ਼ਵਾਸ ਦਿਵਾਇਆ।

## ਨਵ-ਨਿਰਮਾਣ ਸੜਕ ਨੂੰ ਪਹਿਲਾਂ ਵਾਲੇ ਲੈਵਲ 'ਤੇ ਬਣਾਉਣ ਦੀ ਮੁੱਖ ਮੰਤਰੀ ਨੂੰ ਗੁਹਾਰ



ਮਲੋਟ ਦੀ ਬਿਰਲਾ ਰੋਡ ਜਿਸ ਦੇ ਨਵ ਨਿਰਮਾਣ ਦੀ ਯੋਜਨਾ ਹੈ।

**ਮਲੋਟ (ਗੁਰਮੀਤ ਸਿੰਘ ਮੱਕੜ)**

ਮਲੋਟ ਦੀ ਬਿਰਲਾ ਰੋਡ ਨੂੰ ਨਗਰ ਕੌਂਸਲ ਵਲੋਂ ਮੁੜ ਉਸਾਰੀ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਜਿਸ ਦੇ ਚਲਦਿਆਂ ਬਿਰਲਾ ਰੋਡ ਦੇ ਨਾਲ ਲਗਦੀ ਮੱਕੜ ਕਲੋਨੀ ਵਾਸੀਆਂ ਨੇ ਬਿਰਲਾ ਰੋਡ ਦਾ ਨਵ ਨਿਰਮਾਣ ਪਹਿਲਾਂ ਵਾਲੇ ਲੈਵਲ 'ਤੇ ਰੱਖਣ ਦੀ ਮੁੱਖ ਮੰਤਰੀ ਤੋਂ ਗੁਹਾਰ ਲਗਾਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਲੋਨੀ ਵਾਸੀ ਮਹਿੰਦਰ ਸਿੰਘ ਮੱਕੜ, ਨੀਵਾ ਜੁਨੇਜਾ, ਸੁਭਾਸ਼, ਹਨੀ, ਗੁਰਚਰਨ ਸਿੰਘ, ਮੰਨਾ ਸਿੰਘ, ਸੰਪੂਰਨ ਸਿੰਘ ਆਦਿ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਬਿਰਲਾ ਰੋਡ ਦੀ ਮੁੜ ਉਸਾਰੀ ਕਰਨ ਦੀ ਯੋਜਨਾ ਹੈ ਅਤੇ ਗੱਟਕਾ ਪਾ ਕੇ ਸੜਕ ਦਾ ਨਿਰਮਾਣ ਕਰਨ ਦੀ ਯੋਜਨਾ ਹੈ, ਜਿਸ ਕਾਰਨ ਬਿਰਲਾ ਰੋਡ ਦੇ ਨਾਲ ਲਗਦੀ ਮੱਕੜ ਕਲੋਨੀ ਦਾ ਲੈਵਲ ਬਿਰਲਾ ਰੋਡ ਤੋਂ ਨੀਵਾਂ ਰਹਿ ਜਾਵੇਗਾ ਅਤੇ ਬਾਰਿਸ਼ ਦੇ ਪਾਣੀ ਦੀ ਨਿਕਾਸੀ ਰੁਕ ਜਾਵੇਗੀ। ਜ਼ਿਕਰਯੋਗ ਹੈ ਕਿ ਇਹ ਇਲਾਕਾ ਸ਼ਹਿਰ ਦਾ ਸਭ ਤੋਂ ਨੀਵਾਂ ਇਲਾਕਾ ਹੈ ਅਤੇ ਸਾਰੇ ਸ਼ਹਿਰ ਦਾ ਪਾਣੀ ਇਸ ਕਲੋਨੀ ਵਿੱਚ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਹੜ੍ਹ ਦਾ ਸੰਤਾਪ ਭੋਗ ਰਹੇ ਹਨ, ਪ੍ਰੰਤੂ ਹੁਣ ਉਨ੍ਹਾਂ ਨੂੰ ਫ਼ਿਰ ਹੜ੍ਹਾਂ ਵੱਲ ਧਕੇਲਿਆ ਜਾ ਰਿਹਾ ਹੈ, ਜਦਕਿ ਕਿਸੇ ਵੀ ਯੋਜਨਾ ਤਹਿਤ ਇਸ ਸੜਕ ਨੂੰ ਉਚੀ ਕਰਕੇ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਪਹਿਲਾਂ ਹੀ ਪਾਣੀ ਦੀ ਨਿਕਾਸੀ ਬਿਰਲਾ ਰੋਡ ਤੋਂ ਹੋ ਕੇ ਅੱਗੇ ਛੱਪੜ ਵਿੱਚ ਜਾਂਦੀ ਹੈ। ਉਨ੍ਹਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਗਈ ਕਿ ਪਹਿਲਾਂ ਬਣੀ ਸੜਕ ਨੂੰ ਪੁੱਟ ਕੇ ਹੀ ਗੱਟਕਾ ਪਾਇਆ ਜਾਵੇ ਤਾਂ ਜੋ ਬਿਰਲਾ ਰੋਡ ਦਾ ਲੈਵਲ ਪਹਿਲਾਂ ਵਾਲਾ ਹੀ ਰਹਿ ਸਕੇ ਅਤੇ ਮੱਕੜ ਕਲੋਨੀ ਦੇ ਹੋਣ ਵਾਲੇ ਨੁਕਸਾਨ ਨੂੰ ਰੋਕਿਆ ਜਾ ਸਕੇ ਅਤੇ ਬੇਢੰਗੀ ਯੋਜਨਾ ਤਹਿਤ ਬਣ ਰਹੀ ਸੜਕ ਨੂੰ ਯੋਜਨਾ ਤਹਿਤ ਬਣਾਇਆ ਜਾ ਜਾਵੇ ਅਤੇ ਵਿਕਾਸ ਦੇ ਥਾਂ 'ਤੇ ਮੱਕੜ ਕਲੋਨੀ ਵਾਸੀਆਂ ਦਾ ਵਿਨਾਸ਼ ਨਾ ਕੀਤਾ ਜਾਵੇ।

## ਕਾਤਰਾਂ

### ਸ਼ਾਨਦਾਰ ਰਿਹਾ ਗੁਰੂ ਰਾਮਦਾਸ ਬੀ ਐੱਡ ਕਾਲਜ ਦਾ ਨਤੀਜਾ



**ਜਲਾਲਾਬਾਦ (ਦਹੂਜਾ)**-ਗੁਰੂ ਰਾਮਦਾਸ ਬੀ.ਐਡ ਕਾਲਜ ਦੇ ਚੈਅਰਮੈਨ ਜਸਨੀਕ ਸਿੰਘ ਕੁੱਕੜ ਉਰਫ ਰਾਜਾ ਤੇ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਦੀ ਯੋਗ ਅਗਵਾਈ 'ਚ ਚੱਲ ਰਹੇ ਐੱਮ.ਐਡ ਕੋਰਸ ਸ਼ੈਸ਼ਨ 2020-22 ਦੇ ਚੌਥੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੀ ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਕਿ ਅਨੀਤਾ ਕੁਮਾਰੀ ਪੁੱਤਰੀ ਪ੍ਰਿਥਵੀਰਾਜ ਨੇ 84.01 ਪ੍ਰਤੀਸ਼ਤ ਅੰਕ ਲੇ ਕੇ ਪਹਿਲਾ ਸਥਾਨ, ਹੀਨਾ ਪੁੱਤਰੀ ਵਰਿੰਦਰ ਕੁਮਾਰ ਨੇ 83.04 ਪ੍ਰਤੀਸ਼ਤ ਲੇ ਕੇ ਦੂਜਾ ਸਥਾਨ ਤੇ ਸੋਨਮ ਮਿੱਢਾ ਨੇ 83 ਪ੍ਰਤੀਸ਼ਤ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਕਾਲਜ ਚੇਅਰਮੈਨ ਜਸਨੀਕ ਸਿੰਘ ਕੁੱਕੜ ਰਾਜਾ ਤੇ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਨੇ ਵਿਦਿਆਰਥਣਾਂ, ਸਮੂਹ ਸਟਾਫ਼ ਦੀ ਮਿਹਨਤ 'ਤੇ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਅੱਗੇ ਭਵਿੱਖ 'ਚ ਹੋਰ ਚੰਗੇ ਅੰਕ ਲੈਣ ਲਈ ਪ੍ਰੇਰਤ ਕੀਤਾ।

### ਆਰ ਸੀ ਸੀ ਪਾਈਪਾਂ ਪਾਉਣ ਸੰਬੰਧੀ 3.5 ਲੱਖ ਰੁਪਏ ਦਿੱਤੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਪਿੰਡ ਡੋਹਕ ਵਿਖੇ ਸਿੰਚਾਈ ਲਈ ਨਹਿਰੀ ਪਾਣੀ ਦੇ ਨਿਕਾਸ ਲਈ ਆਰ.ਸੀ.ਸੀ ਪਾਈਪਾਂ ਪਾਉਣ ਸੰਬੰਧੀ 3.5 ਲੱਖ ਰੁਪਏ ਐਮ.ਪੀ.ਲੈਂਡ ਫੰਡ ਵਿੱਚੋਂ ਦਿੱਤੇ ਗਏ । ਸੰਗਤ ਵੱਲੋਂ ਇਸ ਫੰਡ ਲਈ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਗਿਆ । ਇਸ ਮੌਕੇ ਤੇਜ ਕੌਰ ਸਾਬਕਾ ਸਰਪੰਚ, ਟਿੱਕਾ ਸਿੰਘ, ਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਿਰਵੈਰ ਸਿੰਘ, ਗੁਰਦੇਵ ਸਿੰਘ, ਸੂਬਾ ਸਿੰਘ ਮੈਂਬਰ, ਚਰਨਜੀਤ ਸਿੰਘ ਰਿੰਪੀ, ਦਵਿੰਦਰ ਸਿੰਘ, ਬੂਟਾ ਸਿੰਘ ਖਾਲਸਾ ਆਦਿ ਮੌਜੂਦ ਸਨ।

### ਡੇਰਾ ਸਿਰਸਾ ਮੈਨੇਜਮੈਂਟ ਦੀ ਹੈਂਕੜ ਖਿਲਾਫ 5 ਪਿੰਡਾਂ ਦੇ ਲੋਕਾਂ 'ਚ ਰੋਹ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਸਥਿਤ ਡੇਰਾ ਮੈਨੇਜਮੈਂਟ ਦੇ ਖਿਲਾਫ 5 ਪਿੰਡਾਂ ਦੇ ਲੋਕਾਂ ਅਤੇ ਪੰਚਾਇਤਾਂ ਧਰਨਾ ਸ਼ੁਰੂ ਕਰ ਰਖਿਆ ਹੈ। ਡੇਰਾ ਪ੍ਰਬੰਧਕਾਂ ਵਲੋ ਜਿਨ੍ਹਾਂ ਪੰਜ ਪਿੰਡਾਂ ਦੀ ਜ਼ਮੀਨ ਸ਼ਾਮਲ ਕੀਤੀ ਜਾ ਰਹੀ ਹੈ, ਉਸ ਸੰਬੰਧ 'ਚ ਪਿੰਡ ਨੇਜ਼ੀਆ, ਸ਼ਾਹਪੁਰ ਬੇਗੂ, ਅਰਨੀਆਂਵਾਲੀ, ਬਾਜੇਕਾਂ, ਅਲੀਮੁਹੰਮਦ ਦੇ ਲੋਕਾਂ ਦਾ ਕਹਿਣਾ ਹੈ ਕਿ ਡੇਰੇ ਨੇ ਆਪਣਾ ਵੱਖਰਾ ਪਿੰਡ ਸ਼ਾਹ ਸਤਨਾਮਪੁਰਾ ਬਣਾਇਆ ਹੋਇਆ ਹੈ।ਪਹਿਲਾਂ ਇਸ ਦੇ ਅੰਦਰ 1500 ਏਕੜ ਜ਼ਮੀਨ ਸ਼ਾਮਲ ਕੀਤੀ ਗਈ ਸੀ ਤੇ ਕੁਝ ਸਮਾਂ ਪਹਿਲਾਂ 200 ਏਕੜ ਹੋਰ ਕਰਵਾਈ ਗਈ। ਧਰਨਾਕਾਰੀਆਂ ਦਾ ਕਹਿਣਾ ਹੈ ਕਿ ਡੇਰੇ ਨੂੰ ਆਪਣੇ ਪਿੰਡ ਵਿੱਚ ਡੇਰੇ ਦੀ ਜ਼ਮੀਨ ਹੀ ਸ਼ਾਮਲ ਕਰਨੀ ਚਾਹੀਦੀ ਹੈ।ਡੇਰੇ ਕੋਲ ਪਹਿਲਾਂ ਹੀ 800 ਏਕੜ ਜ਼ਮੀਨ ਹੈ। ਜਦੋਂ ਕਿ ਬਾਕੀ 900 ਏਕੜ ਜ਼ਮੀਨ ਪੰਜ ਪਿੰਡਾਂ ਦੀ ਹੈ। ਇਸ ਨੂੰ ਸ਼ਾਹ ਸਤਨਾਮਪੁਰਾ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਪਿੰਡ ਵਾਸੀਆਂ ਦੀ ਮੰਗ ਹੈ ਕਿ ਡੇਰੇ ਦੀ ਜ਼ਮੀਨ ਨੂੰ ਹੀ ਸ਼ਾਹ ਸਤਨਾਮਪੁਰਾ ਨਾਲ ਜੋੜਿਆ ਜਾਵੇ। ਪਿੰਡ ਵਾਸੀਆਂ ਦੇ ਧਰਨੇ ਤੋਂ ਬਾਅਦ ਪੁਲਸ ਸਰਗਰਮ ਹੋ ਗਈ ਹੈ। ਜ਼ਮੀਨ ਬਚਾਓ ਸੰਘਰਸ਼ ਸਮਿਤੀ ਮੈਂਬਰ ਦਲੀਪ ਸਾਈਂ ਨੇ ਦੱਸਿਆ ਕਿ ਅਸੀਂ ਡੇਰਾ ਪ੍ਰਬੰਧਕਾਂ ਨੂੰ ਸਮਾਂ ਦਿੱਤਾ ਹੈ,ਉਸ ਤੋਂ ਬਾਅਦ ਅਸੀਂ ਆਪਣਾ ਧਰਨਾ ਮੰਦਰ ਦੇ ਬਾਹਰ ਮੁੱਖ ਸੜਕ 'ਤੇ ਲਾਵਾਂਗੇ।

## 6 ਸਾਲਾ ਬੱਚੇ ਦੀ ਗੰਦੇ ਪਾਣੀ 'ਚ ਡੁੱਬ ਕੇ ਹੋਈ ਮੌਤ



**ਮਾਨਸਾ (ਗੀਤਵਾਲ)**-ਜ਼ਿਲ੍ਹੇ ਦੇ ਬੁਢਲਾਡਾ ਸ਼ਹਿਰ ਦੇ ਵਾਰਡ 17 ਵਿਚ ਗੰਦੇ ਪਾਣੀ ਦੀ ਨਿਕਾਸੀ ਲਈ ਨਗਰ ਕੌਂਸਲ ਬੁਢਲਾਡਾ ਵੱਲੋਂ ਪੁੱਟੇ ਗਏ ਟੋਏ ਵਿਚ 6 ਸਾਲਾ ਬੱਚੇ ਦੇ ਡਿੱਗਣ ਕਾਰਨ ਹੋਈ ਮੌਤ ਦੀ ਦੁੱਖਦਾਈ ਖਬਰ ਹੈ। ਮ੍ਰਿਤਕ ਬੱਚੇ ਦੇ ਨਾਨਾ ਨਿਰਮਲ ਸਿੰਘ ਨੇ ਦੱਸਿਆ ਕਿ ਮੇਰਾ ਦੋਹਤਾ ਏਕਮ ਸਿੰਘ (6) ਪੁੱਤਰ ਰਵੀ ਸਿੰਘ ਪਿਛਲੇ ਲੰਮੇ ਸਮੇਂ ਤੋਂ ਬੁਢਲਾਡਾ ਵਿਖੇ ਮੇਰੇ ਕੋਲ ਰਹਿੰਦਾ ਸੀ ਅਤੇ ਉਹ ਘਰ ਤੋਂ ਬਾਹਰ ਖੇਡਣ ਲਈ ਗਿਆ ਤਾਂ ਨਗਰ ਕੌਂਸਲ ਵੱਲੋਂ ਕੁਝ ਸਮਾਂ ਪਹਿਲਾਂ ਵਾਰਡ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਲਈ ਟੋਇਆ ਪੁੱਟਿਆ ਗਿਆ ਸੀ, ਜੋ ਬਰਸਾਤਾ ਸਮੇਂ ਗੰਦੇ ਪਾਣੀ ਨਾਲ ਭਰ ਜਾਣ ਕਾਰਨ ਦਲਦਲ ਦਾ ਰੂਪ ਧਾਰਨ ਕਰ ਚੁੱਕਾ ਸੀ, ਜਿਸ ਵਿਚ ਮੇਰਾ ਦੋਹਤਾ ਖੇਡਦਾ-ਖੇਡਦਾ ਡੁੱਬ ਗਿਆ ਅਤੇ ਉਸ ਨੂੰ ਉਥੇ ਖੜੇ ਲੋਕਾਂ ਦੀ ਸਹਾਇਤਾ ਨਾਲ ਬਾਹਰ ਕੱਢ ਕੇ ਸਿਵਲ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਦੂਸਰੇ ਪਾਸੇ ਇਸ ਦੁਖਦਾਈ ਘਟਨਾ ਦੇ ਰੋਸ ਵਜੋਂ ਵਾਰਡ ਵਾਸੀਆਂ ਵੱਲੋਂ ਸ਼ਹਿਰ ਦੇ ਰਤੀਆ (ਹਰਿਆਣਾ)- ਬੁਢਲਾਡਾ ਰੋਡ ਨੂੰ ਜਾਮ ਕਰਕੇ ਮ੍ਰਿਤਕ ਬੱਚੇ ਦੀ ਲਾਸ਼ ਸੜਕ ਵਿਚਕਾਰ ਰੱਖ ਕੇ ਨਗਰ ਕੌਂਸਲ ਦੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ।

## ਸੁਰਜੀਤ ਸਿੰਘ ਬਰਨਾਲਾ ਦੀ ਬਰਸੀ ਮੌਕੇ 650 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਅੱਜ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਵ: ਸੁਰਜੀਤ ਸਿੰਘ ਬਰਨਾਲਾ ਦੀ ਛੇਵੀਂ ਬਰਸੀ ਸਮੂਹ ਬਰਨਾਲਾ ਪਰਵਾਰ ਅਤੇ ਉਨ੍ਹਾਂ ਦੇ ਸਨੇਹੀਆਂ ਵੱਲੋਂ ਪਿੰਡ ਕਕੜਵਾਲ ਵਿਖੇ ਸਵ: ਬਰਨਾਲਾ ਦੀਆਂ ਯਾਦਾਂ ਸਾਂਝੀਆਂ ਕਰਕੇ ਅਤੇ ਉਨ੍ਹਾਂ ਦੁਆਰਾ ਪੰਜਾਬ ਭਲਾਈ ਲਈ ਕੀਤੇ ਕੰਮਾਂ ਨੂੰ ਯਾਦ ਕਰਕੇ ਮਨਾਈ ਗਈ। ਇਸ ਮੌਕੇ ਗਗਨਜੀਤ ਸਿੰਘ ਬਰਨਾਲਾ ਨੇ ਸੰਗਤ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਸਵ: ਬਰਨਾਲਾ ਅਜਿਹੇ ਲੀਡਰ ਸਨ ਜਿਨ੍ਹਾਂ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਦੇ ਰਾਜਨੀਤਿਕ ਵਿਰੋਧੀ ਵੀ ਮੰਨਦੇ ਸਨ। ਉਹ ਇੱਕ ਕਾਬਲ ਵਕੀਲ ਹੋਣ ਦੇ ਨਾਲ ਪੰਜਾਬ ਦੀ ਰਾਜਨੀਤੀ 'ਚ ਉਤਰ ਕੇ ਪੰਜਾਬ ਦੇ ਨਾਂਅ ਨੂੰ ਨੈਸ਼ਨਲ ਪੱਧਰ ਤੱਕ ਪਹੁੰਚਾਇਆ। ਅੱਗੇ ਬਰਨਾਲਾ ਨੇ ਕਿਹਾ ਕਿ ਸਵ: ਬਰਨਾਲਾ ਨੇ ਐਨੇ ਉੱਚੇ ਅਹੁਦਿਆਂ 'ਤੇ ਪਹੁੰਚ ਕੇ ਇਮਾਨਦਾਰੀ ਅਤੇ ਨਿਰਮਤਾ ਦਾ ਪੱਲਾ ਨਹੀਂ ਛੱਡਿਆ ਅਤੇ ਜ਼ਿੰਦਗੀ ਦੇ ਅਖੀਰ ਤੱਕ ਚਿੱਟੀ ਚਾਦਰ ਵਾਂਗ ਸਾਫ ਰਹੇ। ਜਿੱਥੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣ ਕੇ ਅਕਾਲੀ ਦਲ ਨੂੰ ਹੋਰ ਵੀ ਮਜ਼ਬੂਤ ਬਣਾਇਆ ਉਥੇ ਉਹ ਰਿਕਾਰਤੋੜ ਸੀਟਾਂ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਬਣੇ ਅਤੇ ਦੇਸ਼ ਵੱਖ ਵੱਖ ਸੂਬਿਆਂ ਦੇ ਰਾਜਪਾਲ ਵਜੋਂ ਸੇਵਾਵਾਂ ਨਿਭਾਈਆਂ। ਅੱਜ ਦੇ ਨੌਜਵਾਨ ਲੀਡਰਾਂ ਨੂੰ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਜਾਣ ਕੇ ਉਨ੍ਹਾਂ ਵਰਗੇ ਗੁਣ ਲਿਆਉਣੇ ਚਾਹੀਦੇ ਹਨ। ਇਸ ਮੌਕੇ ਸਿਮਰਪ੍ਰਤਾਪ ਸਿੰਘ ਬਰਨਾਲਾ ਨੇ ਕਿਹਾ ਅਸੀਂ ਸਵ: ਬਰਨਾਲਾ ਦੇ ਸਮਾਜ ਪ੍ਰਤੀ ਕੀਤੇ ਕੰਮਾਂ ਅਤੇ ਲੋੜਵੰਦਾਂ ਲਈ ਹਮੇਸ਼ਾ ਮਦਦ ਤਤਪਰ ਰਹਿਣ ਦੇ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡਾ ਪਰਵਾਰ ਉਨ੍ਹਾਂ ਦੇ ਜਾਣ ਮਗਰੋਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਉਨ੍ਹਾਂ ਦੇ ਪਰਵਾਰ ਵੱਲੋਂ ਹੁਣ ਤੱਕ ਲੜੀਵਾਰ 2500 ਤੋਂ ਵੱਧ ਗਰੀਬ ਲੋੜਵੰਦ ਪਰਵਾਰਾਂ ਤੱਕ ਰਾਸ਼ਨ ਪਹੁੰਚਾਇਆ ਜਾ ਚੁੱਕਿਆ ਹੈ ਅਤੇ 90 ਅੰਗਹੀਣਾਂ ਵਾਸਤੇ ਟਰਾਈਸਾਈਕਲ ਦਿੱਤੇ ਗਏ ਹਨ। ਬੇਰੁਜ਼ਗਾਰ ਬੱਚਿਆਂ ਲਈ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਕੈਂਪ ਲਾਏ ਜਾ ਚੁੱਕੇ ਹਨ ਅਤੇ ਕੈਂਸਰ ਕੇਅਰ ਕੈਂਪ ਲਗਵਾ ਕੇ ਹਜ਼ਾਰਾਂ ਲੋਕਾਂ ਦਾ ਮੁਫਤ ਚੈੱਕਅਪ ਕਰਵਾਇਆ ਗਿਆ ਹੈ। ਅੱਗੇ ਬਰਨਾਲਾ ਨੇ ਪੰਜਾਬ ਦੇ ਮੌਜੂਦਾ ਹਲਾਤ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਪੰਜਾਬ ਬਹੁਤ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਕਾਨੂੰਨ ਵਿਵਸਥਾ ਵਿੱਚ ਇਥੋਂ ਤੱਕ ਨਿਘਾਰ ਆਇਆ ਹੈ ਕਿ ਕਤਲੋਗਾਰਤ ਆਮ ਗੱਲ ਹੋ ਗਈ ਹੈ। ਲੁੱਟ ਖੋਹ ਅਤੇ ਫਿਰੌਤੀਆਂ ਮੰਗੀਆ ਜਾ ਰਹੀਆਂ ਹਨ ਜਿਸ ਦੇ ਡਰ ਕਾਰਨ ਲੋਕ ਪੰਜਾਬ ਛੱਡ ਕੇ ਬਾਹਰ ਭੱਜ ਰਹੇ ਹਨ। ਪੰਜਾਬ ਵਿੱਚ ਉਦਯੋਗਪਤੀ ਨਵੇਂ ਕਾਰਖਾਨੇ ਲਉਣ ਤੋਂ ਡਰ ਰਹੇ ਹਨ। ਅੰਤ 'ਚ ਬਰਨਾਲਾ ਪਰਵਾਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਲੋੜਵੰਦ ਗਰੀਬ ਪਰਵਾਰਾਂ ਨੂੰ ਰਾਸ਼ਨ ਵੰਡਿਆ।

ਇਸ ਮੌਕੇ ਬੀਬੀ ਸੁਰਜੀਤ ਕੌਰ ਬਰਨਾਲਾ, ਹਰਪ੍ਰੀਤ ਕੌਰ ਬਰਨਾਲਾ, ਜਥੇਦਾਰ ਭੁਪਿੰਦਰ ਸਿੰਘ ਭਲਵਾਨ ਮੈਂਬਰ ਐੱਸ ਜੀ ਪੀ ਸੀ, ਰੁਪਿੰਦਰ ਸਿੰਘ ਸੰਧੂ, ਸਰਬਜੀਤ ਸਿੰਘ ਗੋਗੀ ਅਮਰਗੜ੍ਹ, ਜਗਜੀਤ ਸਿੰਘ ਧੀਰੋਮਜਰਾ, ਭੁਪਿੰਦਰ ਸਿੰਘ ਲਾਂਗੜੀਆ, ਪਿੰਸੀਪਲ ਜੋਰਾ ਸਿੰਘ, ਸੰਜੇ ਧੂਰੀ, ਸੁਰਜੀਤ ਸਿੰਘ ਸਾਬਕਾ ਸਰਪੰਚ ਮੂਲੋਵਾਲ, ਰਾਜਿੰਦਰ ਸਿੰਘ, ਮੁਹੰਮਦ ਦਾਰਾ, ਕੁਲਵਿੰਦਰ ਸਿੰਘ ਲਸੋਈ, ਧਰਮਿੰਦਰ ਸਿੰਘ ਕੋਲਛੇੜੀ, ਜਗਰੂਪ ਸਿੰਘ, ਗੁਰਵਿੰਦਰ ਕਾਕਾ, ਦਵਿੰਦਰ ਸਿੰਘ ਧੂਰਾ, ਹੰਸ ਰਾਜ ਗਰਗ, ਹੰਸ ਰਾਜ ਬਜਾਜ, ਮਨਵਿੰਦਰ ਸਿੰਘ ਬਿੰਨਰ, ਸਵਰਨਜੀਤ ਸਿੰਘ ਹਰਚੰਦਪੁਰ, ਇੰਦਰਜੀਤ ਸਿੰਘ ਘਨੌਰੀ, ਅਜਮੇਰ ਸਿੰਘ ਘਾਨੌਰੀ, ਮਾ. ਗੁਰਮੇਲ ਸਿੰਘ, ਗੁਰਮੇਲ ਸਿੰਘ ਕਾਂਝਲਾ, ਹਰਚਰਨ ਸਿੰਘ ਭਸੌੜ, ਮਹਿੰਦਰ ਸਿੰਘ ਰਣੀਕੇ, ਸਮਸੇਰ ਸਿੰਘ ਰਣੀਕੇ, ਗੁਰਜੀਤ ਸਿੰਘ ਈਸਾਪੁਰ, ਸਿੰਦਰਪਾਲ ਕੌਰ, ਬਲਜੀਤ ਕੌਰ ਲਡਾ, ਲੀਲਾ ਬੁਗਰਾ, ਕਿਰਪਾਲ ਸਿੰਘ ਸ਼ੇਰਪੁਰ ਸੋਢੀਆਂ, ਭਜਨ ਕੌਰ, ਰਾਜ ਧੌਲਾ, ਹਰਦਮ ਸਿੰਘ ਰਜੋਮਜਰਾ, ਹਰਮਨ ਸੰਧੂ, ਹਰਦੇਵ ਸਿੰਘ ਖੇੜੀ ਜੱਟਾਂ, ਗੁਰਮੇਲ ਸਿੰਘ ਛੀਨੀਵਾਲ, ਹਰਜਿੰਦਰ ਸਿੰਘ ਪੱਪੂ ਹਾਜ਼ਰ ਸਨ। ਇਸ ਮੌਕੇ ਭਾਈ ਜਸਵੀਰ ਸਿੰਘ ਬਰੜਵਾਲ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ।

## ਡਾ. ਪਾਇਲ ਦੀ ਮੌਤ ਦੀ ਸਚਾਈ ਲੱਭ ਰਹੀ ਹੈ ਸਿਰਸਾ ਪੁਲਸ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਡੇਰਾ ਸਿਰਸਾ ਦੇ ਹਸਪਤਾਲ ਵਿੱਚ ਤਾਇਨਾਤ ਕਾਰ ਸਵਾਰ ਡਾ. ਪਾਇਲ ਦੀ ਮੌਤ ਹੋ ਗਈ। ਜਦਕਿ ਹਾਦਸੇ ਸਮੇਂ ਉਸ ਦਾ ਪਤੀ ਵਿਸ਼ਾਲ ਹੀ ਕਾਰ ਚਲਾ ਰਿਹਾ ਸੀ ਦੇ ਉਹ ਸੁਰੱਖਿਅਤ ਹੈ।ਡਾਕਟਰ ਡੇਰੇ ਦੇ ਇਨਾਇਤ ਕੰਪਲੈਕਸ ਵਿੱਚ ਰਹਿ ਰਹੀ ਸੀ। ਪਹਿਲੀ ਨਜ਼ਰੇ ਪੁਲਿਸ ਇਸ ਮਾਮਲੇ ਨੂੰ ਧਿਆਨ ਨਾਲ ਵਾਚ ਰਹੀ ਹੈ।ਡਾ. ਪਾਇਲ ਦੀ ਮੌਤ ਉਪਰੰਤ ਰਿਸ਼ਤੇਦਾਰਾਂ ਦਾ ਕਹਿਣਾ ਹੈ ਕਿ ਪਾਇਲ ਦਾ ਵਿਆਹ ਡੇਢ ਮਹੀਨਾ ਪਹਿਲਾਂ ਹੀ ਵਿਸ਼ਾਲ ਨਾਲ ਹੋਇਆ ਸੀ। ਦੋਵਾਂ ਨੇ ਡੇਰੇ ਜਾਣਾ ਸੀ, ਜਦੋਂ ਕਿ ਉਨ੍ਹਾਂ ਦੀ ਗੱਡੀ ਡੇਰੇ ਤੋਂ ਸ਼ਹਿਰ ਵੱਲ ਉਲਟ ਦਿਸ਼ਾ ਵੱਲ ਆ ਰਹੀ ਸੀ।

ਡਾ. ਪਾਇਲ ਦੇ ਸਿਰ ਦੀ ਸੱਟ ਤੇ ਮਾਂ ਨੇ ਦੱਸਿਆ ਕਿ ਉਸ ਦੀ ਬੇਟੀ ਦੀ ਮੌਤ ਹੋ ਗਈ ਅਤੇ ਉਸ ਦੇ ਪਤੀ ਨੂੰ ਕੋਈ ਸੱਟ ਨਹੀਂ ਲੱਗੀ। ਇਹ ਤਰ੍ਹਾਂ ਕਿਵੇਂ ਹੋ ਸਕਦਾ ਹੈ ? ਮ੍ਰਿਤਕ ਦੇ ਰਿਸ਼ਤੇਦਾਰ ਦੋਸ਼ ਲਾਉਂਦੇ ਹਨ ਕਿ ਵਿਸ਼ਾਲ ਦਾ ਡੇਰੇ ਦੇ ਹਸਪਤਾਲ ਆਉਣਾ-ਜਾਣਾ ਸੀ ਦੇ ਪਾਇਲ ਡੇਰੇ ਦੇ ਹਸਪਤਾਲ ਵਿੱਚ ਡਾਕਟਰ ਸੀ। ਉੱਥੇ ਹੀ ਉਸ ਨੇ ਵਿਸ਼ਾਲ ਨੇ ਉਸ ਨੂੰ ਦੇਖਿਆ ਤੇ ਵਿਆਹ ਦੀ ਪੇਸ਼ਕਸ਼ ਕੀਤੀ।ਪਾਇਲ ਨੇ ਘਰ ਆ ਕੇ ਗੱਲ ਦੱਸੀ।ਇਸ ਦੌਰਾਨ ਉਨ੍ਹਾਂ ਦਾ ਵਿਆਹ ਡੇਢ ਮਹੀਨਾ ਪਹਿਲਾਂ ਹੀ ਹੋਇਆ ਸੀ।

## ਪੀ ਬੀ ਜੀ ਵੈੱਲਫੇਅਰ ਕਲੱਬ ਵੱਲੋਂ ਲਾਏ ਗਏ ਕੈਂਪ ਦੌਰਾਨ 21 ਯੂਨਿਟ ਖ਼ੂਨ ਇਕੱਤਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਰਾਸ਼ਟਰੀ ਯੁਵਾ ਦਿਵਸ ਅਤੇ ਸਵਾਮੀ ਵਿਵੇਕਾਨੰਦ ਦੇ ਜਨਮ ਦਿਨ ਨੂੰ ਸਮਰਪਿਤ ਪੀ ਬੀ ਜੀ ਵੈੱਲਫੇਅਰ ਕਲੱਬ ਵੱਲੋਂ ਭਾਰਤੀ ਰੈੱਡ ਕਰਾਸ ਸੁਸਾਇਟੀ ਪੰਜਾਬ (ਚੰਡੀਗੜ੍ਹ) ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਦੇ ਬਲੱਡ ਬੈਂਕ ਵਿਖੇ ਐੱਚ ਓ ਡੀ ਡਾ. ਨੀਤੂ ਕੁੱਕੜ ਦੀ ਅਗਵਾਈ ਹੇਠ ਖ਼ੂਨਦਾਨ ਕੈਂਪ ਲਾਇਆ ਗਿਆ।

ਇਸ ਮੌਕੇ ਪ੍ਰਧਾਨ ਰਾਜੀਵ ਮਲਿਕ ਅਤੇ ਲੇਡੀਜ ਵਿੰਗ ਇੰਚਾਰਜ ਮੈਡਮ ਮੰਜੂ ਬਾਲਾ ਨੇ ਦੱਸਿਆ ਕਿ ਅੱਜ ਕੈਂਪ ਦੀ ਸ਼ੁਰੂਆਤ ਚੇਅਰਮੈਨ ਬਲਜੀਤ ਸਿੰਘ ਖੀਵਾ ਅਤੇ ਹਰਵਿੰਦਰ ਸਿੰਘ ਬਿੱਟਾ ਨੇ ਆਪਣਾ ਖ਼ੂਨਦਾਨ ਕਰਕੇ ਕੀਤੀ। ਕੈਂਪ ਇੰਚਾਰਜ ਰਵੀ ਅਰੋੜਾ ਸਮੇਤ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ, ਜੋਨੀ ਮਲਿਕ ਅਤੇ ਮੈਡਮ ਸਿਮਰਨ ਨੇ ਦੱਸਿਆ ਕਿ ਸੰਸਥਾ ਵਲੋਂ ਲੋੜਵੰਦ ਲੋਕਾਂ ਨੂੰ ਲਗਾਤਾਰ ਆ ਰਹੀ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਛੋਟੇ-ਛੋਟੇ ਖ਼ੂਨਦਾਨ ਕੈਂਪ ਲਾ ਕੇ ਪੂਰਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ 21 ਯੂਨਿਟ ਖ਼ੂਨ ਇਕੱਤਰ ਹੋਇਆ। ਇਸ ਮੌਕੇ ਡਾ. ਨਵਰੀਤ ਪੁਰੀ ਅਤੇ ਡਾ. ਬਬਲੀਨ ਨੇ ਸੰਸਥਾ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਪਹਿਲਾਂ ਵੀ ਸੰਸਥਾ ਵਲੋਂ ਐਮਰਜੈਂਸੀ ਵੇਲੇ ਜਦੋਂ ਵੀ ਕਿਸੇ ਮਰੀਜ਼ ਨੂੰ ਖ਼ੂਨ ਦੀ ਲੋੜ ਹੁੰਦੀ ਹੈ ਤਾਂ ਹਰ ਵਾਰ ਖ਼ੂਨਦਾਨੀ ਸੱਜਣ ਤਿਆਰ ਰਹਿੰਦੇ ਹਨ। ਉਸ ਤੋਂ ਇਲਾਵਾ ਡੇਂਗੂ ਨਾਲ ਪੀੜਤ ਮਰੀਜ਼ਾਂ ਨੂੰ ਪੈਂਦੀ ਸੈਲਾਂ ਦੀ ਕਮੀ ਨੂੰ ਵੀ ਪੂਰਾ ਕਰਵਾਇਆ ਜਾਂਦਾ ਹੈ। ਕਲੱਬ ਦੇ ਜਨਰਲ ਸਕੱਤਰ ਗੌਰਵ ਗਲਹੋਤਰਾ ਨੇ ਹੋਰਨਾਂ ਨੂੰ ਵੀ ਅਪੀਲ ਕੀਤੀ ਕਿ ਹੋਰ ਖ਼ੂਨ ਦਾਨੀ ਸੱਜਣ ਵੀ ਅਜਿਹੇ ਨੇਕ ਕਾਰਜਾਂ ਵਿਚ ਆਪਣਾ ਸਹਿਯੋਗ ਦੇਣ ਲਈ ਜਾਗਰੂਕ ਹੋਣ ਤਾਂ ਜੋ ਖ਼ੂਨ ਦੀ ਕਮੀ ਨੂੰ ਜਲਦੀ ਪੂਰਾ ਕੀਤਾ ਜਾ ਸਕੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅਮਨ ਘੋਲੀਆ, ਅਮਨਦੀਪ ਗੁਲਾਟੀ, ਪੁਸ਼ਪ ਕਾਲੜਾ, ਰਾਜੇਸ਼ ਸੇਠੀ ਸਮੇਤ ਸੰਸਥਾ ਦੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

## ਡੀ ਐੱਮ ਕਾਲਜ 'ਚ ਹੋਈ ਦੋ ਰੋਜ਼ਾ ਯੁਵਕ ਵੀਕ/ਸਪਤਾਹ ਦੀ ਸ਼ੁਰੂਆਤ, ਸਕੂਲ, ਕਾਲਜ ਤੇ ਯੂਥ ਕਲੱਬਾਂ ਨੇ ਲਿਆ ਭਾਗ



**ਮੋਗਾ (ਅਮਰਜੀਤ ਬੱਬਰੀ)**

ਡਾਇਰੈਕਟੋਰੇਟ ਆਫ ਯੂਥ ਸਰਵਿਸਿਜ਼, ਪੰਜਾਬ-ਚੰਡੀਗੜ੍ਹ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਦੋ ਰੋਜ਼ਾ ਯੁਵਕ ਵੀਕ/ਸਪਤਾਹ ਦੀ ਅੱਜ ਡੀ.ਐੱਮ. ਕਾਲਜ ਵਿਖੇ ਸਹਾਇਕ ਡਾਇਰੈਕਟਰ, ਦਵਿੰਦਰ ਸਿੰਘ ਲੋਟੇ ਦੀ ਅਗਵਾਈ ਹੇਠ ਸ਼ੁਰੂਆਤ ਹੋ ਚੁੱਕੀ ਹੈ। ਇਹ ਪ੍ਰੋਗਰਾਮ ਨੌਜਵਾਨਾਂ ਦੇ ਰੋਲ ਮਾਡਲ ਮੰਨੇ ਜਾਂਦੇ ਸਵਾਮੀ ਵਿਵੇਕਾਨੰਦ ਨੂੰ ਸਮਰਪਿਤ ਹੈ। ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲ, ਕਾਲਜ ਤੇ ਯੂਥ ਕਲੱਬਾਂ ਦੇ ਵਲੰਟੀਅਰਾਂ ਨੇ ਭਾਗ ਲਿਆ। ਸ੍ਰ. ਪ੍ਰਭਦੀਪ ਸਿੰਘ ਨੱਥੋਵਾਲ, ਜ਼ਿਲ੍ਹਾ ਲੋਕ ਸੰਪਰਕ ਅਫਸਰ ਮੋਗਾ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਆਪਣੇ ਕਰ ਕਮਲਾਂ ਨਾਲ ਕੀਤੀ। ਅੱਜ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰੂਰਲ ਐੱਨ.ਜੀ.ਓ. ਮੋਗਾ ਦੇ ਮਹਿੰਦਰਪਾਲ ਸਿੰਘ ਲੂੰਬਾ ਅਤੇ ਗੁਰਸੇਵਕ ਸਿੰਘ ਸੰਨਿਆਸੀ ਮੁੱਖ ਸਲਾਹਕਾਰ ਨੇ ਸਹਿਯੋਗ ਦਿੱਤਾ, ਜਿਸ ਵਿੱਚ 27 ਯੂਨਿਟ ਖ਼ੂਨ ਇਕੱਤਰ ਹੋਇਆ। ਸਵਾਮੀ ਵਿਵੇਕਾਨੰਦ ਜੀ ਨੂੰ ਸਮਰਪਿਤ ਇੱਕ ਕੁਇਜ਼ ਪ੍ਰੋਗਰਾਮ ਅਤੇ ਸਪੀਚ/ਭਾਸ਼ਣ ਮੁਕਾਬਲੇ ਕਰਵਾਏ ਗਏ। ਕੁਇਜ਼ ਪ੍ਰੋਗਰਾਮ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਕਾਲਜ, ਮੋਗਾ, ਦੂਸਰਾ ਸਥਾਨ ਲਾਲਾ ਲਾਜਪਤ ਰਾਏ ਕਾਲਜ ਆਫ਼ ਨਰਸਿੰਗ ਘੱਲ ਕਲਾਂ, ਤੀਸਰਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬਾਘਾ ਪੁਰਾਣਾ ਨੇ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਆਯੁਸ਼ੀ ਖੁਖਰੇਜਾ (ਡੀ.ਐੱਮ. ਕਾਲਜ, ਮੋਗਾ), ਦੂਸਰਾ ਸਥਾਨ ਹਰਮਨਜੀਤ ਕੌਰ (ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ ਨਰਸਿੰਗ ਘੱਲ ਕਲਾਂ), ਤੀਸਰਾ ਸਥਾਨ ਕੋਮਲਪ੍ਰੀਤ ਕੌਰ (ਸ੍ਰੀ ਹੇਮਕੁੰਟ ਸੀ.ਸੈ. ਸਕੂਲ, ਕੋਟ ਈਸੇ ਖਾਂ) ਨੇ ਪ੍ਰਾਪਤ ਕੀਤਾ।

ਮੁੱਖ ਮਹਿਮਾਨ ਸ੍ਰ. ਪ੍ਰਭਦੀਪ ਸਿੰਘ ਨੱਥੋਵਾਲ ਨੇ ਬੱਚਿਆਂ ਨੂੰ ਸਵਾਮੀ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲੈਣ ਦੀ ਪ੍ਰੇਰਨਾ ਦਿੱਤੀ ਤੇ ਇਹੋ ਜਿਹੇ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਐੱਸ.ਕੇ. ਸ਼ਰਮਾ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਅਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਅੰਤ ਵਿੱਚ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਮੋਗਾ ਸ੍ਰੀ ਦਵਿੰਦਰ ਸਿੰਘ ਲੋਟੇ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਸਾਰੇ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਜ਼ਿਲ੍ਹਾ ਪੱਧਰੀ ਯੁਵਕ ਵੀਕ/ਸਪਤਾਹ ਦੌਰਾਨ ਮੰਚ ਸੰਚਾਲਨ ਗੁਰਪ੍ਰੀਤ ਸਿੰਘ ਘਾਲੀ ਦੁਆਰਾ ਕੀਤਾ ਗਿਆ। ਇਸ ਸਮੇਂ ਤਰਨਜੀਤ ਕੌਰ, ਡਾ. ਤ੍ਰਿਪਤਾ ਪਰਮਾਰ, ਡਾ. ਸੁਪ੍ਰਿਆ ਭੰਡਾਰੀ, ਮੇਜਰ ਪ੍ਰਦੀਪ ਕੁਮਾਰ, ਨਵਜੋਤ ਸਿੰਘ, ਸੁਰਿੰਦਰ ਕੌਰ ਆਦਿ ਹਾਜ਼ਰ ਸਨ।

## ਗਣਤੰਤਰ ਦਿਵਸ ਨੂੰ ਸੁਚੱਜੇ ਢੰਗ ਨਾਲ ਮਨਾਉਣ ਲਈ ਐੱਸ ਡੀ ਐੱਮ ਗਿੱਦੜਬਾਹਾ ਦੇ ਦਫਤਰ ਵਿਖੇ ਅਹਿਮ ਮੀਟਿੰਗ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ ਵਿਖੇ 26 ਜਨਵਰੀ ਨੂੰ ਗਣਤੰਤਰ ਦਿਵਸ ਨੂੰ ਸੁਚੱਜੇ ਢੰਗ ਨਾਲ ਮਨਾਉਣ ਲਈ ਅੱਜ ਐਸ ਡੀ ਐਮ ਗਿੱਦੜਬਾਹਾ ਦੇ ਦਫਤਰ ਵਿਖੇ ਸਰੋਜ ਰਾਣੀ ਐਸ ਡੀ ਐਮ ਦੀ ਪ੍ਰਧਾਨਗੀ ਵਿੱਚ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਤਰਸੇਮ ਸਿੰਘ ਪਿਊਰੀ ਨੇ ਦੱਸਿਆ ਕਿ ਮੀਟਿੰਗ ਵਿੱਚ ਐਸ ਡੀ ਐਮ ਗਿੱਦੜਬਾਹਾ ਨੇ ਵੱਖ ਵੱਖ ਵਿਭਾਗਾਂ ਦੀਆਂ ਲਗਾਈਆਂ ਗਈਆਂ ਡਿਊਟੀਆਂ ਸੰਬੰਧੀ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸਰੋਜ ਰਾਣੀ ਐਸ ਡੀ ਐਮ ਨੇ ਸਮੂਹ ਪ੍ਰਬੰਧਕਾਂ ਨੂੰ ਗਣਤੰਤਰ ਦਿਵਸ ਵਧੀਆ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਉਣ ਦੀਆਂ ਹਦਾਇਤਾਂ ਦਿੱਤੀਆਂ ਅਤੇ ਕਿਹਾ ਕਿ ਗਣਤੰਤਰ ਦਿਵਸ ਵਿੱਚ ਸ਼ਾਮਲ ਹੋਣ ਵਾਲਿਆਂ ਲਈ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਹੋਣੇ ਚਹੀਦੇ ਹਨ। ਇਸ ਮੌਕੇ ਨਾਇਬ ਤਹਿਸੀਲਦਾਰ ਮੈਡਮ ਅੰਜੂ ਰਾਣੀ, ਜਸਵੀਰ ਸਿੰਘ ਪੰਨੂੰ ਡੀ ਐਸ ਪੀ ਗਿੱਦੜਬਾਹਾ, ਇੰਸਪੈਕਟਰ ਰਾਜਬੀਰ ਕੌਰ ਮੁੱਖ ਥਾਣਾ ਅਫਸਰ ਗਿੱਦੜਬਾਹਾ, ਰਮਨ ਕੁਮਾਰ ਕੰਬੋਜ ਮੁੱਖ ਥਾਣਾ ਅਫਸਰ ਕੋਟਭਾਈ, ਰੁਪਿੰਦਰ ਸਿੰਘ ਬਾਠ ਐਸ ਡੀ ਐਮ ਰੀਡਰ, ਕੁਲਦੀਪ ਸਿੰਘ, ਤਰਸੇਮ ਸਿੰਘ ਪਿਊਰੀ, ਰਵਿੰਦਰ ਕੌਰ ਸਕੂਲ ਮੁਖੀ ਧੂਲਕੋਟ, ਅਜੀਤਪਾਲ ਸਿੰਘ ਇੰਚਾਰਜ ਕੰਨਿਆ ਸਕੂਲ, ਬਿੰਦੂ ਰਾਣੀ ਇੰਚਾਰਜ ਸਰਕਾਰੀ ਸਕੂਲ ਲੜਕੇ ਗਿੱਦੜਬਾਹਾ, ਤੇਜਿੰਦਰ ਸਿੰਘ ਸੋਥਾ ਲੈਕਚਰਾਰ, ਪਰਮਜੀਤ ਕੌਰ, ਸੰਦੀਪ ਸਿੰਘ ਬੱਬਰ, ਲੁਕੇਸ਼ ਬਾਂਸਲ, ਮਲਕੀਤ ਸਿੰਘ ਪੰਚਾਇਤ ਅਫਸਰ ਗਿੱਦੜਬਾਹਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।



## ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ 'ਚ ਡਰਾਇੰਗ ਤੇ ਪੇਂਟਿੰਗ ਮੁਕਾਬਲੇ



**ਜਗਰਾਉਂ (ਅਮਿਤ ਖੰਨਾ/ਨਛੱਤਰ ਸੰਧੂ)**-ਇਲਾਕੇ ਦੀ ਨਾਮਵਾਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਨੂੰ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਸ਼ਾਲ ਡਰਾਇੰਗ ਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਹ ਡਰਾਇੰਗ ਤੇ ਪੇਂਟਿਗ ਮੁਕਾਬਲੇ ਸਤੀਸ਼ ਕਾਲੜਾ (ਪ੍ਰੋਜੈਕਟ ਡਾਇਰੈਕਟਰ) ਅਨੀਤਾ ਕੁਮਾਰੀ (ਪ੍ਰਿੰਸੀਪਲ ਬੀ. ਬੀ. ਐਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ) ਗੌਰਵ ਖੁੱਲਰ (ਬੀ. ਜੇ. ਪੀ ਜ਼ਿਲ੍ਹਾ ਪ੍ਰੈਜੀਡੈਂਟ ਜਗਰਾਉਂ) ਅਤੇ ਜੀਵਨ ਗੁਪਤਾ (ਜਨਰਲ ਸੈਕਟਰੀ ਪੰਜਾਬ ਬੀ. ਜੇ. ਪੀ.) ਦੀ ਰਹਿਨੁਮਾਈ ਅਤੇ ਯੋਗ ਅਗਵਾਈ ਹੇਠ ਬੜੇ ਹੀ ਕੁਸ਼ਲ ਅਤੇ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਹਰਜੋਤ ਕਮਲ ਸਾਬਕਾ ਐਮ. ਐਲ. ਏ. ਮੋਗਾ ਇੰਚਾਰਗ ਬੀ. ਜੇ. ਪੀ ਜਗਰਾਉਂ, ਭੂਵਨ ਡਾਇਰੈਕਟਰ ਏ. ਪੀ. ਰੀਫਾਇਨਰੀ, ਹਰਿੰਦਰ ਪਰਮਾਰ ਐਸ. ਪੀ. ਡੀ ਜਗਰਾਉਂ, ਜਗਦੀਸ਼ ਓਹਰੀ ਜਨਰਲ ਸੈਕਟਰੀ, ਵਿਵੇਕ ਭਾਰਦਵਾਜ ਐਡਵੋਕੇਟ ਅਤੇ ਅੰਕੁਸ਼ ਗੋਇਲ ਇੰਚਾਰਜ ਆਈ ਟੀ ਮੀਡੀਆ, ਜੀਵਨ ਗੁਪਤਾ ਜਨਰਲ ਸੈਕਟਰੀ ਬੀ ਜੇ ਪੀ ਪੰਜਾਬ, ਗੌਰਵ ਖੁੱਲਰ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਜਗਰਾਉਂ ਅਤੇ ਨਰੇਸ਼ ਵਰਮਾ ਪ੍ਰਿੰਸੀਪਲ ਆਰ ਕੇ ਹਾਈ ਸਕੂਲ ਉਚੇਚੇ ਤੌਰ 'ਤੇ ਹਾਜ਼ਰ ਹੋਏ ਅਤੇ ਸਟੇਜ ਸੈਕਟਰੀ ਦੀ ਭੂਮਿਕਾ ਨਰੇਸ਼ ਵਰਮਾ ਨੇ ਬਾਖ਼ੂਬੀ ਨਿਭਾਈ ਅਤੇ ਜੱਜਾਂ ਦੀ ਭੂਮਿਕਾ ਕਰਮਜੀਤ ਕੌਰ, ਜਸਦੀਪ ਕੌਰ, ਲਖਵੀਰ ਕੌਰ ਪ੍ਰਿੰਸ ਟੋਨੀ ਅਤੇ ਨਰੇਸ਼ ਵਰਮਾ ਨੇ ਨਿਭਾਈ। ਇਹ ਵਿਸ਼ਾਲ ਮੁਕਾਬਲੇ ਸਕੂਲ ਕੈਂਪਸ ਵਿਖੇ ਲਗਭਗ 10 ਵਜੇ ਸ਼ੁਰੂ ਕਰਵਾਏ ਗਏ। ਇਸ ਵਿੱਚ ਇਲਾਕੇ ਦੇ ਵੱਖ ਵੱਖ ਸਕੂਲਾਂ ਜਿਨ੍ਹਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਕਾਨਵੈਂਟ ਸਕੂਲ ਚਕਰ, ਸ਼ਿਵਾਲਿਕ ਮਾਡਲ ਸਕੂਲ ਜਗਰਾਉਂ, ਆਰ. ਕੇ. ਹਾਈ. ਸਕੂਲ ਜਗਰਾਉਂ, ਸਵਾਮੀ ਰੂਪ ਚੰਦ ਜੈਨ ਸਕੂਲ ਜਗਰਾਉਂ, ਸਰਵਹਿਤਕਾਰੀ ਸਕੂਲ ਜਗਰਾਉਂ, ਏਸ਼ੀਅਨ ਪਬਲਿਕ ਸਕੂਲ ਸਿਧਵਾਂ ਬੇਟ, ਸ਼ਾਂਤੀ ਦੇਵੀ ਸਕੂਲ ਸਿੱਧਵਾਂ ਬੇਟ ਅਤੇ ਸ. ਸ. ਸ. ਸ. ਗੱਗ ਕਲਾਂ ਤੋਂ ਇਲਾਵਾ ਬੀ. ਬੀ. ਐਸ. ਬੀ ਕਾਨਵੈਂਟ ਸਕੂਲ ਸਿਧਵਾਂ ਬੇਟ ਦੇ ਨੌਂਵੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਲਗਭਗ 500 ਵਿਦਿਆਰਥੀਆਂ ਨੇ ਵਧ ਚੜ੍ਹ ਕੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ ਵੱਖ ਤਰ੍ਹਾਂ ਦੇ ਥੀਮਸ 'ਤੇ ਅਧਾਰਤ ਬੱਚਿਆਂ ਨੇ ਡਰਾਇੰਗ ਪੇਂਟਿਗ ਬਣਾਈਆਂ। ਇਨ੍ਹਾਂ ਥੀਮਾਂ ਦਾ ਮੁੱਖ ਮੰਤਵ ਅੱਜਕਲ੍ਹ ਦੇ ਵਿਦਿਆਰਥੀਆਂ ਵਿਚ ਇਮਤਿਹਾਨਾਂ ਨੂੰ ਲੈ ਕੇ ਪੈਦਾ ਹੋ ਰਹੀ ਚਿੰਤਾ ਜਿਸ ਕਾਰਨ ਬੱਚੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ, ਨੂੰ ਡਿਪਰੈਸ਼ਨ ਤੋਂ ਦੂਰ ਕਰਨਾ ਅਤੇ ਪੜ੍ਹਾਈ ਨੂੰ ਇੱਕ ਸ਼ੌਕ ਦੀ ਤਰ੍ਹਾਂ ਕਰਨ ਬਾਰੇ ਦੱਸਿਆ ਗਿਆ ਹੈ ਤਾਂ ਜੋ ਬੱਚੇ ਤਣਾਅ ਮੁਕਤ ਹੋ ਸਕਣ ਅਤੇ ਨਵੀਆਂ ਤਕਨੀਕਾਂ, ਢੰਗਾਂ ਨਾਲ ਪੜ੍ਹਾਈ ਨੂੰ ਬੋਝ ਨਾ ਸਮਝਦੇ ਹੋਏ ਇੱਕ ਤਰ੍ਹਾਂ ਦੀ ਖ਼ੁਸ਼ੀ ਅਤੇ ਚਾਅ ਨਾਲ ਕਰਨ ਬਾਰੇ ਦੱਸਿਆ ਗਿਆ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਪ੍ਰਤੀਯੋਗੀ ਜਿਨ੍ਹਾਂ ਵਿੱਚ ਪਹਿਲੀ ਪੁਜ਼ੀਸ਼ਨ ਕਿਰਨਦੀਪ ਕੌਰ ਅਤੇ ਪ੍ਰਭਸਿਮਰਨ ਕੌਰ (ਬੀ. ਬੀ. ਐਸ. ਬੀ. ਕਾਨਵੈਂਟ ਸਕੂਲ, ਸਿੱਧਵਾਂ ਬੇਟ), ਦੂਜੀ ਪੁਜ਼ੀਸ਼ਨ ਅਵਸਿਮਰਨ ਕੌਰ (ਬੀ. ਬੀ. ਐਸ. ਬੀ. ਕਾਨਵੈਂਟ ਸਕੂਲ, ਸਿੱਧਵਾਂ ਬੇਟ) ਅਤੇ ਰਾਜਵੀਰ ਕੌਰ (ਸਵਾਮੀ ਰੂਪ ਚੰਦ ਜੈਨ ਸਕੂਲ, ਜਗਰਾਉਂ), ਤੀਜੀ ਪੁਜ਼ੀਸ਼ਨ ਸੁਖਮਨਪ੍ਰੀਤ ਕੌਰ ਅਤੇ ਰਣਜੋਤ ਕੌਰ (ਬੀ. ਬੀ. ਐਸ. ਬੀ. ਕਾਨਵੈਂਟ ਸਕੂਲ, ਸਿੱਧਵਾਂ ਬੇਟ) ਨੇ ਹਾਸਲ ਕੀਤੀਆਂ। ਇਨ੍ਹਾਂ ਨੂੰ ਇਨਾਮ ਤੇ ਸਰਟੀਫਿਕੇਟ ਵੰਡੇ ਅਤੇ ਹਰ ਪ੍ਰਤੀਯੋਗੀ ਜਿਸ ਨੇ ਵੀ ਭਾਗ ਲਿਆ, ਨੂੰ ਸਰਟੀਫਿਕੇਟ ਨਾਲ ਨਿਵਾਜਿਆ ਗਿਆ। ਇਸ ਤਰ੍ਹਾਂ ਇਹ ਪ੍ਰਤੀਯੋਗਤਾ ਇਲਾਕੇ ਵਿੱਚ ਆਪਣੀ ਵੱਖਰੀ ਪਹਿਚਾਣ ਛੱਡਦੀ ਹੋਈ ਨੇਪਰੇ ਚੜ੍ਹੀ। ਇਸ ਮੌਕੇ ਪ੍ਰੋਜੈਕਟ ਡਾਇਰੈਕਟਰ ਸਤੀਸ਼ ਕਾਲੜਾ ਨੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਹਰ ਪ੍ਰਤੀਯੋਗੀ, ਸਕੂਲ ਅਤੇ ਉਨ੍ਹਾਂ ਦੇ ਅਧਿਆਪਕ ਸਹਿਬਾਨ ਦਾ ਬੀ. ਬੀ. ਐਸ. ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਦੇ ਕੈਂਪਸ ਵਿਖੇ ਆਉਣ ਅਤੇ ਇਸ ਮੁਕਾਬਲੇ ਵਿੱਚ ਭਾਗ ਲੈਣ 'ਤੇ ਧੰਨਵਾਦ ਕੀਤਾ।

ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਅਨੀਤਾ ਕੁਮਾਰੀ ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਜਿੱਥੇ ਬੱਚਿਆਂ ਵਿੱਚ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ, ਉੱਥੇ ਹੀ ਉਹਨਾਂ ਵਿਚਲੀ ਪ੍ਰਤਿਭਾ ਵੀ ਨਿੱਖਰ ਕੇ ਬਾਹਰ ਆਉਂਦੀ ਹੈ ਜਿਸ ਕਾਰਨ ਉਹਨਾਂ ਦੇ ਦਿਮਾਗ ਵਿੱਚ ਉਪਜਦੇ ਵੱਖ-ਵੱਖ ਤਰ੍ਹਾਂ ਦੇ ਰਚਨਾਤਮਕ ਵਿਚਾਰ ਵੀ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਉਹ ਦੁਨੀਆ ਤੋਂ ਕੁੱਝ ਵੱਖਰਾ ਕਰਨ ਦੇ ਯੋਗ ਬਣਦੇ ਹਨ ਅਤੇ ਨਾਲ ਹੀ ਉਨ੍ਹਾਂ ਦੀ ਸਰਵਪੱਖੀ ਸ਼ਖ਼ਸੀਅਤ ਦਾ ਵਿਕਾਸ ਵੀ ਹੁੰਦਾ ਹੈ। ਉਨ੍ਹਾਂ ਹਰ ਸਕੂਲ ਦੇ ਬੱਚਿਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਤ ਕੀਤਾ। ਇਸ ਮੌਕੇ ਸਕੂਲ ਦੀ ਸਮੂਹ ਮੈਨੇਜਮੈਂਟ ਚੇਅਰਮੈਨ ਸਤੀਸ਼ ਕਾਲੜਾ, ਪ੍ਰਧਾਨ ਰਜਿੰਦਰ ਬਾਵਾ, ਵਾਈਸ ਚੇਅਰਮੈਨ ਹਰਕ੍ਰਿਸ਼ਨ ਭਗਵਾਨਦਾਸ ਬਾਵਾ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਵਾਈਸ ਪ੍ਰੈਜ਼ੀਡੈਂਟ ਸਨੀ ਅਰੋੜਾ ਅਤੇ ਮੈਨੇਜਿੰਗ ਡਾਇਰੈਕਟਰ ਰਾਜੀਵ ਸੱਗੜ ਆਦਿ ਹਾਜ਼ਰ ਸਨ।

## ਭਾਈ ਘਨੱਈਆ ਕੈਂਸਰ ਰੋਕੋ ਸੁਸਾਇਟੀ ਨੇ ਮਰੀਜ਼ਾਂ ਦੀਆਂ ਮੁਸ਼ਕਲਾਂ ਸੰਬੰਧੀ ਸੰਧਵਾਂ ਨੂੰ ਸੌਂਪੀ ਸ਼ਿਕਾਇਤ



**ਕੋਟਕਪੂਰਾ (ਰਛਪਾਲ ਭੁੱਲਰ)**-ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਨੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਦੀ ਅਗਵਾਈ ਹੇਠ ਕੈਂਸਰ ਮਰੀਜ਼ਾਂ ਦੀਆਂ ਮੁਸ਼ਕਲਾਂ, ਮੁਫਤ ਇਲਾਜ ਅਤੇ ਐਮ.ਆਰ.ਪੀ. ਦੇ ਨਾਂਅ 'ਤੇ ਦਵਾਈਆਂ ਵਿੱਚ ਹੋ ਰਹੀ ਲੁੱਟ ਆਦਿ ਸਮੱਸਿਆਵਾਂ ਦੇ ਹੱਲ ਲਈ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਪੰਜਾਬ ਨੂੰ ਲਿਖਤੀ ਸ਼ਿਕਾਇਤਾਂ ਸੌਂਪਣ ਮੌਕੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਸੁਸਾਇਟੀ ਸਮਾਜ ਭਲਾਈ ਅਤੇ ਕੈਂਸਰ ਪੀੜਿਤਾਂ ਦੀ ਸਹਾਇਤਾ ਦੇ ਕਾਰਜ ਕਰ ਰਹੀ ਹੈ। ਸੁਸਾਇਟੀ ਲੋੜਵੰਦ ਕੈਂਸਰ ਪੀੜਿਤਾਂ ਨੂੰ ਇਲਾਜ ਲਈ ਤੁੱਛ ਜਿਹੀ ਮਦਦ ਕਰਨ ਦੇ ਨਾਲ ਨਾਲ ਬਿਮਾਰੀ ਦੇ ਇਲਾਜ ਦੌਰਾਨ ਆਰਥਿਕ ਪੱਖੋਂ ਕਮਜ਼ੋਰ ਹੋ ਚੁੱਕੇ ਕੁਝ ਕੈਂਸਰ ਪੀੜਤਾਂ ਦੇ ਬੱਚਿਆਂ ਦੀ ਪੜ੍ਹਾਈ ਲਿਖਾਈ ਵਿੱਚ ਮਦਦ ਕਰ ਰਹੀ ਹੈ। ਇਸ ਤੋਂ ਇਲਾਵਾ ਸੁਸਾਇਟੀ ਵਾਤਾਵਰਣ ਦੀ ਸੰਭਾਲ ਸਮੇਤ ਕੈਂਸਰ ਅਤੇ ਹੋਰ ਬਿਮਾਰੀਆਂ ਸੰਬੰਧੀ ਸਕੂਲਾਂ 'ਚ ਸੈਮੀਨਾਰਾਂ, ਲੈਕਚਰ, ਪੈਂਫਲਿਟ ਆਦਿ ਵੰਡ ਕੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰ ਰਹੀ ਹੈ। ਉਨਾਂ ਦੱਸਿਆ ਕਿ ਕੈਂਸਰ ਦੀ ਬਿਮਾਰੀ ਕਾਰਨ ਹੋ ਰਹੇ ਭਾਰੀ ਖਰਚੇ ਕਰਕੇ ਬੱਚਿਆਂ ਦੀਆਂ ਪੜ੍ਹਾਈਆਂ ਛੁੱਟ ਰਹੀਆਂ ਹਨ , ਮਰੀਜ਼ਾਂ ਦੇ ਮਕਾਨ ਗਹਿਣੇ/ਵਿਕ ਰਹੇ ਹਨ, ਦੋ ਵਕਤ ਦੀ ਰੋਟੀ ਦਾ ਵੀ ਔਖਾ ਹੋ ਰਿਹਾ ਹੈ। ਉਨ੍ਹਾਂ ਉਕਤ ਮੈਮੋਰੰਡਮ ਰਾਹੀਂ ਮੰਗ ਕੀਤੀ ਹੈ ਕਿ ਸਾਰੀਆਂ ਦਵਾਈਆਂ ਹਸਪਤਾਲ ਵਿੱਚੋਂ ਮੁਹੱਈਆ ਕਰਵਾਈਆਂ ਜਾਣ ਅਤੇ ਸਾਰਾ ਇਲਾਜ ਵੀ ਮੁਫਤ ਕੀਤਾ ਜਾਵੇ। ਸੁਸਾਇਟੀ ਦੇ ਮੀਤ ਪ੍ਰਧਾਨ ਹਰਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਸੇਵਾ ਕਰਦਿਆਂ ਸੁਸਾਇਟੀ ਦੇ ਧਿਆਨ ਵਿੱਚ ਆਇਆ ਹੈ ਕਿ ਦਵਾਈਆਂ ਦੇ ਐਮ.ਆਰ.ਪੀ ਅਤੇ ਅਸਲ ਮੁੱਲ ਵਿੱਚ ਕਈ ਦਵਾਈਆਂ ਵਿੱਚ 10ਤੋਂ 12 ਗੁਣਾ ਅੰਤਰ ਪਾਇਆ ਗਿਆ ਹੈ।

ਆਮ ਵਿਅਕਤੀ ਨੂੰ ਇਸ ਤਰਾਂ ਸਿਰਫ ਕੈਮਿਸਟ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਗਿਆ ਹੈ ਕਿ ਉਹ ਆਪਣੀ ਮਰਜ਼ੀ ਨਾਲ ਦਵਾਈ ਦਾ ਮੁੱਲ ਲਾ ਲਵੇ। ਬਹੁਤੇ ਨਾਮੀ ਹਸਪਤਾਲਾਂ ਵਿੱਚ ਦਵਾਈਆਂ ਐਮ.ਆਰ.ਪੀ 'ਤੇ ਵੇਚੀਆਂ ਜਾਂਦੀਆਂ ਹਨ। ਇਸ ਤਰ੍ਹਾਂ ਨਾਲ ਭੋਲੇ ਭਾਲੇ ਲੋਕਾਂ ਦੀ ਲੁੱਟ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਸੁਸਾਇਟੀ ਨੇ ਪਿਛਲੇ 10 ਸਾਲਾਂ ਵਿੱਚ ਵੱਖ ਵੱਖ ਅਹੁਦਿਆਂ 'ਤੇ ਬੈਠੇ ਆਗੂਆਂ ਨੂੰ ਇਸ ਸੰਬੰਧ ਵਿੱਚ ਸਮੇਂ ਸਮੇਂ 'ਤੇ ਲਿਖਿਆ ਗਿਆ ਸੀ ਪਰ ਕਿਸੇ ਵੱਲੋਂ ਵੀ ਇਸ ਮਸਲੇ ਉੱਪਰ ਧਿਆਨ ਨਹੀਂ ਦਿੱਤਾ ਗਿਆ। ਅੰਤ 'ਚ ਸੁਸਾਇਟੀ ਵੱਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਰਾਹੀਂ ਕੈਂਸਰ ਨਾਲ ਸੰਬੰਧਤ 51 ਦਵਾਈਆਂ 'ਚੋਂ 46 ਦਵਾਈਆਂ ਨੂੰ ਕੰਟਰੋਲ ਯੁਕਤ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਕੈਂਸਰ ਸਮੇਤ ਹੋਰ ਸਾਰੀਆਂ ਬਿਮਾਰੀਆਂ ਦੀਆਂ ਦਵਾਈਆਂ ਦੇ ਐਮ ਆਰ ਪੀ ਅਤੇ ਅਸਲ ਮੁੱਲ ਵਿਚਲੇ ਅੰਤਰ ਨੂੰ ਖਤਮ ਕਰਵਾ ਕੇ ਦਵਾਈਆਂ ਮਰੀਜ਼ਾਂ ਲਈ ਵਾਜਬ ਮੁੱਲ 'ਤੇ ਦਿਵਾਉਣ ਲਈ ਵਿਧਾਨ ਸਭਾ ਵਿੱਚ ਇਸ ਸਬੰਧੀ ਸਿਹਤ ਵਿਭਾਗ ਅਤੇ ਇੰਡੀਅਨ ਮੈਡੀਕਲ ਕਾਊਂਸਲ ਦੀ ਪੰਜਾਬ ਇਕਾਈ, ਬੁੱਧਜੀਵੀ, ਵਕੀਲਾਂ ਦਾ ਪੈਨਲ, ਦਵਾਈਆਂ ਦੇ ਮਾਹਰ ਬੁਲਾ ਕੇ ਵਿਚਾਰ ਚਰਚਾ ਕਰਵਾਈ ਜਾਵੇ ਅਤੇ ਭਾਰਤ ਸਰਕਾਰ ਨੂੰ ਇਸ 'ਤੇ ਕੰਟਰੋਲ ਕਰਨ ਦੀ ਬੇਨਤੀ ਕੀਤੀ ਜਾਵੇ। ਸਪੀਕਰ ਸੰਧਵਾਂ ਨੇ ਵਿਸ਼ਵਾਸ ਦਿਵਾਇਆ ਕਿ ਉਕਤ ਮਾਮਲਾ ਜਲਦ ਹੀ ਮੁੱਖ ਮੰਤਰੀ ਪੰਜਾਬ ਅਤੇ ਸਿਹਤ ਮੰਤਰੀ ਦੇ ਧਿਆਨ 'ਚ ਲਿਆ ਕੇ ਇਸ ਦੇ ਹੱਲ ਲਈ ਯਤਨ ਆਰੰਭ ਦਿੱਤੇ ਜਾਣਗੇ।

# ਕਣਕ ਘੁਟਾਲੇ 'ਚ 7 ਫਰਮਾਂ ਜ਼ਮਾਨਤ 'ਤੇ

## ਜ਼ਿਲ੍ਹਾ ਮੈਨੇਜਰ ਪਨਗਰੇਨ ਨੇ ਕਰਵਾਇਆ ਸੀ ਮਾਮਲਾ ਦਰਜ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿਛਲੇ ਸਾਲ ਪਾਤੜਾਂ ਦੀ ਅਨਾਜ ਮੰਡੀ ਵਿੱਚ ਸਾਹਮਣੇ ਆਏ ਕਰੋੜਾਂ ਰੁਪਏ ਦਾ ਕਣਕ ਘੁਟਾਲੇ 'ਚ ਸ਼ਹਿਰ ਦੀਆਂ 7 ਫਰਮਾਂ ਨਾਲ ਸੰਬੰਧਤ ਵਿਅਕਤੀ ਜ਼ਮਾਨਤ 'ਤੇ ਚੱਲ ਰਹੇ ਹਨ ਜਦੋਂ ਕਿ ਪਨਗਰੇਨ ਦੇ 2 ਅਧਿਕਾਰੀ ਪੁਲਸ ਹਿਰਾਸਤ ਵਿੱਚ ਅਤੇ ਦੋ ਅਧਿਕਾਰੀ ਹਿਰਾਸਤ 'ਚੋਂ ਬਾਹਰ ਹਨ। ਮਾਮਲੇ ਵਿੱਚ ਪੁਲਸ ਵੱਲੋਂ ਚਲਾਨ ਪੇਸ਼ ਕੀਤਾ ਜਾ ਚੁੱਕਿਆ ਹੈ ਪਰ ਕਥਿਤ ਤੌਰ 'ਤੇ ਬਹੁਕਰੋੜੀ ਕਣਕ ਘੁਟਾਲੇ ਨਾਲ ਜੁੜੇ ਹੋਏ ਕਈ ਆੜ੍ਹਤੀ ਅਜੇ ਵੀ ਕਾਰਵਾਈ ਤੋਂ ਬਾਹਰ ਚੱਲ ਰਹੇ ਹਨ। ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਆਰ ਟੀ ਆਈ ਮਾਹਰ ਅਤੇ ਸਮਾਜ ਸੇਵੀ ਬ੍ਰਿਸ ਭਾਨ ਬੁਜਰਕ ਨੇ ਦੱਸਿਆ ਕਿ ਪੁਲਿਸ ਵਿਭਾਗ ਕੋਲੋਂ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਪਾਤੜਾਂ ਸ਼ਹਿਰ ਦੇ ਬਹੁਕਰੋੜੀ ਕਣਕ ਘੁਟਾਲੇ 'ਚ ਦਰਜ ਹੋਈ ਐਫ ਆਈ ਆਰ ਅਤੇ ਕੀਤੀ ਗਈ ਕਾਰਵਾਈ ਨਾਲ ਸੰਬੰਧਤ ਰਿਕਾਰਡ ਮੰਗਿਆ ਗਿਆ ਸੀ। ਜਿਸ ਦਾ ਵਿਭਾਗੀ ਤੌਰ 'ਤੇ ਕੋਈ ਵੀ ਜਵਾਬ ਨਹੀ ਮਿਲਿਆ। ਮਾਮਲਾ ਪੰਜਾਬ ਰਾਜ ਸੂਚਨਾ ਕਮਿਸਨ ਕੋਲ ਜਾਣ ਤੋਂ ਬਾਅਦ ਪੁਲਸ ਵੱਲੋਂ ਦਿੱਤੇ ਗਏ ਰਿਕਾਰਡ ਵਿੱਚ ਦੱਸਿਆ ਗਿਆ ਹੈ ਕਿ ਉਕਤ ਮਾਮਲੇ 'ਚ ਚਲਾਨ ਪੇਸ਼ ਹੋ ਚੁੱਕਿਆ ਹੈ, ਜਿਸ ਵਿੱਚ ਪਨਗਰੇਨ ਦੇ 4 ਅਧਿਕਾਰੀ ਤਲਵਿੰਦਰ ਸਿੰਘ, ਹਰਸ ਸਿੰਗਲਾ ਦਾ ਚਲਾਨ ਪੇਸ਼ ਨਹੀ ਦਿੱਤਾ ਗਿਆ ਜਦੋਂ ਕਿ ਮਨੋਜ ਮਿੱਤਲ ਅਤੇ ਮਨਜੀਤ ਸਿੰਘ ਹਿਰਾਸਤ 'ਚ ਹਨ। ਅਨਾਜ ਮੰਡੀਆਂ 'ਚ ਕੰਮ ਕਰਨ ਵਾਲੇ ਆੜ੍ਹਤੀ ਨਰਿੰਦਰ ਕੁਮਾਰ, ਜਸਪਾਲ ਚੰਦ, ਰਾਕੇਸ਼ ਕੁਮਾਰ, ਪਰਸ਼ੋਤਮ ਗਰਗ, ਅੰਮ੍ਰਿਤ ਲਾਲ, ਅਮਿਤ ਸੈਨ, ਨਿਸ਼ਾਂਤ ਕੁਮਾਰ ਆਦਿ ਜ਼ਮਾਨਤ 'ਤੇ ਚੱਲ ਰਹੇ ਹਨ ਅਤੇ ਇਸ ਮਾਮਲੇ ਨਾਲ ਸੰਬੰਧਤ ਕਈ ਫਰਮਾਂ ਦੇ ਕਥਿਤ ਤੌਰ 'ਤੇ ਕੇਸ ਵਿੱਚੋਂ ਬਾਹਰ ਹੋਣ ਦਾ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ। ਬ੍ਰਿਸ ਭਾਨ ਬੁਜਰਕ ਨੇ ਦੱਸਿਆ ਕਿ ਪੁਲਸ ਵੱਲੋਂ ਘੁਟਾਲੇ ਨੂੰ ਲੈ ਕੇ 9 ਪੰਨਿਆਂ ਦਾ ਲੰਮਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਪਨਗਰੇਨ ਨਾਲ ਜੁੜੇ ਅਫਸਰਾਂ ਦੇ ਬਿਆਨ ਦਰਜ ਹਨ। ਜਿਨ੍ਹਾਂ ਵਿੱਚ ਕਣਕ ਤੋਂ ਬਿਨਾਂ ਖਾਲੀ ਬੋਰੀਆਂ ਦੀਆਂ ਗੱਠਾਂ, ਲੱਕੜ ਦੇ ਕਰੇਟ ਅਤੇ ਹਜ਼ਾਰਾਂ ਰੁਪਏ ਦਾ ਹੋਰ ਸਮਾਨ ਸ਼ਾਮਲ ਹੈ। ਪੁਲਸ ਕੋਲ ਆਪਣੇ ਬਿਆਨ ਦਿੰਦੇ ਹੋਏ ਮਨੋਜ ਮਿੱਤਲ ਨੇ ਕਿਹਾ ਹੈ ਕਿ ਉਨ੍ਹਾਂ ਨੇ ਪਾਤੜਾਂ ਅਤੇ ਘੱਗੇ ਦੀਆਂ ਕੁਝ ਫਰਮਾਂ ਨਾਲ ਕਥਿਤ ਮਿਲੀਭੁਗਤ ਕਰਕੇ ਕਣਕ ਦੀ ਖਰੀਦ ਵਿੱਚ ਹੇਰਾਫੇਰੀ ਕੀਤੀ ਹੈ, ਜਿਸ ਵਿੱਚੋਂ 25 ਫੀਸਦੀ ਹਿੱਸਾ ਆੜ੍ਹਤੀਆਂ ਦਾ ਅਤੇ ਬਾਕੀ ਪਨਗਰੇਨ ਨਾਲ ਸੰਬੰਧਤ ਅਧਿਕਾਰੀਆਂ/ਕਰਮਚਾਰੀਆਂ ਦਾ ਹੁੰਦਾ ਸੀ। ਕਣਕ ਦੇ ਇਸ ਬਹੁਕਰੋੜੀ ਘੁਟਾਲੇ 'ਚ ਪਨਗਰੇਨ ਦੀ ਜ਼ਿਲ੍ਹਾ ਮੈਨੇਜਰ ਡਾ ਰਵਿੰਦਰ ਕੌਰ ਵੱਲੋਂ 20 ਜੂਨ 2022 ਨੂੰ ਮੁਕੱਦਮਾ ਦਰਜ ਕਰਵਾਉਂਦੇ ਹੋਏ ਸੈਂਕੜੇ ਗੱਟੇ ਕਣਕ ਖੁਰਦ-ਬੁਰਦ ਕਰਨ ਦੇ ਦੋਸ਼ ਲਗਾਏ ਸਨ। ਉਨ੍ਹਾਂ ਮੰਗ ਕੀਤੀ ਕਿ ਇਸ ਬਹੁਕਰੋੜੀ ਕਣਕ ਪਘਲੇ ਦੀ ਪੜਤਾਲ ਕੇਂਦਰੀ ਏਜੰਸੀ ਤੋਂ ਕਰਵਾ ਕੇ ਇਸ ਮਾਮਲੇ 'ਚ ਸ਼ਾਮਲ ਹੋਰ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

# ਡੀ ਸੀ ਦੇ ਥਾਪੜੇ ਤੇ ਸਹਾਇਤਾ ਨੇ ਮੈਡਲ ਜਿੱਤਣ ਦਾ ਭਰਿਆ ਉਤਸ਼ਾਹ : ਹਰਪ੍ਰੀਤ ਸਿੰਘ

**ਮੋਗਾ (ਅਮਰਜੀਤ ਬੱਬਰੀ)**

ਜ਼ਿਲ੍ਹਾ ਮੋਗਾ ਦੇ ਪਿੰਡ ਘੱਲ ਕਲਾਂ ਦੇ ਰਹਿਣ ਵਾਲੇ 25 ਸਾਲਾ ਖਿਡਾਰੀ ਹਰਪ੍ਰੀਤ ਸਿੰਘ ਨੇ ਆਲ ਇੰਡੀਆ ਯੂਨੀਵਰਸਿਟੀਜ਼ ਦੇ ਖੇਡ ਮੁਕਾਬਲੇ ਜਿਹੜੇ ਕਿ ਪਿਛਲੇ ਸਮੇਂ ਦੌਰਾਨ ਉੜੀਸਾ ਵਿਖੇ ਹੋਏ, ਵਿੱਚ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਿਆ ਹੈ। ਇਹ ਗੋਲਡ ਮੈਡਲ ਉਸ ਨੂੰ ਅਥਲੈਟਿਕ ਅਤੇ ਰਿਲੇਅ 400 ਮੀਟਰ ਵਿੱਚੋਂ ਮਿਲਿਆ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਖੇਡਾਂ ਵਿੱਚ ਭਾਗ ਲੈਣ ਤੋਂ ਕੁਝ ਸਮਾਂ ਪਹਿਲਾਂ ਜਦੋਂ ਉਹ ਇਨ੍ਹਾਂ ਖੇਡਾਂ ਦੀ ਤਿਆਰੀ ਲਈ ਦਿਨ ਰਾਤ ਮਿਹਨਤ ਕਰ ਰਿਹਾ ਸੀ, ਉਸ ਨੇ ਆਪਣੇ ਮਾਤਾ-ਪਿਤਾ ਸਮੇਤ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨਾਲ ਰਾਬਤਾ ਕਾਇਮ ਕਰਨ ਦਾ ਵਿਚਾਰ ਬਣਾਇਆ। ਉਸ ਨੇ ਕਿਹਾ ਕਿ ਉਸ ਨੇ ਡਿਪਟੀ ਕਮਿਸ਼ਨਰ ਨੂੰ ਮਿਲਣ ਦਾ ਇਰਾਦਾ ਇਸ ਲਈ ਬਣਾਇਆ ਕਿਉਂਕਿ ਉਸ ਨੇ ਡਿਪਟੀ ਕਮਿਸ਼ਨਰ ਦੇ ਮਿਲਾਪੜੇ ਅਤੇ ਚੰਗੇ ਸੁਭਾਅ ਦੇ ਬਹੁਤ ਜ਼ਿਆਦਾ ਚਰਚੇ ਸੁਣੇ ਸਨ, ਅਤੇ ਉਹ ਡਿਪਟੀ ਕਮਿਸ਼ਨਰ ਦਾ ਥਾਪੜਾ ਵੀ ਲੈਣਾ ਚਹੁੰਦਾ ਸੀ। ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨੂੰ ਮਿਲਣ ਮੌਕੇ ਉਨ੍ਹਾਂ ਦੇ ਬੋਲਾਂ "ਕਾਕਾ ਤੂੰ ਮਿਹਨਤ ਜਾਰੀ ਰੱਖ ਕਿਸੇ ਵੀ ਚੀਜ਼ ਦੀ ਜਾਂ ਆਰਥਕ ਮਦਦ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੈਂ



ਖੁਦ ਨਿੱਜੀ ਤੌਰ 'ਤੇ ਵੀ ਤੇਰੇ ਨਾਲ ਖੜ੍ਹੇ ਹਨ। ਤੇਰੀ ਤਿਆਰੀ ਵਿੱਚ ਕਿਸੇ ਵੀ ਚੀਜ਼ ਨੂੰ ਅੜਿੱਕਾ ਨਹੀਂ ਬਣਨ ਦਿੱਤਾ ਜਾਵੇਗਾ" ਨੇ ਮੇਰੇ ਅੰਦਰ ਇੱਕ ਵਿਲੱਖਣ ਉਤਸ਼ਾਹ ਭਰਿਆ। ਜਿਸ ਦੇ ਸਿੱਟੇ ਵਜੋਂ ਮੈਂ ਇਨ੍ਹਾਂ ਖੇਡਾਂ ਵਿੱਚ ਗੋਲਡ ਮੈਡਲ ਜਿੱਤੇ ਹਨ। ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨੇ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਉਸ ਦੀ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਜਿਵੇਂ ਕਿ ਜਹਾਜ਼ ਦੀ ਟਿਕਟ, ਉੜੀਸਾ ਵਿਖੇ ਰਹਿਣ ਦਾ ਖਰਚਾ, ਖਾਣ-ਪੀਣ ਦਾ ਖਰਚਾ ਆਦਿ। ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਇਸ ਤਰ੍ਹਾਂ ਦੇ ਸਹਿਯੋਗ ਅਤੇ ਥਾਪੜੇ ਦਾ ਉਹ ਹਮੇਸ਼ਾ ਰਿਣੀ ਰਹੇਗਾ। ਉਸ ਨੇ ਕਿਹਾ ਕਿ ਉਸਨੂੰ ਬਹੁਤ ਖੁਸ਼ੀ ਹੈ ਕਿ ਡਿਪਟੀ ਕਮਿਸ਼ਨਰ ਨੇ ਉਸ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਅੱਗੇ ਤੋਂ ਵੀ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ। ਉਸ ਨੇ ਕਿਹਾ ਕਿ ਇਸ ਚੰਗੀ ਪ੍ਰਾਪਤੀ ਲਈ ਡਿਪਟੀ ਕਮਿਸ਼ਨਰ ਨੇ ਉਸ ਦਾ ਖੁਦ ਵੀ ਦਫਤਰ ਵਿਖੇ ਬੁਲਾ ਕੇ ਸਨਮਾਨ ਕੀਤਾ ਹੈ। ਸਨਮਾਨਤ ਕਰਨ ਮੌਕੇ ਉਨ੍ਹਾਂ ਨਾਲ ਉਪ ਮੰਡਲ ਮੈਜਿਸਟ੍ਰੇਟ ਧਰਮਕੋਟ ਚਾਰੂ ਮਿਤਾ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਹਰਪ੍ਰੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਐਸ ਵੇਲੇ ਆਪਣੀ ਗ੍ਰੈਜੂਏਸ਼ਨ ਕਰ ਰਿਹਾ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਿਛਲੇ ਸਾਲ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਵੀ ਹਰਪ੍ਰੀਤ ਸਿੰਘ ਨੇ 200 ਮੀਟਰ ਅਤੇ 400 ਮੀਟਰ ਦੌੜ ਵਿੱਚ ਗੋਲਡ ਮੈਡਲ ਜਿੱਤਿਆ ਹੈ, ਜਿਸ ਲਈ ਸਰਕਾਰ ਪਾਸੋਂ ਉਨ੍ਹਾਂ 20 ਹਜ਼ਾਰ ਰੁਪਏ ਦਾ ਇਨਾਮ ਵੀ ਦਿੱਤਾ ਗਿਆ ਸੀ।

# ਜਨਮ ਦਿਨ ਮੌਕੇ ਦੋਸਤਾਂ ਸਮੇਤ ਕੀਤਾ ਖ਼ੂਨਦਾਨ

**ਮੋਗਾ (ਅਮਰਜੀਤ ਬੱਬਰੀ)**

ਸਿਵਲ ਸਰਜਨ ਦਫਤਰ ਵਿੱਚ ਡਰਾਈਵਰ ਵਜੋਂ ਸੇਵਾ ਨਿਭਾ ਰਹੇ ਸਰਬਜੀਤ ਸਿੰਘ ਵਾਸੀ ਨਿਹਾਲ ਸਿੰਘ ਵਾਲਾ ਨੇ ਅਨੋਖੇ ਤਰੀਕੇ ਨਾਲ ਆਪਣਾ ਜਨਮ ਮਨਾ ਕੇ ਇਸ ਨੂੰ ਯਾਦਗਾਰ ਤੇ ਹੋਰਾਂ ਲਈ ਪ੍ਰੇਰਣਾਦਾਇਕ ਬਣਾ ਦਿੱਤਾ। ਘਰ ਉਸਦੇ ਦੋਸਤ ਕੇਕ ਕੱਟਣ ਲਈ ਆਏ ਤਾਂ ਉਸਨੇ ਸ਼ਰਤ ਰੱਖ ਦਿੱਤੀ ਕਿ ਪਹਿਲਾਂ ਮੇਰੇ ਨਾਲ ਬਲੱਡ ਬੈਂਕ ਜਾ ਕੇ ਖੂਨਦਾਨ ਕਰਕੇ ਆਓ, ਫਿਰ ਕੇਕ ਕੱਟਾਂਗਾ। ਬਸ ਫਿਰ ਕੀ ਸੀ, ਸਭ ਨਿਹਾਲ ਸਿੰਘ ਵਾਲਾ ਤੋਂ ਬਲੱਡ ਬੈਂਕ ਸਿਵਲ ਹਸਪਤਾਲ ਨੂੰ ਰਵਾਨਾ ਹੋ ਗਏ, ਜਿੱਥੇ ਉਨ੍ਹਾਂ ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਦੀ ਹਾਜ਼ਰੀ ਵਿੱਚ ਖੂਨਦਾਨ ਕੀਤਾ। ਬਲੱਡ ਬੈਂਕ ਇੰਚਾਰਜ ਡਾ. ਸ਼ੰਮੀ ਗੁਪਤਾ ਨੇ ਸਰਬਜੀਤ ਸਿੰਘ ਨੂੰ ਜਨਮ ਦਿਨ ਦੀ ਵਧਾਈ ਦਿੰਦਿਆਂ ਨਿਵੇਕਲੇ ਅੰਦਾਜ਼ ਵਿੱਚ ਜਨਮ ਦਿਨ ਮਨਾਉਣ ਅਤੇ ਹੋਰਾਂ ਨੂੰ ਖੂਨਦਾਨ ਕਰਨ ਲਈ ਪ੍ਰੇਰਤ ਕਰਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸਰਬਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਸਮਾਜ ਸੇਵੀ ਅਤੇ ਨਿਯਮਤ ਖੂਨਦਾਨੀ ਮਹਿੰਦਰ ਪਾਲ ਲੂੰਬਾ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਚੌਥੀ ਵਾਰ ਖੂਨਦਾਨ ਕੀਤਾ ਹੈ ਤੇ ਮੇਰੇ ਦੋਸਤਾਂ ਨੂੰ ਵੀ ਮੇਰਾ ਇਹ ਅੰਦਾਜ਼ ਚੰਗਾ ਲੱਗਾ ਹੈ। ਉਨ੍ਹਾਂ ਵੀ ਅੱਗੇ ਤੋਂ ਇੱਕ ਦੂਜੇ ਦੇ ਜਨਮ ਦਿਨ ਤੇ ਖੂਨਦਾਨ ਕਰਨ ਦਾ ਵਾਅਦਾ ਕੀਤਾ ਹੈ। ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਨੇ ਸਰਬਜੀਤ ਸਿੰਘ ਤੇ ਉਸਦੇ ਨਾਲ ਖੂਨਦਾਨ ਕਰਨ ਵਾਲੇ ਉਸਦੇ ਦੋਸਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ।



ਸਰਬਜੀਤ ਸਿੰਘ ਸਿਵਲ ਹਸਪਤਾਲ ਵਿਖੇ ਖ਼ੂਨਦਾਨ ਕਰਦੇ ਹੋਏ।

## ਕਾਤਰਾਂ

### 50 ਲੀਟਰ ਲਾਹਣ ਤੇ 15 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਦੋ ਕਾਬੂ

**ਜਲਾਲਾਬਾਦ (ਦਹੂਜਾ)**-ਥਾਣਾ ਸਿਟੀ ਤੇ ਥਾਣਾ ਸਦਰ ਦੀ ਪੁਲਸ ਨੇ ਦੋ ਵਿਅਕਤੀਆਂ ਨੂੰ 50 ਲੀਟਰ ਲਾਹਣ ਅਤੇ 15 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਵੇਦ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕੁਲਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਵੱਡਾ ਫਲੀਆਂਵਾਲਾ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ। ਜੇਕਰ ਉਸ ਦੇ ਘਰ ਛਾਪੇਮਾਰੀ ਕੀਤੀ ਜਾਵੇ ਤਾਂ ਨਜਾਇਜ਼ ਸ਼ਰਾਬ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਛਾਪਾ ਮਾਰ ਕੇ ਉਸ ਨੂੰ 15 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰ ਲਿਆ। ਤਫ਼ਤੀਸ਼ੀ ਅਫ਼ਸਰ ਗੁਰਬਖ਼ਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਕਿ ਚੰਨ ਸਿੰਘ ਪੁੱਤਰ ਬਗੀਚਾ ਸਿੰਘ ਵਾਸੀ ਸੁਖੇਰਾ ਬੋਦਲਾ ਨਾਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਉਸ ਨੂੰ ਰੰਗੇ ਹੱਥੀਂ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਛਾਪਾ ਮਾਰ ਕੇ ਉਸ ਨੂੰ 50 ਲੀਟਰ ਲਾਹਣ ਤੇ ਇੱਕ ਲੋਹੇ ਦੇ ਡਰੰਮ ਸਮੇਤ ਕਾਬੂ ਕਰ ਲਿਆ। ਪੁਲਸ ਨੇ ਦੋਵਾਂ ਵਿਅਕਤੀਆਂ ਖ਼ਿਲਾਫ਼ ਧਾਰਾ 61/1/14 ਆਬਕਾਰੀ ਐਕਟ ਦੇ ਅਧੀਨ ਪਰਚਾ ਦਰਜ ਕਰ ਲਿਆ ਹੈ।

### ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 25 ਨੂੰ ਲਗਾਇਆ ਜਾਵੇਗਾ ਸਵੈ-ਰੋਜ਼ਗਾਰ ਕੈਂਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ 25 ਜਨਵਰੀ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 02:00 ਵਜੇ ਤੱਕ ਸਵੈ ਰੋਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਦਾ ਮੁੱਖ ਮਕਸਦ ਆਪਣਾ ਕੰਮ ਸ਼ੁਰੂ ਕਰਨ ਦੇ ਚਾਹਵਾਨ ਪ੍ਰਾਰਥੀਆਂ ਨੂੰ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣੂ ਕਰਵਾ ਕੇ ਕਰਜ਼ੇ ਮੁਹੱਈਆ ਕਰਵਾਉਣਾ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਭਾਗ ਲੈਣਗੇ ਜੋ ਕਿ ਸਵੈ ਰੋਜ਼ਗਾਰ ਦੀਆਂ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦੇਣਗੇ। ਉਨ੍ਹਾਂ ਹੋਰ ਦੱਸਿਆ ਕਿ ਇਸ ਕੈਂਪ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੇ ਵਿਭਾਗ ਜਿਵੇਂ ਕਿ ਡੇਅਰੀ ਵਿਕਾਸ ਬੋਰਡ, ਮੱਛੀ ਪਾਲਣ, ਐੱਸ.ਸੀ. ਅਤੇ ਬੀ.ਸੀ. ਕਾਰਪੋਰੇਸ਼ਨ, ਜ਼ਿਲ੍ਹਾ ਉਦਯੋਗ ਕੇਂਦਰ ਆਦਿ ਭਾਗ ਲੈਣਗੇ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਸ ਸਵੈ ਰੋਜ਼ਗਾਰ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ। ਵਧੇਰੇ ਜਾਣਕਾਰੀ ਲਈ ਹੈਲਪ ਲਾਈਨ ਨੰਬਰ 99156-82436 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਸਰਕਾਰੀ ਹਸਪਤਾਲ ਬਰਨਾਲਾ 'ਚ ਘੱਟ ਰੇਟਾਂ 'ਤੇ ਸੀਟੀ ਸਕੈਨ ਤੇ ਟੈਸਟਾਂ ਦੀ ਸਹੂਲਤ ਸ਼ੁਰੂ

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਜ਼ਿਲ੍ਹਾ ਬਰਨਾਲਾ ਵਾਸੀਆਂ ਨੂੰ ਸਸਤੀਆਂ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਅਤੇ ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਦੀ ਅਗਵਾਈ ਹੇਠ ਉਪਰਾਲਾ ਕੀਤਾ ਗਿਆ ਹੈ ਤੇ ਕ੍ਰਿਸ਼ਨਾ ਲੈਬ ਰਾਹੀਂ ਬਹੁਤ ਹੀ ਘੱਟ ਰੇਟਾਂ 'ਤੇ ਸੀ ਟੀ ਸਕੈਨ ਅਤੇ ਟੈਸਟਾਂ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ। ਇਹ ਜਾਣਕਾਰੀ ਦਿੰਦੇ ਹੋਏ ਸੀਨੀਅਰ ਮੈਡੀਕਲ ਅਫਸਰ ਬਰਨਾਲਾ ਡਾ. ਤਪਿੰਦਰਜੋਤ ਕੌਸ਼ਲ ਨੇ ਦੱਸਿਆ ਕਿ ਇਸ ਲੈਬ 'ਚ ਆਧੁਨਿਕ ਸੀਟੀ ਸਕੈਨ (32 ਸਲਾਈਸ ਐੱਫ ਸੀ ਟੀ ਸਪੀਡੀਆ ਫੂਜੀਫਿਲਮ) ਬਹੁਤ ਹੀ ਘੱਟ ਰੇਟਾਂ 'ਤੇ 24 ਘੰਟੇ ਹੋਇਆ ਕਰੇਗੀ, ਜਿਸ ਨਾਲ ਮਰੀਜ਼ਾਂ ਦੀ ਸਮੇਂ-ਅਤੇ ਪੈਸੇ ਦੀ ਬੱਚਤ ਹੋਵੇਗੀ ਅਤੇ ਸਮੇਂ ਸਿਰ ਇਲਾਜ ਹੋ ਸਕੇਗਾ। ਉਨ੍ਹਾਂ ਦੱਸਿਆ ਕਿ ਇਸ ਲੈਬ 'ਚ ਸਾਰੇ ਟੈਸਟ ਵੀ ਬਹੁਤ ਘੱਟ ਰੇਟਾਂ 'ਤੇ ਕੀਤੇ ਜਾਂਦੇ ਹਨ ਤੇ ਦੂਜੇ ਦਿਨ ਰਿਪੋਰਟ ਦਿੱਤੀ ਜਾਂਦੀ ਹੈ। ਬਹੁਤ ਜਲਦੀ ਹੀ ਇਨ੍ਹਾਂ ਟੈਸਟਾਂ ਦੀ ਰਿਪੋਰਟ ਕੁਝ ਘੰਟਿਆਂ ਅੰਦਰ ਦੇਣ ਦੀ ਸਹੂਲਤ ਸ਼ੁਰੂ ਹੋ ਜਾਵੇਗੀ। ਕ੍ਰਿਸ਼ਨਾ ਲੈਬ ਸਿਵਲ ਹਸਪਤਾਲ ਬਰਨਾਲਾ ਦੀ ਐਮਰਜੈਂਸੀ ਦੇ ਪਿਛਲੇ ਪਾਸੇ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਿਵਲ ਹਸਪਤਾਲ ਬਰਨਾਲਾ ਦੀ ਸਰਕਾਰੀ ਲੈਬ 'ਚ ਰੁਟੀਨ ਦੇ ਟੈਸਟ ਬਿਲਕੁਲ ਮੁਫਤ ਕੀਤੇ ਜਾਂਦੇ ਹਨ।

# ਚੰਦ ਸਿੰਘ ਦੇ ਚੇਅਰਮੈਨ ਬਣਨ 'ਤੇ ਦਿੱਤੀ ਵਧਾਈ



**ਮਮਦੋਟ (ਹਰਪਾਲ ਸਿੰਘ ਸੋਢੀ)**-ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਜ਼ਿਲ੍ਹਾ ਬੋਰਡਾਂ ਦੇ ਚੇਅਰਮੈਨਾਂ ਦੀ ਸੂਚੀ ਜਾਰੀ ਕੀਤੀ ਗਈ। ਇਸ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਦੇ ਆਮ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਗਿੱਲ ਪ੍ਰਧਾਨ ਨੂੰ ਜ਼ਿਲ੍ਹਾ ਬੋਰਡ ਦਾ ਚੇਅਰਮੈਨ ਬਣਾਇਆ ਗਿਆ। ਉਨ੍ਹਾਂ ਦੇ ਚੇਅਰਮੈਨ ਬਣਨ 'ਤੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਹੈ। ਚੰਦ ਸਿੰਘ ਗਿੱਲ ਨੂੰ ਆਪਣਾ ਅਹੁਦਾ ਸੰਭਾਲਣ 'ਤੇ ਬਲਵਿੰਦਰ ਸਿੰਘ ਰਾਊਕੇ ਜ਼ਿਲ੍ਹਾ ਮੀਤ ਪ੍ਰਧਾਨ ਐਸ ਸੀ ਵਿੰਗ, ਬਲਵਿੰਦਰ ਸਿੰਘ ਲੱਡੂ ਹਜ਼ਾਰਾਂ, ਰਾਜਵੰਤ ਸਿੰਘ ਸੋਢੀ ਡਾਇਰੈਕਟਰ ਕੋਆਪ੍ਰੇਟਿਵ ਸੁਸਾਇਟੀ, ਗੁਰਨਾਮ ਸਿੰਘ ਹਜ਼ਾਰਾਂ ਸਰਕਲ ਪ੍ਰਧਾਨ ਨੇ ਚੇਅਰਮੈਨ ਚੰਦ ਸਿੰਘ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਵਧਾਈ ਦਿੱਤੀ ਅਤੇ ਆਮ ਪਾਰਟੀ ਦੇ ਪੰਜਾਬ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਮੀਤ ਸਿੰਘ ਹੀਰਾ, ਪਰਮਜੀਤ ਸਿੰਘ ਜੰਮੂ, ਬੇਅੰਤ ਸਿੰਘ ਹਕੂਮਤ ਵਾਲਾ ਵੀ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਨੇ ਜਿੱਤ ਦੀ ਖ਼ੁਸ਼ੀ 'ਚ ਰੱਖੇ ਅਖੰਡ ਪਾਠ ਦੇ ਭੋਗ 'ਚ ਕੀਤੀ ਸ਼ਮੂਲੀਅਤ

**ਮੋਗਾ (ਅਮਰਜੀਤ ਬੱਬਰੀ)**

ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਮੋਗਾ ਵੱਲੋਂ ਜੋ ਮਨਸੂਰਵਾਲ ਕਲਾਂ ਵਿੱਖੇ ਮੈਲਬਰੋਜ਼ ਸ਼ਰਾਬ ਫੈਕਟਰੀ ਬੰਦ ਕਰਨ ਦੀ ਜਿੱਤ ਦੀ ਖ਼ੁਸ਼ੀ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਮੀਤ ਪ੍ਰਧਾਨ ਚਮਕੌਰ ਸਿੰਘ ਰੋਡੇਖੁਰਦ ਦੀ ਅਗਵਾਈ ਹੇਠ ਪਿੰਡ ਮਹੀਆਂਵਾਲਾ ਕਲਾਂ ਵਿੱਖੇ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਕੱਤਰ ਜਸਮੇਲ ਸਿੰਘ ਰਾਜਿਆਣਾ, ਜ਼ਿਲ੍ਹਾ ਆਗੂ ਕੁਲਜੀਤ ਪੰਡੋਰੀ ਨੇ ਦੱਸਿਆ ਕਿ ਜ਼ੀਰੇ ਇਲਾਕੇ ਦੇ ਨਾਲ ਲਗਦੇ ਤਕਰੀਬਨ 35 ਪਿੰਡਾਂ ਦਾ ਪਾਣੀ, ਵਾਤਾਵਰਣ, ਮਨਸੂਰਵਾਲ ਕਲਾਂ ਵਿੱਖੇ ਲੱਗੀ ਮੈਲਬਰੋਜ਼ ਸ਼ਰਾਬ ਫੈਕਟਰੀ ਕਾਰਨ ਗੰਧਲਾ ਹੋ ਚੁੱਕਿਆ ਸੀ, ਜਿਸ ਕਾਰਨ ਇਲਾਕੇ ਦੇ ਲੋਕਾਂ ਨੇ ਤਕਰੀਬਨ 6 ਮਹੀਨੇ ਸ਼ਰਾਬ ਫੈਕਟਰੀ ਦੇ ਗੇਟ ਮੂਹਰੇ ਸਾਂਝਾ ਮੋਰਚਾ ਲਗਾਇਆ ਹੋਇਆ ਸੀ। ਇਸ ਫੈਕਟਰੀ ਕਾਰਨ ਇਲਾਕੇ ਭਰ ਵਿੱਚ ਅਨੇਕਾਂ ਲੋਕਾਂ ਅਤੇ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ, ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੈਲਬਰੋਜ਼ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਸੀ, ਛੇ ਮਹੀਨੇ ਬਾਅਦ ਇਲਾਕੇ ਦੇ ਲੋਕਾਂ, ਕਿਸਾਨ ਜਥੇਬੰਦੀਆਂ ਅਤੇ ਹੋਰ ਵੱਖ-ਵੱਖ ਜਥੇਬੰਦੀਆ ਦੇ ਏਕੇ ਨਾਲ ਇਹ ਫੈਕਟਰੀ ਬੰਦ ਹੋਈ ਤੇ ਇਸ ਸਾਂਝਾ ਮੋਰਚਾ ਜ਼ੀਰਾ ਦੀ ਜਿੱਤ ਹੋਈ। ਜਿੱਤ ਦੀ ਖ਼ੁਸ਼ੀ ਨੂੰ ਮੁੱਖ ਰੱਖਦਿਆਂ ਸਾਂਝਾ ਮੋਰਚਾ ਵਲੋਂ ਪਿੰਡ ਮਹੀਆਂਵਾਲਾ ਕਲਾਂ ਦੀ ਖੇਡ ਗਰਾਊਂਡ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਪ੍ਰੰਤੂ ਸਾਂਝਾ ਮੋਰਚਾ ਜ਼ੀਰਾ ਦਾ ਧਰਨਾ ਅਜੇ ਵੀ ਬਰਕਰਾਰ ਹੈ, ਜਿੰਨਾ ਚਿਰ ਮੋਰਚੇ ਦੀਆਂ ਜਾਇਜ਼ ਮੰਗਾਂ, ਝੂਠੇ ਕੇਸ ਦਰਜ ਰੱਦ ਨਹੀ ਹੁੰਦੇ, ਸ਼ਹੀਦ ਹੋਏ ਲੋਕਾਂ ਨੂੰ ਮੁਆਵਜ਼ਾ,ਫ਼ੈਕਟਰੀ ਦੇ ਮਾਲਕ ਦੀਪ ਮਲਹੋਤਰਾ ਤੇ ਫੈਕਟਰੀ ਕਾਰਨ ਹੋਏ ਨੁਕਸਾਨ, ਮੌਤ ਦੇ ਮੂੰਹ ਵਿੱਚ ਜਾ ਚੁੱਕੇ ਲੋਕਾਂ ਦੀ ਮੌਤ ਦੇ ਕਤਲ ਦਾ ਪਰਚਾ ਦਰਜ ਅਤੇ ਇਨਸਾਫ ਨਹੀ ਮਿਲ ਜਾਂਦਾ ਓਨਾ ਚਿਰ ਇਹ ਮੋਰਚਾ ਉਸੇ ਤਰਾਂ ਬਰਕਰਾਰ ਰਹੇਗਾ। ਇਸ ਦੌਰਾਨ ਜਿਲ੍ਹਾ ਆਗੂ ਮੋਹਨ ਸਿੰਘ ਡਾਲਾ, ਬੂਟਾ ਸਿੰਘ ਤਖਾਣਵੱਧ, ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਯੂਥ ਵਿੰਗ ਦੇ ਆਗੂ ਬਲਕਰਨ ਸਿੰਘ ਵੈਰੋਕੇ, ਔਰਤ ਵਿੰਗ ਦੇ ਜਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇਖੁਰਦ, ਮੋਹਲਾ ਸਿੰਘ, ਸਰਬਣ ਲੰਡੇ, ਨਾਹਰ ਮੰਗੇਵਾਲਾ, ਤਾਰ ਡਾਲਾ, ਬੇਅੰਤ ਮੱਲੇਆਣਾ, ਪਵਨਦੀਪ, ਔਰਤ ਵਿੰਗ ਦੇ ਜਗਵਿੰਦਰ ਕੌਰ, ਸਵਰਨਜੀਤ ਕੌਰ, ਭੁਪਿੰਦਰ ਕੌਰ, ਜਸਪ੍ਰੀਤ ਕੌਰ ਆਦਿ ਆਗੂ ਹਾਜ਼ਰ ਹੋਏ।



# ਲੱਖਾਂ ਰੁਪਏ ਖੋਹ ਕੇ ਫ਼ਰਾਰ ਹੋਣ ਵਾਲੇ ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਕਬਰਵਾਲਾ ਪੁਲਸ ਨੇ ਲੱਖਾਂ ਰੁਪਏ ਖੋਹ ਕੇ ਫ਼ਰਾਰ ਹੋਣ ਦੇ ਦੋਸ਼ ਹੇਠ ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਹਰਜੀਤ ਸਿੰਘ ਵਾਸੀ ਕੋਠੇ ਨਾਨਕਸਰ ਢਾਣੀ ਘੱਗਾ ਨੇ ਦੱਸਿਆ ਕਿ ਉਹ ਭਾਰਤੀ ਫ਼ਾਈਨਾਂਸ ਕੰਪਨੀ ਬ੍ਰਾਂਚ ਮਲੋਟ ਵਿਖੇ ਕੰਮ ਕਰਦਾ ਹੈ ਅਤੇ ਉਸ ਦੀ ਕੰਪਨੀ ਲੇਡਿਜ਼ ਗਰੁੱਪ ਨੂੰ ਲੋਨ ਦਿੰਦੀ ਹੈ, ਜਿਸ ਦੀਆਂ ਕਿਸ਼ਤਾਂ ਇਕੱਠੀਆਂ ਕਰਨੀਆਂ ਹੁੰਦੀਆਂ ਹਨ।

ਉਸ ਨੇ ਦੱਸਿਆ ਕਿ ਉਸ ਨਾਲ ਰਣਜੀਤ ਸਿੰਘ ਵਾਸੀ ਸ਼ੇਰਗੜ੍ਹ ਗਿਆਨ ਸਿੰਘ ਵਾਲਾ ਵੀ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਸਾਥੀ ਰਣਜੀਤ ਸਿੰਘ ਨਾਲ ਪਿੰਡ ਡੱਬਵਾਲੀ ਢਾਬ ਪਹੁੰਚ ਕੇ ਲੋਨ ਦੀਆਂ ਕਿਸ਼ਤਾਂ ਇਕੱਠੀਆਂ ਕੀਤੀਆਂ ਸਨ ਅਤੇ ਇਕੱਠੀਆਂ ਕੀਤੀਆਂ ਕਿਸ਼ਤਾਂ ਦੀ ਰਕਮ ਇੱਕ ਲੱਖ, 30 ਹਜ਼ਾਰ ਰੁਪਏ ਸਨ ਅਤੇ ਉਹ ਦੋਵੇਂ ਜਣੇ ਇਹ ਰਕਮ ਲੈ ਕੇ ਆਪਣੇ ਮੋਟਰਸਾਈਕਲ ਮਲੋਟ ਸ਼ਹਿਰ ਲਈ ਰਵਾਨਾ ਹੋਏ ਸੀ ਤਾਂ ਉਹ ਮੋਟਰਸਾਈਕਲ ਚਲਾ ਰਿਹਾ ਸੀ ਅਤੇ ਰਣਜੀਤ ਸਿੰਘ ਪਿੱਛੇ ਬੈਠਾ ਸੀ ਜਿਸ ਦੇ ਮੋਢੇ 'ਤੇ ਕਿੱਟ ਪਾਈ ਹੋਈ ਸੀ ਅਤੇ ਜਦੋਂ ਉਹ ਡੱਬਵਾਲੀ ਢਾਬ ਤੋਂ ਇੱਕ ਕਿਲੋਮੀਟਰ ਪਿੰਡ ਬੁਰਜ ਸਿੱਧਵਾਂ ਨੂੰ ਗਏ ਤਾਂ ਸੜਕ 'ਤੇ ਤਿੰਨ ਵਿਅਕਤੀ ਜਿਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਸਨ, ਨੇ ਉਨ੍ਹਾਂ ਨੂੰ ਘੇਰਾ ਪਾ ਲਿਆ ਅਤੇ ਬੈਗ ਖੋਹ ਕੇ ਫ਼ਰਾਰ ਹੋ ਗਏ, ਜਿਸ ਵਿਚ ਇੱਕ ਟੈਬ ਅਤੇ ਨਗਦੀ ਸੀ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ 'ਤੇ ਮੁਕੱਦਮਾ ਨੰ. 14 ਧਾਰਾ 379ਬੀ, 34 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੀ ਬੀ ਜੀ ਵੈੱਲਫੇਅਰ ਕਲੱਬ ਕੈਂਪ ਦੌਰਾਨ 21 ਯੂਨਿਟ ਖ਼ੂਨ ਇਕੱਤਰ

**ਕੋਟਕਪੂਰਾ (ਰਛਪਾਲ ਭੁੱਲਰ)**-ਰਾਸ਼ਟਰੀ ਯੁਵਾ ਦਿਵਸ ਅਤੇ ਸਵਾਮੀ ਵਿਵੇਕਾਨੰਦ ਦੇ ਜਨਮ ਦਿਨ ਨੂੰ ਸਮਰਪਤ ਪੀ ਬੀ ਜੀ ਵੈਲਫੇਅਰ ਕਲੱਬ ਵੱਲੋਂ ਭਾਰਤੀ ਰੈੱਡ ਕਰਾਸ ਸੁਸਾਇਟੀ ਪੰਜਾਬ (ਚੰਡੀਗੜ੍ਹ) ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਦੇ ਬਲੱਡ ਬੈਂਕ ਵਿਖੇ ਐੱਚ ਓ ਡੀ ਡਾ. ਨੀਤੂ ਕੂਕਰ ਦੀ ਅਗਵਾਈ ਹੇਠ ਖੂਨਦਾਨ ਕੈਂਪ ਲਾਇਆ ਗਿਆ। ਪ੍ਰਧਾਨ ਰਾਜੀਵ ਮਲਿਕ ਅਤੇ ਲੇਡੀਜ਼ ਵਿੰਗ ਇੰਚਾਰਜ ਮੈਡਮ ਮੰਜੂ ਬਾਲਾ ਨੇ ਦੱਸਿਆ ਕਿ ਅੱਜ ਕੈਂਪ ਦੀ ਸ਼ੁਰੂਆਤ ਚੇਅਰਮੈਨ ਬਲਜੀਤ ਸਿੰਘ ਖੀਵਾ ਅਤੇ ਹਰਵਿੰਦਰ ਸਿੰਘ ਬਿੱਟਾ ਨੇ ਆਪਣਾ ਖ਼ੂਨਦਾਨ ਕਰਕੇ ਕੀਤੀ। ਕੈਂਪ ਇੰਚਾਰਜ ਰਵੀ ਅਰੋੜਾ ਸਮੇਤ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦਿਰੱਤਾ, ਜੋਨੀ ਮਲਿਕ ਅਤੇ ਮੈਡਮ ਸਿਮਰਨ ਨੇ ਦੱਸਿਆ ਕਿ ਸੰਸਥਾ ਵੱਲੋਂ ਲੋੜਵੰਦ ਲੋਕਾਂ ਨੂੰ ਲਗਾਤਾਰ ਆ ਰਹੀ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਛੋਟੇ ਛੋਟੇ ਖੂਨਦਾਨ ਕੈਂਪ ਲਾ ਕੇ ਪੂਰਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ 21 ਯੂਨਿਟ ਖੂਨ ਇਕੱਤਰ ਹੋਇਆ। ਡਾ. ਨਵਰੀਤ ਪੁਰੀ ਅਤੇ ਡਾ. ਬਬਲੀਨ ਨੇ ਸੰਸਥਾ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਪਹਿਲਾਂ ਵੀ ਸੰਸਥਾ ਵੱਲੋਂ ਐਮਰਜੈਂਸੀ ਵੇਲੇ ਜਦੋਂ ਵੀ ਕਿਸੇ ਮਰੀਜ਼ ਨੂੰ ਖੂਨ ਦੀ ਲੋੜ ਹੁੰਦੀ ਹੈ ਤਾਂ ਹਰ ਵਾਰ ਖੂਨਦਾਨੀ ਸੱਜਣ ਤਿਆਰ ਰਹਿੰਦੇ ਹਨ। ਉਸ ਤੋਂ ਇਲਾਵਾ ਡੇਂਗੂ ਨਾਲ ਪੀੜਿਤ ਮਰੀਜ਼ਾਂ ਨੂੰ ਪੈਂਦੀ ਸੈਲਾਂ ਦੀ ਕਮੀ ਨੂੰ ਵੀ ਪੂਰਾ ਕਰਵਾਇਆ ਜਾਂਦਾ ਹੈ। ਕਲੱਬ ਦੇ ਜਨਰਲ ਸਕੱਤਰ ਗੌਰਵ ਗਲਹੋਤਰਾ ਨੇ ਹੋਰਨਾਂ ਨੂੰ ਵੀ ਅਪੀਲ ਕੀਤੀ ਕਿ ਹੋਰ ਖੂਨਦਾਨੀ ਸੱਜਣ ਵੀ ਅਜਿਹੇ ਨੇਕ ਕਾਰਜਾਂ ਵਿੱਚ ਆਪਣਾ ਸਹਿਯੋਗ ਦੇਣ ਲਈ ਜਾਗਰੂਕ ਹੋਣ ਤਾਂ ਜੋ ਖੂਨ ਦੀ ਕਮੀ ਨੂੰ ਜਲਦੀ ਪੂਰਾ ਕੀਤਾ ਜਾ ਸਕੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅਮਨ ਘੋਲੀਆ, ਅਮਨਦੀਪ ਗੁਲਾਟੀ, ਪੁਸ਼ਪ ਕਾਲੜਾ, ਰਾਜੇਸ਼ ਸੇਠੀ ਸਮੇਤ ਸੰਸਥਾ ਦੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।




# ਐੱਨ ਕਿਊ ਏ ਐੱਸ ਦੀ ਟੀਮ ਦੀ ਜਾਂਚ ਦੌਰਾਨ ਸਿਵਲ ਹਸਪਤਾਲ ਨੇ ਹਾਸਲ ਕੀਤਾ ਪਹਿਲਾ ਦਰਜਾ

**ਜਗਰਾਉਂ (ਅਮਿਤ ਖੰਨਾ)**

ਸਿਵਲ ਹਸਪਤਾਲ ਦੇ ਐਸ ਐਮ ਓ ਡਾ. ਪੁਨੀਤ ਸਿੱਧੂ ਨੂੰ ਉੱਚ ਅਧਿਕਾਰੀਆ ਵੱਲੋਂ ਭੇਜੀ ਗਈ ਈ-ਮੇਲ ਵਿੱਚ ਇਸ ਹਸਪਤਾਲ ਦੀ ਐੱਨ ਕਿਊ ਏ ਐੱਸ ਦੀ ਚੈਕਿੰਗ, ਜੋ ਕੇਂਦਰੀ ਟੀਮ ਵੱਲੋਂ ਕੀਤੀ ਗਈ ਸੀ, ਦਾ ਨਤੀਜਾ ਪ੍ਰਾਪਤ ਹੋਇਆ, ਜਿਸ ਵਿੱਚ ਪੰਜਾਬ ਦੇ 2 ਹਸਪਤਾਲਾਂ ਦੀ ਚੈਕਿੰਗ ਹੋਈ ਸੀ, ਜਿਸ ਦੇ ਨਤੀਜੇ ਵਿੱਚ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਅਧੀਨ ਹਸਪਤਾਲ ਨੂੰ 89.1% ਅੰਕ ਪ੍ਰਾਪਤ ਹੋਏ, ਜਦਕਿ ਸਿਵਲ ਹਸਪਤਾਲ ਨੇ 93% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਨਤੀਜੇ ਬਾਰੇ ਜਦ ਸ੍ਰੀਮਤੀ ਸਰਬਜੀਤ ਕੌਰ ਮਾਣੂੰਕੇ ਐਮ.ਐਲ.ਏ. ਨੂੰ ਪਤਾ ਲੱਗਾ, ਉਹ ਉਸੇ ਸਮੇਂ ਹਸਪਤਾਲ ਵਿੱਚ ਹਾਜ਼ਰ ਹੋਏ। ਉਨ੍ਹਾਂ ਨੇ ਸਿਵਲ ਸਰਜਨ ਡਾ. ਹਤਿੰਦਰ ਕੌਰ ਸੋਹਲ ਤੇ ਡੀ.ਐਮ.ਸੀ. ਲੁਧਿਆਣਾ ਡਾ. ਰਮਨਦੀਪ ਕੌਰ ਦਾ ਵਿਸੇਸ ਧੰਨਵਾਦ ਕਰਦੇ ਹੋਏ ਡਾ. ਪੁਨੀਤ ਸਿੱਧੂ ਤੇ ਸਮੂਹ ਡਾਕਟਰ ਸਾਹਿਬਾਨ ਤੇ ਕ੍ਰਮਚਾਰੀਆਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਨੂੰ ਮੁੜ ਤੋਂ ਪਹਿਲੇ ਨੰਬਰਾਂ ਵਿੱਚ ਲਿਆ ਦਿੱਤਾ ਹੈ ਤੇ ਅੱਗੇ ਤੋਂ ਇਸ ਨੂੰ ਇਸੇ ਤਰ੍ਹਾਂ ਬਰਕਰਾਰ ਰੱਖਣ ਦੀ ਹਦਾਇਤ ਵੀ ਦਿੱਤੀ ਤੇ ਖ਼ੁਸ਼ੀ ਜ਼ਾਹਰ ਕੀਤੀ ਤੇ ਕਿਹਾ ਕਿ ਮੇਰੇ ਹਲਕੇ ਦਾ ਇਹ ਹਸਪਤਾਲ ਆਪਣੇ ਪੱਧਰ 'ਤੇ ਸੋਹਣਾ ਤੇ ਵਧੀਆ ਕੰਮ ਕਰ ਰਿਹਾ ਹੈ। ਡਾ. ਪੁਨੀਤ ਸਿੱਧੂ ਨੇ ਕਿਹਾ ਕਿ ਐਮ.ਐਲ.ਏ. ਤੇ ਸਮੂਹ ਡਾਕਟਰ ਸਾਹਿਬਾਨ ਤੇ ਸਾਰੇ ਕ੍ਰਮਚਾਰੀਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਧੰਨਵਾਦ ਕੀਤਾ। ਸਮੇਂ ਡਾ.ਧੀਰਜ ਸਿੰਗਲਾ, ਡਾ. ਸੰਗੀਨਾ ਗਰਗ, ਡਾ. ਅਮਨਦੀਪ ਕੌਰ ਆਤਿਸ ਗੁਪਤਾ, ਡਾ. ਅਜੈਵੀਰ ਸਰਾ, ਡਾ.ਡ ਸੁਖਦੀਪ ਕੌਰ, ਡਾ. ਪਵਨਪ੍ਰੀਤ ਸਿੰਘ ਸਮੇਤ ਬਲਵਿੰਦਰ ਕੌਰ, ਸ੍ਰੀਮਤੀ ਸੁਖਵੰਤ ਕੌਰ, ਸ੍ਰੀਮਾਨ ਗੁਰਪ੍ਰੀਤ ਸਿੰਘ, ਸ੍ਰੀਮਤੀ ਜਸਵੀਰ ਕੌਰ, ਸ੍ਰੀਮਤੀ ਸੰਦੀਪ ਕੌਰ ਤੇ ਸ੍ਰੀਮਤੀ ਕਿਰਨਜੀਤ ਕੌਰ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।



# ਚਾਇਨਾ ਡੋਰ ਦੀ ਵਰਤੋਂ ਨਾ ਕਰਨ ਸੰਬੰਧੀ ਲਾਇਆ ਸੈਮੀਨਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਬੱਚਿਆਂ ਨੂੰ ਚਾਇਨਾ ਡੋਰ ਦੀ ਵਰਤੋਂ 'ਤੇ ਪਾਬੰਦੀ ਲਾਉਣ ਲਈ ਜਾਗ੍ਰਿਤ ਕਰਨ ਲਈ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸੰਦੀਪ ਮਹਿਤਾ, ਕੋ-ਆਰਡੀਨੇਟਰ ਮੁਕੇਸ਼ ਅਰੋੜਾ ਤੇ ਮੈਡਮ ਦੀਪਿਕਾ ਮਨਚੰਦਾ ਨੇ ਕੀਤੀ। ਸੈਮੀਨਾਰ ਦਾ ਉਦੇਸ਼ ਬੱਚਿਆਂ ਨੂੰ ਪਤੰਗ ਉਡਾਉਂਦੇ ਸਮੇਂ ਚਾਇਨਾ ਡੋਰ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕਰਨਾ ਸੀ, ਕਿਉਂਕਿ ਚਾਇਨਾ ਡੋਰ ਕੈਮੀਕਲ ਦੀ ਵਰਤੋਂ ਕਰਕੇ ਬਣਾਈ ਜਾਂਦੀ ਹੈ, ਜੋ ਕੱਟੀ ਨਹੀ ਜਾਂਦੀ ਜਿਹੜੀ ਕਿ ਮਨੁੱਖਾਂਏ ਪਸ਼ੂ-ਪੰਛੀਆਂ ਲਈ ਬਹੁਤ ਘਾਤਕ ਹੁੰਦੀ ਹੈ। ਪ੍ਰਿੰਸੀਪਲ ਗੁਰਦੇਵ ਸਿੰਘ ਨੇ ਬੱਚਿਆਂ ਨੂੰ ਚਾਇਨਾ ਡੋਰ ਨਾਲ ਵਾਪਰਦੇ ਅਨੇਕਾਂ ਹਾਦਸਿਆਂ ਬਾਰੇ ਦੱਸਿਆ। ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਸਮਝਾਇਆ ਕਿ ਚਾਇਨਾ ਡੋਰ ਰਾਹ ਜਾਂਦੇ ਅਨੇਕਾਂ ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੰਦੀ ਹੈ। ਕਈ ਵਾਰ ਤਾਂ ਕੁੱਝ ਲੋਕਾਂ ਦੀ ਜਾਨ ਵੀ ਚਲੀ ਜਾਂਦੀ ਹੈ। ਕਈ ਬੇਜ਼ੁਬਾਨ ਪਸ਼ੂ ਅਤੇ ਜਾਨਵਰ ਵੀ ਇਸ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲਈ ਬੱਚਿਆਂ ਨੂੰ ਇਸ ਦਾ ਮੁਕੰਮਲ ਬਾਈਕਾਟ ਕਰਨਾ ਚਾਹੀਦਾ ਹੈ। ਜੇਕਰ ਕੋਈ ਇਸ ਨੂੰ ਵੇਚ ਰਿਹਾ ਹੈ ਤਾਂ ਉਸਦੀ ਸੂਚਨਾ ਤੁਰੰਤ ਪੁਲਸ ਨੂੰ ਦੇਣੀ ਚਾਹੀਦੀ ਹੈ, ਜਿਸ ਨਾਲ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।

ਕੋ-ਆਰਡੀਨੇਟਰ ਮੁਕੇਸ਼ ਅਰੋੜਾ ਨੇ ਬੱਚਿਆਂ ਨੂੰ ਕਿਹਾ ਕਿ ਉਹ ਮਨੋਰੰਜਨ ਲਈ ਪਤੰਗ ਜ਼ਰੂਰ ਉਡਾਉਣ, ਪਰ ਚਾਇਨਾ ਡੋਰ ਦੀ ਵਰਤੋਂ ਬਿਲਕੁਲ ਨਾ ਕਰਨ ਤਾਂ ਜੁ ਇਸ ਕਾਰਨ ਨਿੱਤ ਵਾਪਰਨ ਵਾਲੇ ਹਾਦਸਿਆਂ ਤੋਂ ਬਚਿਆ ਜਾ ਸਕੇ। ਇਸ ਸਮੇਂ ਬੱਚਿਆਂ ਨੂੰ ਚਾਇਨਾ ਡੋਰ ਨਾ ਵਰਤਣ ਸਬੰਧੀ ਸਹੁੰ ਵੀ ਚੁਕਾਈ ਗਈ ਅਤੇ ਬੱਚਿਆਂ ਵੱਲੋਂ ਚਾਇਨਾ ਡੋਰ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾਉਣ ਲਈ ਪ੍ਰਣ ਲਿਆ ਗਿਆ।

# ਗੁਰੂ ਤੇਗ ਬਹਾਦਰ ਪਬਲਿਕ ਸਕੂਲ ਵਿਖੇ ਕੈਲੰਡਰ ਜਾਰੀ



**ਛਾਜਲੀ (ਜਸਵੀਰ ਲਾਡੀ)**-ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਜਥੇਦਾਰ ਤੇਜਾ ਸਿੰਘ ਕਮਾਲਪੁਰ (ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ) ਨੇ ਸਕੂਲ ਦਾ ਸੈਕਸ਼ਨ 2023-2024 ਦਾ ਕੈਲੰਡਰ ਜਾਰੀ ਕਰਦਿਆਂ ਕਿਹਾ ਕਿ ਇਹ ਸਕੂਲ ਇਲਾਕੇ ਵਿੱਚ ਸਭ ਤੋਂ ਵਧੀਆ ਸਕੂਲ ਵਜੋਂ ਉੱਭਰ ਕੇ ਆਇਆ ਹੈ, ਜਿੱਥੇ ਬੱਚਿਆਂ ਨੂੰ ਇੰਗਲਿਸ਼ ਮੀਡੀਅਮ ਪੜਾਈ ਦੇ ਨਾਲ ਗੁਰਮਿਤ ਤੇ ਸੰਗੀਤ ਦੀ ਸਿੱਖਿਆ ਵੀ ਦਿੱਤੀ ਜਾਦੀ ਹੈ। ਮੈਂਬਰ ਸਾਹਿਬ ਨੇ ਲੋਕਾਂ ਨੂੰ ਆਪਣੇ ਬੱਚਿਆਂ ਦਾ ਇਸ ਸਕੂਲ ਵਿੱਚ ਦਾਖਲਾ ਕਰਵਾ ਕੇ ਸਕੂਲ ਨੂੰ ਹੋਰ ਕਾਮਯਾਬ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸਕੂਲ ਪ੍ਰਿੰਸੀਪਲ ਗੁਰਪ੍ਰੀਤ ਸਿੰਘ, ਸਕੂਲ ਅਧਿਆਪਕ ਮੇਜਰ ਸਿੰਘ ਸਕੋਹਾ, ਅੰਮ੍ਰਿਤਪਾਲ ਸਿੰਘ, ਹਰਨੇਕ ਸਿੰਘ ਪੂਨੀਆ ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਜਾ ਸਿੰਘ ਸਹਾਰਨ ਮੀਤ ਪ੍ਰਧਾਨ, ਪਰਮਜੀਤ ਸਿੰਘ ਨੰਬਰਦਾਰ, ਆਸਾ ਸਿੰਘ ਮੈਂਬਰ, ਇੰਦਰਜੀਤ ਸਿੰਘ ਧਾਲੀਵਾਲ ਪਤੀ ਸ੍ਰੀਮਤੀ ਪਰਮਿੰਦਰ ਕੌਰ ਸਰਪੰਚ ਛਾਜਲੀ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਨੈਸ਼ਨਲ ਜੰਬੂਰੀ ਕੈਂਪ 'ਚ ਸ਼ਾਨਦਾਰ ਪ੍ਰਦਰਸ਼ਨ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਬੀਤੇ ਦਿਨੀਂ 18ਵਾਂ ਨੈਸ਼ਨਲ ਜੰਬੂਰੀ ਕੈਂਪ, ਭਾਰਤ ਸਕਾਊਟਸ ਐਂਡ ਗਾਈਡ, ਰਾਜਸਥਾਨ ਦੇ ਜ਼ਿਲ੍ਹਾ ਪਾਲੀ ਦੇ ਰੋਹਤ ਸਥਾਨ ਵਿਖੇ ਸਰਕਾਰ ਦੇ ਸਹਿਯੋਗ ਨਾਲ ਲਾਇਆ ਗਿਆ। ਕੈਂਪ ਵਿੱਚ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਕਰੀਬ 30 ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਅਤੇ ਬਹੁਤ ਹੀ ਉਤਸਾਹ ਨਾਲ ਭਾਗ ਲਿਆ। ਸੰਸਥਾ ਦੇ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਦੱਸਿਆ ਕਿ ਸਟੇਟ ਆਰਗੇਨਾਈਜਰ ਕਮਿਸ਼ਨਰ,ਓਂਕਾਰ ਸਿੰਘ ਤੇ ਮਿਸ ਨੀਟਾ ਕਸ਼ਪ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਨੈਸ਼ਨਲ ਕੈਂਪ ਵਿੱਚ ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਭਾਰਤ ਦੇ ਸਾਰੇ ਰਾਜਾਂ ਤੋਂ 37000 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਰਾਸ਼ਟਰੀ ਕੈਂਪ ਦਾ ਉਦਘਾਟਨ ਦੇਸ਼ ਦੇ ਮਾਣਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਤੀ ਮੁਰਮੂ ਨੇ ਕੀਤਾ। ਕੈਂਪ ਵਿੱਚ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਆਪਣੀਆਂ ਵੱਖ-ਵੱਖ ਗਤੀਵਿਧੀਆਂ ਰਾਹੀਂ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸਨ ਕੀਤਾ। ਇਨ੍ਹਾਂ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਪੰਜਾਬ ਦਾ ਲੋਕ-ਨਾਚ ਭੰਗੜਾ, ਗਿੱਧਾ, ਪਰੇਡ ਆਦਿ ਵਿੱਚ ਹਿੱਸਾ ਲੈ ਲਿਆ।

# ਯਾਦਗਾਰੀ ਹੋ ਨਿੱਬੜਿਆ 'ਧੀਆਂ ਦੀ ਲੋਹੜੀ' ਨੂੰ ਸਮਰਪਤ ਕੀਤਾ ਹ.ਫਤਾ

**ਧੂਰੀ (ਸੁਖਦੇਵ ਧੂਰੀ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਭਲਵਾਨ ਵਿਖੇ 'ਧੀਆਂ ਦੀ ਲੋਹੜੀ' ਨੂੰ ਸਮਰਪਤ ਹਫ਼ਤੇ ਦੇ ਸਮਾਪਤੀ ਸਮਾਰੋਹ ਨੂੰ ਮੁੱਖ ਰੱਖਦਿਆਂ ਰਾਜ ਪੱਧਰੀ ਪ੍ਰੋਗਰਾਮ ਕਰਾਇਆ ਗਿਆ। ਇਸ ਪ੍ਰੋਗਰਾਮ 'ਚ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਮੰਤਰੀ ਡਾ. ਬਲਜੀਤ ਕੌਰ, ਮੁੱਖ ਮੰਤਰੀ ਭਗਵੰਤ ਮਾਨ ਦੇ ਧਰਮਪਤਨੀ ਡਾ. ਗੁਰਪ੍ਰੀਤ ਕੌਰ ਤੇ ਵਿਧਾਇਕ ਸੰਗਰੂਰ ਸ੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਨਵਜੰਮੀਆਂ ਧੀਆਂ ਅਤੇ ਸਿੱਖਿਆ ਤੇ ਖੇਡਾਂ ਦੇ ਖੇਤਰ 'ਚ ਮੱਲਾਂ ਮਾਰਨ ਵਾਲੀਆਂ ਲੜਕੀਆਂ ਨੂੰ ਸਨਮਾਨਤ ਕੀਤਾ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਦੀਆਂ ਧੀਆਂ ਹਰ ਖੇਤਰ 'ਚ ਮੋਹਰੀ ਬਣ ਕੇ ਉੱਭਰ ਰਹੀਆਂ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਔਰਤਾਂ ਦੇ ਹੱਕਾਂ ਦੀ ਰਾਖੀ ਲਈ ਡਟ ਕੇ ਖੜ੍ਹੀ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਾਂਹਵਧੂ ਸੋਚ ਅਨੁਸਾਰ ਪੰਜਾਬ ਦੀਆਂ ਧੀਆਂ ਨੂੰ ਹਰ ਖੇਤਰ ਵਿੱਚ ਅੱਗੇ ਲੈ ਕੇ ਆਉਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਉਪਰਾਲਿਆਂ ਦੀ ਸ਼ਾਨਦਾਰ ਸ਼ੁਰੂਆਤ 'ਧੀਆਂ ਦੀ ਲੋਹੜੀ' ਮਨਾ ਕੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਰਕਾਰਾਂ ਦੀ ਅਣਗਹਿਲੀ ਕਾਰਨ ਰਾਜ ਵਿੱਚ ਲਿੰਗ ਅਨੁਪਾਤ ਦਰ ਬਹੁਤ ਹੇਠਾਂ ਸੀ, ਜਿਸਨੂੰ ਉੱਚਾ ਚੁੱਕਣ ਲਈ ਕੋਸ਼ਿਸ਼ਾਂ ਗੰਭੀਰਤਾ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਧੀਆਂ ਦੇ ਜਨਮ 'ਤੇ ਸਮਾਜ ਵੱਲੋਂ ਖ਼ੁਸ਼ੀ ਨਹੀਂ ਮਨਾਈ ਜਾਂਦੀ, ਜਿਸ ਮਾੜੀ ਪ੍ਰਥਾ ਨੂੰ ਬਦਲਣ ਲਈ ਹੀ ਪੰਜਾਬ ਸਰਕਾਰ ਵੱਲੋਂ 'ਧੀਆਂ ਦੀ ਲੋਹੜੀ' ਮਨਾਉਣ ਦੀ ਪਿਰਤ ਪਾਈ ਜਾ ਰਹੀ ਹੈ। ਇਸ ਮੌਕੇ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਧਾਈ ਦੇ ਪਾਤਰ ਹਨ, ਜਿਨ੍ਹਾਂ ਵੱਲੋਂ ਧੀਆਂ ਦੀ ਅਹਿਮੀਅਤ ਨੂੰ ਸਮਾਜ ਦੇ ਅੱਗੇ ਰੱਖਣ ਲਈ ਅਜਿਹਾ ਵੱਡਾ ਉਪਰਾਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸੇ ਤਰਾਂ ਜੇਕਰ ਧੀਆਂ ਨੂੰ ਘਰਾਂ 'ਚ ਖੁੱਲ੍ਹਾ ਤੇ ਉਸਾਰੂ ਮਾਹੌਲ ਮਿਲੇ ਤਾਂ ਉਹ ਹਰ ਖੇਤਰ 'ਚ ਆਪਣੇ ਹੁਨਰ ਦਾ ਲੋਹਾ ਮੰਨਵਾ ਸਕਦੀਆਂ ਹਨ। ਸਮਾਗਮ ਦੌਰਾਨ ਲੋਕ ਕਲਾ ਮੰਚ ਜੀਰਾ ਦੀ ਟੀਮ ਵੱਲੋਂ ਮਾਦਾ ਭਰੂਣ ਹੱਤਿਆ ਨੂੰ ਰੋਕਣ ਲਈ 'ਮੈਨੂੰ ਕੁੱਖ ਵਿੱਚ ਨਾ ਮਾਰੋ' ਨਾਂਅ ਹੇਠ ਨਾਟਕ ਦਾ ਮੰਚਨ ਕੀਤਾ ਗਿਆ। ਇਸ ਤੋਂ ਇਲਾਵਾ ਆਦਰਸ਼ ਸਕੂਲ ਦੀਆਂ ਵਿਦਿਆਰਥਣਾਂ ਨੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਮੁੱਖ ਸ਼ਖ਼ਸੀਅਤਾਂ ਵੱਲੋਂ ਇਸ ਮੌਕੇ 51 ਨਵਜੰਮੀਆਂ ਧੀਆਂ ਦੇ ਮਾਪਿਆਂ ਨੂੰ ਸਨਮਾਨ ਪੱਤਰ ਤੇ ਵਿਸ਼ੇਸ਼ ਕਿੱਟਾਂ ਨਾਲ ਸਨਮਾਨਤ ਕੀਤਾ ਗਿਆ ਅਤੇ 11 ਸਵੈ ਸਹਾਇਤਾ ਸਮੂਹਾਂ ਦੀਆਂ ਔਰਤਾਂ ਅਤੇ 20 ਮੈਰੀਟੋਰੀਅਸ ਵਿਦਿਆਰਥਣਾਂ ਨੂੰ ਵੀ ਸਨਮਾਨਤ ਕੀਤਾ ਗਿਆ।



# ਮਾਤਾ ਸਾਹਿਬ ਕੌਰ ਗਰਲਜ਼ ਕਾਲਜ 'ਚ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦਾ ਆਗਾਜ਼

**ਤਲਵੰਡੀ ਸਾਬੋ (ਜਗਦੀਪ ਗਿੱਲ)**

ਮਾਤਾ ਸਾਹਿਬ ਕੌਰ ਗਰਲਜ ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਨਾਲ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ (ਲੜਕੀਆਂ) ਦੀ ਸ਼ੁਰੂਆਤ ਕੀਤੀ ਗਈ। ਕਾਲਜ ਪ੍ਰਿੰਸੀਪਲ ਡਾ ਕਮਲਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਬਿਹਾਰ, ਮਹਾਰਾਸ਼ਟਰ, ਜੰਮੂ ਕਸ਼ਮੀਰ, ਉਤਰਾਖੰਡ, ਚੰਡੀਗੜ੍ਹ, ਆਂਧਰਾ ਪ੍ਰਦੇਸ਼ ਆਦਿ ਰਾਜਾਂ ਤੋਂ ਤਕਰੀਬਨ 300 ਤੋਂ ਵੱਧ ਗੱਤਕਾ ਖਿਡਾਰਨਾਂ ਹਿੱਸਾ ਲੈ ਰਹੀਆਂ ਹਨ।

ਗਿਆਨੀ ਹਰਪ੍ਰੀਤ ਸਿੰਘ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਇਸ ਉਪਰਾਲੇ ਲਈ ਵਿਸ਼ੇਸ਼ ਸਹਿਯੋਗ ਦੇਣ ਤੇ ਧੰਨਵਾਦ ਕੀਤਾ। ਇਸ ਮੌਕੇ ਗੁਰਚਰਨ ਸਿੰਘ ਗਰੇਵਾਲ, ਜਨਰਲ ਸਕੱਤਰ ਐਸ ਜੀ ਪੀ ਸੀ, ਹਰਜੀਤ ਸਿੰਘ ਗਰੇਵਾਲ, ਪ੍ਰਧਾਨ ਆਲ ਇੰਡੀਆ ਗੱਤਕਾ ਐਸੋਸੀਏਸ਼ਨ ਤੇ ਮੋਹਨ ਸਿੰਘ ਬੰਗੀ, ਮੈਂਬਰ ਅੰਤ੍ਰਿੰਗ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਇਸ ਚੈਂਪੀਅਸ਼ਿਪ ਦਾ ਆਗਾਜ ਕੀਤਾ।

ਗੁਰਚਰਨ ਸਿੰਘ ਗਰੇਵਾਲ ਨੇ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਦਿਆ ਦੇ ਖੇਤਰ ਵਿਚ ਪਾਏ ਜਾ ਰਹੇ ਯੋਗਦਾਨ ਅਤੇ ਵਿਸ਼ੇਸ਼ ਤੌਰ 'ਤੇ ਗੱਤਕੇ ਦੀ ਸਿੱਖ ਵਿਰਾਸਤ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣੂ ਕਰਾਇਆ। ਉਨ੍ਹਾਂ ਦੱਸਿਆ ਕਿ ਮਾਤਾ ਨਾਨਕੀ ਜੀ ਅਕਾਦਮਿਕ ਤੇ ਧਾਰਮਿਕ ਮੁਫ਼ਤ ਵਿੱਦਿਆ ਯੋਜਨਾ ਤਹਿਤ 250 ਵਿਦਿਆਰਥਣਾਂ ਇਸ ਸੰਸਥਾ ਵਿਖੇ ਵਿਦਿਆ ਪ੍ਰਾਪਤ ਕਰਕੇ ਸਿੱਖ ਇਸਤਰੀ ਵਿੱਦਿਆ ਦੇ ਨਵੇਂ ਮੀਲ ਪੱਥਰ ਸਥਾਪਤ ਕਰ ਰਹੀਆਂ ਹਨ।

ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਐਸ.ਜੀ.ਪੀ.ਸੀ ਦੇ ਵਿਸ਼ੇਸ਼ ਯਤਨਾਂ ਸਦਕਾ ਅਤੇ ਬਿਧੀ ਸਿੰਘ ਯੂ. ਕੇ. ਸੀਨੀਅਰ ਵਾਈਸ ਪ੍ਰਧਾਨ ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਦੀ ਯੋਗ ਅਗਵਾਈ ਵਿੱਚ ਕਰਾਈ ਜਾ ਰਹੀ ਇਸ ਚੈਂਪੀਅਨਸ਼ਿਪ ਦਾ ਮੁੱਖ ਉਦੇਸ਼ ਵਿਦਿਆਰਥਣਾਂ ਵਿੱਚ ਗੱਤਕਾ ਗੇਮ ਨੂੰ ਪ੍ਰਫੁੱਲਤ ਕਰਨਾ ਅਤੇ ਸਿੱਖ ਇਤਿਹਾਸ ਨਾਲ ਜੋੜਨਾ ਹੈ। ਇਸ ਮੌਕੇ ਹੀਰਾ ਸਿੰਘ, ਸੈਸ਼ਨ ਜੱਜ ਬਠਿੰਡਾ, ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਮੈਂਬਰ, ਐਸ.ਜੀ.ਪੀ.ਸੀ ਦੇ ਮੈਂਬਰ ਸਾਹਿਬਾਨ ਅਤੇ ਪ੍ਰਿੰਸੀਪਲ ਡਾ ਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਦੌਰਾਨ ਆਏ ਹੋਏ ਪਤਵੰਤੇ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ ਕਮਲਪ੍ਰੀਤ ਕੌਰ ਨੇ ਸਮੁੱਚੇ ਪ੍ਰਬੰਧਾਂ ਲਈ ਰਣਜੀਤ ਸਿੰਘ ਮੈਨੇਜਰ ਤਖਤ ਸ੍ਰੀ ਦਮਦਮਾ ਸਾਹਿਬ, ਭੋਲਾ ਸਿੰਘ ਧਰਮ ਪ੍ਰਚਾਰ ਕਮੇਟੀ, ਗੁਰਪ੍ਰੀਤ ਸਿੰਘ ਜੱਜਲ, ਸਹਾਇਕ ਗੱਤਕਾ ਇੰਚਾਰਜ, ਹਰਜਿੰਦਰ ਸਿੰਘ ਗੱਤਕਾ ਕੋਚ ਆਦਿ ਦਾ ਵਿਸ਼ੇਸ਼ ਧੰਨਵਾਦ ਕੀਤਾ।



CMYK

## ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੀਆਂ ਕੋਟੀਆਂ



ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)-ਮੁੱਖ ਅਧਿਆਪਕ ਜੰਗ ਬਹਾਦਰ ਸਿੰਘ ਸੰਧੂ ਅਤੇ ਉਨ੍ਹਾਂ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਸੰਧੂ ਵੱਲੋਂ ਆਪਣੇ ਦੋ ਐਨ ਆਰ ਆਈ ਪੁੱਤਰ ਖੁਸ਼ਪ੍ਰੀਤ ਸਿੰਘ ਸੰਧੂ ਤੇ ਰਾਜਪ੍ਰੀਤ ਸਿੰਘ ਸੰਧੂ ਵੱਲੋਂ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਭੇਜੀ ਰਾਸ਼ੀ ਦੇ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਚੁੱਗਾ ਵਿਖੇ ਪੜ੍ਹਦੇ ਵਿਦਿਆਰਥੀਆਂ ਨੂੰ ਕੋਟੀਆਂ ਵੰਡੀਆਂ ਗਈਆਂ। ਇਸ ਮੌਕੇ ਸਕੂਲ ਮੁਖੀ ਪਰਮਜੀਤ ਕੌਰ ਤੇ ਅਧਿਆਪਕ ਆਗੂ ਜਗਮੀਤ ਸਿੰਘ ਚੁੱਗਾ ਨੇ ਸਮੁੱਚੇ ਪਰਵਾਰ ਦਾ ਧੰਨਵਾਦ ਕਰਦਿਆਂ ਬਾਕੀ ਐਨ ਆਰ ਪਰਵਾਰਾਂ ਨੂੰ ਅਪੀਲ ਕੀਤੀ ਕੇ ਉਨ੍ਹਾਂ ਨੂੰ ਵੀ ਬੱਚਿਆਂ ਦੀ ਪੜ੍ਹਾਈ ਨਾਲ ਸਬੰਧੀ ਕਾਰਜ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਧੂ ਪਰਵਾਰ ਸਮੇਂ-ਸਮੇਂ 'ਤੇ ਲੋਕ ਭਲਾਈ ਦੇ ਕੰਮ ਕਰਦਾ ਰਹਿੰਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਅਧਿਆਪਕ ਸ਼ੀਤਲ ਸੂਰਜ, ਮੈਡਮ ਗੀਤਾ, ਨਰਿੰਦਰ ਕੌਰ, ਰੁਪਿੰਦਰ ਕੌਰ ਤੇ ਰਾਣੀ ਹਾਜ਼ਰ ਸਨ।

## ਕਾਨੂੰਗੋ ਸੁਖਦੇਵ ਸਿੰਘ ਨੇ ਸਰਕਲ ਦਾ ਚਾਰਜ ਸੰਭਾਲਿਆ



ਮਮਦੋਟ (ਹਰਪਾਲ ਸਿੰਘ ਸੋਢੀ)-ਪਟਵਾਰੀ ਤੋਂ ਪਦਉੱਨਤ ਹੋ ਕੇ ਬਣੇ ਕਾਨੂੰਗੋ ਸੁਖਦੇਵ ਸਿੰਘ ਨੇ ਸਬ ਤਹਿਸੀਲ ਦੇ ਸਰਕਲ ਕਾਨੂੰਗੋ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਵਿਜੈ ਬਹਿਲ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਾ ਕੇ ਵਧਾਈ ਦਿੱਤੀ। ਕਾਨੂੰਗੋ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਮਾਲ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਾਉਣ ਆਏ ਵਿਅਕਤੀਆਂ ਦਾ ਬਿਨਾਂ ਕਿਸੇ ਦੇਰੀ ਦੇ ਪਹਿਲ ਦੇ ਅਧਾਰ ਕੰਮ ਕੀਤਾ ਜਾਵੇਗਾ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰਾਇਆ ਜਾਵੇਗਾ। ਇਸ ਮੌਕੇ ਗੁਰਤਾਰ ਸਿੰਘ ਸਦਰ ਕਾਨੂੰਗੋ, ਅਭੈ ਧਵਨ ਪਟਵਾਰੀ, ਵਰੁਣ ਬਾਂਸਲ ਪਟਵਾਰੀ, ਰਵਿੰਦਰ ਕੋਛੜ ਪਟਵਾਰੀ, ਸੋਨੂੰ ਰਜਿਸਟਰੀ ਕਲਰਕ, ਮੋਨੂੰ ਮਹਿਤਾ ਕੰਪਿਊਟਰ, ਹੰਸਾ ਸਿੰਘ ਜ਼ਿਲ੍ਹਾ ਪ੍ਰਧਾਨ ਸਰਪੰਚ ਯੂਨੀਅਨ, ਸੁਖਚੈਨ ਸਿੰਘ ਨੰਬਰਦਾਰ ਤੇ ਮਹਿੰਦਰ ਸਿੰਘ ਨੇ ਕਾਨੂੰਗੋ ਨੂੰ ਵਧਾਈ ਦਿੱਤੀ।

## ਐੱਨ ਓ ਸੀ ਬਗੈਰ ਚਾਰਜਿਜ ਤੋਂ ਆਨਲਾਈਨ ਅਪਲਾਈ ਕਰਨ ਦਾ ਫ਼ੈਸਲਾ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਮਾਲ ਗੁਦਾਮ ਰੋਡ 'ਤੇ ਬਤੌਰ ਇੰਜਨੀਅਰ ਤੇ ਆਰਕੀਟੈਕਟ ਪ੍ਰੈਕਟਿਸ ਕਰਦੇ ਡਿਜ਼ਾਇਨਰ ਫੋਰਮ ਦੇ ਮਾਲਕ ਗੁਰਤੇਜ ਸਿੰਘ ਨੇ ਨਗਰ ਕੌਂਸਲ ਪਾਸ ਅਪਲਾਈ ਹੁੰਦੇ ਪ੍ਰਾਪਰਟੀਆਂ ਦੇ ਐਨਓਸੀ ਨੂੰ ਬਗੈਰ ਆਨਲਾਈਨ ਚਾਰਜਿਜ ਤੋਂ ਅਪਲਾਈ ਕਰਨ ਦਾ ਫ਼ੈਸਲਾ ਕੀਤਾ ਹੈ। ਗੁਰਤੇਜ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਵੱਲੋਂ ਪ੍ਰਾਪਰਟੀਆਂ ਦੇ ਆਨਲਾਈਨ ਐਨਓਸੀ ਜਾਰੀ ਕਰਨ ਦਾ ਵੈੱਬ ਪੋਰਟਲ ਲਾਂਚ ਕਰਨ ਤੋਂ ਬਾਅਦ ਲੋਕਾਂ ਨੂੰ ਰਾਹਤ ਦਿੰਦੇ ਹੋਏ ਉਨ੍ਹਾਂ ਨੇ ਫ਼ੈਸਲਾ ਕੀਤਾ ਹੈ ਕਿ ਉਹ ਐਨਓਸੀ ਅਪਲਾਈ ਕਰਨ ਦਾ ਲੋਕਾਂ ਤੋਂ ਕੋਈ ਵੀ ਚਾਰਜਿਜ ਨਹੀਂ ਲੈਣਗੇ। ਗੁਰਤੇਜ ਸਿੰਘ ਵੱਲੋਂ ਲੋਕ ਹਿੱਤਾਂ ਵਿੱਚ ਕੀਤੀ ਇਸ ਪਹਿਲਕਦਮੀ ਦੀ ਇਲਾਕੇ ਦੇ ਲੋਕਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

## ਸੁਖਮਨੀ ਸੇਵਾ ਸੁਸਾਇਟੀ ਵੱਲੋਂ ਅੱਖਾਂ ਦੇ ਮਰੀਜ਼ਾਂ ਦੀ ਜਾਂਚ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸੁਖਮਨੀ ਸੇਵਾ ਸੁਸਾਇਟੀ ਛੀਨੀਵਾਲ ਕਲਾਂ (ਬਰਨਾਲਾ) ਵੱਲੋਂ ਪ੍ਰਵਾਸੀ ਭਾਰਤੀਆਂ, ਦਾਨੀ ਸੱਜਣਾਂ ਦੇ ਸਹਿਯੋਗ ਸਦਕਾ ਚਲਾਈ ਜਾ ਰਹੀ ਸਮਾਜ ਸੇਵਾ ਦੀ ਮੁਹਿੰਮ ਤਹਿਤ ਇਸ ਵਾਰ ਲੋੜਵੰਦ ਅੱਖਾਂ ਦੇ ਮਰੀਜ਼ਾਂ ਨੂੰ ਸੁਸਾਇਟੀ ਦੇ ਆਗੂਆਂ ਜਗਮੇਲ ਸਿੰਘ ਛੀਨੀਵਾਲ ਲਖਵੀਰ ਸਿੰਘ ਸੇਵਾਮੁਕਤ ਐਸ.ਡੀ.ਓ ਦੀ ਅਗਵਾਈ ਹੇਠ ਆਦੇਸ਼ ਹਸਪਤਾਲ ਬੁੱਚੋ ਮੰਡੀ ਦੇ ਮਾਹਿਰ ਡਾਕਟਰਾਂ ਦੀ ਟੀਮ ਰਾਹੀਂ ਅੱਖਾਂ ਦੇ ਮਰੀਜ਼ਾਂ ਦੀ ਜਾਂਚ ਕਰਾ ਕੇ ਲੋੜਵੰਦ ਮਰੀਜ਼ਾਂ ਦੇ ਮੁਫ਼ਤ ਲੈਂਜ਼ ਪਾਉਣ ਲਈ ਦਾਖਲ ਕਰਾਇਆ ਗਿਆ। ਸੁਸਾਇਟੀ ਆਗੂਆਂ ਨੇ ਦੱਸਿਆ ਕਿ ਬੇਸਹਾਰਾ ਲੋੜਵੰਦਾਂ ਦੀ ਮਦਦ ਲਈ ਇਹ ਲੋਕ ਭਲਾਈ ਦੇ ਕਾਰਜ ਬਿਨਾਂ ਕਿਸੇ ਭੇਦ ਭਾਵ ਤੋਂ ਨਿਰੰਤਰ ਜਾਰੀ ਰਹਿਣਗੇ। ਉਨ੍ਹਾਂ ਯੋਗਦਾਨ ਪਾਉਣ ਵਾਲੇ ਸਮੂਹ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਡਾ. ਰਜਿੰਦਰ ਸਿੰਘ, ਜਗਮੇਲ ਸਿੰਘ ਰਾਗੀ, ਦਵਿੰਦਰਪਾਲ ਸਿੰਘ ਥਿੰਦ, ਗੁਰਪ੍ਰੀਤ ਸਿੰਘ, ਕੌਰ ਸਿੰਘ ਫੂਲੇ ਕੇ ਤੇ ਬਲਦੇਵ ਸਿੰਘ ਬਿੱਲੂ ਆਦਿ ਹਾਜ਼ਰ ਸਨ।

## ਆਮ ਆਦਮੀ ਕਲੀਨਿਕ ਦੀ ਤਰਜ਼ 'ਤੇ ਅਪਗ੍ਰੇਡ ਕੀਤੀਆਂ ਜਾ ਰਹੀਆਂ ਸਿਹਤ ਸੰਸਥਾਵਾਂ ਦਾ ਜਾਇਜ਼ਾ



ਸੰਗਰੂਰ (ਪ੍ਰਵੀਨ ਸਿੰਘ)-ਵਿਧਾਇਕਾ ਸ੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਨਦਾਮਪੁਰ ਤੇ ਘਰਾਚੋਂ ਵਿਖੇ 'ਆਮ ਆਦਮੀ ਕਲੀਨਿਕਾਂ' ਦੀ ਤਰਜ਼ ਉੱਤੇ ਅਪਗ੍ਰੇਡ ਕੀਤੇ ਜਾ ਰਹੇ ਸਰਕਾਰੀ ਸਿਹਤ ਸੰਸਥਾਨਾਂ ਦਾ ਦੌਰਾ ਕੀਤਾ ਗਿਆ, ਜਿਥੇ ਉਨ੍ਹਾਂ ਚੱਲ ਰਹੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨਾਲ ਸਿਵਲ ਸਰਜਨ ਡਾ. ਪਰਮਿੰਦਰ ਕੌਰ ਤੇ ਸੀਨੀਅਰ ਮੈਡੀਕਲ ਅਫਸਰ, ਸੀ.ਐਚ.ਸੀ. ਭਵਾਨੀਗੜ੍ਹ ਡਾ. ਮਹੇਸ਼ ਕੁਮਾਰ ਅਹੂਜਾ ਵੀ ਮੌਜੂਦ ਸਨ। ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਹਲਕਾ ਸੰਗਰੂਰ ਅਧੀਨ ਸਹਿਰ ਸੰਗਰੂਰ, ਘਰਾਚੋਂ, ਨਦਾਮਪੁਰ ਤੇ ਸਾਰੋਂ ਵਿਖੇ ਇਹ ਕਲੀਨਿਕ 27 ਜਨਵਰੀ ਤੋਂ ਆਮ ਲੋਕਾਂ ਦੀ ਸਿਹਤ ਸਹੂਲਤ ਲਈ ਸੁਰੂ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਅਧੀਨ ਪਹਿਲਾਂ ਵੀ ਤਿੰਨ ਆਮ ਆਦਮੀ ਕਲੀਨਿਕ, 2 ਸੰਗਰੂਰ ਸਹਿਰ ਵਿਖੇ ਤੇ ਇਕ ਭਵਾਨੀਗੜ੍ਹ ਵਿਖੇ ਸਫਲਤਾਪੂਰਵਕ ਚੱਲ ਰਹੇ ਹਨ ਤੇ ਲੋਕ ਇਨ੍ਹਾਂ ਦਾ ਭਰਪੂਰ ਫਾਇਦਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਅਪਗ੍ਰੇਡ ਕੀਤੇ ਜਾ ਰਹੇ ਕਲੀਨਿਕਾਂ ਨਾਲ ਵਧੇਰੇ ਲੋਕਾਂ ਤੱਕ ਸਿਹਤ ਸੇਵਾਵਾਂ ਪਹੁੰਚਣਗੀਆਂ।

## ਲਾਧੂਕਾ ਮਾਈਨਰ 'ਚ ਬਾਲੇਵਾਲਾ ਹੈੱਡ 'ਚ ਛੱਡਿਆ ਜਾਵੇਗਾ ਪਾਣੀ



ਜਲਾਲਾਬਾਦ (ਦਹੂਜਾ)-ਸਰਹੱਦੀ ਪਿੰਡ ਘੁਬਾਇਆ 'ਚ ਪੈਂਦੇ ਲਾਧੂਕਾ ਮਾਈਨਰ 'ਚ ਪਾਕਿਸਤਾਨ ਦੇ ਕਸੂਰ 'ਚ ਚਮੜਾ ਫੈਕਟਰੀਆਂ ਦੇ ਗੰਦੇ ਪਾਣੀ ਦੀ ਸਮੱਸਿਆ ਦਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਹੱਲ ਕਰਾ ਦਿੱਤਾ ਹੈ। ਹੁਣ ਬਾਲੇਵਾਲਾ ਹੈੱਡ ਤੋਂ ਇਸ ਨਹਿਰ ਵਿੱਚ ਪਾਣੀ ਆਵੇਗਾ। ਇਹ ਜਾਣਕਾਰੀ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦਿੱਤੀ। ਉਸ ਨੇ ਦੱਸਿਆ ਕਿ ਉਸ ਨੇ ਬਾਲੇਵਾਲਾ ਹੈੱਡ ਪਹੁੰਚ ਕੇ ਇਸ ਦੀ ਸ਼ੁਰੂਆਤ ਕੀਤੀ। ਦੱਸ ਦਈਏ ਕਿ ਜਲਾਲਾਬਾਦ ਹਲਕੇ ਦੇ ਸਰਹੱਦੀ ਪਿੰਡਾਂ 'ਚੋਂ ਲੰਘਦੀ ਲਾਧੂਕਾ ਮਾਈਨਰ 'ਚ ਪਿਛਲੇ ਕਾਫੀ ਸਮੇਂ ਤੋਂ ਪਾਕਿਸਤਾਨ ਦੀ ਚਮੜਾ ਫੈਕਟਰੀਆਂ ਦੇ ਨੁਕਸ ਕਾਰਨ ਪਾਣੀ ਆ ਰਿਹਾ ਸੀ, ਜੋ ਹੁਸੈਨੀਵਾਲਾ ਤੋਂ ਨਿਕਲਦਾ ਸੀ, ਜੋ ਕਿ ਹੁਣ ਵਿਧਾਇਕ ਦੇ ਯਤਨਾਂ ਸਦਕਾ ਇਸ ਨਹਿਰ ਵਿੱਚ ਬਾਲੇਵਾਲਾ ਹੈੱਡ ਤੋਂ ਪਾਣੀ ਛੱਡਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਵਿਧਾਇਕ ਵੱਲੋਂ ਇਸ ਸਮੱਸਿਆ ਦਾ ਹੱਲ ਕਰਨ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ।

## 'ਸ਼ੁਕਰ ਕਰਾਂ ਮੈਂ ਤੇਰਾ ਦਾਤਾ' ਗੀਤ ਦਾ ਪੋਸਟਰ ਜਾਰੀ



ਮਾਨਸਾ (ਆਤਮਾ ਸਿੰਘ ਪਮਾਰ)-ਅਮਰਿੰਦਰ ਸਿੰਘ ਦਾ ਗੀਤ 'ਸ਼ੁਕਰ ਕਰਾਂ ਮੈਂ ਤੇਰਾ ਦਾਤਾ' ਦਾ ਪੋਸਟਰ ਜਾਰੀ ਕੀਤਾ ਗਿਆ। ਪੋਸਟਰ ਨੂੰ ਜਾਰੀ ਕਰਦਿਆਂ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਚੰਗੀ ਗੱਲ ਹੈ ਕਿ ਚੰਗੀ ਕਲਮ ਸਮਾਜ ਨੂੰ ਚੰਗੇ ਪਾਸੇ ਵੱਲ ਲੈ ਜਾਂਦੀ ਹੈ। ਸੋਨੂੰ ਟੈਂਕ ਕੰਪਨੀ ਵੱਲੋਂ ਜਾਰੀ ਇਹ ਗੀਤ ਨੂੰ ਵਧੀਆ ਢੰਗ ਨਾਲ ਗਾਇਆ ਗਿਆ ਹੈ ਅਤੇ ਇਸ ਗੀਤ ਦਾ ਵੀਡੀਓ ਵੀ ਬਹੁਤ ਵਧੀਆ ਤਿਆਰ ਕੀਤਾ ਗਿਆ ਹੈ। ਇਸ ਗੀਤ ਲਈ ਸੰਗੀਤ ਅਰਮਾਨ ਮਿਊਜ਼ਿਕ ਵੱਲੋਂ ਦਿੱਤਾ ਗਿਆ ਹੈ ਅਤੇ ਇਸ ਗੀਤ ਦੇ ਬੋਲ ਪ੍ਰਦੀਪ ਮਾਈਜੂਸ ਵੱਲੋਂ ਲਿਖੇ ਗਏ ਹਨ। ਇਸ ਪੋਸਟਰ ਨੂੰ ਜਾਰੀ ਕਰਨ ਸਮੇਂ ਜਗਮੇਲ ਸਿੰਘ ਭੰਗੂ , ਵੀਰਪਾਲ ਤੇ ਪੰਜਾਬੀ ਅਧਿਆਪਿਕਾ ਮੈਡਮ ਅਰਸਪ੍ਰੀਤ ਕੌਰ ਵੀ ਹਾਜਰ ਸਨ

## ਬਾਰੇਕੇ 'ਚ ਧੁੰਦ ਕਾਰਨ ਸਰ੍ਹੋਂ ਦੀ ਫ਼ਸਲ ਖਰਾਬ

ਜਲਾਲਾਬਾਦ (ਦਹੂਜਾ)-ਲਗਾਤਾਰ ਪੈ ਰਹੇ ਕੋਹਰੇ ਕਾਰਨ ਸ਼ੀਸ਼ੇ ਵਾਂਗ ਜੰਮ ਰਿਹਾ ਹੈ, ਜਿਸ ਕਾਰਨ ਪਿੰਡ ਬਾਰੇਕੇ 'ਚ ਸਰ੍ਹੋਂ ਦੀ ਫ਼ਸਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਕਿਸਾਨਾਂ ਨੇ ਦੱਸਿਆ ਕਿ ਪਿਛਲੇ ਸਾਲ ਕਣਕ ਦੀ ਫ਼ਸਲ ਨੇ ਉਨ੍ਹਾਂ ਨੂੰ ਚੰਗਾ ਨਤੀਜਾ ਦਿੱਤਾ ਸੀ, ਪਰ ਇਸ ਵਾਰ ਪਿਛਲੇ 3-4 ਦਿਨਾਂ ਤੋਂ ਪਈ ਧੁੰਦ ਕਾਰਨ ਉਨ੍ਹਾਂ ਦੀ ਫ਼ਸਲ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਉਨ੍ਹਾਂ ਕਿਹਾ ਕਿ ਧੁੰਦ ਦੀ ਲਪੇਟ ਵਿੱਚ ਆਏ 3-4 ਪਿੰਡ ਅਜਿਹੇ ਹਨ, ਜਿੱਥੇ ਪਾਣੀ ਦੀ ਬਹੁਤ ਘਾਟ ਹੈ। ਪਾਣੀ ਦੀ ਘਾਟ ਕਾਰਨ ਉਹ ਸਰ੍ਹੋਂ ਦੀ ਬਿਜਾਈ ਕਰਦਾ ਹੈ, ਪਰ ਕੋਹਰੇ ਕਾਰਨ ਉਹਨਾਂ ਦੀ 70-80 ਫ਼ੀਸਦੀ ਕਣਕ ਦੀ ਫਸਲ ਖਰਾਬ ਹੋ ਚੁੱਕੀ ਹੈ, ਇਸ ਲਈ ਸਰਕਾਰ ਉਸ ਨੂੰ ਮੁਆਵਜ਼ਾ ਦੇਵੇ ਤਾਂ ਜੁ ਉਹ ਆਪਣੇ ਪਰਵਾਰ ਦਾ ਪੇਟ ਪਾਲ ਸਕੇ।।

# ਦੁਬਈ ਤੋਂ ਪਰਤੇ ਵਿਅਕਤੀ ਵੱਲੋਂ ਸਹੁਰੇ ਤੇ ਸਾਲੇ ਦਾ ਕਤਲ, ਤਿੰਨ ਹੋਰਨਾਂ ਨੂੰ ਕੀਤਾ ਜ਼ਖ਼ਮੀ



ਮਲੋਟ ਵਿਖੇ ਘਟਨਾ ਸੰਬੰਧੀ ਜਾਣਕਾਰੀ ਦਿੰਦੇ ਪਰਵਾਰਕ ਮੈਂਬਰ ਅਤੇ ਮ੍ਰਿਤਕਾਂ ਦੀ ਫ਼ਾਈਲ ਫੋਟੋ।

ਮਲੋਟ (ਗੁਰਮੀਤ ਸਿੰਘ ਮੱਕੜ)
ਪਿੰਡ ਪੰਨੀਵਾਲਾ ਵਿਖੇ ਦੁਬਈ ਤੋਂ ਵਾਪਸ ਪਰਤੇ ਇੱਕ ਵਿਅਕਤੀ ਨੇ ਆਪਣੇ ਸਹੁਰੇ ਅਤੇ ਸਾਲੇ ਦੀ ਹੱਤਿਆ ਕਰ ਦਿੱਤੀ ਅਤੇ ਪਰਵਾਰ ਦੇ ਤਿੰਨ ਹੋਰ ਮੈਂਬਰਾਂ ਨੂੰ ਜ਼ਖ਼ਮੀ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਰਮਨਦੀਪ ਕੌਰ ਦੀ ਸ਼ਾਦੀ ਦੋ ਸਾਲ ਪਹਿਲਾਂ ਬਲਵਿੰਦਰ ਸਿੰਘ ਉਰਫ ਵਿੱਕੀ ਵਾਸੀ ਗੁਰੂਸਰ ਮੋਡੀਆ ਨਾਲ ਹੋਈ ਅਤੇ ਰਮਨਦੀਪ ਦਾ ਪਤੀ ਬਲਵਿੰਦਰ ਸਿੰਘ ਡੇਢ ਸਾਲ ਪਹਿਲਾਂ ਦੁਬਈ ਚਲਾ ਗਿਆ ਅਤੇ ਰਮਨਦੀਪ ਕੌਰ ਵਾਪਸ ਪੇਕੇ ਪੰਨੀਵਾਲਾ ਫੱਤਾ ਆ ਗਈ, ਜਿੱਥੇ ਉਸ ਨੇ ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ। ਇਸ ਦੌਰਾਨ ਉਸ ਦੇ ਪਤੀ ਦੇ ਫੋਨ 'ਤੇ ਉਸ ਨਾਲ ਅਤੇ ਸਹੁਰੇ ਪਰਵਾਰ ਨਾਲ ਤਕਰਾਰ ਚਲਦੀ ਰਹਿੰਦੀ ਸੀ ਅਤੇ ਡੇਢ ਸਾਲ ਬਾਅਦ ਜਦੋਂ ਬਲਜਿੰਦਰ ਸਿੰਘ ਦੁਬਈ ਤੋਂ ਵਾਪਸ ਸਿੱਧਾ ਆਪਣੇ ਸਹੁਰੇ ਘਰ ਪੰਨੀਵਾਲਾ ਪੁੱਜਾ, ਜਿੱਥੇ ਉਸ ਦੀ ਸਹੁਰੇ ਪਰਵਾਰ ਨਾਲ ਤਕਰਾਰ ਹੋ ਗਈ, ਜਿਸ ਉਪਰੰਤ ਮਾਰੂ ਹਥਿਆਰ ਨਾਲ ਬਲਜਿੰਦਰ ਸਿੰਘ ਨੇ ਹਮਲਾ ਕਰਕੇ ਆਪਣੇ ਸਹੁਰੇ ਤਰਸੇਮ ਸਿੰਘ, ਘਰਵਾਲੀ ਦੇ ਚਾਚੇ ਦੇ ਲੜਕੇ ਨਰਿੰਦਰ ਸਿੰਘ ਨੂੰ ਜ਼ਖਮੀ ਕਰ ਦਿੱਤਾ, ਜਿਨ੍ਹਾਂ ਦੀ ਹਸਪਤਾਲ ਜਾ ਕੇ ਮੌਤ ਹੋ ਗਈ। ਇਸ ਮੌਕੇ ਹਮਲੇ ਵਿਚ ਉਸ ਨੇ ਇੱਕ ਹੋਰ ਸਾਲਾ ਰਵਿੰਦਰ ਸਿੰਘ, ਚਾਚੀ ਸੱਸ ਰਛਪਾਲ ਕੌਰ ਅਤੇ ਚਾਚੇ ਸਹੁਰੇ ਗੁਰਪਾਲ ਸਿੰਘ ਨੂੰ ਜ਼ਖਮੀ ਕਰ ਦਿੱਤਾ। ਇਸ ਸੰਬੰਧੀ ਪ੍ਰੇਮ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਅਤੇ ਪੁੱਤਰ ਦੇ ਕਤਲ ਦੇ ਦੋਸ਼ੀ ਬਲਜਿੰਦਰ ਸਿੰਘ ਨੂੰ ਉਸ ਦੀ ਭੈਣ ਸੁਖਵਿੰਦਰ ਕੌਰ ਅਤੇ ਜੀਜੇ ਗੁਰਚਰਨ ਸਿੰਘ ਨੇ ਵੀ ਸ਼ਹਿ ਦਿੱਤੀ ਸੀ। ਪੁਲਸ ਵੱਲੋਂ ਇਸ ਮਾਮਲੇ ਵਿਚ ਤਿੰਨਾਂ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧੀ ਮੁੱਖ ਅਫ਼ਸਰ ਇੰਸਪੈਕਟਰ ਬਲਵੰਤ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

## ਦੇਸ਼ ਭਗਤ ਪੰਡਤ ਚੇਤਨ ਦੇਵ ਕਾਲਜ ਤੇ ਸਰਕਾਰੀ ਬ੍ਰਿਜਿੰਦਰਾ ਕਾਲਜ ਨੂੰ ਕਰੋੜਾਂ ਦੀ ਰਾਸ਼ੀ ਜਾਰੀ

ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)-ਉੱਚ ਸਿੱਖਿਆ ਸੰਸਥਾਵਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਹੋਰ ਅੱਗੇ ਲਿਜਾਣ ਤੇ ਫ਼ਰੀਦਕੋਟ ਜ਼ਿਲ੍ਹੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਜ਼ਿਲ੍ਹਾ ਬਣਾਉਣ ਦੇ ਮਕਸਦ ਨਾਲ ਜ਼ਿਲ੍ਹੇ ਦੇ ਦੇਸ਼ ਭਗਤ ਪੰਡਤ ਚੇਤਨ ਦੇਵ ਕਾਲਜ (ਬੀ.ਐਡ.ਕਾਲਜ) ਫ਼ਰੀਦਕੋਟ ਤੇ ਸਰਕਾਰੀ ਬ੍ਰਿਜਿੰਦਰਾ ਕਾਲਜ ਨੂੰ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਰਾਸ਼ੀ ਦੇਣ ਦੀ ਪ੍ਰਕਿਰਿਆ ਚੱਲ ਰਹੀ ਹੈ। ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ 'ਚ ਲਗਾਤਾਰ ਸੁਧਾਰ ਕਰ ਰਹੀ ਹੈ। ਦੇਸ਼ ਭਗਤ ਪੰਡਤ ਚੇਤਨ ਦੇਵ ਕਾਲਜ ਫ਼ਰੀਦਕੋਟ ਵਿੱਚ ਨਵੇਂ ਲੈਬਾਰਟਰੀ ਬਲਾਕ ਤੇ ਹੋਰ ਰਿਪੇਅਰ ਦੇ ਕੰਮਾਂ ਲਈ ਪੰਜਾਬ ਸਰਕਾਰ ਵੱਲੋਂ 1.58 ਕਰੋੜ ਰੁਪਏ ਬੀ.ਐਡ. ਕਾਲਜ ਵਿੱਚ ਨਵੇਂ ਲੈਬਾਰਟਰੀ ਬਲਾਕ ਦੀ ਉਸਾਰੀ ਤੇ ਰਿਪੇਅਰ ਆਦਿ ਕਰਾਉਣ ਦਾ ਕੰਮ ਕਰਾਇਆ ਜਾਵੇਗਾ।

ਇਸੇ ਹੀ ਤਰ੍ਹਾਂ ਸਰਕਾਰੀ ਬ੍ਰਿਜਿੰਦਰਾ ਕਾਲਜ ਵਿੱਚ ਮਲਟੀਪਰਪਜ਼ ਆਡੀਟੋਰੀਅਮ ਹਾਲ ਦੀ ਉਸਾਰੀ ਲਈ ਪੰਜਾਬ ਸਰਕਾਰ ਵੱਲੋਂ 4.42 ਕਰੋੜ ਰੁਪਏ ਨਾਲ ਬ੍ਰਿਜਿੰਦਰਾ ਕਾਲਜ ਵਿੱਚ ਮਲਟੀਪਰਪਜ਼ ਆਡੀਟੋਰੀਅਮ ਹਾਲ ਦੀ ਉਸਾਰੀ ਦਾ ਕੰਮ ਕਰਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਤਤਕਾਲੀਨ ਸਰਕਾਰਾਂ ਵੱਲੋਂ ਇਨ੍ਹਾਂ ਵਿੱਦਿਅਕ ਸੰਸਥਾਵਾਂ ਲਈ ਕੋਈ ਵੀ ਰਾਸ਼ੀ ਜਾਰੀ ਨਹੀਂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਕੂਲੀ ਸਿੱਖਿਆ ਦੇ ਨਾਲ-ਨਾਲ ਉੱਚ ਸਿੱਖਿਆ ਨੂੰ ਅੱਗੇ ਲਿਜਾਣ ਵਿੱਚ ਕਿਸੇ ਕਿਸਮ ਦੇ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਮੋਦੀ ਕੁਸ਼ਤੀ ਸੰਘ ਦੇ ਪ੍ਰਧਾਨ ਤੋਂ ਤੁਰੰਤ ਅਸਤੀਫ਼ਾ ਲੈ ਕੇ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦੇਣ : ਪੰਜਾਬ ਇਸਤਰੀ ਸਭਾ




ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਇਸਤਰੀ ਸਭਾ ਜ਼ਿਲ੍ਹਾ ਫਰੀਦਕੋਟ ਵੱਲੋਂ ਅਜ਼ਾਦੀ ਦੇ 'ਅੰਮ੍ਰਿਤ ਮਹੋਤਸਵ' ਵਾਲੇ ਦਿਨ ਬਿਲਕੀਸ ਬਾਨੋ ਬਲਾਤਕਾਰ ਅਤੇ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ 11 ਦਰਿੰਦੇ ਮੁਜਰਮਾਂ ਨੂੰ ਰਿਹਾਅ ਕਰਨ ਖਿਲਾਫ ਵਿਚਾਰ ਚਰਚਾ ਕੀਤੀ। ਸਥਾਨਕ ਸ਼ਹੀਦ ਅਮੋਲਕ ਭਵਨ ਵਿਖੇ ਹੋਈ ਇਸ ਚਰਚਾ ਵਿੱਚ ਸਭਾ ਦੀਆਂ ਆਗੂਆਂ ਸ਼ਸ਼ੀ ਸ਼ਰਮਾ, ਸ਼ੀਲਾ ਮਨਚੰਦਾ, ਆਸ਼ਾ ਚੌਧਰੀ, ਊਸ਼ਾ ਤਨੇਜਾ, ਪਰੇਮ ਲਤਾ, ਮਨਜੀਤ ਕੌਰ ਅਤੇ ਬਲਵਿੰਦਰ ਕੌਰ ਭਾਣਾ ਨੇ ਸੰਬੋਧਨ ਕੀਤਾ। ਸਭਾ ਦੀ ਜਨਰਲ ਸਕੱਤਰ ਸ਼ਸ਼ੀ ਸ਼ਰਮਾ ਨੇ ਇਸ ਮੌਕੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਭਾਜਪਾਈ ਪ੍ਰਧਾਨ ਵੱਲੋਂ ਮਹਿਲਾ ਪਹਿਲਵਾਨਾਂ ਦਾ ਯੌਨ ਸ਼ੋਸ਼ਣ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ 'ਤੇ ਡੂੰਘੀ ਚਿੰਤਾ ਅਤੇ ਰੋਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਇੱਕ ਪਾਸੇ ਦੇਸ਼ ਦੀਆਂ ਧੀਆਂ ਕੁਸ਼ਤੀਆਂ ਦੇ ਕੌਮਾਂਤਰੀ ਮੁਕਾਬਲਿਆਂ ਵਿੱਚ ਤਮਗੇ ਜਿੱਤ ਕੇ ਦੇਸ਼ ਦਾ ਨਾਂ ਉੱਚਾ ਕਰ ਰਹੀਆਂ ਹਨ, ਜਦਕਿ ਦੂਜੇ ਪਾਸੇ ਖੇਡ ਸੰਘ 'ਤੇ ਕਾਬਜ਼ ਬ੍ਰਿਜ ਭੂਸ਼ਣ ਵਰਗੇ ਸਿਆਸੀ ਆਗੂ ਦੇਸ਼ ਲਈ ਨਮੋਸ਼ੀ ਦਾ ਸਬੱਬ ਬਣ ਰਹੇ ਹਨ। ਇੱਕ ਮਤਾ ਪਾਸ ਕਰਕੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਕੁਸ਼ਤੀ ਸੰਘ ਦੇ ਪ੍ਰਧਾਨ ਤੋਂ ਅਸਤੀਫ਼ਾ ਲੈ ਕੇ ਮਹਿਲਾ ਪਹਿਲਵਾਨਾਂ ਨਾਲ ਇਨਸਾਫ ਕੀਤਾ ਜਾਵੇ।

# ਮਾਤਾ ਮਾਇਆ ਦੇਈ ਨੂੰ ਵੱਖ-ਵੱਖ ਸਿਆਸੀ ਤੇ ਸਮਾਜ ਸੇਵੀ ਆਗੂਆਂ ਵੱਲੋਂ ਸ਼ਰਧਾਂਜਲੀਆਂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)
ਸਥਾਨਕ ਕਸਬਾ ਡੇਰਾ ਬਾਬਾ ਨਾਨਕ ਮੁਹੱਲਾ ਘੁਮਿਆਰੀ ਦੇ ਰਹਿਣ ਵਾਲੇ ਮਾਤਾ ਮਾਇਆ ਦੇਈ (88) ਧਰਮ ਸੁਪਤਨੀ ਸਵਰਗਵਾਸੀ ਧਰਮ ਚੰਦ ਜੋ ਪਿਛਲੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਸਥਾਨਕ 10 ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਕਰਵਾਇਆ ਗਿਆ। ਇਸ ਮੌਕੇ ਭਾਈ ਮਨਜਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ ਵੱਲੋਂ ਮਾਤਾ ਮਾਇਆ ਦੇਈ ਦੀ ਆਤਮਿਕ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਸਾਬਕਾ ਸਰਪੰਚ ਅਮਰੀਕ ਸਿੰਘ ਠੇਠਰਕੇ, ਸਾਬਕਾ ਸਰਪੰਚ ਹਰਜੀਤ ਸਿੰਘ ਠੇਠਰਕੇ, ਹੀਰਾ ਲਾਲ ਜੰਡਿਆਲ, ਰਿਟਾਇਰਡ ਮਾਸਟਰ ਤਰਲੋਕ ਚੰਦ ਸਮੇਤ ਵੱਖ-ਵੱਖ ਸਮਾਜ ਸੇਵੀ ਬੁਲਾਰਿਆਂ ਨੇ ਮਾਤਾ ਮਾਇਆ ਦੇਈ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਮਾਤਾ ਮਾਇਆ ਦੇਈ ਨੇ 88 ਦੀ ਉਮਰ ਵਿੱਚ ਵੀ ਆਖਰੀ ਸਾਹ ਤੱਕ ਆਪਣਾ ਕੰਮ ਆਪਣੇ ਹੱਥੀਂ ਖੁਦ ਕੀਤਾ, ਸਾਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਾਤਾ ਜੀ ਨੇ ਬਹੁਤ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਚੰਗੀ ਤਾਲੀਮ ਦਿੱਤੀ ਤੇ ਅੱਜ ਉਨ੍ਹਾਂ ਦਾ 1 ਸਪੁੱਤਰ ਮਾਲ ਮਹਿਕਮੇ ਵਿੱਚ ਬਤੌਰ ਕਾਨੂੰਗੋ ਸੇਵਾ ਕਰ ਰਿਹਾ ਹੈ ਅਤੇ 4 ਸਪੁੱਤਰ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿੱਚੋ ਸੇਵਾ ਮੁਕਤ ਹੋ ਕੇ ਅਤੇ 1 ਸਪੁੱਤਰ ਦਸਾਂ ਨਹੁੰਆਂ ਦੀ ਕਿਰਤ ਕਰਕੇ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਦਿਆਂ ਸਮਾਜ ਵਿੱਚ ਧਾਰਮਿਕ ਤੇ ਸਮਾਜਿਕ ਤੌਰ 'ਤੇ ਸਮਾਜ ਦੀ ਸੇਵਾ ਕਰ ਰਿਹਾ। ਉਨ੍ਹਾਂ ਕਿਹਾ ਕਿ ਮਾਤਾ ਮਾਇਆ ਦੇਈ ਦੇ ਅਸ਼ੀਰਵਾਦ ਸਦਕਾ ਅੱਜ ਉਨ੍ਹਾਂ ਦੀਆਂ ਪੋਤਰੀਆਂ, ਪੋਤਰੇ, ਦੋਹਤਰੇ ਅਤੇ ਦੋਹਤਰੀਆਂ ਵੀ ਵੱਖ-ਵੱਖ ਸਰਕਾਰੀ ਵਿਭਾਗਾ ਵਿੱਚ ਸੇਵਾ ਦੌਰਾਨ ਸਮਾਜ ਦੀ ਸੇਵਾ ਕਰ ਰਹੇ ਹਨ। ਅਖੀਰ ਵਿੱਚ ਮਾਤਾ ਮਾਇਆ ਦੇਈ ਦੇ ਸਪੁੱਤਰ ਮਾਸਟਰ ਬਚਨ ਦਾਸ ਨੇ ਮਾਤਾ ਨੂੰ ਸ਼ਰਧਾਂਜਲੀ ਦੇਣ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਡਾ ਪਰਿਵਾਰ ਮਾਤਾ ਜੀ ਦੇ ਅਸ਼ੀਰਵਾਦ ਸਦਕਾ ਅਗਾਂਹ ਵੀ ਏਸੇ ਤਰ੍ਹਾਂ ਸਮਾਜ ਦੀ ਸੇਵਾ ਕਰਦਾ ਰਹੇਗਾ। ਇਸ ਮੌਕੇ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਜਥੇਦਾਰ ਨਿਰਮਲ ਸਿੰਘ ਰੱਤਾ, ਡਾਕਟਰ ਰਤਨ ਲਾਲ, ਮਾਸਟਰ ਬਚਨ ਲਾਲ, ਅਸ਼ੋਕ ਕੁਮਾਰ ਹਮਦਮ, ਮਾਸਟਰ ਓਮ ਪ੍ਰਕਾਸ਼, ਰਾਜ ਕੁਮਾਰ ਪਟਵਾਰੀ, ਰਮੇਸ਼ ਕੁਮਾਰ ਕਾਨੂੰਗੋ, ਸੁਰਿੰਦਰ ਕੁਮਾਰ, ਬੂਟਾ ਰਾਮ, ਸਰਪੰਚ ਅਗਰੇਜ਼ ਸਿੰਘ ਕਠਿਆਲਾ, ਸਾਬਕਾ ਜ਼ਿਲਾ ਸਿੱਖਿਆ ਅਫਸਰ ਵਿਨੋਦ ਕੁਮਾਰ ਮੱਤਰੀ, ਕੌਂਸਲਰ ਧਰਮਪਾਲ ਸਿੰਘ, ਕੌਂਸਲਰ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਬਲਦੇਵ ਰਾਜ ਡਾਇਮੰਡ, ਸਾਬਕਾ ਕੌਂਸਲਰ ਡਾ: ਅਸ਼ੋਕ ਸੋਨੀ, ਪ੍ਰਿੰਸੀਪਲ ਰਾਕੇਸ਼ ਮਹਾਜਨ, ਪ੍ਰਿੰਸੀਪਲ ਹਰਜੀਤ ਸਿੰਘ ਬੇਦੀ, ਕਾਮਰੇਡ ਅਸ਼ੋਕ ਕੁਮਾਰ, ਮੇਜਰ ਸਿੰਘ ਠੇਠਰਕੇ, ਮਾਸਟਰ ਪਿਆਰਾ ਲਾਲ, ਮਾਸਟਰ ਨਰਿੰਦਰ ਸਿੰਘ, ਸੁਰਜੀਤ ਸਿੰਘ ਖੁਸ਼ਹਾਲਪੁਰ, ਗਗਨਦੀਪ ਸਿੰਘ, ਨੀਰਜ ਲਾਹੌਰੀਆ, ਮੈਨਜਰ ਰਤਨ ਪਾਲ, ਸਰਬਜੀਤ ਸਿੰਘ ਬਿੱਲਾ ਪੱਖੋਕੇ, ਰਜਿੰਦਰ ਕੁਮਾਰ ਗੇਂਦ, ਨੀਰਜ ਕੁਮਾਰ ਟਿੱਕੂ, ਸਤਿੰਦਰ ਸਿੰਘ ਖਲੀਲਪੁਰ, ਦੀਪਕ ਸ਼ਰਮਾ, ਮਾਸਟਰ ਪ੍ਰੀਤਮ ਸਿੰਘ, ਰਮੇਸ਼ ਕੁਮਾਰ ਸੈਕਟਰੀ, ਅਸ਼ੋਕ ਚਾਵਲਾ, ਮਨਜੀਤ ਸਿੰਘ, ਪੀਏ ਲਵਪ੍ਰੀਤ ਸਿੰਘ, ਨਰਿੰਦਰ ਕੁਮਾਰ, ਰੁਪਿੰਦਰ ਕੁਮਾਰ ਮਾਲਕ ਸਿੰਘ ਧਾਰੋਵਾਲੀ, ਬੀਬੀ ਮਹਿੰਦਰ ਕੌਰ ਪ੍ਰਧਾਨ ਸੁਖਮਨੀ ਸੇਵਾ ਸੁਸਾਇਟੀ ਡੇਰਾ ਬਾਬਾ ਨਾਨਕ ਤੋਂ ਇਲਾਵਾ ਰਿਸ਼ਤੇਦਾਰ ਤੇ ਇਲਾਕੇ ਦੇ ਲੋਕ ਹਾਜ਼ਰ ਸਨ।

## 9 ਫਰਵਰੀ ਦੇ ਰੋਸ ਮਾਰਚ ਦੀ ਤਿਆਰੀ ਸੰਬੰਧੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਮੀਟਿੰਗ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)-ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ, "ਮੁੱਖ ਮੰਤਰੀ ਹਾਜ਼ਰ ਹੈ" ਦੇ ਤਹਿਤ 9 ਫਰਵਰੀ ਨੂੰ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਮਲੋਟ ਘਰ ਵੱਲ ਵਿਸ਼ਾਲ ਰੋਸ ਮਾਰਚ ਕਰਕੇ ਯਾਦ ਪੱਤਰ ਦੇਣ ਦੀ ਤਿਆਰੀ ਸੰਬੰਧੀ ਪਿੰਡ ਥਾਂਦੇਵਾਲਾ ਵਿੱਚ ਮੀਟਿੰਗ ਕੀਤੀ ਗਈ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਕਾਕਾ ਸਿੰਘ ਖੁੰਡੇ ਹਲਾਲ ਅਤੇ ਜਸਵਿੰਦਰ ਸਿੰਘ ਸੰਗੂਧੌਣ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਂਝੇ ਮੋਰਚੇ ਨਾਲ ਸੰਘਰਸ਼ ਦੇ ਜ਼ੋਰ ਮਿਲੀਆਂ ਮੀਟਿੰਗਾਂ ਵਿੱਚ ਮਜ਼ਦੂਰ ਮੰਗਾਂ ਦੇ ਨਿਪਟਾਰੇ ਦੀ ਥਾਂ ਵਾਰ ਵਾਰ ਸਮਾਂ ਦੇ ਕੇ ਮੁੱਕਰਨ 'ਤੇ ਤਿੱਖਾ ਰੋਸ ਜ਼ਾਹਰ ਕਿਹਾ ਕਿ ਆਮ ਆਦਮੀ ਦੇ ਨਾਂ 'ਤੇ ਲੋਕਾਂ ਦੀਆਂ ਮੰਗਾਂ ਮੰਨਣ ਦੀ ਥਾਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਂਝੇ ਮੋਰਚੇ ਦੇ ਸੂਬੇ ਦੇ ਸੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਬੇਜ਼ਮੀਨੇ-ਸਾਧਨਹੀਨ ਪੇਂਡੂ ਕਿਰਤੀਆਂ ਦੀਆਂ ਹੱਕੀ ਮੰਗਾਂ ਪ੍ਰਤੀ ਮੁਜਰਮਾਨਾ ਅਣਗਹਿਲੀ ਅਤੇ ਦਲਿਤ ਵਿਰੋਧੀ ਮਾਨਸਿਕਤਾ ਖਿਲਾਫ਼ ਅਤੇ ਮਜ਼ਦੂਰਾਂ ਦੀਆਂ ਮੰਗਾਂ ਦਾ ਯਾਦ ਪੱਤਰ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦੀਆਂ ਕਿਰਤੀ ਦੋਖੀ ਨੀਤੀਆਂ ਖਿਲਾਫ ਇਹ ਤੈਅ ਕੀਤਾ ਗਿਆ ਕੇ ਜੇ ਮਜ਼ਦੂਰ ਮੰਗਾਂ ਪ੍ਰਤੀ ਮੁੱਖ ਮੰਤਰੀ ਦਾ ਨਾਂਹ ਪੱਖੀ ਰਵੱਈਆ ਇਉਂ ਹੀ ਜਾਰੀ ਰਿਹਾ ਤਾਂ ਮਾਰਚ ਮਹੀਨੇ 'ਚ ਪੱਕਾ ਮੋਰਚਾ ਲਾਇਆ ਜਾਵੇਗਾ।

ਆਗੂਆਂ ਨੇ ਐਲਾਨ ਕੀਤਾ ਕਿ 700 ਰੁਪਏ ਮਨਰੇਗਾ ਦਿਹਾੜੀ ਕਰਵਾਉਣ, ਰਿਹਾਇਸ਼ੀ ਪਲਾਟ ਲੈਣ, ਮਜ਼ਦੂਰਾਂ ਦੇ ਸਾਰੇ ਕਰਜ਼ੇ ਮਾਫ ਕਰਵਾਉਣ, ਪੱਕਾ ਰੁਜ਼ਗਾਰ ਲੈਣ, ਚੋਣਾਂ ਦੌਰਾਨ ਐਲਾਨੀਆਂ ਗਰੰਟੀਆਂ ਲਾਗੂ ਕਰਾਉਣ, ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਕੇ ਵਾਧੂ ਨਿਕਲਦੀ ਜ਼ਮੀਨ ਬੇਜ਼ਮੀਨਿਆਂ 'ਚ ਵੰਡੇ ਜਾਣ ਆਦਿ ਮੰਗਾਂ ਪੂਰੀਆਂ ਕਰਵਾਉਣ ਲਈ ਸੰਘਰਸ਼ ਹਰ ਹਾਲਤ ਜਾਰੀ ਰੱਖਿਆ ਜਾਵੇਗਾ। ਇਸ ਸਮੇਂ ਵਿਜੇ ਕੁਮਾਰ, ਹੈਪੀ ਸਿੰਘ, ਪਰਮਜੀਤ ਕੌਰ, ਰਣਜੀਤ ਕੌਰ, ਮੇਜਰ ਸਿੰਘ, ਸੂਬਾ ਸਿੰਘ ਅਦਿ ਸ਼ਾਮਲ ਸਨ।

## ਜ਼ਿਲ੍ਹਾ ਪ੍ਰਸ਼ਾਸਨ ਦੇ ਦਖਲ ਉਪਰੰਤ ਵੀ ਮਸਲਾ ਹੱਲ ਨਾ ਹੋ ਸਕਿਆ

**ਧਰਨਾ 18ਵੇਂ ਦਿਨ ਵੀ ਜਾਰੀ**

ਮਾਨਸਾ (ਆਤਮਾ ਸਿੰਘ ਪਮਾਰ)
ਨਹਿਰੀ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਨਹਿਰ ਦੀ ਗਲਤ ਬਣਤਰ ਅਤੇ ਸੜਕ ਨੂੰ ਖਾਲੀ ਕਰਵਾਉਣ ਸੰਬੰਧੀ ਰੋਸ ਧਰਨਾ 18 ਵੇਂ ਦਿਨ ਵੀ ਜਾਰੀ ਰਿਹਾ। ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਰੁਲਦੂ ਸਿੰਘ ਮਾਨਸਾ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਫਫੜੇ, ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿੱਲੋਂ , ਬੀ.ਕੇ.ਯੂ ਲੱਖੋਵਾਲ ਦੇ ਪ੍ਰਸ਼ੋਤਮ ਗਿੱਲ, ਬੀ.ਕੇ.ਯੂ. ਕਾਦੀਆਂ ਦੇ ਕੁਲਦੀਪ ਚੱਕ ਭਾਈਕਾ ਅਤੇ ਬੀ.ਕੇ.ਯੂ ਉਗਰਾਹਾਂ ਦੇ ਗੁਰਚਰਨ ਸਿੰਘ ਫਰਮਾਹੀ, ਦਰਸ਼ਨ ਰਾਮ ਜਨਰਲ ਸਕੱਤਰ, ਗੁਰਜੀਤ ਸਿੰਘ, ਬਿੱਕਰ ਸਿੰਘ ਖਜ਼ਾਨਚੀ, ਬਲਦੇਵ ਸਿੰਘ ਕਮੇਟੀ ਪ੍ਰਧਾਨ ਨੇ ਕਿਹਾ ਕਿ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਨਜਾਇਜ਼ ਤਰੀਕੇ ਨਾਲ ਬਣਾਈ ਗਈ ਨਹਿਰ ਆਮ ਲੋਕਾਂ ਲਈ ਮੁਸੀਬਤ ਬਣ ਕੇ ਰਹਿ ਗਈ ਹੈ ਅਤੇ ਘੱਟ ਜਗ੍ਹਾ ਵਿੱਚ ਬਣੀ ਪਟੜੀ ਵਾਰ-ਵਾਰ ਟੁੱਟ ਜਾਣ ਕਾਰਨ ਅਨੇਕਾਂ ਵਾਰ ਨਹਿਰ ਦਾ ਪਾਣੀ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੰਦਾ ਹੈ।

ਪ੍ਰੰਤੂ ਨਹਿਰੀ ਵਿਭਾਗ ਵੱਲੋਂ ਨਵੀਂ ਬਣਾਈ ਜਾ ਰਹੀ ਨਹਿਰ ਸਹੀ ਤਰੀਕੇ ਨਾਲ ਬਣਾਉਣ ਦੀ ਬਜਾਏ ਕੰਮ ਹੋਰ ਉਲਝਾਇਆ ਜਾ ਰਿਹਾ ਹੈ। ਕਿਸਾਨ ਆਗੂ ਨੇ ਸੰਬੋਧਨ ਵਿੱਚ ਕਿਹਾ ਕਿ ਬੇਸ਼ੱਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਖਲ ਦਿੱਤਾ ਜਾ ਚੁੱਕਾ ਹੈ ਪ੍ਰੰਤੂ ਮਸਲਾ ਅਜੇ ਵੀ ਹੱਲ ਨਹੀਂ ਹੋਇਆ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਮਸਲਾ ਹੱਲ ਹੋਣ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਸਮੇਂ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਸਰਪੰਚ ਇਕਬਾਲ ਸਿੰਘ ਫਫੜੇ, ਸਰਪੰਚ ਚਿਰੰਜੀ ਸਿੰਘ ਫਰਵਾਹੀ, ਕ੍ਰਿਸ਼ਨ ਚੌਹਾਨ, ਸੁਖਦੇਵ ਸਿੰਘ ਅਤਲਾ, ਬੱਲਮ ਸਿੰਘ ਫਫੜੇ, ਭਗਵੰਤ ਸਿੰਘ ਫਰਵਾਹੀ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਚਾਈਨਾ ਡੋਰ ਕਾਰਨ ਲੋਕਾਂ ਦੀ ਜਾਨ ਖਤਰੇ 'ਚ : ਸਿਆਸੀ ਆਗੂ



ਚਾਈਨਾ ਡੋਰ ਨਾ ਵਰਤਣ ਦੀ ਅਪੀਲ ਕਰਦੇ ਹੋਏ ਸਿਆਸੀ ਆਗੂ।

ਮੱਖੂ (ਰਛਪਾਲ ਸਿੰਘ ਸੰਧੂ)-ਦੇਸ਼ ਵਿਚ ਹਰ ਸਾਲ ਬਸੰਤ ਪੰਚਮੀ ਦਾ ਤਿਉਹਾਰ ਨੌਜਵਾਨਾਂ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਨੌਜਵਾਨਾਂ ਵੱਲੋਂ ਬਸੰਤ ਪੰਚਮੀ ਵਾਲੇ ਦਿਨ ਪਤੰਗਬਾਜ਼ੀ ਬਹੁਤ ਹੀ ਉਤਸ਼ਾਹ ਨਾਲ ਕੀਤੀ ਜਾਂਦੀ ਹੈ। ਨੌਜਵਾਨਾਂ ਨੂੰ ਬਸੰਤ ਪੰਚਮੀ ਵਾਲੇ ਦਿਨ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦੀ ਅਪੀਲ ਕਰਦਿਆਂ ਵਰਿੰਦਰ ਠੁਕਰਾਲ, ਮਹਿੰਦਰ ਮਦਾਨ ਦੋਨੋਂ ਸਾਬਕਾ ਪ੍ਰਧਾਨ ਨਗਰ ਪੰਚਾਇਤ ਮੱਖੂ, ਸਾਬਕਾ ਐੱਮ ਸੀ ਨਰਿੰਦਰ ਮਹਿਤਾ, ਕਾਂਗਰਸੀ ਆਗੂ ਸ਼ਿਵ ਸਾਗਰ ਸ਼ਰਮਾ, ਨਸੀਬ ਸਿੰਘ ਨੰਬਰਦਾਰ, ਕੀਮਤੀ ਕਟਾਰੀਆ ਨੇ ਕਿਹਾ ਕਿ ਚਾਈਨਾ ਡੋਰ ਅਜਿਹੇ ਪਦਾਰਥਾਂ ਨਾਲ ਬਣੀ ਹੁੰਦੀ ਹੈ, ਜੋ ਕਿ ਕਿਸੇ ਦੀ ਵੀ ਜਾਨ ਲੈ ਸਕਦੀ ਹੈ। ਇਸ ਚਾਈਨਾ ਡੋਰ ਕਾਰਨ ਜਿੱਥੇ ਹਰ ਸਾਲ ਬਹੁਤ ਜ਼ਿਆਦਾ ਵਿਅਕਤੀ ਜ਼ਖ਼ਮੀ ਹੁੰਦੇ ਹਨ, ਉੱਥੇ ਕਈ ਵਿਅਕਤੀਆਂ ਦੀਆਂ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ ਅਤੇ ਆਸਮਾਨ ਵਿਚ ਉੱਡਦੇ ਪੰਛੀ ਵੀ ਇਸ ਚਾਈਨਾ ਡੋਰ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਲਈ ਚਾਈਨਾ ਡੋਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਲੋਕਾਂ ਦੀ ਜਾਨ ਖਤਰੇ ਵਿਚ ਪੈ ਸਕਦੀ ਹੈ। ਇਸ ਮੌਕੇ ਉਕਤ ਆਗੂਆਂ ਨੇ ਨੌਜਵਾਨਾਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਪਤੰਗਬਾਜ਼ੀ ਕਰਨ ਲਈ ਨੌਜਵਾਨਾਂ ਨੂੰ ਚਾਈਨਾ ਡੋਰ ਨਾ ਲੈ ਕੇ ਦੇਣ।

## ਏ ਟੀ ਐੱਮ 'ਚੋਂ ਕੈਸ਼ ਚੋਰੀ ਕਰਨ ਦੀ ਕੋਸ਼ਿਸ਼ 'ਚ 2 ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਤਲਵੰਡੀ ਰੋਡ ਜ਼ੀਰਾ 'ਤੇ ਸਥਿਤ ਪੰਜਾਬ ਨੈਸ਼ਨਲ ਬੈਂਕ ਦੇ ਏ ਟੀ ਐੱਮ ਵਿਚੋਂ ਕੈਸ਼ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਥਾਣਾ ਸਿਟੀ ਜ਼ੀਰਾ ਪੁਲਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ 457, 380 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਭੀਮ ਸਿੰਘ ਪੁੱਤਰ ਮੀਨਾ ਸੀਨੀਅਰ ਮੈਨੇਜਰ ਪੁੱਤਰ ਸੂਰਜ ਮੱਲ ਵਾਸੀ ਡਿਬਸੀਆ ਡਾਕਖਾਨਾ ਛੋਟੀ ਉਦਾਈ ਤਹਿਸੀਲ ਗੰਗਪੁਰ ਸਿਟੀ ਜ਼ਿਲ੍ਹਾ ਸਵਾਈ ਮਾਧੋਪੁਰ (ਰਾਜਸਥਾਨ) ਨੇ ਦੱਸਿਆ ਕਿ ਉਹ ਆਪਣੇ ਸਟਾਫ ਦੇ ਨਾਲ ਬੈਂਕ ਵਿਚ ਪੁੱਜਾ ਤਾਂ ਵੇਖਿਆ ਕਿ ਬੈਂਕ ਦੇ ਬਾਹਰਲੇ ਪਾਸੇ ਏ ਟੀ ਐੱਮ ਦਾ ਸ਼ਟਰ ਨਿਕਲਿਆ ਹੋਇਆ ਸੀ। ਜਦ ਬੈਂਕ ਦੇ ਸੀ ਸੀ ਕੈਮਰੇ ਨੂੰ ਚੈੱਕ ਕੀਤਾ ਤਾਂ ਪਾਇਆ ਕਿ ਮਿਤੀ 19-20 ਜਨਵਰੀ ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਨੌਜਵਾਨ ਵੱਲੋਂ ਏ ਟੀ ਐੱਮ ਦੇ ਸ਼ਟਰ ਨੂੰ ਕਟਰ ਨਾਲ ਕੱਟ ਕੇ ਏ ਟੀ ਐੱਮ ਵਿਚੋਂ ਕੈਸ਼ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਕਿ ਪੰਜਾਬ ਨੈਸ਼ਨਲ ਬੈਂਕ ਦੀਆਂ ਦੋਵੇਂ ਬ੍ਰਾਂਚਾਂ ਵਿਚ ਦੋਸ਼ੀਅਨ ਜਸਪਾਲ ਸਿੰਘ ਉਰਫ ਭਾਉ ਪੁੱਤਰ ਪ੍ਰੀਤਮ ਸਿੰਘ ਅਤੇ ਬਲਵੰਤ ਸਿੰਘ ਉਰਫ ਨਿੱਕਾ ਪੁੱਤਰ ਜਗੀਰ ਸਿੰਘ ਵਾਸੀਅਨ ਢੰਡੀਅਨ ਲਾਲ ਸਿੰਘ ਚੋਰੀ ਕਰਨ ਆਏ ਸਨ। ਇਸ ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਲਖਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ...ਸਫ਼ਾ 5 ਦੇ ਬਾਕੀ

### ਮੁੱਖ ਮੰਤਰੀ ਵੱਲੋਂ...

ਸਰਕਾਰਾਂ ਨੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਝੂਠੇ ਅੰਕੜੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਹੁਣ ਸਾਡੀ ਸਰਕਾਰ ਨੇ ਸੂਬੇ ਦੀ ਸਿੱਖਿਆ ਦਾ ਪੱਧਰ ਵਿਸ਼ਵ ਦੇ ਹਾਣ ਦਾ ਬਣਾਉਣ ਦਾ ਪ੍ਰਣ ਕੀਤਾ ਹੈ ਅਤੇ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਦਾ ਤਾਲੀਮ ਯਾਫਤਾ ਬੱਚਾ ਦੁਨੀਆ ਦੀਆਂ ਚੋਟੀ ਦੀਆਂ ਸੰਸਥਾਵਾਂ ਵਿਚ ਮੁਕਾਮ ਹਾਸਲ ਕਰੇਗਾ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ 92 ਸੀਟਾਂ ਜਿਤਾ ਕੇ ਉਨ੍ਹਾਂ ਵਿਚ ਵੱਡਾ ਵਿਸ਼ਵਾਸ਼ ਪ੍ਰਗਟ ਕੀਤਾ ਹੈ ਅਤੇ ਉਹ ਇਹ ਭਰੋਸਾ ਕਿਸੇ ਵੀ ਕੀਮਤ ਉਤੇ ਟੁੱਟਣ ਨਹੀਂ ਦੇਣਗੇ। ਸੂਬੇ ਦੇ 23 ਜ਼ਿਲ੍ਹਿਆਂ ਵਿੱਚ ਸਥਾਪਤ ਕੀਤੇ ਜਾ ਰਹੇ 117 'ਸਕੂਲ ਆਫ ਐਮੀਨੈਂਸ' ਨੂੰ ਹੋਣਹਾਰ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਦੀਆਂ ਸੰਸਥਾਵਾਂ ਦੱਸਦਿਆਂ ਭਗਵੰਤ ਮਾਨ ਨੇ ਕਿਹਾ, "ਸਿੱਖਿਆ ਖੇਤਰ ਵਿਚ ਨਵਾਂ ਇਨਕਲਾਬ ਲੈ ਕੇ ਆਉਣ ਦਾ ਉਦੇਸ਼ ਹੋਣਹਾਰ ਅਤੇ ਕਾਬਲ ਵਿਦਿਆਰਥੀਆਂ ਖਾਸ ਕਰਕੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਸੇਧ ਅਤੇ ਮੌਕਾ ਦੇਣਾ ਹੈ ਤਾਂ ਕਿ ਇਹ ਵਿਦਿਆਰਥੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਦੇਸ਼ ਦੇ ਬਾਕੀ ਬੱਚਿਆਂ ਨੂੰ ਪਛਾੜ ਕੇ ਚੰਗੇ ਰੈਂਕ ਹਾਸਲ ਕਰ ਸਕਣ। ਇਨ੍ਹਾਂ ਸਕੂਲਾਂ ਨੂੰ ਵਿਦਿਆਰਥੀਆਂ ਦੇ ਛੁਪੇ ਹੋਏ ਹੁਨਰ ਨੂੰ ਤਰਾਸ਼ਣ ਤੇ ਨਿਖਾਰਨ ਵਾਲੀਆਂ ਸੰਸਥਾਵਾਂ ਦੇ ਰੂਪ ਵਿਚ ਵਿਕਸਤ ਕੀਤਾ ਜਾਵੇਗਾ ਤਾਂ ਕਿ ਵਿਦਿਆਰਥੀ ਆਪਣੇ ਮਨਪਸੰਦ ਕਿੱਤੇ ਦੀ ਚੋਣ ਕਰ ਸਕੇ।"

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਸਿੱਖਿਆ ਮਹਿਕਮੇ ਦੀ ਤਸਵੀਰ ਬਦਲ ਰਹੀ ਹੈ ਅਤੇ ਆਏ ਦਿਨ ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। 'ਸਕੂਲ ਆਫ ਐਮੀਨੈਂਸ' ਨੂੰ ਮੁੱਖ ਮੰਤਰੀ ਦਾ ਸੁਪਨਮਈ ਪ੍ਰਾਜੈਕਟ ਕਰਾਰ ਦਿੰਦੇ ਹੋਏ ਸਿੱਖਿਆ ਮੰਤਰੀ ਨੇ ਭਰੋਸੇ ਨਾਲ ਕਿਹਾ ਕਿ ਇਹ ਸਕੂਲ, ਪ੍ਰਾਈਵੇਟ ਸਕੂਲਾਂ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾਉਣਗੇ ਅਤੇ ਹੁਣ ਕੋਈ ਵੀ ਕਾਬਲ ਬੱਚਾ ਸਿੱਖਿਆ ਦੇ ਚੰਗੇ ਮੌਕਿਆਂ ਤੋਂ ਵਾਂਝਾ ਨਹੀਂ ਰਹੇਗਾ। ਇਸ ਮੌਕੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੀ ਹਾਜ਼ਰ ਸਨ।

### ਗੁਜਰਾਤ ਦੰਗਿਆਂ 'ਤੇ...

ਹੈ ਕਿ ਵੀ ਐੱਚ ਪੀ ਅਤੇ ਉਸ ਦੇ ਸਹਿਯੋਗੀ ਸੂਬਾ ਸਰਕਾਰ ਵੱਲੋਂ ਬਣਾਏ ਗਏ ਦੰਗਾਈ ਮਾਹੌਲ ਤੋਂ ਬਿਨਾਂ ਏਨਾ ਨੁਕਸਾਨ ਨਹੀਂ ਕਰ ਸਕਦੇ ਸਨ। ਡਾਕੂਮੈਂਟਰੀ 'ਚ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਦੰਗਾਈਆਂ ਨੇ ਹਿੰਸਾ ਲਈ ਮਾਹੌਲ ਤਿਆਰ ਕੀਤਾ। ਬੀ ਬੀ ਸੀ ਨੇ 17 ਜਨਵਰੀ ਨੂੰ 'ਦਿ ਮੋਦੀ ਕੁਵੈਸਚਨ' ਡਾਕੂਮੈਂਟਰੀ ਦਾ ਪਹਿਲਾ ਭਾਗ ਯੂਟਿਊਬ 'ਤੇ ਰਿਲੀਜ ਕੀਤਾ ਸੀ। ਦੂਜਾ ਭਾਗ 24 ਜਨਵਰੀ ਨੂੰ ਰਿਲੀਜ ਹੋਣਾ ਸੀ। ਇਸ ਤੋਂ ਪਹਿਲਾ ਹੀ ਕੇਂਦਰ ਸਰਕਾਰ ਨੇ ਪਹਿਲੇ ਭਾਗ ਨੂੰ ਯੂਟਿਊਬ ਤੋਂ ਹਟਾ ਦਿੱਤਾ। ਪਹਿਲੇ ਭਾਗ ਦੇ ਡਿਸਕ੍ਰਿਪਸ਼ਨ 'ਚ ਲਿਖਿਆ ਸੀ ਕਿ ਇਹ ਡਾਕੂਮੈਂਟਰੀ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਮੁਸਲਿਮ ਘੱਟ ਗਿਣਤੀਆਂ ਵਿਚਾਲੇ ਤਣਾਅ 'ਤੇ ਨਜ਼ਰ ਮਾਰਦੀ ਹੈ। ਗੁਜਰਾਤ 'ਚ 2002 'ਚ ਹੋਏ ਦੰਗਿਆਂ ਵਿੱਚ ਨਰੇਂਦਰ ਮੋਦੀ ਦੀ ਭੂਮਿਕਾ ਦੇ ਦਾਅਵਿਆ ਦੀ ਜਾਂਚ ਕਰਦੀ ਹੈ।

### ਸਰਕਾਰਾਂ ਘੱਟ-ਗਿਣਤੀਆਂ...

ਸੰਗੀਨ ਜੁਲਮਾਂ ਦੇ ਦੋਸ਼ੀ ਸੌਦਾ ਸਾਧ ਗੁਰਮੀਤ ਰਾਮ ਰਹੀਮ ਇਕ ਸਾਲ ਅੰਦਰ 4 ਵਾਰ ਬਾਹਰ ਆ ਸਕਦਾ ਹੈ ਤਾਂ ਫਿਰ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਸੇ ਤੋਂ ਸਿੱਖ ਕੌਮ ਵੱਲੋਂ ਉਠਾਈ ਜਾ ਰਹੀ ਅਵਾਜ਼ ਸਰਕਾਰਾਂ ਨੂੰ ਕਿਉਂ ਨਹੀਂ ਸੁਣ ਰਹੀ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਦੇਸ਼ ਅੰਦਰ ਹਰ ਕੌਮ ਅਤੇ ਧਰਮ ਦੇ ਲੋਕ ਵੱਸਦੇ ਹਨ, ਪਰ ਦੁੱਖ ਇਸ ਗੱਲ ਹੈ ਕਿ ਇਥੇ ਸੰਵਿਧਾਨ ਦੀ ਉਲੰਘਣਾ ਕਰਕੇ ਘੱਟ-ਗਿਣਤੀਆਂ ਪ੍ਰਤੀ ਵੱਖਰੀ ਨੀਤੀ ਤਹਿਤ ਅੱਗੇ ਵਧਿਆ ਜਾ ਰਿਹਾ ਹੈ। ਲਗਾਤਾਰ ਘੱਟ-ਗਿਣਤੀ ਸਿੱਖਾਂ ਨੂੰ ਨਫ਼ਰਤ ਭਰੇ ਰਵੱਈਏ ਤਹਿਤ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਵਿਚ ਅਜਿਹੀ ਕੀ ਖਾਸੀਅਤ ਹੈ ਕਿ ਉਸ ਦੇ ਘਿਨੌਣੇ ਅਪਰਾਧਾਂ ਨੂੰ ਅੱਖੋਂ-ਓਹਲੇ ਕਰਕੇ ਉਸ ਨੂੰ ਬਾਰ-ਬਾਰ ਛੱਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀਆਂ ਤਿੰਨ-ਤਿੰਨ ਦਹਾਕੇ ਦੀਆਂ ਸਜ਼ਾਵਾਂ ਮਗਰੋਂ ਵੀ ਕਈਆਂ ਨੂੰ ਪੈਰੋਲ ਤੱਕ ਨਹੀਂ ਦਿੱਤੀ ਗਈ। ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਘੱਟ-ਗਿਣਤੀਆਂ ਪ੍ਰਤੀ ਪੱਖਪਾਤੀ ਰਵੱਈਆ ਨਾ ਅਪਨਾਉਣ ਅਤੇ ਸੰਵਿਧਾਨ ਦੇ ਦਾਇਰੇ ਤਹਿਤ ਹਰ ਧਰਮ ਦੇ ਲੋਕਾਂ ਨੂੰ ਹੱਕ ਹਕੂਕ ਯਕੀਨੀ ਬਣਾਉਣ। ਜੇਕਰ ਇਹੀ ਰਵੱਈਆ ਰਿਹਾ ਤਾਂ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸਿੱਖਾਂ ਅੰਦਰ ਬੇਗਾਨਗੀ ਦਾ ਅਹਿਸਾਸ ਹੋਰ ਪ੍ਰਬਲ ਹੋਵੇਗਾ, ਜੋ ਦੇਸ਼ ਲਈ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ ਵਿਚ ਵੀ ਸਰਕਾਰਾਂ ਹਮਦਰਦੀ ਭਰੀ ਨੀਤੀ ਅਪਨਾਉਣ ਅਤੇ ਜੇਲ੍ਹਾਂ ਅੰਦਰ ਉਨ੍ਹਾਂ ਦੇ ਕਿਰਦਾਰਾਂ ਨੂੰ ਮੁੱਖ ਰੱਖ ਕੇ ਰਿਹਾਈ ਦਾ ਫੈਸਲਾ ਲੈਣ।

### ਚੌਥੀ ਵਾਰ ਡੇਰਾ ਮੁਖੀ...

ਸੂਤਰਾਂ ਮੁਤਾਬਕ ਉਸ ਦਾ ਕਾਫ਼ਲਾ ਯੂ ਪੀ ਦੇ ਬਾਗਪਤ ਵੱਲ ਰਵਾਨਾ ਹੋਇਆ, ਜਿਥੇ ਉਹ ਬਰਨਾਵਾ ਆਸ਼ਰਮ ਵਿਚ ਰੁਕੇਗਾ। ਰਾਮ ਰਹੀਮ ਨੂੰ ਪੈਰੋਲ ਮਿਲਣ 'ਤੇ ਦਿੱਲੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਸਵਾਤੀ ਮਾਲੀਵਾਲ ਨੇ ਰਾਮ ਰਹੀਮ ਨੂੰ ਇਕ ਵਾਰ ਫਿਰ ਪੈਰੋਲ ਦਿੱਤੇ ਜਾਣ 'ਤੇ ਹਰਿਆਣਾ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾ ਟਵੀਟ 'ਤੇ ਲਿਖਿਆ, 'ਕਾਤਲ ਰਾਮ ਰਹੀਮ ਨੂੰ ਇਕ ਵਾਰ ਫਿਰ 40 ਦਿਨ ਦੀ ਪੈਰੋਲ ਦੇ ਦਿੱਤੀ ਗਈ ਹੈ। ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਹੋ ਚੁੱਕੀਆਂ ਹਨ।' ਇਸ ਤੋਂ ਪਹਿਲਾਂ ਪਿਛਲੇ ਸਾਲ 2022 'ਚ ਉਸ ਨੂੰ 3 ਵਾਰ ਪੈਰੋਲ ਮਿਲੀ ਸੀ। ਡੇਰਾ ਮੁਖੀ ਦੀ ਆਖਰੀ 40 ਦਿਨ ਦੀ ਪੈਰੋਲ ਪਿਛਲੇ ਸਾਲ 25 ਨਵੰਬਰ ਨੂੰ ਖਤਮ ਹੋਈ ਸੀ। ਉਹ 14 ਅਕਤੂਬਰ ਨੂੰ ਰਿਹਾਅ ਹੋਣ ਮਗਰੋਂ ਉੱਤਰ ਪ੍ਰਦੇਸ਼ 'ਚ ਆਪਣੇ ਬਰਵਾਨਾ ਆਸ਼ਰਮ ਗਿਆ ਸੀ।

### ਪਾਕਿਸਤਾਨ : 22...

ਐੱਮ ਐੱਲ ਐੱਨ) ਦਾ ਸ਼ਾਸਨ ਆਇਆ। ਜੂਨ 2013 ਤੋਂ ਮਈ 2018 ਤੱਕ ਦੇ ਸ਼ਰੀਫ ਦੀ ਪਾਰਟੀ ਦੇ ਸ਼ਾਸਨਕਾਲ 'ਚ ਜਨਤਕ ਕਰਜ਼ 76 ਫੀਸਦੀ ਤੋਂ ਵਧ ਕੇ 25 ਟ੍ਰਿਲੀਅਨ ਰੁਪਏ ਹੋ ਗਿਆ। ਇਸ ਦੌਰਾਨ ਨਵਾਜ ਸ਼ਰੀਫ, ਸ਼ਾਹਿਦ ਖਾਕਨ ਅੱਬਾਸੀ ਪ੍ਰਧਾਨ ਮੰਤਰੀ ਰਹੇ। ਇਸ ਤੋਂ ਬਾਅਦ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ ਏ ਇਨਸਾਫ (ਪੀ ਟੀ ਆਈ) ਦੀ ਸਰਕਾਰ ਆਈ। ਇਮਰਾਨ ਨੇ ਕਰਜ਼ ਦੇ ਬੋਝ ਨੂੰ 20 ਟ੍ਰਿਲੀਅਨ ਰੁਪਏ ਤੱਕ ਘੱਟ ਕਰਨ ਦੀ ਕਸਮ ਖਾਧੀ ਸੀ, ਪਰ 43 ਮਹੀਨਿਆਂ ਦੇ ਉਸ ਦੇ ਸ਼ਾਸਨਕਾਲ ਦੇ ਅੰਤ 'ਚ ਕਰਜ਼ 'ਚ 77 ਫੀਸਦੀ ਦਾ ਵਾਧਾ ਹੋਇਆ, ਮਤਲਬ 19.3 ਟ੍ਰਿਲੀਅਨ ਰੁਪਏ ਦੇ ਕਰਜ ਦੇ ਵਾਧੇ ਨਾਲ 44.3 ਟ੍ਰਿਲੀਅਨ ਰੁਪਏ 'ਤੇ ਪਹੁੰਚ ਗਿਆ।

ਰਾਣਾ ਮੁਤਾਬਕ ਅੱਜ ਦੇ ਸਮੇਂ ਪਾਕਿਸਤਾਨ ਦਾ ਕੁੱਲ ਕਰਜ਼ ਅਤੇ ਦੇਣਦਾਰੀ 60 ਟ੍ਰਿਲੀਅਨ ਰੁਪਏ ਤੋਂ ਜ਼ਿਆਦਾ ਹੋ ਗਈ ਹੈ। ਦੇਸ਼ ਦੇ ਮਸ਼ਹੂਰ ਅਰਥ ਸ਼ਾਸਤਰੀ ਡਾ. ਕੈਸਰ ਬੰਗਾਲੀ ਅਤੇ ਮੇਹਨਾਜ਼ ਹਫੀਜ਼ ਅਨੁਸਾਰ ਸਾਲ 1960 ਤੋਂ 2014 ਤੱਕ 54 ਸਾਲ ਦੇ ਸਮੇਂ 'ਚ ਵਿਸ਼ਵ ਬੈਂਕ ਨੇ ਪਾਕਿਸਤਾਨ ਨੂੰ ਕੁੱਲ 26.5 ਬਿਲੀਅਨ ਡਾਲਰ ਦੇ 310 ਕਰਜ਼ ਦਿੱਤੇ। ਇਨ੍ਹਾਂ 'ਚੋਂ 45 ਫੀਸਦੀ ਪ੍ਰੋਜੈਕਟਾਂ ਤੇ ਵਿੱਤੀ ਪੋਸ਼ਣ ਲਈ ਸਨ ਅਤੇ 55 ਫੀਸਦੀ ਵੱਖ-ਵੱਖ ਪ੍ਰੋਗਰਾਮਾਂ ਲਈ।

# ਵਿੱਤ ਮੰਤਰੀ ਵੱਲੋਂ ਦਿੱਲੀ-ਅੰਮ੍ਰਿਤਸਰ ਹਾਈਵੇ 'ਤੇ ਚੈਕਿੰਗ

**ਟੈਕਸ ਚੋਰੀ ਕਰਨ ਵਾਲੇ 16 ਟਰੱਕ ਮਾਲਕਾਂ 'ਤੇ ਲਾਇਆ ਲੱਖਾਂ ਦਾ ਜੁਰਮਾਨਾ**

ਰਾਜਪੁਰਾ (ਰਮੇਸ਼ ਕਟਾਰੀਆ)-ਸੂਬੇ 'ਚ ਟੈਕਸ ਚੋਰੀ ਨੂੰ ਨੱਥ ਪਾਉਣ ਲਈ ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਖੁਦ ਮੋਰਚਾ ਸਾਂਭ ਲਿਆ ਹੈ। ਪੰਜਾਬ ਸਰਕਾਰ ਟੈਕਸ ਚੋਰੀ ਰੋਕਣ ਨੂੰ ਲੈ ਕੇ ਹਰ ਤਰ੍ਹਾਂ ਦੀ ਸਖਤੀ ਵਰਤ ਰਹੀ ਹੈ। ਇਸ ਸੰਬੰਧ 'ਚ ਹੀ ਪੰਜਾਬ ਦੇ ਆਬਕਾਰੀ ਤੇ ਕਰ ਮੰਤਰੀ ਵੱਲੋਂ ਸੜਕਾਂ 'ਤੇ ਸਮਾਨ ਲੈ ਕੇ ਜਾ ਰਹੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਕੈਬਨਿਟ ਮੰਤਰੀ ਚੀਮਾ ਵੱਲੋਂ ਸ਼ਨੀਵਾਰ ਜੀ ਐੱਸ ਟੀ ਅਤੇ ਟੈਕਸ ਚੋਰੀ ਖਿਲਾਫ ਵੱਡੇ ਐਕਸ਼ਨ ਦੀ ਸ਼ੁਰੂਆਤ ਕੀਤੀ ਗਈ। ਇਹ ਚੈਕਿੰਗ ਦਿੱਲੀ-ਅੰਮ੍ਰਿਤਸਰ ਨੈਸ਼ਨਲ ਹਾਈਵੇ ਰਾਜਪੁਰਾ ਵਿਖੇ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਵਿੱਤ ਮੰਤਰੀ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ ਦਰਜਨ ਤੋਂ ਵੱਧ ਟਰੱਕ ਬਿਨਾਂ ਬਿੱਲਾਂ ਤੋਂ ਫੜੇ ਗਏ। ਬਿਨਾਂ ਬਿੱਲਾਂ ਤੋਂ ਫੜੇ ਗਏ ਟਰੱਕਾਂ ਨੂੰ ਕਰੀਬ 10 ਲੱਖ ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ। ਪੰਜਾਬ 'ਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਕਿਸੇ ਵਿੱਤ ਮੰਤਰੀ ਨੇ ਸੜਕਾਂ 'ਤੇ ਆ ਕੇ ਇਸ ਤਰ੍ਹਾਂ ਚੈਕਿੰਗ ਕੀਤੀ ਹੋਵੇ। ਇਸ ਨਾਲ ਟੈਕਸ ਚੋਰਾਂ ਦੇ ਨਾਲ-ਨਾਲ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਵੀ ਚੰਗਾ ਸੰਦੇਸ਼ ਜਾਵੇਗਾ। ਚੀਮਾ ਨੇ ਕਿਹਾ ਕਿ ਟੈਕਸ ਚੋਰਾਂ ਨੂੰ ਕਿਸੇ ਵੀ ਹਾਲ 'ਚ ਬਖਸ਼ਿਆ ਨਹੀਂ ਜਾਵੇਗਾ ਅਤੇ ਲੋਕਾਂ ਦੇ ਟੈਕਸ ਦਾ ਇੱਕ-ਇੱਕ ਪੈਸਾ ਲੋਕਾਂ ਦੀ ਭਲਾਈ ਲਈ ਵਰਤਿਆ ਜਾਵੇਗਾ।

## ਜੀਂਦ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ



ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ ਕੁਲਵੰਤ ਸਿੰਘ ਮੌਲਵੀਵਾਲਾ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਜੀਂਦ ਵਿਖੇ ਕੀਤੀ ਜਾ ਰਹੀ ਮਹਾਂ ਕਿਸਾਨ ਰੈਲੀ ਲਈ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਬਲਾਕ ਪਾਤੜਾਂ ਵੱਲੋਂ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸਭਾ ਦੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ, ਜਿਸ ਵਿੱਚ ਸਭਾ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦੇ ਕਿਸਾਨ ਆਗੂ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਖੇਤੀ ਕਨੂੰਨਾਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਕਿਸੇ ਵੀ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ, ਸਗੋਂ ਸਰਕਾਰ ਤੇ ਇਸ ਦੀਆਂ ਏਜੰਸੀਆਂ ਵੱਲੋਂ ਕਿਸਾਨਾਂ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਰਹੀਆਂ ਹਨ। ਸੰਯੁਕਤ ਕਿਸਾਨ ਮੋਰਚੇ ਦੇ ਦੋਫਾੜ ਹੋਣ ਵਰਗੀਆਂ ਅਫਵਾਹਾਂ ਫੈਲਾਈਆਂ, ਪਰ ਜੀਂਦ ਦੀ ਮਹਾਂ ਕਿਸਾਨ ਰੈਲੀ ਸਰਕਾਰ ਅਤੇ ਇਸਦੀਆਂ ਏਜੰਸੀਆਂ ਦੇ ਭਰਮ ਭੁਲੇਖਿਆਂ ਨੂੰ ਦੂਰ ਕਰ ਦੇਵੇਗੀ। ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸਾਥੀਆਂ ਨੂੰ ਪਿੰਡਾਂ ਵਿੱਚ ਜ਼ੋਰ-ਸ਼ੋਰ ਨਾਲ ਤਿਆਰੀਆਂ ਆਰੰਭ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਰੈਲੀ ਦੀ ਕਾਮਯਾਬੀ ਦੀ ਵੱਡੀ ਜ਼ਿੰਮੇਵਾਰੀ ਪੰਜਾਬ ਦੀ ਹੋਣ ਕਰਕੇ ਪੰਜਾਬੀਆਂ ਦੀ ਸ਼ਮੂਲੀਅਤ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਗਈ ਹੈ। ਇਸ ਦੌਰਾਨ ਜਥੇਬੰਦੀ ਦੇ ਬਲਾਕ ਆਗੂ ਅਮਰਜੀਤ ਸਿੰਘ ਦੁਗਾਲ ਅਤੇ ਜਸਵੰਤ ਸਿੰਘ ਨੇ ਦੱਸਿਆ ਕਿ ਬਲਾਕ ਪਾਤੜਾਂ ਦੇ ਵੱਖ-ਵੱਖ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਰੈਲੀ ਵਿੱਚ ਸ਼ਮੂਲੀਅਤ ਕਰਨਗੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਖੇਤ ਮਜ਼ਦੂਰ ਆਗੂ ਰਾਮਚੰਦ ਚੁਨਾਗਰਾ, ਕੁਲਦੀਪ ਸਿੰਘ ਗਲੌਲੀ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਸੰਘਰਸ਼ਾਂ ਦਾ ਦੌਰ ਜਾਰੀ : ਰਣਜੀਤ ਕਲੇਰ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ਾਂ ਦੇ ਦੌਰ ਜਾਰੀ ਹਨ। 51 ਦਿਨ ਦੇ ਡੀਸੀ ਅਤੇ ਟੋਲ ਪਲਾਜ਼ਿਆਂ ਦੇ ਮੋਰਚਿਆਂ ਦੇ ਬਾਅਦ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਆਗੂ ਗੁਰਬਚਨ ਸਿੰਘ ਚੱਬਾ ਦੀ ਅਗਵਾਈ ਵਿਚ ਨਵੇਂ ਰੂਪ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਇਸ ਦੇ ਚਲਦੇ 26 ਜਨਵਰੀ ਨੂੰ ਸੂਬਾ ਪੱਧਰੀ ਪ੍ਰੋਗਰਾਮ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਵੱਡੇ ਇੱਕਠ ਕਰਕੇ ਅਤੇ 29 ਜਨਵਰੀ ਨੂੰ ਪੰਜਾਬ ਪੱਧਰ ਤੇ 3 ਘੰਟੇ ਦਾ ਸੰਕੇਤਕ ਰੇਲ ਰੋਕੋ ਅੰਦੋਲਨ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਪੱਧਰੀ ਮੰਗਾਂ ਦੀ ਪੂਰਤੀ ਲਈ ਲਾਮਬੰਦੀ ਕੀਤੀ ਜਾਵੇਗੀ। ਤਿਆਰੀਆਂ ਦੇ ਦੌਰ ਦੌਰਾਨ ਜ਼ੋਨ ਤਰਸਿੱਕਾ, ਜ਼ੋਨ ਮਹਿਤਾ, ਜ਼ੋਨ ਬਾਬਾ ਬਕਾਲਾ ਅਤੇ ਜ਼ੋਨ ਟਾਂਗਰਾ ਦੀਆਂ ਕੋਰ ਕਮੇਟੀਆਂ ਦੀ ਮੀਟਿੰਗ ਵੱਖ-ਵੱਖ ਜਗ੍ਹਾ 'ਤੇ ਕੀਤੀਆਂ ਗਈਆਂ। ਇਸ ਮੌਕੇ ਮੀਡੀਆ ਨਾਲ ਗੱਲ ਕਰਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਨੇ ਕਿਹਾ ਕਿ ਸੰਘਰਸ਼ਾਂ ਦੇ ਪਿੜ ਲਗਾਤਾਰ ਮਘੇ ਹੋਏ ਹਨ। ਉਨ੍ਹਾਂ ਜਾਣਕਾਰੀ ਦਿਤੀ ਕਿ 26 ਜਨਵਰੀ ਨੂੰ ਪੰਜਾਬ ਭਰ ਤੋਂ ਹਜ਼ਾਰਾਂ ਕਿਸਾਨ-ਮਜ਼ਦੂਰ ਇੱਕਠਾਂ ਵਿਚ ਹਿੱਸਾ ਲੈਣਗੇ ਅਤੇ 29 ਜਨਵਰੀ 2021 ਨੂੰ ਦਿੱਲੀ ਮੋਰਚੇ ਦੌਰਾਨ ਆਰ ਐੱਸ ਐੱਸ ਤੇ ਬੀਜੇਪੀ ਦੇ ਗੁੰਡਿਆਂ ਵੱਲੋ ਜਥੇਬੰਦੀ ਦੀ ਸਟੇਜ ਤੇ ਹਜ਼ੂਮ ਲੈ ਕੇ ਹਮਲਾ ਕਰਨ ਵਾਲੇ ਅਮਨ ਢੱਬਾਸ ਤੇ ਪ੍ਰਦੀਪ ਖਤ੍ਰੀ ਸਮੇਤ ਹੋਰ ਲੋਕਾਂ 'ਤੇ ਕਾਰਵਾਈ ਨਾ ਹੋਣ ਕਰਕੇ ਤੇ ਹੋਰ ਮੰਗਾਂ ਨੂੰ ਲੈ ਕੇ ਰੇਲ ਰੋਕੋ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਨਾਲ ਕੇਂਦਰ ਤੇ ਪੰਜਾਬ ਸਰਕਾਰ ਉੱਤੇ ਦਬਾਅ ਵਧਾਇਆ ਜਾਵੇਗਾ। ਫਸਲਾਂ ਦੇ ਮੁੱਲ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਦਿੱਤੇ ਜਾਣ, 23 ਫਸਲਾਂ ਤੇ ਗਰੰਟੀ ਕਨੂੰਨ ਬਣਾਇਆ ਜਾਵੇ, ਜੁਮਲਾ ਮੁਸਤਰਕਾ ਜਮੀਨ ਸੰਬੰਧੀ ਕੀਤੀ ਸੋਧ ਵਾਪਿਸ ਲਈ ਜਾਵੇ, ਲਾਤੀਫਪੁਰਾ ਅਤੇ ਮੋਹਾਲੀ ਮੋਰਚੇ ਦੀਆਂ ਮੰਗਾਂ ਤੁਰੰਤ ਮੰਨੀਆ ਜਾਣ, ਪੰਜਾਬ ਵਿੱਚ ਭਾਰਤ ਮਾਲਾ ਪ੍ਰੋਜੈਕਟ ਦੇ ਤਹਿਤ ਬਣਾਏ ਜਾ ਰਹੇ ਨੈਸ਼ਨਲ ਹਾਈਵੇ ਵਿੱਚ ਕਿਸਾਨਾਂ ਦੀਆਂ ਆਂ ਰਹੀਆ ਜ਼ਮੀਨ ਦਾ ਬਜ਼ਾਰੀ ਰੇਟ ਨਾਲੋਂ 6 ਗੁਣਾਂ ਇਕਸਾਰ ਰੇਟ ਦਿੱਤਾ ਜਾਵੇ ਤੇ 100% ਉਜਾੜਾ ਭੱਤਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ 1972 ਵਿੱਚ ਬਣਿਆ 17.5 ਹੱਦਬੰਦੀ ਕਾਨੂੰਨ ਲਾਗੂ ਕਰਕੇ ਧਨਾਡਾਂ, ਰਾਜਸੀ ਨੇਤਾਵਾਂ, ਵੱਡੀ ਅਫਸਰਸ਼ਾਹੀ, ਰਾਜੇ-ਮਹਾਰਾਜਿਆਂ ਮਾਫ਼ੀਏ ਗਰੁੱਪਾਂ ਦੀ ਸਰਪਲਸ ਜ਼ਮੀਨ ਜਬਤ ਕਰਕੇ ਬੇਜ਼ਮੀਨਿਆਂ ਤੇ ਥੁੜ-ਜ਼ਮੀਨਿਆਂ ਵਿੱਚ ਵੰਡੀ ਜਾਵੇ। ਪੰਜਾਬ ਦੇ ਪਾਣੀਆਂ ਨੂੰ ਸਾਫ ਕਰਨ ਦੇ ਬਹਾਨੇ ਵਿਸ਼ਵ ਬੈਂਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਿੱਜੀ ਕੰਪਨੀਆਂ ਨੂੰ ਦਿੱਤੇ ਜਾ ਰਹੇ ਨਹਿਰੀ ਪ੍ਰਾਜੈਕਟ ਰੱਦ ਕੀਤੇ ਜਾਣ, ਪੰਜਾਬ ਦੀ ਸਾਰੀ ਜ਼ਮੀਨ (ਧਰਤੀ) ਨੂੰ ਨਹਿਰੀ ਪਾਣੀ ਲਾਇਆ ਜਾਵੇ, ਜ਼ੀਰਾ ਫੈਕਟਰੀ ਵਾਂਗ ਪਾਣੀ ਦੇ ਪ੍ਰਦੂਸ਼ਣ ਫੈਲਾ ਰਹੀਆਂ ਪੰਜਾਬ ਦੀਆਂ ਸਾਰੀਆਂ ਫੈਕਟਰੀਆਂ 'ਤੇ ਕਾਰਵਾਈ ਕਰਕੇ ਇਨ੍ਹਾਂ ਦੇ ਮਾਲਕਾਂ ਉੱਤੇ ਅਪਰਾਧਕ ਪਰਚੇ ਦਰਜ ਕੀਤੇ ਜਾਣ। ਇਸ ਮੌਕੇ ਜ਼ਿਲ੍ਹਾ ਆਗੂ ਕੰਵਰਦਲੀਪ ਸੈਦੋਲੇਹਲ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਪੰਜਾਬ ਤੇ ਹਰਿਆਣਾ ਦੇ ਹਵਾਲੇ ਕੀਤੀ ਜਾਵੇ, ਪੰਜਾਬ ਵਿੱਚ 8 ਲੱਖ 77 ਹਜ਼ਾਰ ਮਿਲੀਅਨ ਏਕੜ ਫੁੱਟ ਪਾਣੀ ਜੋ ਨਹਿਰਾਂ ਰਾਹੀਂ 1990 ਤੱਕ ਜ਼ਮੀਨ ਨੂੰ ਲੱਗਦਾ ਸੀ, ਉਸ ਦਾ ਪਤਾ ਲਗਾ ਕੇ ਪੰਜਾਬ ਦੇ ਲੋਕਾਂ ਨੂੰ ਦੱਸਿਆ ਜਾਵੇ, ਸਰਕਾਰੀ ਸਕੂਲ, ਹਸਪਤਾਲਾਂ ਦਾ ਪ੍ਰਬੰਧ ਸੁਧਾਰ ਕੇ ਮੁਫ਼ਤ ਸਹੂਲਤਾਂ ਦਿੱਤੀਆਂ ਜਾਣ ਤੇ ਨਿੱਜੀ ਸਕੂਲਾਂ ਦੀਆਂ ਫੀਸਾਂ ਇਕਸਾਰ ਕਰਨ ਲਈ ਰੈਗੂਲੇਟਰੀ ਅਥਾਰਟੀ ਬਣਾਈ ਜਾਵੇ, ਨਿੱਜੀ ਹਸਪਤਾਲਾਂ ਤੇ ਦਵਾਈ ਫਾਰਮਾਂ ਦੀ ਲੁੱਟ-ਖਸੁੱਟ ਤੋਂ ਲੋਕਾਂ ਨੂੰ ਬਚਾਉਣ ਲਈ ਕਲੀਨਿਕਲ ਅਸਟੈਬਲਿਸ਼ਮੈਂਟ ਐਕਟ ਦੇ ਬਣੇ ਖਰੜੇ ਨੂੰ ਕਾਨੂੰਨ ਦਾ ਰੂਪ ਦਿੱਤਾ ਜਾਵੇ, ਸਾਰੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਠੇਕਾ ਪ੍ਰਣਾਲੀ ਰੱਦ ਕੀਤੀ ਜਾਵੇ। ਇਸ ਮੌਕੇ ਜਿਲ੍ਹਾ ਆਗੂ ਸੁਖਦੇਵ ਸਿੰਘ ਚਾਟੀਵਿੰਡ, ਬਲਵਿੰਦਰ ਸਿੰਘ ਰੁਮਾਨਾਚੱਕ, ਅਮਰਦੀਪ ਸਿੰਘ ਗੋਪੀ, ਸਵਰਨ ਸਿੰਘ ਉਧੋਨੰਗਲ, ਰਣਜੀਤ ਸਿੰਘ ਚਾਟੀਵਿੰਡ, ਗੁਰਭੇਜ ਸਿੰਘ ਭੀਲੋਵਾਲ, ਸ਼ੇਰ ਸਿੰਘ ਭੀਲੋਵਾਲ, ਗੁਰਵੇਲ ਸਿੰਘ ਚਾਟੀਵਿੰਡ, ਹਰਜੀਤ ਸਿੰਘ ਖੱਬੇ, ਬਲਵਿੰਦਰ ਸਿੰਘ ਅਰਜੁਨ ਮਾਂਗਾ, ਹਰਮਨ ਸਿੰਘ ਖੱਬੇ, ਨਿਰਮਲ ਸਿੰਘ ਚੂੰਗ, ਚਰਨ ਸਿੰਘ ਕਲੇਰ ਘੁੰਮਾਣ, ਅਮਰੀਕ ਸਿੰਘ ਜਮਾਲਪੁਰ, ਅਜੀਤ ਸਿੰਘ ਠੱਠੀਆਂ, ਪ੍ਰਗਟ ਸਿੰਘ ਲੋਹਗੜ੍ਹ, ਬਲਦੇਵ ਸਿੰਘ ਭੰਗਵਾਂ, ਤਰਸੇਮ ਸਿੰਘ ਬੁਤਾਲਾ, ਬਲਸ਼ਰਨ ਸਿੰਘ ਜਮਾਲਪੁਰ, ਅਮਨਿੰਦਰ ਸਿੰਘ ਮਾਲੋਵਾਲ, ਸੂਬੇਦਾਰ ਨਿਰੰਜਨ ਸਿੰਘ ਅਤੇ ਸਮੂਹ ਜ਼ੋਨ ਆਗੂ ਹਾਜ਼ਿਰ ਹੋਏ।

# 26 ਨੂੰ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਵੱਡੇ ਇਕੱਠ, 29 ਤੋਂ ਅਣਮਿੱਥੇ ਸਮੇਂ ਲਈ ਰੇਲਗੱਡੀ ਦਾ ਚੱਕਾ ਜਾਮ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ ਕਮੇਟੀ ਪੰਜਾਬ ਜ਼ੋਨ ਸਠਿਆਲੀ ਪੁਲ ਦੇ ਆਗੂਆਂ ਦੀ ਮੀਟਿੰਗ ਇਥੋਂ ਨਜ਼ਦੀਕ ਬਟਾਲਾ-ਕਾਹਨੂੰਵਾਨ ਰੋਡ ਉਪਰ ਅੱਡਾ ਡੇਹਰੀਵਾਲ ਦਰੋਗਾ ਨੇੜੇ ਸਥਿਤ ਗੁਰਦੁਆਰਾ ਬੋਹੜੀ ਸਾਹਿਬ ਵਿਖੇ ਜ਼ੋਨ ਪ੍ਰਧਾਨ ਗੁਰਮੁੱਖ ਸਿੰਘ ਖਾਨਮਲੱਕ ਤੇ ਜਨਰਲ ਸਕੱਤਰ ਅਨੂਪ ਸਿੰਘ ਬਲੱਗਣ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਪ੍ਰਿੰਸੀਪਲ ਹਰਵਿੰਦਰ ਸਿੰਘ ਮਸਾਣੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਸਬੰਧੀ ਜ਼ੋਨ ਪ੍ਰੈੱਸ ਸਕੱਤਰ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਖਜ਼ਾਨਚੀ ਸਤਨਾਮ ਸਿੰਘ ਖਾਨਮਲੱਕ ਨੇ ਪ੍ਰੈੱਸ ਨੂੰ ਕਾਰਵਾਈ ਜਾਰੀ ਕਰਦਿਆਂ ਦੱਸਿਆ ਕਿ ਮੀਟਿੰਗ ਵਿੱਚ ਹਾਜ਼ਰ ਕਰੀਬ 32 ਪਿੰਡਾਂ ਤੋਂ ਜਥੇਬੰਦੀ ਦੇ ਕਮੇਟੀ ਪ੍ਰਧਾਨਾਂ ਤੇ ਹੋਰ ਕਿਸਾਨ ਆਗੂਆਂ ਨੇ ਹੱਕ ਸੱਚ ਤੇ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਯਤਨਸ਼ੀਲ ਰਹਿਣ ਦਾ ਅਹਿਦ ਕੀਤਾ। ਮੀਟਿੰਗ ਵਿੱਚ ਲਖਵਿੰਦਰ ਸਿੰਘ ਕਾਲਾਬਾਲਾ, ਗੁਰਪ੍ਰੀਤ ਸਿੰਘ, ਹਰਵੰਤ ਸਿੰਘ ਕੋਟ ਟੋਡਰਮੱਲ ਆਦਿ ਸਮੇਤ ਵੱਖ-ਵੱਖ ਬੁਲਾਰਿਆਂ ਨੇ ਵਿਚਾਰ ਸਾਂਝੇ ਕਰਦਿਆਂ ਹਵਾ ਪਾਣੀ ਨੂੰ ਸਾਫ ਰੱਖਣ ਲਈ ਤੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਜ਼ੀਰਾ ਫੈਕਟਰੀ ਵਰਗੀਆਂ ਪੰਜਾਬ ਮਾਰੂ ਸਾਰੀਆਂ ਫੈਕਟਰੀਆਂ ਨੂੰ ਨੱਥ ਪਾਉਣ ਲਈ ਤੇ ਹੱਕ ਲੈਣ ਲਈ ਸੂਬੇ ਦੀ ਕੋਰ ਕਮੇਟੀ ਨੇ ਮੀਟਿੰਗ ਕਰਕੇ ਵੱਡੇ ਸੰਘਰਸ਼ਾਂ ਦੇ ਬਿਗਲ ਵਜਾ ਦਿੱਤੇ ਹਨ ਜਿਸ ਤਹਿਤ 26 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਟਰਾਂ ਤੇ ਵੱਡੇ ਇਕੱਠ ਕੀਤੇ ਜਾਣਗੇ। ਇਸ ਤੋਂ ਇਲਾਵਾ ਨੈਸ਼ਨਲ ਹਾਈਵੇ ਅਥਾਰਟੀ ਦੀ ਭਾਰਤ ਮਾਲਾ (ਹਾਈਵੇ) ਥੱਲੇ ਆਉਂਦੀਆਂ ਜ਼ਮੀਨਾਂ ਦੇ ਕਿਸਾਨਾਂ ਨੂੰ ਸਹੀ ਮੁੱਲ ਨਾ ਮਿਲਣ ਕਾਰਨ 29 ਜਨਵਰੀ ਨੂੰ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਣਮਿੱਥੇ ਸਮੇਂ ਲਈ ਰੇਲਗੱਡੀ ਦਾ ਚੱਕਾ ਜਾਮ ਕੀਤਾ ਜਾਵੇਗਾ। ਕਿਸਾਨਾਂ ਨੂੰ ਜ਼ਮੀਨ ਦਾ ਮੁੱਲ ਮਿਲਣ ਤੱਕ ਰੇਲਗੱਡੀ ਦਾ ਚੱਕਾ ਜਾਮ ਰੱਖਿਆ ਜਾਵੇਗਾ। ਆਗੂਆਂ ਗੰਨਾ ਮਿੱਲਾਂ ਨੂੰ ਵੀ ਚਿਤਾਵਨੀ ਦਿੱਤੀ ਕਿ ਮਿੱਲ ਵਲੋਂ ਕਲੰਡਰ ਮੁਤਾਬਿਕ ਸਹੀਂ ਢੰਗ ਨਾਲ ਪਰਚੀਆਂ ਦਿੱਤੀਆਂ ਜਾਣ ਅਤੇ ਗੰਨੇ ਦੇ ਪੈਸੇ 14 ਦਿਨਾਂ ਦੇ ਵਿੱਚ ਕਿਸਾਨ ਦੇ ਖਾਤੇ ਵਿੱਚ ਪਾਏ ਜਾਣ, ਨਹੀਂ ਤਾਂ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਮੀਟਿੰਗ ਵਿੱਚ ਹਰਜੀਤ ਸਿੰਘ, ਅਵਤਾਰ ਸਿੰਘ ਕੋਟਬੁੱਢਾ, ਸਾਹਿਬ ਸਿੰਘ, ਤਰਸੇਮ ਸਿੰਘ ਧਾਰੀਵਾਲ ਕਲਾਂ, ਹਰਭਾਲ ਸਿੰਘ, ਜੋਗਿੰਦਰ ਸਿੰਘ ਤਲਵੰਡੀ, ਨਵਜੋਤ ਸਿੰਘ ਪਸਨਾਵਾਲ, ਗੁਰਪਿੰਦਰ ਸਿੰਘ ਪਸਨਾਵਾਲ, ਹੇਮ ਸਿੰਘ ਸਰਸਪੁਰ, ਅਮਰੀਕ ਸਿੰਘ, ਦਵਿੰਦਰ ਸਿੰਘ ਲੋਧੀਪੁਰ, ਸ਼ਾਮ ਸਿੰਘ, ਅਜੀਤ ਸਿੰਘ ਗਿੱਲਮੰਜ, ਕੁਲਵੰਤ ਸਿੰਘ, ਗੁਰਦੇਵ ਸਿੰਘ ਠੰਕਰਸੰਧੂ, ਨਿਰਮਲ ਸਿੰਘ ਰਾਮਪੁਰ, ਸਾਹਿਬ ਸਿੰਘ ਬੁੱਟਰਕਲਾਂ, ਗੁਰਮਿੰਦਰ ਸਿੰਘ ਬਲੱਗਣ, ਹਰਜੀਤ ਸਿੰਘ, ਹਰਪ੍ਰੀਤ ਸਿੰਘ, ਤਰਸੇਮ ਸਿੰਘ ਮੱਲੀਆਂ, ਗੁਰਮੇਜ ਸਿੰਘ, ਜਸਵੰਤ ਸਿੰਘ ਨੈਨੋਕੋਟ, ਅਜੀਤ ਸਿੰਘ, ਭਗਤ ਸਿੰਘ ਭਿੱਟੇਵੱਢ, ਪਰਮਜੀਤ ਸਿੰਘ ਨਿਮਾਣੇ, ਗੁਰਪ੍ਰੀਤ ਸਿੰਘ, ਹਰਵੰਤ ਸਿੰਘ ਕੋਟਟੋਡਰਮੱਲ, ਸਤਨਾਮ ਸਿੰਘ, ਭੁੰਮਣ ਸਿੰਘ ਧੰਦਲ, ਗੁਰਮੇਜ ਸਿੰਘ ਤੱਤਲੇ, ਅਮਰੀਕ ਸਿੰਘ ਸਾਬਕਾ ਸਰਪੰਚ ਵੜੈਚ, ਗੁਰਨਾਮ ਸਿੰਘ ਖੁੰਡਾ, ਨਰਿੰਦਰ ਸਿੰਘ ਸੁਜਾਨਪੁਰ, ਰਜਿੰਦਰ ਸਿੰਘ, ਸੁਦਾਗਰ ਸਿੰਘ ਸਹਾਇਪੁਰ, ਨਿਰਮਲ ਸਿੰਘ, ਸੁਰਜੀਤ ਸਿੰਘ ਰਾਮਪੁਰ, ਰੂਪ ਸਿੰਘ, ਸਰਵਣ ਸਿੰਘ ਢੇਸੀਆਂ, ਅਵਤਾਰ ਸਿੰਘ, ਨਿਸ਼ਾਨ ਸਿੰਘ ਸੇਖਵਾਂ, ਰਵੀ ਕੁਮਾਰ, ਮਲਕੀਤ ਸਿੰਘ ਗੋਹਤਖੁਰਦ, ਗੁਰਪ੍ਰੀਤ ਸਿੰਘ ਭੁੰਬਲੀ, ਪਰਮਜੀਤ ਸਿੰਘ ਰਜਾਦਾ, ਗੁਰਦੇਵ ਸਿੰਘ ਥੇਹਪੱਤੀ ਸੇਖਵਾਂ, ਮੱਖਣ ਸਿੰਘ, ਜਗੀਰ ਸਿੰਘ ਛੀਨਾ ਆਦਿ ਸਮੇਤ ਹੋਰ ਵੀ ਆਗੂ ਹਾਜ਼ਰ ਸਨ।

# ਨਸ਼ੇ ਨੇ ਇੱਕ ਹੋਰ ਘਰ ਦਾ ਚਿਰਾਗ ਬੁਝਾਇਆ



ਤਰਨਤਾਰਨ (ਗਿਆਨ ਸੈਦਪੁਰੀ)-ਪਿੰਡ ਕੋਟ ਧਰਮ ਚੰਦ ਕਲਾਂ ਦੇ ਨੌਜਵਾਨ ਹਰਪ੍ਰੀਤ ਸਿੰਘ ਹੈਪੀ (22) ਪੁੱਤਰ ਬਲਦੇਵ ਸਿੰਘ ਦੀ ਨਸ਼ੇ ਦੀ ਓਵਰਡੋਜ਼ ਨਾਲ ਬੁੱਧਵਾਰ ਨੂੰ ਮੌਤ ਹੋ ਗਈ। ਹਰਪ੍ਰੀਤ ਸਿੰਘ ਆਪਣੇ ਪਿੱਛੇ ਆਪਣੀ ਪਤਨੀ ਜੋਸ਼ੀ ਤੇ ਪੁੱਤਰ ਆਲਮਦੀਪ ਸਿੰਘ ਛੱਡ ਗਿਆ।

ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਸੁਖਦੇਵ ਸਿੰਘ ਗੋਹਲਵੜ ਤੇ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਏ ਦਿਨ ਨਸ਼ੇ ਨਾਲ ਕਿਸੇ ਨਾ ਕਿਸੇ ਘਰ ਦਾ ਚਿਰਾਗ ਬੁਝਦਾ ਜਾ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਆਮ ਆਦਮੀ ਦੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਚੋਣਾਂ ਵੇਲੇ ਲੋਕਾਂ ਨੂੰ ਕਿਹਾ ਸੀ ਕਿ ਸਾਡੀ ਸਰਕਾਰ ਬਣਾਓ ਅਸੀਂ 10 ਦਿਨਾਂ ਵਿੱਚ ਨਸ਼ਾ ਖਤਮ ਕਰ ਦਿਆਂਗੇ ਪਰ ਨਸ਼ਾ ਸ਼ਰੇਆਮ ਵਿਕ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਸਾਨੂੰ ਪਿੰਡ ਕੋਟ ਧਰਮ ਚੰਦ ਕਲਾਂ ਦੀਆਂ ਔਰਤਾਂ ਨੇ ਰੋ-ਰੋ ਕੇ ਦੱਸਿਆ ਕਿ ਸਾਡੇ ਪਿੰਡ ਵਿੱਚ ਸ਼ਰੇਆਮ ਨਸ਼ਾ ਵਿਕ ਰਿਹਾ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕਰਦਿਆਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਈ ਜਾਵੇ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਕਾਮਰੇਡ ਬਲਦੇਵ ਸਿੰਘ ਗੋਹਲਵੜ, ਨੰਬਰਦਾਰ ਕੁਲਵੰਤ ਸਿੰਘ ਸੋਹਲ, ਜਗਤਾਰ ਸਿੰਘ ਸਰਹਾਲੀ ਜੰਡੋਕੇ, ਨੰਬਰਦਾਰ ਤਰਸੇਮ ਸਿੰਘ ਸਰਾਏ ਦਿਵਾਣਾ, ਕਾਮਰੇਡ ਮਨਪ੍ਰੀਤ, ਕਾਮਰੇਡ ਪਰਮਜੀਤ ਸਿੰਘ ਕੋਟਲੀ, ਅੰਗਰੇਜ਼ ਸਿੰਘ ਰਟੌਲ, ਕਾਮਰੇਡ ਮੇਜਰ ਸਿੰਘ ਦਾਰਾਪੁਰ ਵੈਰੋਵਾਲ, ਕਾਮਰੇਡ ਬੂਟਾ ਸਿੰਘ ਢੋਟੀਆਂ, ਕਾਮਰੇਡ ਅਮ੍ਰਿਤਪਾਲ ਸਿੰਘ ਬਾਕੀਪੁਰ, ਕਾਮਰੇਡ ਸੁਲੱਖਣ ਸਿੰਘ ਗੰਡੀਵਿੰਡ ਆਦਿ ਆਗੂ ਮੌਜੂਦ ਸਨ।

# ਸਿਟੀ ਰੋਡ ਬਾਜ਼ਾਰ 'ਚੋਂ ਨਾਜਾਇਜ਼ ਕਬਜ਼ੇ ਹਟਾਏ



ਬਟਾਲਾ, (ਤਰਲੋਕ ਬੱਗਾ)—ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਵਲੋਂ ਬਜ਼ਾਰਾਂ ਵਿੱਚ ਸੜਕ ਕਿਨਾਰੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਦੇ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਨਿਗਮ ਬਟਾਲਾ ਤੇ ਪੁਲਸ ਵਿਭਾਗ ਦੀ ਸਾਂਝੀ ਟੀਮ ਵਲੋਂ ਸਿਟੀ ਰੋਡ ਬਾਜ਼ਾਰ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਚਲਾਈ ਗਈ। ਕਮਿਸ਼ਨਰ ਨਗਰ ਨਿਗਮ ਡਾ. ਸ਼ਾਇਰੀ ਭੰਡਾਰੀ ਨੇ ਦੱਸਿਆ ਕਿ ਅੱਜ ਸ਼ਾਮ ਸਾਂਝੀ ਟੀਮ ਵਲੋਂ ਸਿਟੀ ਰੋਡ ਦੇ ਬਾਜ਼ਾਰ ਵਿੱਚ ਵਿੱਚ ਦੁਕਾਨਦਾਰਾਂ ਵਲੋਂ ਸੜਕ ਕਿਨਾਰੇ ਕੀਤੇ ਨਜਾਇਜ਼ ਕਬਜ਼ੇ ਤੇ ਰੱਖੇ ਸਮਾਨ ਨੂੰ ਹਟਾਇਆ ਗਿਆ ਤੇ ਚਲਾਨ ਕੱਟੇ ਗਏ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ਤਹਿਤ ਲੋਕਾਂ ਦੀ ਆਵਾਜਾਈ ਨੂੰ ਸੁਖਾਲੀ ਰੱਖਣ ਤੇ ਸੜਕੀ ਹਾਦਸਿਆਂ ਨੂੰ ਰੋਕਣ ਲਈ ਦੁਕਾਨਦਾਰਾਂ ਨੂੰ ਨਾਜਾਇਜ਼ ਕਬਜ਼ੇ ਹਟਾਉਣ ਦੀ ਅਪੀਲ ਕੀਤੀ ਗਈ ਸੀ ਅਤੇ ਜਿਨਾਂ ਦੁਕਾਨਦਾਰਾਂ ਵਲੋਂ ਨਜਾਇਜ਼ ਕਬਜ਼ੇ ਨਹੀਂ ਹਟਾਏ ਗਏ, ਉਨਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ ਅਤੇ ਨਗਰ ਨਿਗਮ ਤੇ ਪੁਲਸ ਵਿਭਾਗ ਵਲੋਂ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਉਨਾਂ ਸਮੂਹ ਦਕਾਨਦਾਰਾਂ ਸਮੇਤ ਵਪਾਰਿਕ ਅਦਾਰਿਆਂ ਆਦਿ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਰਾਹਗੀਰਾਂ ਦੀ ਸਹੂਲਤ ਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਤੁਰੰਤ ਆਪਣੇ ਸਾਮਾਨ ਨੂੰ ਸੜਕ ਕਿਨਾਰੇ ਤੋਂ ਹਟਾ ਲੈਣ। ਉਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਜਾਂ ਦੁਕਾਨਦਾਰ ਆਦਿ ਵਲੋਂ ਸੜਕ ਉੱਪਰ ਨਾਜਾਇਜ਼ ਕਬਜ਼ਾ ਕੀਤਾ ਗਿਆ ਤਾਂ ਉਸ ਖਿਲਾਫ ਧਾਰਾ 133 ਅਧੀਨ ਕਾਨੂੰਨੀ ਕਾਰਵਾਈ ਕਰਨ ਦੇ ਨਾਲ ਉਸ ਦਾ ਸਮਾਨ ਜ਼ਬਤ ਕੀਤਾ ਜਾਵੇਗਾ।

# ਕਿਲਾ ਨੱਥੂ ਸਿੰਘ ਵਿਖੇ ਨਵ-ਜੰਮੀਆਂ ਬੱਚੀਆਂ ਦੀ ਮਨਾਈ ਲੋਹੜੀ



ਕਲਾਨੌਰ (ਮਨਦੀਪ ਕੋਹਲੀ)-ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਬਲਾਕ ਕਲਾਨੌਰ ਤੋਂ ਸੀਡੀਪੀਓ ਮੈਡਮ ਸੁਦੇਸ਼ ਕੁਮਾਰੀ ਦੀ ਅਗਵਾਈ ਵਿੱਚ ਪਿੰਡ ਕਿਲਾ ਨੱਥੂ ਸਿੰਘ ਵਿਖੇ ਨਵ ਜੰਮੀਆ ਧੀਆਂ ਦੀ ਲੋਹੜੀ ਮਨਾਉਣ ਦਾ ਪਰੋਗਰਾਮ ਪਿੰਡ ਦੇ ਆਂਗਣਵਾੜੀ ਸੈਂਟਰ ਵਿੱਚ ਕੀਤਾ ਗਿਆ ਜਿਸ ਵਿੱਚ ਸੀਡੀਪੀਓ ਮੈਡਮ ਸੁਦੇਸ਼ ਕੁਮਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਪ੍ਰੋਗਰਾਮ ਦੌਰਾਨ ਪਿੰਡ ਦੀਆਂ 11 ਨਵ-ਜੰਮੀਆਂ ਬੱਚੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਲੋਹੜੀ ਸਮਾਰੋਹ ਵਿਚ ਪਿੰਡ ਦੇ ਸਰਪੰਚ ਦਿਲਬਾਗ ਸਿੰਘ ਵੀ ਮੌਜੂਦ ਰਹੇ। ਪ੍ਰੋਗਰਾਮ ਵਿੱਚ ਛੋਟੇ-ਛੋਟੇ ਬੱਚਿਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਜਿਸ ਵਿਚ ਛੋਟੇ ਬੱਚਿਆਂ ਵੱਲੋਂ ਡਾਂਸ ਅਤੇ ਕੋਰੀਓਗ੍ਰਾਫੀ ਵੀ ਕੀਤੀ ਗਈ ਜਿਸ ਦਾ ਆਏ ਹੋਏ ਪਿੰਡ ਦੇ ਲੋਕਾਂ ਅਤੇ ਵਿਭਾਗ ਦੇ ਅਧਿਕਾਰੀਆਂ ਨੇ ਭਰਪੂਰ ਆਨੰਦ ਮਾਣਿਆ। ਇਸ ਮੌਕੇ ਸੀਡੀਪੀਓ ਸੁਦੇਸ਼ ਕੁਮਾਰੀ ਨੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਅੱਜ ਦੇ ਆਧੁਨਿਕ ਯੁੱਗ ਵਿੱਚ ਲੜਕੇ ਅਤੇ ਲੜਕੀਆਂ ਵਿਚ ਫਰਕ ਨਹੀਂ ਸਮਝਣਾ ਚਾਹੀਦਾ ਸਗੋਂ ਲੜਕੀਆਂ ਲੜਕਿਆਂ ਨਾਲੋਂ ਦੋ ਕਦਮ ਅੱਗੇ ਚਲਦੀਆਂ ਹਨ ਅਤੇ ਹਰ ਫੀਲਡ ਵਿੱਚ ਅੱਗੇ ਹਨ। ਇਸ ਮੌਕੇ ਆਏ ਹੋਏ ਪਿੰਡ ਦੀ ਲੋਕਾਂ ਅਤੇ ਬੱਚਿਆਂ ਨੂੰ ਮੂੰਗਫਲੀ ਰਿਓੜੀਆਂ ਗਚਕ ਆਦਿ ਵੀ ਵੰਡੀ ਗਈ। ਭੁੱਗਾ ਬਾਲ ਕੇ ਲੋਹੜੀ ਦਾ ਅਨੰਦ ਮਾਣਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰੀਕਾ ਰਾਜਵਿੰਦਰ ਕੌਰ, ਪਰਮਜੀਤ ਕੌਰ, ਸੁਖਰਾਜ ਕੌਰ, ਕਮਲਜੀਤ ਕੌਰ ਸੁਪਰਵਾਈਜ਼ਰ ਅਤੇ ਹਰਪਿੰਦਰ ਕੌਰ, ਮੋਨਿਕਾ, ਰਾਜਵੰਤ ਕੌਰ, ਗੁਰਪ੍ਰੀਤ ਕੌਰ ਆਂਗਨਵਾੜੀ ਵਰਕਰ ਅਤੇ ਸਕੂਲ ਦਾ ਸਟਾਫ ਵੀ ਹਾਜ਼ਰ ਸੀ

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ 26 ਨੂੰ ਡੀ ਸੀ ਦਫਤਰ ਅੱਗੇ ਦੇਵੇਗੀ ਧਰਨਾ



ਗੁਰਦਾਸਪੁਰ (ਅਸ਼ੋਕ ਸ਼ਰਮਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਬੀਬੀ ਸੁੰਦਰੀ ਦੇ ਸਮੂਹ ਕਿਸਾਨਾਂ ਦੀਆਂ ਮੁੱਖ ਮੰਗਾਂ ਸਬੰਧੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਵਿਖੇ ਪ੍ਰਧਾਨ ਸੁਖਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਕਿਸਾਨ ਆਗੂ ਜ਼ਿਲਾ ਸਕੱਤਰ ਹਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਰਵਿੰਦਰ ਸਿੰਘ ਨੇ ਦੱਸਿਆ ਕਿ ਪਾਰਟੀ ਦੇ ਨਿਰਦੇਸ਼ਾਂ ਤਹਿਤ 26 ਜਨਵਰੀ ਨੂੰ ਡੀਸੀ ਦਫਤਰ ਅੱਗੇ ਧਰਨਾ ਮਾਰਿਆ ਜਾਵੇਗਾ ਅਤੇ 29 ਜਨਵਰੀ ਨੂੰ ਰੇਲ ਰੋਕੋ ਅੰਦੋਲਨ ਕੀਤਾ ਜਾਵੇਗਾ ਜਦੋਂਕਿ ਪਾਰਟੀ ਦੇ ਮੁੱਦਿਆਂ 'ਤੇ ਅਹਿਮ ਵਿਚਾਰਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਸਾਨਾਂ ਨੂੰ ਹਵਾ ਪਾਣੀ ਸਾਫ ਰੱਖਣਾ ਅਤੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿਹੜੀਆਂ ਜ਼ਮੀਨਾਂ ਹਈਵੇ ਥੱਲੇ ਆਉਂਦੀਆਂ ਹਨ ਉਨ੍ਹਾਂ ਦਾ ਰਸਤਾ ਇਕ ਸਾਰ ਨਹੀਂ ਮਿਲਦਾ, ਉਸ ਉੱਤੇ ਵੀ ਚਰਚਾ ਕੀਤੀ ਹੈ। ਉਨ੍ਹਾਂ ਨੇ ਗੰਨਾ ਮਿੱਲਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਹਰੇਕ ਕਿਸਾਨ ਨੂੰ ਸਮੇਂ ਸਿਰ ਪਰਚੀਆਂ ਦਿੱਤੀਆਂ ਜਾਣ। ਇਸ ਮੌਕੇ ਕਿਸਾਨ ਆਗੂਆਂ ਵਿਚ ਰਣਜੀਤ ਸਿੰਘ ਚੰਦਰਭਾਨ, ਮਾਸਟਰ ਸੋਹਣ ਸਿੰਘ, ਦਿਲਬਾਗ ਸਿੰਘ, ਮਲਕੀਤ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਡਾ. ਬਲਵੀਰ ਸਿੰਘ, ਡਾ. ਰਜਿੰਦਰ ਸਿੰਘ, ਅਵਤਾਰ ਸਿੰਘ, ਸਖਜਿੰਦਰ ਸਿੰਘ ਲਾਡੀ, ਅਮਰੀਕ ਸਿੰਘ ਆਦਿ ਤੋ ਇਲਾਵਾ ਹੋਰ ਪਿੰਡਾਂ ਦੇ ਕਿਸਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਕਈ ਦਿੱਗਜ ਕਾਂਗਰਸੀ ਤੇ ਅਕਾਲੀ ਆਗੂ ਸਰਪੰਚਾਂ-ਪੰਚਾਂ ਸਣੇ 'ਆਪ' 'ਚ ਸ਼ਾਮਲ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਾਂਗਰਸ ਪਾਰਟੀ ਦੇਸ਼ ਅੰਦਰ ਲੱਗਭਗ ਖਤਮ ਹੋਣ ਕੰਢੇ ਹੈ। ਰਾਹੁਲ ਗਾਂਧੀ ਵੱਲੋਂ ਪੂਰੇ ਭਾਰਤ ਅੰਦਰ ਭਾਰਤ ਜੋੜੋ ਯਾਤਰਾ ਸ਼ੁਰੂ ਕੀਤੀ ਗਈ। ਇਸਦਾ ਨਾਅਰਾ ਭਾਰਤ ਜੋੜੋ ਨਹੀਂ ਕਾਂਗਰਸ ਜੋੜੋ ਹੋਣਾ ਚਾਹੀਦਾ ਸੀ। ਸੰਨ 1984 'ਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆ 'ਚ ਸਿੱਖਾਂ ਦੇ ਹੋਏ ਕਤਲੇਆਮ ਦੀ ਦੋਸ਼ੀ ਕਾਂਗਰਸ ਪਾਰਟੀ ਦੀ ਹੋਂਦ ਖਤਮ ਹੋਣ ਕੰਢੇ ਹੈ। ਇਸ ਯਾਤਰਾ ਨੂੰ ਭਲੀਭਾਂਤ ਸਮਝਦਿਆਂ ਹੋਇਆਂ ਪੰਜਾਬ ਦੇ ਲੋਕਾਂ ਨੇ ਜਿੱਥੇ ਯਾਤਰਾ ਤੋਂ ਕਿਨਾਰਾ ਵੱਟਿਆ ਓਥੇ ਹੀ ਵਿਧਾਨ ਸਭਾ ਹਲਕਾ ਪੱਟੀ ਤੋਂ ਕਾਂਗਰਸ ਪਾਰਟੀ ਦੇ ਦਿੱਗਜ ਆਗੂ ਕਾਂਗਰਸ ਦੇ ਮਨਸੂਬਿਆ ਨੂੰ ਸਮਝਦੇ ਹੋਏ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸੂਬੇ ਦੇ ਹਿੱਤ 'ਚ ਲੈ ਰਹੇ ਫੈਸਲਿਆ ਤੋਂ ਖੁਸ਼ ਹੋ ਕੇ ਆਪ ਮੁਹਾਰੇ 'ਆਪ' ਚ ਸ਼ਾਮਿਲ ਹੋ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੱਟੀ ਤੋਂ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪਿੰਡ ਸੰਗਵਾਂ ਦੇ ਮੈਰਿਜ ਪੈਲਿਸ ਵਿੱਚ ਪ੍ਰਗਟਾਏ। ਇਸ ਮੌਕੇ ਕਾਂਗਰਸ ਪਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਅਤਿ ਨਜ਼ਦੀਕੀ ਤੇ ਪੁਰਾਣੇ ਟਕਸਾਲੀ ਆਗੂ ਸਰਦੂਲ ਸਿੰਘ ਸਰਪੰਚ ਸਭਰਾ ਤੇ ਪਿੰਡ ਕੋਟਬੁੱਢਾ ਦੇ ਸਰਪੰਚ ਜਥੇਦਾਰ ਸ਼ੇਰ ਸਿੰਘ, ਸਰਪੰਚ ਪਿਸ਼ੌਰਾ ਸਿੰਘ ਦਦੇਹਰ ਸਾਹਿਬ, ਸਰਪੰਚ ਨਿਸ਼ਾਨ ਸਿੰਘ ਜੋਨੇਕੇ, ਸਰਪੰਚ ਸਰਵਨ ਸਿੰਘ ਗੁਦਾਈਕੇ, ਸਰਪੰਚ ਅੱਛਰ ਸਿੰਘ ਬੂਹ, ਸਰਪੰਚ ਦੇਸਾ ਸਿੰਘ ਡੂਮਣੀ ਵਾਲਾ, ਸਰਪੰਚ ਤਰਸੇਮ ਸਿੰਘ ਬੰਗਲਾਰਾਏ, ਸਰਪੰਚ ਬੋਹੜ ਸਿੰਘ ਪਾਰਲੇ ਜੋਲੋਕੇ, ਮੈਂਬਰ ਕਾਬਲ ਸਿੰਘ, ਮੈਂਬਰ ਬਲਬੀਰ ਸਿੰਘ, ਸਰਪੰਚ ਬਲਵਿੰਦਰ ਸਿੰਘ ਚੀਮਾ, ਮੈਂਬਰ ਗੁਰਮੀਤ ਸਿੰਘ ਚੀਮਾਂ, ਮੈਂਬਰ ਮੁਖਤਿਆਰ ਸਿੰਘ, ਮੈਂਬਰ ਸਤਨਾਮ ਸਿੰਘ, ਕਾਂਗਰਸੀ ਆਗੂ ਹਰਜਿੰਦਰ ਸਿੰਘ, ਪੱਟੀ ਕੌਂਸਲਰ ਬਲਕਾਰ ਸਿੰਘ, ਕੌਂਸਲਰ ਹਰਜਿੰਦਰ ਸਿੰਘ ਪੱਪੂ, ਕੌਂਸਲਰ ਸੁਰਜੀਤ ਸਿੰਘ ਆਦਿ ਤੋਂ ਇਲਾਵਾ ਅਕਾਲੀ ਦਲ ਦੇ ਸਾਬਕਾ ਸਰਪੰਚ ਹਰਜਿੰਦਰ ਸਿੰਘ ਬਰਵਾਲਾ, ਸਰਪੰਚ ਗੁਲਜ਼ਾਰ ਸਿੰਘ ਡੁੱਗਰੀ, ਗੁਰਸਾਹਿਬ ਸਿੰਘ ਰਾਧਲਕੇ, ਰਾਜ ਸਿੰਘ, ਕਸ਼ਮੀਰ ਸਿੰਘ ਸਾਬਕਾ ਸਰਪੰਚ ਬੂਹ, ਵਰਿੰਦਰਜੀਤ ਸਿੰਘ ਅਰੋੜਾ, ਹਰੀਕੇ, ਸਰਪੰਚ ਤਰਸੇਮ ਸਿੰਘ ਬੰਗਲਾਰਾਏ, ਹਰਮਨ ਸਿੰਘ ਨੌਸ਼ਹਿਰਾ ਪੰਨੂੰਆਂ, ਸਾਬਕਾ ਸਰਪੰਚ ਦਰਸ਼ਨ ਸਿੰਘ ਸ਼ਹੀਦ, ਪ੍ਰਭਜੋਤ ਸਿੰਘ, ਕਰਿਆਨਾ ਯੂਨੀਅਨ ਦੇ ਪੱਟੀ ਤੋਂ ਪ੍ਰਧਾਨ ਵਿਨੋਦ ਕੁਮਾਰ ਖੰਨਾ, ਵਾਈਸ ਪ੍ਰਧਾਨ ਮਨਜੀਤ ਸਿੰਘ ਆਦਿ ਜੋ ਵੱਡੀ ਗਿਣਤੀ ਵਿੱਚ ਕਾਂਗਰਸ ਤੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਸੱਤਾ ਦਾ ਸੁੱਖ ਭੋਗਣ ਨਹੀਂ ਆਏ ਸਗੋਂ ਆਪ ਸਰਕਾਰ ਦੇ ਫੈਸਲਿਆਂ 'ਤੇ ਮੋਹਰ ਲਗਾਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਕਾਂਗਰਸ ਪਾਰਟੀ ਤੇ ਅਕਾਲੀ ਦਲ ਦੇ ਸਰਪੰਚ ਪੰਚ ਤੇ ਜੋ ਵਰਕਰ ਆਪਣੀਆਂ ਆਪਣੀਆਂ ਪਾਰਟੀਆਂ ਤੋਂ ਦੁਖੀ ਹੋ ਕੇ ਭਗਵੰਤ ਸਿੰਘ ਮਾਨ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ 'ਆਪ' ਚ ਸ਼ਾਮਿਲ ਹੋਏ ਹਨ। ਇਸ ਤੋਂ ਸਪੱਸ਼ਟ ਹੈ ਕਿ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ 'ਚ ਆਪ ਪਾਰਟੀ ਵੱਡੀ ਲੀਡ ਨਾਲ ਜਿੱਤੇਗੀ ਤੇ ਭਾਰਤ ਦੇ ਪ੍ਰਧਾਨ ਮੰਤਰੀ ਅਰਵਿੰਦ ਕੇਜਰੀਵਾਲ ਹੋਣਗੇ। ਇਸ ਮੌਕੇ ਲੋਕ ਸਭਾ ਇੰਚਾਰਜ ਖਡੂਰ ਸਾਹਿਬ ਬਲਜੀਤ ਸਿੰਘ ਖਹਿਰਾ, ਪੀ ਏ ਦਿਲਬਾਗ ਸਿੰਘ, ਮੀਡੀਆ ਇੰਚਾਰਜ ਅਵਤਾਰ ਢਿੱਲੋਂ, ਰਜਿੰਦਰ ਸਿੰਘ ਉਸਮਾ, ਬੀ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਕਲਸੀ, ਸਰਪੰਚ ਬਲਦੇਵ ਸਿੰਘ ਪੂਹਲਾ, ਆੜ੍ਹਤੀ ਐਸੋਸੀਏਸ਼ਨ ਪੱਟੀ ਦੇ ਪ੍ਰਧਾਨ ਰਾਜਬੀਰ ਸਿੰਘ, ਨੰਬਰਦਾਰ ਗੁਰਬਿੰਦਰ ਸਿੰਘ ਕਾਲੇਕੇ, ਨਛੱਤਰ ਸਿੰਘ ਰਾੜੀਆ, ਗੁਰਪਿੰਦਰ ਸਿੰਘ ਉੱਪਲ, ਗੁਰਪ੍ਰੀਤ ਸਿੰਘ ਭੁੱਲਰ, ਐਡਵੋਕੇਟ ਜਗਦੀਪ ਮਹਿਤਾ, ਬਲਵਿੰਦਰ ਸਿੰਘ ਭੱਗੂਪੁਰ, ਸੁਰਜੀਤ ਸਿੰਘ ਬਿੱਟੂ ਭੱਗੂਪੁਰ, ਪ੍ਰਗਟ ਸਿੰਘ ਹਰੀਕੇ, ਨਿਸ਼ਾਨ ਸਿੰਘ, ਸਾਬ ਠੱਕਰਪੁਰਾ, ਬਲਜਿੰਦਰ ਸਿੰਘ, ਬਲਵਿੰਦਰ ਸਿੰਘ ਨਛੱਤਰ ਸਿੰਘ ਚੂਸਲੇਵੜ, ਗੁਰਬਚਨ ਸਿੰਘ ਬਰਵਾਲਾ, ਹੀਰਾ ਸਿੰਘ ਬਰਵਾਲਾ, ਬਿੱਲਾ ਜੋਸਨ, ਸਤਨਾਮ ਸਿੰਘ ਬਰਵਾਲਾ ਆਦਿ ਹਾਜ਼ਰ ਸਨ।

# ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਤੱਤਪਰ ਰਹਾਂਗੇ: ਰੁਪਿੰਦਰ ਕੌਰ ਸੰਧੂ



ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਸ੍ਰੀ ਗੁਰੂ ਅਰਜਨ ਦੇਵ ਕੁਸ਼ਟ ਆਸ਼ਰਮ ਤਰਨਤਾਰਨ ਵਿਚ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਰੁਪਿੰਦਰ ਕੌਰ ਸੰਧੂ ਵੱਲੋਂ ਆਪਣੇ ਸਹਿਯੋਗੀਆਂ ਨਾਲ ਪਹੁੰਚ ਕੇ ਉਨ੍ਹਾਂ ਦਾ ਹਾਲ ਚਾਲ ਜਾਣਿਆ ਗਿਆ ਅਤੇ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣਿਆ ਗਿਆ। ਇਸ ਮੌਕੇ ਉਨ੍ਹਾਂ ਆਸ਼ਰਮ ਵਿਚ ਰਹਿ ਰਹੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਚੰਗੇ ਭਵਿੱਖ ਲਈ ਉਹ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਮਨਪ੍ਰੀਤ ਸਿੰਘ ਸੰਧੂ, ਸੋਨੂੰ ਝੰਡੇਰ ਕੁਲਜੀਤ ਕੌਰ ਆਦਿ ਹਾਜ਼ਰ ਸਨ।

ਇਸ ਮੌਕੇ ਗੱਲਬਾਤ ਕਰਦਿਆਂ ਰੁਪਿੰਦਰ ਕੌਰ ਸੰਧੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਤਿਹਾਸਕ ਨਗਰੀ ਸ੍ਰੀ ਤਰਨਤਾਰਨ ਸਾਹਿਬ ਤੱਤੀ ਤਵੀ 'ਤੇ ਬੈਠ ਕੇ ਭਾਣਾ ਮੰਨਣ ਵਾਲੇ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਵਰੋਸਾਈ ਨਗਰੀ ਹੈ ਅਤੇ ਇੱਥੇ ਗੁਰੂ ਸਾਹਿਬ ਵੱਲੋਂ ਚਮੜੀ ਰੋਗਾਂ ਨਾਲ ਪੀੜਤ ਮਰੀਜ਼ਾਂ ਲਈ ਇਲਾਜ ਕੇਂਦਰ ਵੀ ਸਥਾਪਿਤ ਕੀਤਾ ਗਿਆ ਸੀ, ਜਿੱਥੇ ਗੁਰੂ ਸਾਹਿਬ ਚਮੜੀ ਰੋਗਾਂ ਦੇ ਮਰੀਜ਼ਾਂ ਦਾ ਆਪਣੇ ਹੱਥੀਂ ਮਰ੍ਹਮ ਪੱਟੀ ਕਰਕੇ ਇਲਾਜ ਕਰਦੇ ਸਨ ਅਤੇ ਉਨ੍ਹਾਂ ਵੱਲੋਂ ਲੋਕਾਈ ਨੂੰ ਸੰਦੇਸ਼ ਦਿੱਤਾ ਗਿਆ ਸੀ ਕਿ ਗਰੀਬਾਂ ਅਤੇ ਦੁਖੀਆਂ ਦਾ ਸਹਾਰਾ ਬਣੋ ਅਤੇ ਇਨਸਾਨੀਅਤ ਦੇ ਰਸਤੇ ਤੇ ਚੱਲ ਕੇ ਆਪਣਾ ਜੀਵਨ ਸਫਲ ਕਰੋ।

ਉਨ੍ਹਾਂ ਦੇ ਦਰਸਾਏ ਰਸਤੇ ਤੇ ਚੱਲਦਿਆਂ ਸਾਡੇ ਵੱਲੋਂ ਹਮੇਸ਼ਾ ਗਰੀਬਾਂ ਅਤੇ ਦੁਖੀਆਂ ਦੀ ਮਦਦ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ ਜੋ ਅੱਗੇ ਵੀ ਜਾਰੀ ਰਹੇਗਾ।

# ਸ਼ਹੀਦ ਬਾਬਾ ਬਲਾਕਾ ਸਿੰਘ ਕੰਗ ਜ਼ੋਨ ਵੱਲੋਂ ਅਹਿਮ ਮੀਟਿੰਗ



ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਸ਼ਹੀਦ ਬਾਬਾ ਬਲਾਕਾ ਸਿੰਘ ਕੰਗ ਜ਼ੋਨ ਦੀ ਮੀਟਿੰਗ ਇਕਬਾਲ ਸਿੰਘ ਵੜਿੰਗ, ਕੰਵਲਜੀਤ ਸਿੰਘ ਦੀਨੇਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਆਗੂ ਸਤਨਾਮ ਸਿੰਘ ਮਾਣੋਚਾਹਲ, ਰੇਸ਼ਮ ਸਿੰਘ ਘੁਰਕਵਿੰਡ, ਹਰਬਿੰਦਰ ਜੀਤ ਸਿੰਘ ਕੰਗ ਨੇ ਕਿਹਾ ਕਿ ਕਾਰਪੋਰੇਟ ਜਗਤ ਵੱਲੋਂ ਤੁਹਾਡੇ ਹੱਥਾਂ ਵਿੱਚੋ ਰੋਜ਼ੀ ਰੋਟੀ ਖੋਹਣ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ। ਪੰਜਾਬ ਦੀ ਮਾਨ ਸਰਕਾਰ ਵੱਲੋਂ ਵੀ ਦੂਸਰੀਆਂ ਸਰਕਾਰਾਂ ਵਾਂਗ ਕਾਰਪੋਰੇਟ ਜਗਤ ਨੂੰ ਸਥਾਪਿਤ ਕਰਨ ਲਈ ਦਿਨ ਰਾਤ ਇੱਕ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ 23 ਜਨਵਰੀ ਸੋਮਵਾਰ ਵਾਲੇ ਦਿਨ ਜਾਗਰੂਕਤਾ ਮਾਰਚ ਕੱਢਿਆ ਜਾਵੇਗਾ। 26 ਜਨਵਰੀ ਨੂੰ ਜਥੇਬੰਦੀ ਤਰਨਤਾਰਨ ਵਿਖੇ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ। 29 ਜਨਵਰੀ ਨੂੰ ਜਥੇਬੰਦੀ ਵੱਲੋਂ ਲੋਕ ਹੱਕੀ ਮੰਗਾਂ ਨੂੰ ਲੈ ਕੇ 3 ਘੰਟੇ ਲਈ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਇਸ ਮੌਕੇ ਚਮਕੌਰ ਸਿੰਘ ਮੰਢਾਲਾ, ਕਿਰਨਜੀਤ ਸਿੰਘ ਨੌਨੇ, ਬਚਿੱਤਰ ਸਿੰਘ, ਹਰਪਾਲ ਸਿੰਘ ਪੱਖੋਕੇ, ਵੱਧਣ ਸਿੰਘ ਸ਼ੇਖ ਫੱਤਾ, ਰਣਜੀਤ ਸਿੰਘ ਦੇਊ, ਤਰਸੇਮ ਸਿੰਘ ਕੰਗ ਆਦਿ ਆਗੂ ਹਾਜ਼ਰ ਸਨ।

# ਪੁਲਸ ਵੱਲੋਂ ਸਪੈਸ਼ਲ ਚੈਕਿੰਗ ਤੇ ਸਰਚ ਆਪ੍ਰੇਸ਼ਨ ਮੁਹਿੰਮ ਜਾਰੀ

ਗੁਰਦਾਸਪੁਰ (ਜਨਕ ਮਹਾਜਨ)-ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ 26 ਜਨਵਰੀ ਨੂੰ ਮੁੱਖ ਰੱਖਦੇ ਹੋਏ ਸਪੈਸ਼ਲ ਚੈਕਿੰਗ ਸਰਚ ਆਪ੍ਰੇਸ਼ਨ ਅਭਿਆਨ ਜ਼ਿਲਾ ਪੁਲਸ ਮੁਖੀ ਨੂੰ ਹਦਾਇਤਾਂ ਕਰਕੇ ਜਾਰੀ ਹਨ ਜਿਸ ਨਾਲ 26 ਜਨਵਰੀ ਦੇ ਪ੍ਰੋਗਰਾਮ ਅਮਨ-ਸ਼ਾਂਤੀ ਨਾਲ ਸਿਰੇ ਚੜ੍ਹ ਸਕਣ। ਪਿੰਡ ਦਾਉਵਾਲ ਵਿਖੇ ਸ਼ਾਲਾ ਪੁਲਸ ਵਲੋਂ ਵਿਸੇਸ ਤੌਰ 'ਤੇ ਨਾਕੇ ਲਗਾ ਕੇ ਹਰ ਵਹੀਕਲ ਦੀ ਚੈਕਿੰਗ ਬੜੀ ਬਰੀਕੀ ਨਾਲ ਕੀਤੀ ਜਾ ਰਹੀ ਹੈ ਅਤੇ ਗੱਡੀਆਂ ਦੇ ਕਾਗਜ਼ਾਤ ਵੀ ਵੇਖੇ ਜਾ ਰਹੇ ਹਨ। ਇਸ ਸਬੰਧੀ ਪੁਰਾਣਾ ਸ਼ਾਲਾ ਥਾਣਾ ਮੁਖੀ ਹਰਮਿੰਦਰ ਸਿੰਘ ਨੇ ਦੱਸਿਆ ਕਿ ਨਾਕਿਆਂ ਦੀ ਵਿਸ਼ੇਸ਼ ਚੈਕਿੰਗ ਆਈਜੀ ਬਾਰਡਰ ਰੇਂਜ ਅੰਮ੍ਰਿਤਸਰ ਮੁਨੀਸ਼ ਚਾਵਲਾ ਕਰ ਰਹੇ ਹਨ ਅਤੇ ਹੋਰ ਨਾਕਿਆਂ ਦੀ ਚੈਕਿੰਗ ਡੀਐੱਸਪੀ ਸੁਖਰਾਜ ਸਿੰਘ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਈਆਂ ਗੱਡੀਆਂ ਦੇ ਅਧੂਰੇ ਕਾਗਜ਼ਾਤ ਸਨ ਜਿਸ ਕਰਕੇ ਕਈਆਂ ਦੇ ਚਲਾਨ ਵੀ ਕੱਟਣੇ ਪਏ ਅਤੇ ਕੁਝ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਵਿੱਢੇ ਸੰਘਰਸ਼ ਦੀ ਹਮਾਇਤ ਦਾ ਐਲਾਨ



ਤਰਨਤਾਰਨ (ਪ੍ਰਿਤਪਾਲ ਸਿੰਘ)-ਨਵ-ਨਿਯੁਕਤ ਅਧਿਆਪਕ ਫਰੰਟ ਪੰਜਾਬ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੇ ਮਸਲੇ ਤੇ ਕੇਂਦਰੀ ਭਾਜਪਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦੀ ਮੁੜ ਬਹਾਲੀ ਖਿਲਾਫ ਕੇਂਦਰੀ ਮੰਤਰੀਆਂ ਅਤੇ ਨੀਤੀ ਰਾਹੀਂ ਕੀਤੇ ਜਾ ਰਹੇ ਦੁਰਪ੍ਰਚਾਰ ਅਤੇ ਪੰਜਾਬ ਸਰਕਾਰ ਵੱਲੋਂ ਪੈਨਸ਼ਨ ਬਹਾਲ ਕਰਨ ਦੇ ਕੀਤੇ ਡਰਾਮੇ ਖਿਲਾਫ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਛੇੜੇ ਸੰਘਰਸ਼ ਦੀ ਹਮਾਇਤ ਕਰਦਿਆਂ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਨਵ ਨਿਯੁਕਤ ਅਧਿਆਪਕ ਫਰੰਟ ਦੇ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਨਾਭਾ, ਮਨਿੰਦਰ ਕਾਫਰ, ਅਮਰਦੀਪ ਸ਼ਰਮਾ, ਕੰਵਰਦੀਪ ਸਿੰਘ ਚੱਕ ਮਹਿਰ, ਵਿਕਰਮ ਸਤਰਾਣਾ ਤੇ ਦਵਿੰਦਰ ਅਮਰਗੜ੍ਹ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸਨ ਲਾਗੂ ਕਰਨ ਦਾ ਨੋਟੀਫਿਕੇਸ਼ਨ ਇੱਕ ਸਿਆਸੀ ਜੁਮਲਾ ਸਾਬਤ ਹੋ ਰਿਹਾ ਹੈ।

ਦੂਜੇ ਪਾਸੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦੀ ਮੁੜ ਬਹਾਲੀ ਖਿਲਾਫ ਲਗਾਤਾਰ ਦੁਰਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਵੱਲੋਂ 15 ਤੋਂ 22 ਜਨਵਰੀ ਜ਼ਿਲ੍ਹਾ/ਬਲਾਕ ਪੱਧਰ ਤੇ ਪੁਤਲੇ ਫੂਕਣ ਅਤੇ 29 ਜਨਵਰੀ ਨੂੰ ਫਗਵਾੜਾ ਵਿਖੇ ਭਾਜਪਾ ਦੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਰਿਹਾਇਸ਼ ਵੱਲ ਰੋਸ ਮਾਰਚ ਦਾ ਐਲਾਨ ਕੀਤਾ। f

ਇਸ ਮੌਕੇ ਨਰਿੰਦਰ ਬੱਬੂ, ਬਲਜੀਤ ਚਹਿਲ, ਸੁਖਜਿੰਦਰ ਸਿੰਘ ਧਾਲੀਵਾਲ, ਹਰਮਲ ਅਮਰਗੜ੍ਹ, ਸਰਬਜੀਤ ਸਿੰਘ ਕਾਜੀਕੋਟ, ਪ੍ਰਿਸ਼ਦੀਪ ਸਿੰਘ, ਮਹਿਲ ਸਿੰਘ ਜੱਬੋਵਾਲ ਨਰਿੰਦਰ ਟੋਡਰਪੁਰ, ਸਰਬਜੀਤ ਜੀਤ ਸੰਤੋਖਪੁਰਾ ਤੋਂ ਇਲਾਵਾ ਹੋਰ ਸਾਥੀਆਂ ਨੇ ਸੰਘਰਸ਼ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ।

## ਭਾਰਤ-ਪਾਕਿ ਸਰਹੱਦ ਤੋਂ 25 ਕਿਲੋਮੀਟਰ ਦੇ ਦਾਇਰੇ ਅੰਦਰ ਡਰੋਨ ਉਡਾਉਣ 'ਤੇ ਪਾਬੰਦੀ



ਗੁਰਦਾਸਪੁਰ (ਜਨਕ ਮਹਾਜਨ)-ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਡਾ. ਨਿਧੀ ਕੁਮੁਧ ਬਾਮਬਾ ਨੇ ਜ਼ਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਹਿੰਦ-ਪਾਕਿ ਅੰਤਰਰਾਸ਼ਟਰੀ ਸਰਹੱਦ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਾਸੇ 25 ਕਿਲੋਮੀਟਰ ਦੇ ਦਾਇਰੇ ਅੰਦਰ ਅੱਤਵਾਦ ਗਤੀਵਿਧੀਆਂ ਅਤੇ ਹਰ ਤਰਾਂ ਦੀ ਸਮੱਗਲਿੰਗ ਨੂੰ ਰੋਕਣ ਲਈ ਡਰੋਨ ਉਡਾਉਣ 'ਤੇ ਸਖਤ ਪਾਬੰਦੀ ਲਗਾ ਦਿੱਤੀ ਹੈ।

ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਇਹ ਹੁਕਮ ਇੱਕ ਤਰਫ਼ਾ ਪਾਸ ਕੀਤਾ ਗਿਆ ਹੈ। ਮਨਾਹੀ ਦੇ ਇਸ ਹੁਕਮ ਦੀ ਉਲੰਘਣਾ ਕਰਨ ਵਾਲੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਾਬੰਦੀ ਦਾ ਇਹ ਹੁਕਮ 22 ਜਨਵਰੀ 2023 ਤੋਂ 22 ਮਾਰਚ 2023 ਤੱਕ ਲਾਗੂ ਰਹੇਗਾ।

# ਚੀਫ ਖੇਤੀਬਾੜੀ ਅਫਸਰ ਗੁਰਦੇਵ ਸਿੰਘ ਵੱਲੋਂ ਪਿੰਗਲਵਾੜਾ ਫਾਰਮ ਜੰਡਿਆਲਾ ਗੁਰੂ ਦਾ ਦੌਰਾ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਅਸੀਂ ਸਾਰੇ ਜਾਣਦੇ ਹਾਂ ਕਿ ਖੇਤੀ ਕਰਨੀ ਬਹੁਤ ਮਹਿੰਗੀ ਹੋ ਗਈ ਹੈ। ਕਿਸਾਨ ਦੀਆਂ ਬਹੁਤ ਸਾਰੀਆਂ ਮਜਬੂਰੀਆਂ ਕਰਕੇ ਕਿਸਾਨੀ ਕਰਜ਼ੇ ਵੱਲ ਜਾ ਰਹੀ ਹੈ। ਇਸ ਸੁਧਾਰ ਵਾਸਤੇ ਭਗਤ ਪੂਰਨ ਸਿੰਘ ਕੁਦਰਤੀ ਖੇਤੀ ਫਾਰਮ ਅਤੇ ਰਿਸਰਚ ਸੈਂਟਰ 2007 ਵਿਚ ਸ਼ੁਰੂ ਕੀਤਾ ਗਿਆ ਜਿਥੇ ਸੁਭਾਸ਼ ਪਾਲੇਕਰ ਦੀ ਵਿਧੀ ਅਨੁਸਾਰ ਖੇਤੀ ਕੀਤੀ ਜਾ ਰਹੀ ਹੈ। ਸਾਨੂੰ ਬਹੁਤ ਖੁਸ਼ੀ ਹੈ ਕਿ ਸਰਕਾਰ ਇਸ ਪਾਸੇ ਵੱਲ ਧਿਆਨ ਦੇਣ ਲੱਗੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਚੀਫ ਐਗਰੀਕਲਚਰ ਅਫ਼ਸਰ ਗੁਰਦੇਵ ਸਿੰਘ ਦੀ ਅਗਵਾਈ ਵਿਚ ਹੁਸ਼ਿਆਪੁਰ ਜ਼ਿਲ੍ਹੇ ਦਾ ਸਾਰਾ ਐਗਰੀਕਲਚਰ ਡਿਪਾਰਟਮੈਂਟ ਪਿੰਗਲਵਾੜਾ ਫਾਰਮ ਜੰਡਿਆਲਾ ਗੁਰੂ ਵਿਖੇ ਪਹੁੰਚਿਆ। ਫਾਰਮ ਵਿਖੇ ਰਾਜਬੀਰ ਸਿੰਘ ਵੱਲੋਂ ਵੱਖ-ਵੱਖ ਫ਼ਸਲਾਂ ਗੰਨਾ, ਪਾਲਕ, ਸ਼ਲਗਮ, ਮੂਲੀ, ਬਰੋਕਲੀ, ਕਣਕ, ਗੋਭੀ, ਗਾਜਰ, ਹਲਦੀ, ਅਨਾਰ ਦਾ ਬਾਗ਼, ਅੰਬਾਂ ਦਾ ਬਾਗ਼ ਅਤੇ ਪਸ਼ੂ ਚਾਰੇ ਸੰਬੰਧੀ ਆਏ ਐਗਰੀਕਲਚਰ ਅਫ਼ਸਰਾਂ ਨੂੰ ਭਰਪੂਰ ਜਾਣਕਾਰੀ ਦਿੱਤੀ। ਗੁਰਦੇਵ ਸਿੰਘ ਅਤੇ ਉਨ੍ਹਾਂ ਦੀ ਸਾਰੀ ਟੀਮ ਨੇ ਫਾਰਮ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਕੀਤੀ। ਉਨ੍ਹਾਂ ਮੁਤਾਬਿਕ ਇਸ ਫਾਰਮ ਦਾ ਵਾਤਾਵਰਣ ਵੱਖਰਾ ਹੀ ਮਹਿਸੂਸ ਹੋ ਰਿਹਾ ਹੈ। ਖੇਤੀ ਵਿਚ 80% ਪਾਣੀ ਬੱਚਤ ਕੀਤੀ ਜਾ ਰਹੀ ਹੈ ਕਿਉਂਕਿ ਇਹ ਸਾਰੀ ਖੇਤੀ ਬੈਡ ਸਿਸਟਮ ਦੁਆਰਾ ਕੀਤੀ ਜਾਂਦੀ ਹੈ। ਕਣਕ ਦੇ ਖੇਤਾਂ ਵਿਚ ਇਕ ਬੂਟਾ ਵੀ ਗੁਲੀ-ਡੰਡਾ/ਨਦੀਨ ਨਜ਼ਰ ਨਹੀਂ ਆ ਰਿਹਾ। ਪਾਪੂਲਰ ਦੇ ਬੂਟਿਆਂ ਵਿਚ ਪਸ਼ੂ ਚਾਰਾ ਅਤੇ ਹਲਦੀ ਭਰਪੂਰ ਨਜ਼ਰ ਆ ਰਹੀ ਸੀ। ਗੁਰਦੇਵ ਸਿੰਘ ਦੀ ਸਾਰੀ ਟੀਮ ਨੇ ਬੀਬੀ ਇੰਦਰਜੀਤ ਕੌਰ ਮੁਖ ਸੇਵਾਦਾਰ ਪਿੰਗਲਵਾੜਾ ਦਾ ਬਹੁਤ-ਬਹੁਤ ਧੰਨਵਾਦ ਕੀਤਾ ਕਿਉਂਕਿ ਗੰਨੇ ਵਿਚ ਸਮੇਂ-ਸਮੇਂ 'ਤੇ 12-12 ਫ਼ਸਲਾਂ ਲਈਆਂ ਜਾ ਰਹੀਆਂ ਹਨ ਅਤੇ ਇਸ ਫਾਰਮ ਵਿਚ ਵੈਟ ਲੈਂਡ ਵੀ ਤਿਆਰ ਕੀਤੀ ਹੋਈ ਹੈ।

# ਅੱਜ ਬਿਜਲੀ ਬੰਦ ਰਹੇਗੀ

ਫਗਵਾੜਾ (ਡਾ. ਰਮਨ)— ਉਪ ਮੰਡਲ ਅਫਸਰ ( ਸੰਚਾਲਣ ) ਪੀ . ਐਸ . ਪੀ . ਸੀ . ਐਲ . ਚਹੇੜੂ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਮਿਤੀ 22/1/23 ਨੂੰ ਸਵੇਰੇ 9.00 ਵਜੇ ਤੋਂ ਲੈ ਕੇ ਸ਼ਾਮ 05:00 ਵਜੇ 132 ਕੇ . ਵੀ .ਸਟੇਸ਼ਨ ਬੰਗਾ ਰੋਡ ਦੀ ਜਰੂਰੀ ਮੁਰੰਮਤ ਕਾਰਨ , 66 ਕੇ ਵੀ ਸਬ - ਸਟੇਸ਼ਨ ਚਹੇੜੂ ਤੋਂ ਚੱਲਣ ਵਾਲੇ ਸਾਰੇ ਫੀਡਰ ਬੰਦ ਰਹਿਣਗੇ, ਜਿਸ ਨਾਲ ਕਿਸਨਪੁਰ , ਨੰਗਲ ਮੱਝਾ , ਰਾਣੀਪੁਰ , ਸਪਰੋੜ , ਭਗਵਾਨਪੁਰ , ਚਿਹੇੜੂ , ਬਰਨਾ , ਸੇਮੀ , ਸਪਰੋੜ ਅੱਡਾ , ਖਜੂਰਲਾ , ਕਾਂਸੀ ਨਗਰ , ਹਰਦਾਸਪੁਰ ਜਗਪਾਲ ਪੁਰ ਨਰੰਗਪੁਰ ਨਾਨਕ ਨਗਰੀ, ਮਹੇੜੂ ਰੋਡ ਅਤੇ ਨਾਗਰਾ ਗੇਟ ਕਲੋਨੀ ਆਦਿ ਦੀ ਬਿਜਲੀ ਬੰਦ ਰਹੇਗੀ।

# ਪਟਨਾ ਮਹਾਂਸੰਮੇਲਨ ਦੀਆਂ ਤਿਆਰੀਆਂ ਸਬੰਧੀ ਜਾਇਜ਼ਾ ਮੀਟਿੰਗ

## ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਬਾਬਤ ਲਿਖਤੀ ਨੋਟੀਫਿਕੇਸ਼ਨ ਦੀ ਕੀਤੀ ਮੰਗ



ਬਟਾਲਾ (ਤਰਲੋਕ ਬੱਗਾ)-ਫੈਜ਼ਪੁਰਾ ਰੋਡ ਬਟਾਲਾ ਦੇ ਲਿਬਰੇਸ਼ਨ ਮਾਝਾ ਜ਼ੋਨਲ ਦਫਤਰ ਵਿਖੇ ਸੀਪੀਆਈ ਐੱਮਐੱਲ ਲਿਬਰੇਸ਼ਨ ਦੀ ਮਾਝਾ ਜ਼ੋਨ ਦੀ ਮੀਟਿੰਗ ਮੰਗਲ ਸਿੰਘ ਧਰਮਕੋਟ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਬੋਲਦਿਆਂ ਜ਼ੋਨ ਸਕੱਤਰ ਕਾਮਰੇਡ ਬਲਬੀਰ ਸਿੰਘ ਮੂਧਲ ਅਤੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮੀਟਿੰਗ ਵਿੱਚ ਮੁੱਖ ਤੌਰ 'ਤੇ ਪਾਰਟੀ ਦੇ 15 ਤੋਂ 20 ਫਰਵਰੀ ਨੂੰ ਪਟਨਾ ਵਿਖੇ ਹੋ ਰਹੇ ਮਹਾਂਸੰਮੇਲਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਪੰਜਾਬ ਅਤੇ ਦੇਸ਼ ਦੀ ਮੌਜੂਦਾ ਰਾਜਨੀਤਕ ਸਥਿਤੀ ਦਾ ਮੁਲਾਂਕਣ ਕੀਤਾ ਗਿਆ। ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਪੰਜਾਬ ਦੀਆਂ ਕਰੀਬ ਇਕ ਕਰੋੜ ਤੋਂ ਵੀ ਵਧੇਰੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਸਹਾਇਤਾ ਦੇਣ ਦੀ ਗਰੰਟੀ ਸਮੇਤ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਜਾਂ ਗੁਜ਼ਾਰਾ ਭੱਤਾ ਦੇਣ, ਕੱਚੇ ਅਤੇ ਠੇਕੇ ਦੇ ਮੁਲਾਜ਼ਮ ਪੱਕੇ ਕਰਨ ਅਤੇ ਹੋਰ ਗ੍ਹੰਟੀਆਂ ਪੂਰੀਆਂ ਕੀਤੀਆਂ ਜਾਣ, ਮੁੱਖ ਮੰਤਰੀ ਦੁਆਰਾ ਕਈ ਦਿਨ ਪਹਿਲਾਂ ਤੋਂ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦੇ ਐਲਾਨ ਦੇ ਬਾਵਜੂਦ ਨੋਟੀਫਿਕੇਸ਼ਨ ਜਾਰੀ ਨਾ ਕਰਨਾ ਸਵਾਲ ਖੜ੍ਹੇ ਕਰਦਾ ਹੈ ਕਿ ਇਸ ਮੁੱਦੇ ਉਪਰ ਸਰਕਾਰ ਦੇ ਵੱਖ-ਵੱਖ ਕੇਂਦਰਾਂ ਦਰਮਿਆਨ ਮਤਭੇਦ ਹਨ ਜਾਂ ਸਰਕਾਰ ਅਨਾੜੀ ਢੰਗ ਨਾਲ ਫੈਸਲੇ ਲੈ ਰਹੀ ਹੈ। ਮੀਟਿੰਗ ਵਿੱਚ ਸਰਕਾਰ ਉਪਰ ਦੋਸ਼ ਲਾਏ ਗਏ ਕਿ ਮਾਨ ਸਰਕਾਰ ਦੇ ਹਲਕਾ ਇੰਚਾਰਜਾਂ ਅਤੇ ਸਰਕਾਰ ਨੇ ਆਪਣੇ ਹੁਕਮਾਂ ਤਹਿਤ ਪ੍ਰਸ਼ਾਸਨ ਅਤੇ ਖਾਸ ਕਰ ਪੁਲਸ ਦਾ ਪੂਰੀ ਤਰ੍ਹਾਂ ਸਿਆਸੀਕਰਨ ਕਰ ਰੱਖਿਆ ਹੈ, ਪੁਲਸ ਆਮ ਜਨਤਾ ਨਾਲ ਘਟੀਆ ਵਿਵਹਾਰ ਕਰ ਰਹੀ ਹੈ ਜੋ ਸਰਕਾਰ ਨੂੰ ਭਵਿੱਖ ਵਿਚ ਬਹੁਤ ਮਹਿੰਗਾ ਪਵੇਗਾ। ਮੀਟਿੰਗ ਦੌਰਾਨ ਜ਼ੀਰਾ ਸ਼ਰਾਬ ਫੈਕਟਰੀ ਦੇ ਐਲਾਨ ਸਬੰਧੀ ਫੌਰੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕੀਤੀ ਗਈ। ਬੱਖਤਪੁਰਾ ਨੇ ਹਰਿਆਣਾ ਸਰਕਾਰ ਵੱਲੋਂ ਤਿੰਨ ਮਹੀਨੇ ਬਾਅਦ ਹੀ ਫਿਰ ਸੱਚਾ ਸੌਦਾ ਸਾਧ ਨੂੰ ਦਿੱਤੀ ਗਈ ਪੈਰੋਲ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਜਪਾ ਇਹ ਪੈਰੋਲ ਦੇ ਕੇ ਬਲਾਤਕਾਰੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ।

ਭਾਜਪਾ ਅਤੇ ਆਰਐੱਸਐੱਸ ਦੇਸ਼ ਪੱਧਰ 'ਤੇ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਗੰਦੀ ਖੇਡ, ਖੇਡ ਰਹੀ ਹੈ। ਬੱਖਤਪੁਰਾ ਨੇ ਕਿਹਾ ਕਿ ਬੀਬੀਸੀ ਦੁਆਰਾ 2002 ਦੇ ਗੁਜਰਾਤ ਦੰਗਿਆਂ ਬਾਬਤ ਜਾਰੀ ਕੀਤੀ ਜਾਂਚ ਰਿਪੋਰਟ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਪਰ ਸਾਹਮਣੇ ਲਿਆਂਦੇ ਦੋਸ਼ਾਂ ਦਾ ਭਾਰਤ ਦੀ ਸੁਪਰੀਮ ਕੋਰਟ ਨੂੰ ਸੂ ਮੋਟਵ ਨੋਟਿਸ ਲੈਣਾ ਚਾਹੀਦਾ ਹੈ ਅਤੇ ਬੀਬੀਸੀ ਦੀ ਰਿਪੋਰਟ ਅਧਾਰਿਤ ਦੁਨੀਆਂ ਵਿੱਚ ਨਿਰਪੱਖ ਜਾਂਚ ਸਾਹਮਣੇ ਲਿਆਉਣੀ ਚਾਹੀਦੀ ਹੈ। ਇਸ ਮੌਕੇ ਗੁਲਜ਼ਾਰ ਸਿੰਘ ਭੁਬਲੀ, ਮੇਜਰ ਸਿੰਘ, ਨਿਰਮਲ ਸਿੰਘ ਛੱਜਲਵੱਡੀ, ਜਸਬੀਰ ਕੌਰ ਹੇਰ, ਮਦਨਜੀਤ ਸਿੰਘ, ਸੁਖਦੇਵ ਸਿੰਘ ਭਾਗੋਕਾਵਾਂ ਅਤੇ ਅਸ਼ਵਨੀ ਕੁਮਾਰ ਲੱਖਣਕਲਾਂ ਵੀ ਸ਼ਾਮਲ ਸਨ।

22-JAN- PAGE 12.qxd 1/21/2023 9:40 PM Page 1



# ਸੈਂਟਰ ਨੂੰ ਮੁਹੱਲਾ ਕਲੀਨਿਕ 'ਚ ਤਬਦੀਲ ਕਰਨ ਵਿਰੁੱਧ ਦਿਨ-ਰਾਤ ਦਾ ਪੱਕਾ ਧਰਨਾ ਸ਼ੁਰੂ



**ਜਲੰਧਰ (ਨਵਾਂ ਜ਼ਮਾਨਾ ਸਰਵਿਸ)**-ਪੰਜਾਬ ਸਰਕਾਰ ਵੱਲੋਂ ਗੜ੍ਹਾ ਵਿਚਲੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਨੂੰ ਮੁਹੱਲਾ ਕਲੀਨਿਕ ਵਿੱਚ ਤਬਦੀਲ ਕਰਨ ਵਿਰੁੱਧ ਚੱਲ ਰਿਹਾ ਸਮੂਹ ਇਲਾਕਾ ਨਿਵਾਸੀਆਂ ਦਾ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਚੱਲ ਰਿਹਾ ਸਰਵ ਸਾਂਝਾ ਘੋਲ ਚੌਥੇ ਦਿਨ ਵਿਚ ਦਾਖ਼ਲ ਹੋ ਕੇ ਦਿਨ ਰਾਤ ਦੇ ਪੱਕੇ ਧਰਨੇ ਵਿਚ ਤਬਦੀਲ ਹੋ ਗਿਆ ਹੈ। ਸਰਕਾਰ ਦੀ ਹੱਠਧਰਮੀ ਤੋਂ ਖ਼ਫ਼ਾ ਇਲਾਕਾ ਨਿਵਾਸੀ ਇੱਥੇ ਹੀ ਲੰਗਰ ਪਸ਼ਾਦਾ ਤਿਆਰ ਕਰਕੇ ਛੱਕਦੇ ਹਨ ਅਤੇ ਕੜਕਦੀ ਠੰਡ ਵਿਚ ਰਾਤਾਂ ਨੂੰ ਇੱਥੇ ਹੀ ਧੂਣੀ ਬਾਲ ਕੇ ਸੌਂਦੇ ਹਨ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਜਲੰਧਰ ਕੈਂਟ ਦੇ ਵਿਧਾਇਕ ਪਰਗਟ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਬਲਦੇਵ ਸਿੰਘ ਨੂਰਪਰੀ, ਔਰਤ ਮੁਕਤੀ ਮੋਰਚਾ ਦੀ ਸੀਨੀਅਰ ਆਗੂ ਸੁਨੀਤਾ ਨੂਰਪੁਰੀ, ਕੌਂਸਲਰ ਪ੍ਰਭਦਿਆਲ ਭਗਤ, ਸਾਬਕਾ ਕੌਂਸਲਰ ਕਿਰਪਾਲ ਪਾਲੀ ਅਤੇ ਸੀਟੀਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰਾਮ ਕਿਸ਼ਨ, ਐਸ.ਕੇ ਕਪੂਰ, ਕਮਲਾ ਕਾਲਾ ਸਬਕਾ ਕੌਂਸਲਰ, ਡਾ. ਸੁਖਦੇਵ ਗੁਰਦਿਆਲ ਰਤਨ ਨੇ ਵੀ ਸੰਬੋਧਨ ਕੀਤਾ। ਧਰਨਾਕਾਰੀਆਂ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਬੇਜ਼ਮੀਨੇ ਸਾਧਨਹੀਨ ਪੇਂਡੂ ਮਜ਼ਦੂਰਾਂ ਦੀ ਸਿਰਮੌਰ ਜਥੇਬੰਦੀ ਦਿਹਾਤੀ ਮਜ਼ਦੂਰ ਸਭਾ ਦੇ ਵਿੱਤ ਸਕੱਤਰ ਸਾਥੀ ਮਹੀਪਾਲ ਨੇ ਆਪਣੀ ਹੱਕੀ ਮੰਗ ਮਨਵਾਉਣ ਲਈ ਅਮਨ ਪੂਰਵਕ ਸੰਘਰਸ਼ ਕਰ ਰਹੇ ਲੋਕਾਂ ਨੂੰ ਹਰ ਕਿਸਮ ਦੇ ਸਹਿਯੋਗ ਦਾ ਭਰੋਸਾ ਦਿਵਾਇਆ। ਚੇਤੇ ਰਹੇ ਇਲਾਕਾ ਨਿਵਾਸੀ ਲੰਮੇ ਸਮੇਂ ਤੋਂ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਵਿਚ ਲੋੜੀਂਦਾ ਅਮਲਾ ਨਿਯੁਕਤ ਕਰਨ ਅਤੇ ਹਰ ਕਿਸਮ ਦੇ ਇਲਾਜ ਲਈ ਜ਼ਰੂਰੀ ਮਸ਼ੀਨਰੀ ਸਥਾਪਤ ਕਰਨ ਦੀ ਮੰਗ ਦੇ ਨਾਲ ਨਾਲ ਅਬਾਦੀ ਦੇ ਤਵਾਜ਼ਨ ਨੂੰ ਦੇਖਦੇ ਹੋਏ ਡਿਸਪੈਂਸਰੀ ਨੂੰ ਅਪਗਰੇਡ ਕਰਨ ਦੀ ਮੰਗ ਕਰ ਰਹੇ ਹਨ। ਪ੍ਰੰਤੂ ਸਰਕਾਰ ਨੇ ਇਨ੍ਹਾਂ ਹੱਕ ਵਜਾਨਬ ਮੰਗਾਂ ਦੀ ਪੂਰਤੀ ਦੀ ਬਜਾਏ ਡਿਸਪੈਂਸਰੀ ਨੂੰ ਮੁਹੱਲਾ ਕਲੀਨਿਕ ਵਿਚ ਤਬਦੀਲ ਕਰਨ ਦਾ ਡਰਾਮਾ ਰਚਿਆ ਹੈ। ਲੋਕ ਇਸ ਤੱਥ ਤੋਂ ਭਲੀਭਾਂਤ ਜਾਣੂ ਹਨ ਕਿ ਮੁਹੱਲਾ ਕਲੀਨਿਕ ਅਬਾਦੀ ਦੀਆਂ ਇਲਾਜ਼ ਸਬੰਧੀ ਲੋੜਾਂ, ਖਾਸਕਰਕੇ ਹੰਗਾਮੀ ਸਰਜਰੀ ਆਦਿ ਕਰਨ ਪੱਖੋਂ ਅਸਮਰਥ ਹਨ। ਦਿੱਲੀ ਵਿਚਲੇ ਉਜਾੜ ਪਏ ਮੁਹੱਲਾ ਕਲੀਨਿਕਾਂ ਦੀਆਂ ਹਰ ਰੋਜ਼ ਵਾਇਰਲ ਹੁੰਦੀਆਂ ਤਸਵੀਰਾਂ ਅਤੇ ਵੀਡੀਓਜ਼ ਤੋਂ ਵੀ ਲੋਕ ਇਹ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਮੁਹੱਲਾ ਕਲੀਨਿਕਾਂ ਦੀ ਸਥਾਪਨਾ ਪਿੱਛੇ ਸਰਕਾਰ ਦਾ ਲੋਕਾਂ ਨੂੰ ਮਿਆਰੀ ਇਲਾਜ਼ ਸਹੂਲਤਾਂ ਮੁਹੱਈਆ ਕਰਵਾਉਣ ਦੀ ਬਜਾਏ ਕੋਈ ਹੋਰ ਹੀ ਲੁਕਵਾਂ ਮਕਸਦ ਹੈ। ਧਰਨੇ 'ਤੇ ਬੈਠੇ ਲੋਕਾਂ ਨੇ ਐਲਾਨ ਕੀਤਾ ਹੈ ਕਿ ਜਿੰਨਾ ਚਿਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਸ਼ਾਂਤਮਈ ਸੰਘਰਸ਼ ਹਰ ਹਾਲਤ ਵਿਚ ਜਾਰੀ ਰੱਖਿਆ ਜਾਵੇਗਾ।

# ਐੱਲ ਪੀ ਯੂ ਦੀ ਵਿਦਿਆਰਥਣ ਤਨੀਸ਼ਾ ਜੋਸ਼ੀ ਸਨਮਾਨਤ



**ਜਲੰਧਰ (ਸ਼ੈਲੀ ਐਲਬਰਟ)** ਭੌਤਿਕ ਵਿਗਿਆਨ ਵਿਭਾਗ ਦੀ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੀ ਪੀਐਚਡੀ ਦੀ ਵਿਦਿਆਰਥਣ ਤਨੀਸ਼ਾ ਜੋਸ਼ੀ ਨੇ ਭਾਰਤੀ ਫੌਜ ਵੱਲੋਂ ਦੂਜਾ ਰਨਰ-ਅੱਪ ਇਨਾਮ ਹਾਸਲ ਕੀਤਾ ਹੈ। ਇਹ ਮੌਕਾ ਭਾਰਤੀ ਸੈਨਾ ਦੁਆਰਾ ਹੈਕਾਥੌਨ ਦੇ ਰੂਪ ਵਿੱਚ ਆਯੋਜਿਤ ਇੱਕ ਤਿੰਨ ਮਹੀਨੇ ਲੰਬੇ "ਸਾਈਬਰ ਥ੍ਰੇਟ ਸੈਮੀਨਾਰ ਕਮ ਵਰਕਸ਼ਾਪ- ਸੈਨਿਆ ਰਣਕਸ਼ੇਤਰਮ 2.0" ਦਾ ਸੀ। ਥਲ ਸੈਨਾ ਮੁਖੀ ਜਨਰਲ ਮਨੋਜ ਪਾਂਡੇ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ। ਐਲਪੀਯੂ ਦੀ ਤਨੀਸਾ ਭਾਰਤ ਭਰ ਦੇ 80,000 ਤੋਂ ਵੱਧ ਪੁਰਸ਼/ਔਰਤ ਭਾਗੀਦਾਰਾਂ ਵਿੱਚੋਂ ਇੱਕਲੌਤੀ ਜੇਤੂ ਮਹਿਲਾ ਪ੍ਰਤੀਭਾਗੀ ਹੈ।

ਉਸ ਨੇ ਇਸ ਸਬੰਧ ਵਿੱਚ 50,000 ਰੁਪਏ ਦਾ ਨਕਦ ਇਨਾਮ ਅਤੇ ਇੱਕ ਵੱਕਾਰੀ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ ਹੈ। ਇਵੈਂਟ ਦਾ ਉਦੇਸ਼ ਵਿਸੇਸ ਡੋਮੇਨਾਂ ਵਿੱਚ ਸਵਦੇਸੀ ਪ੍ਰਤਿਭਾ ਦੀ ਪਛਾਣ ਕਰਨ ਅਤੇ ਸਾਈਬਰ ਡਿਟਰੈਂਸ, ਸੁਰੱਖਿਆ ਸਾਫਟਵੇਅਰ ਕੋਡਿੰਗ, ਇਲੈਕਟ੍ਰੋਮੈਗਨੈਟਿਕ ਸਪੈਕਟ੍ਰਮ ਓਪਰੇਸਨ ਅਤੇ ਆਰਟੀਫੀਸੀਅਲ ਇੰਟੈਲੀਜੈਂਸ/ਮਸੀਨ ਲਰਨਿੰਗ ਦੇ ਡੋਮੇਨਾਂ ਵਿੱਚ ਸਿਖਲਾਈ ਦੇ ਮਿਆਰ ਨੂੰ ਵਧਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ। ਭਾਗੀਦਾਰੀ ਸਾਰੇ ਭਾਰਤੀ ਨਾਗਰਿਕਾਂ ਲਈ ਖੁੱਲ੍ਹੀ ਸੀ। ਤਨੀਸ਼ਾ ਨੇ ਆਪਣੀ ਜੇਤੂ ਮੁਹਾਰਤ ਦਾ ਖੁਲਾਸਾ ਕੀਤਾ, ਜੋ ਕਿ 'ਵਾਈ ਫਾਈਂ - 6 ਲਈ ਕਸਟਮਾਈਜਡ ਇੰਡੀਅਨ ਆਰਮੀ ਸਪੈਸਿਫਿਕ ਸਟੈਕ' ਹੈ। ਇਸ ਉਪ-ਈਵੈਂਟ ਨੂੰ ਕਰਨ ਦਾ ਭਾਰਤੀ ਫੌਜ ਦਾ ਉਦੇਸ ਸੁਰੱਖਿਆ ਦੇ ਪੱਧਰਾਂ ਨੂੰ ਵਧਾਉਣ ਲਈ ਸੁਰੱਖਿਅਤ ਵਾਈ-ਫਾਈ ਸਟੈਕ ਦੇ ਭਾਰਤੀ ਫੌਜ ਦੇ ਵਿਸੇਸ ਸੰਸਕਰਣ ਨੂੰ ਲਾਗੂ ਕਰਨ ਲਈ ਹੱਲ ਲੱਭਣਾ ਸੀ। ਕਰਨਲ ਨਿਸਾਂਤ ਰਾਠੀ, ਕਮਾਂਡੈਂਟ, ਆਰਮੀ ਹੈੱਡਕੁਆਰਟਰ ਕੰਪਿਊਟਰ ਸੈਂਟਰ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ; ਅਤੇ ਇੱਕ ਐਲ ਐਂਡ ਟੀ ਦੇ ਕਰਮਚਾਰੀ ਸੂਰਿਆਸਾਰਦੀ ਬਲਾਰਕਨ ਫਸਟ ਰਨਰ ਅੱਪ ਰਹੇ। ਐਲਪੀਯੂ ਦੇ ਚਾਂਸਲਰ ਡਾ. ਅਸ਼ਕ ਕੁਮਾਰ ਮਿੱਤਲ ਨੇ ਐਲਪੀਯੂ ਦੇ ਭੌਤਿਕ ਵਿਗਿਆਨ ਵਿਭਾਗ ਵਿੱਚ ਪ੍ਰਤਿਭਾਸਾਲੀ ਵਿਦਿਆਰਥਣ ਅਤੇ ਉਸਦੇ ਸਲਾਹਕਾਰਾਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਅੰਤ ਵਿੱਚ ਦੇਸ ਅਤੇ ਸਮਾਜ ਦੀ ਮਦਦ ਕਰਨ ਲਈ ਉਸ ਵਿੱਚ ਸਬੰਧਤ ਵਿਸੇ ਦੀ ਮੁਹਾਰਤ ਪੈਦਾ ਕੀਤੀ। ਹੈਕਾਥੌਨ ਆਰਮੀ ਟਰੇਨਿੰਗ ਕਮਾਂਡ (ਏਆਰਟੀਆਰਏਸੀ) ਦੀ ਅਗਵਾਈ ਹੇਠ ਭਾਰਤੀ ਫੌਜ ਨੇ ਅਕਤੂਬਰ 2022 ਤੋਂ ਜਨਵਰੀ 2023 ਤੱਕ 'ਹੈਕਾਥੌਨ' ਦੇ ਇਸ ਦੂਜੇ ਸੰਸਕਰਨ ਦਾ ਆਯੋਜਨ ਕੀਤਾ ਸੀ। ਇਸਦਾ ਉਦੇਸ਼ ਸੰਚਾਲਨ ਸਾਈਬਰ ਚੁਣੌਤੀਆਂ ਦੇ ਹੱਲ ਅਤੇ ਸਾਈਬਰ ਸੁਰੱਖਿਆ ਦੇ ਖੇਤਰ ਵਿੱਚ ਨਵੀਨਤਾਕਾਰੀ ਹੱਲ ਲੱਭਣਾ ਸੀ।

ਐਲਪੀਯੂ ਦੇ ਸਕੂਲ ਆਫ ਕੈਮੀਕਲ ਇੰਜਨੀਅਰਿੰਗ ਅਤੇ ਭੌਤਿਕ ਵਿਗਿਆਨ ਦੇ ਡਿਪਟੀ ਡੀਨ, ਪ੍ਰੋਫੈਸਰ ਡਾ: ਕੈਲਾਸ਼ ਜੁਗਲਾਨ ਨੇ ਸਾਂਝਾ ਕੀਤਾ ਕਿ ਭਾਰਤੀ ਸੈਨਾ ਦੇ ਅਨੁਸਾਰ, ਚਾਰ ਉਪ-ਈਵੈਂਟਾਂ ਦੇ ਤਹਿਤ ਆਯੋਜਿਤ ਇਵੈਂਟ ਨੇ ਵਿਅਕਤੀਆਂ, ਅਕਾਦਮਿਕ ਅਤੇ ਸੰਸਥਾਵਾਂ ਦੇ ਪੱਧਰਾਂ 'ਤੇ ਅੰਦਰੂਨੀ ਪ੍ਰਤਿਭਾ ਨਾਲ ਸ਼ਮੂਲੀਅਤ ਦੀ ਸਹੂਲਤ ਦਿੱਤੀ। ਇਸ ਨੇ ਰੱਖਿਆ ਬਲਾਂ ਅਤੇ ਸਿਵਲ ਅਕਾਦਮਿਕ ਦੋਵਾਂ ਵਿੱਚ 'ਸਾਈਬਰ ਸੁਰੱਖਿਆ' ਦੇ ਖੇਤਰ ਵਿੱਚ ਯੋਗ ਪ੍ਰਤਿਭਾ ਦੀ ਪਛਾਣ ਕੀਤੀ ਹੈ। ਪਛਾਣੀ ਗਈ ਪ੍ਰਤਿਭਾ ਨੂੰ ਅੱਗੇ ਕੇਂਦ੍ਰਿਤ ਰੁਝੇਵਿਆਂ ਲਈ ਵਰਤਿਆ ਜਾ ਸਕਦਾ ਹੈ ਜਿਸ ਦੇ ਨਤੀਜੇ ਵਜੋਂ ਸਾਈਬਰ ਸੁਰੱਖਿਆ ਸਾਧਨਾਂ ਅਤੇ ਤਕਨੀਕਾਂ ਦਾ ਤੇਜ਼-ਟਰੈਕ ਵਿਕਾਸ ਹੁੰਦਾ ਹੈ।

# ਪੁਲਸ ਨੇ ਭਗੌੜਾ ਕੀਤਾ ਕਾਬੂ



ਆਦਮਪੁਰ ( ਪਰਮਜੀਤ ਸਿੰਘ): ਸੀਨੀਅਰ ਪੁਲਸ ਕਮਾਨ ਜਲੰਧਰ ਦੇਹਾਤੀ ਸਵਰਨਦੀਪ ਸਿੰਘ ਨੇ ਦਿਸ਼ਾ-ਨਿਰਦੇਸ਼ਾ 'ਤੇ ਨਸ਼ਾ ਤਸਕਰ, ਪੀ ਓ ਕਾਬੂ ਕਰਨੇ ਦੇ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਦੇ ਤਹਿਤ ਸਰਬਜੀਤ ਸਿੰਘ ਬਾਹਿਆ ਪੁਲਸ ਕਮਾਨ (ਇਨਵੈਸਟੀਗੇਸਨ) ਜਲੰਧਰ ਦੇਹਾਤੀ ਅਤੇ ਸਰਬਜੀਤ ਸਿੰਘ ਰਾਏ ਉਪ ਪੁਲਸ ਕਮਾਨ ਸਬ ਡਿਵੀਜਨ ਆਦਮਪੁਰ ਦੀ ਅਗਵਾਈ ਹੇਠ ਇੰਸਪੈਕਟਰ ਹਰਦੀਪ ਸਿੰਘ ਥਾਣਾ ਪ੍ਰਭਾਰੀ ਆਦਮਪੁਰ ਦੀ ਜੰਡੂਸਿੰਘਾ ਪੁਲਸ ਚੌਕੀ ਦੀ ਟੀਮ ਦੁਆਰਾ ਮੁਕੱਦਮੇ 'ਚ ਭਗੌੜੇ ਨੂੰ ਕਾਬੂ ਕਰਨੇ ਵਿੱਚ ਸਫਲਤਾ ਹਾਸਲ ਕੀਤੀ। ਜਾਣਕਾਰੀ ਦਿੰਦੇ ਹੋਏ ਸਰਬਜੀਤ ਸਿੰਘ ਰਾਏ ਉਪ ਪੁਲਸ ਕਮਾਨ ਸਬ ਡਿਵੀਜਨ ਆਦਮਪੁਰ ਨੇ ਦੱਸਿਆ ਕਿ ਮੁਕਦਮਾ ਨੰਬਰ 115 ਮਿਤੀ 10 ਮਈ 2020 ਜੋ ਕਿ ਤਨਵੀਤ ਸਿੰਘ ਉਰਫ ਤਨਾ ਨਿਵਾਸੀ ਪੱਤੀ ਮੋਗਾ ਜੰਡੂਸਿੰਘਾ ਥਾਣਾ ਆਦਮਪੁਰ ਵਿਚ ਦਰਜ ਹੋਇਆ ਸੀ ਜਿਸ ਦੀ ਪੁਲਸ ਨੂੰ ਤਲਾਸ਼ ਸੀ, ਜਿਸ ਨੂੰ ਮਨਦੀਪ ਕੌਰ ਜੈ ਐੱਮ ਆਈ ਸੀ ਜਲੰਧਰ ਦੁਆਰਾ 299 ਸੀ ਆਰ ਪੀ ਸੀ ਦੇ ਤਹਿਤ ਅਦਾਲਤ ਨੇ 30 ਸਤੰਬਰ 2022 ਨੂੰ ਭਗੋੜਾ ਕਰਾਰ ਦਿੱਤਾ ਸੀ ਤਾ ਪੁਲਸ ਚੌਕੀ ਜੰਡੂਸਿੰਘਾ ਦੇ ਇੰਚਾਰਜ ਏ ਐੱਮ ਆਈ ਭਗਵੰਤ ਸਿੰਘ ਨੇ ਸਮੇਤ ਕਪੂਰ ਪਿੰਡ ਜੰਡੂਸਿੰਘਾ ਰਸਤੇ ਤੇ ਗਿਰਫਤਾਰ ਕੀਤਾ।

# ਕਿਰਤੀ ਕਿਸਾਨ ਮੋਰਚੇ ਦਾ ਕਾਫਲਾ ਮੋਰਚੇ 'ਚ ਭਲਕੇ ਕਰੇਗਾ ਸ਼ਮੂਲੀਅਤ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਕਿਰਤੀ ਕਿਸਾਨ ਮੋਰਚਾ ਰੋਪੜ ਦੀ ਮੀਟਿੰਗ ਮਾਸਟਰ ਰਾਮਪਾਲ ਸਿੰਘ ਅਸਾਲਤ ਪੁਰ ਦੀ ਅਗਵਾਈ ਵਿੱਚ ਪਿੰਡ ਮੁੰਨੇ ਗੁਰੂਦੁਆਰਾ ਵਿਖੇ ਹੋਈ, ਜਿਸ ਵਿੱਚ ਮੁਹਾਲੀ ਵਿਖੇ ਚੱਲ ਰਹੇ ਬੰਦੀ ਸਿੰਘਾਂ ਦੀ ਰਿਹਾਈ ਵਾਲੇ ਮੋਰਚੇ ਵਿੱਚ ਵੱਡੀ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ। ਇਹ ਕਾਫਲਾ 23 ਜਨਵਰੀ ਸਵੇਰੇ 10 ਵਜੇ ਸਰਥਲੀ ਗਰਾਊਂਡ 'ਚੋਂ ਹੋਵੇਗਾ ਰਵਾਨਾ ਇਸ ਮੌਕੇ ਕਿਰਤੀ ਕਿਸਾਨ ਮੋਰਚਾ ਰੋਪੜ ਦੇ ਪ੍ਰਧਾਨ ਵੀਰ ਸਿੰਘ ਬੜਵਾ ਨੇ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਘੱਟ ਗਿਣਤੀ ਲੋਕਾਂ ਦੇ ਨਾਲ ਹਮੇਸ਼ਾਂ ਧੱਕਾ ਕੀਤਾ ਜਾਂਦਾ ਰਿਹਾ ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘ ਅਤੇ ਸਿਆਸੀ ਕੈਦੀ ਅਜੇ ਵੀ ਇਹਨਾਂ ਸਰਕਾਰਾਂ ਵੱਲੋਂ ਜਬਰਦਸਤੀ ਢੰਗ ਦੇ ਨਾਲ ਜੇਲ੍ਹਾਂ ਵਿੱਚ ਬੰਦ ਕੀਤੇ ਹੋਏ ਨੇ ਉਨ੍ਹਾਂ ਕਿਹਾ ਕਿ ਜਦੋਂ ਇਹ ਸਰਕਾਰਾਂ ਰਾਮ ਰਹੀਮ ਵਰਗੇ ਪਖੰਡੀਆਂ ਨੂੰ ਪੈਰੋਲ 'ਤੇ ਛੱਡ ਸਕਦੀਆਂ ਹਨ ਤਾਂ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਅਤੇ ਸਿਆਸੀ ਕੈਦੀਆਂ ਨੂੰ ਕਿਉਂ ਨਹੀਂ ਛੱਡ ਸਕਦੀਆਂ। ਉਨ੍ਹਾਂ ਕਿਹਾ ਕਿ ਹੁਣ ਦੇਸ ਦੇ ਅੰਦਰ ਘੱਟ-ਗਿਣਤੀਆਂ ਦੇ ਉੱਤੇ ਹਮਲੇ ਲਗਾਤਾਰ ਵਧ ਰਹੇ ਨੇ ਅਗਰ ਕੋਈ ਆਪਣੇ ਹੱਕਾਂ ਲਈ ਆਵਾਜ ਬੁਲੰਦ ਕਰਦਾ ਹੈ ਤਾਂ ਉਹਨਾਂ ਨੂੰ ਝੂਠੇ ਕੇਸ ਪਾ ਕੇ ਜੇਲਾਂ ਵਿੱਚ ਡੱਕ ਦਿੱਤਾ ਜਾਂਦਾ ਹੈ ਇਸ ਲਈ ਆਪਣੇ ਹੱਕ ਲੈਣ ਲਈ ਅਤੇ ਆਪਣੀ ਹੋਂਦ ਨੂੰ ਬਚਾਉਣ ਲਈ ਇੱਕ ਮਾਤਰ ਰਸਤਾ ਸਾਡੇ ਕੋਲ ਹੈ ਤਾਂ ਉਹ ਸੰਘਰਸ ਹੈ ਇਸ ਮੌਕੇ ਅਵਤਾਰ ਸਿੰਘ ਅਸਾਲਤ ਪਰ, ਬਲਵੀਰ ਸਿੰਘ, ਤੇਜਿੰਦਰ ਸਿੰਘ, ਸੂਬੇਦਾਰ ਜਰਨੈਲ ਸਿੰਘ, ਗੁਰਨਾਮ ਸਿੰਘ, ਗੁਰਦੇਵ ਸਿੰਘ ਜਸੇਮਾਜਰਾ, ਹਰਬੰਸ ਸਿੰਘ ਬੈਂਸਾਂ, ਅਵਤਾਰ ਸਿੰਘ ਦਿਆਲ, ਦਲਜੀਤ ਸਿੰਘ, ਰੋਸਨ ਸਿੰਘ ਤੋਂ ਇਲਾਵਾ ਹੋਰ ਵੀ ਸਾਥੀ ਮੌਜੂਦ ਸਨ।

# ਬਲਾਕ ਪੱਧਰੀ ਅੰਗਰੇਜ਼ੀ ਦੇ ਮੁਕਾਬਲੇ ਕਰਵਾਏ



**ਟਾਂਡਾ ਉੜਮੁੜ ( ਓਂਕਾਰ ਸਿੰਘ, ਜਸਵਿੰਦਰ ਸੰਧੂ)** ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਬਲਾਕ ਪੱਧਰੀ ਅੰਗਰੇਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਵਿਖੇ ਕਰਵਾਏ ਗਏ।

ਇਹਨਾਂ ਮੁਕਾਬਲਿਆਂ ਵਿੱਚ ਬਲਾਕ ਟਾਂਡਾ1 ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। 9ਵੀ ਤੋਂ 10 ਵੀ ਕਲਾਸ ਦੇ ਹੋਏ ਮੁਕਾਬਲਿਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲੀਮਪੁਰ ਦੀ ਵਿਦਿਆਥਣ ਸ਼ੁੱਭਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਬਲਜੀਤ ਸਿੰਘ ਅਤੇ ਸਮੂਹ ਸਟਾਫ ਨੇ ਸਕੂਲ ਦਾ ਨਾਂਅ ਰੌਸ਼ਨ ਕਰਨ ਵਾਲੀ ਇਸ ਵਿਦਿਆਰਥਣ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੈਡਮ ਅੰਜੂ ਸ਼ਰਮਾ, ਕਮਲਜੀਤ ਕੌਰ, ਅਮਰ ਸਿੰਘ, ਸਤਪਾਲ ਸਿੰਘ, ਜਤਿੰਦਰ ਸਿੰਘ, ਸੁਖਵਿੰਦਰ ਸਿੰਘ, ਜਸਵੰਤ ਸਿੰਘ, ਅਜੈਬ ਸਿੰਘ, ਅਨੀਤਾ, ਗੁਰਪ੍ਰੀਤ ਕੌਰ, ਕੋਮਲ ਗੁਰਪ੍ਰੀਤ ਕੌਰ, ਜਗੀਰ ਸਿੰਘ, ਕੁਲਵਿੰਦਰ ਸਿੰਘ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

# ਅਜਨੋਹਾ ਸਕੂਲ ਦੇ ਵਿਦਿਆਰਥੀਆਂ ਦਾ ਲਗਵਾਇਆ ਵਿੱਦਿਅਕ ਟੂਰ




**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦੇ ਐਨ.ਐੱਸ. ਕਿਊ.ਐਫ ਦੇ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਵੇਰਕਾ ਮਿਲਕ ਪਲਾਂਟ ਜਲੰਧਰ ਵਿਖੇ ਵਿੱਦਿਅਕ ਟੂਰ ਲਗਾਇਆ ਗਿਆ। ਅਜਨੋਹਾ ਸਕੂਲ ਵਿੱਚ ਚਲ ਰਹੇ ਐਨ.ਐੱਸ. ਕਿਊ.ਐਫ ਸਟਰੀਮ ਤਹਿਤ ਵੋਕੇਸ਼ਨਲ ਟਰੇਨਰ ਬਲਵਿੰਦਰ ਸਿੰਘ ਅਤੇ ਜਤਿੰਦਰ ਕੁਮਾਰ ਦੀ ਅਗਵਾਈ ਅਤੇ ਸਕੂਲ ਪ੍ਰਿੰਸੀਪਲ ਇੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਵਿੱਦਿਅਕ ਟੂਰ ਭੇਜਿਆ ਗਿਆ।

ਇਸ ਮੌਕੇ ਰਾਜਵਿੰਦਰ ਕੌਰ, ਜਤਿੰਦਰ ਸਿੰਘ, ਸਰਬਜੀਤ ਕੌਰ, ਬਲਬੀਰ ਕੌਰ, ਹਰਮਨੋਜ ਕੁਮਾਰ, ਨਰਿੰਦਰ ਅਜਨੋਹਾ, ਲਵਦੀਪ ਕੌਰ, ਧਰਮਿੰਦਰ ਸਿੰਘ, ਅਬਿਨਾਸ ਕੌਰ, ਉਂਕਾਰ ਸਿੰਘ, ਹਾਫਿਜ ਪਦਮ, ਅਮਨਜੀਤ ਕੌਰ, ਦੀਪਕ ਕੁਮਾਰ, ਮੁਨੀਸ ਕੁਮਾਰ, ਸੋਹਣ ਸਿੰਘ ਮੌਜੂਦ ਸਨ।

# ਸੇਂਟ ਸੋਲਜਰ ਸਕੂਲ ਬਣ ਰਹੇ ਹਨ ਲੋਕਾਂ ਦੀ ਪਹਿਲੀ ਪਸੰਦ : ਚੋਪੜਾ




**ਜਲੰਧਰ (ਉੱਭੀ)** ਹਰ ਮਾਂ-ਬਾਪ ਆਪਣੇ ਬੱਚੇ ਨੂੰ ਚੰਗੀ ਸਿੱਖਿਆ ਦੇ ਇੱਕ ਚੰਗਾ ਇਨਸਾਨ ਬਨਾਉਣਾ ਚਾਹੁੰਦਾ ਹਨ, ਜਿਸ 'ਚ ਅਹਿਮ ਰੋਲ ਸਕੂਲ ਅਦਾ ਕਰਦਾ ਹੈ। ਇਸੇ ਉਦੇਸ਼ ਨਾਲ ਸਿੱਖਿਆ, ਖੇਡਾਂ, ਸਮਾਜ ਦੇ ਪ੍ਰਤੀ ਜ਼ਿੰਮੇਦਾਰੀ ਆਦਿ ਪ੍ਰਦਾਨ ਕਰਦੇ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਸ ਵੱਲੋਂ ਚਲਾਏ ਜਾ ਰਹੇ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਮਾਪਿਆਂ ਦੀ ਪਹਿਲੀ ਪਸੰਦ ਬਣੇ ਹੋਏ ਹਨ। ਸੇਂਟ ਸੋਲਜਰ ਗਰੁੱਪ ਦੇ ਪੰਜਾਬ, ਚੰਡੀਗੜ੍ਹ, ਹਿਮਾਂਚਲ, ਦਿੱਲੀ ਆਦਿ ਸਮੇਤ ਪੂਰੇ ਉੱਤਰੀ ਭਾਰਤ 'ਚ 34 ਸਕੂਲ ਹਨ। ਇਸ ਗਰੁੱਪ ਦੀ ਖਾਸ ਗੱਲ ਇਹ ਵੀ ਹੈ ਕੀ ਇੱਥੇ ਬੱਚਾ ਪ੍ਰੀ-ਨਰਸਰੀ ਕਲਾਸ 'ਚ ਦਾਖ਼ਲਾ ਲੈਂਦਾ ਹੈ ਤੇ ਆਪਣੀ ਉੱਚ ਸਿੱਖਿਆ ਵੀ ਇਸੇ ਗਰੁੱਪ 'ਚ ਪੂਰੀ ਕਰ ਸਕਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਰੁਜ਼ਗਾਰ ਦਿਵਾਉਣ ਲਈ ਸਮੇਂ-ਸਮੇਂ 'ਤੇ ਪਲੇਸਮੈਂਟ ਡਰਾਈਵ, ਜਾਬ ਫੇਅਰ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੇਂਟ ਸੋਲਜਰ ਗਰੁੱਪ ਵੱਲੋਂ ਪਾੜ੍ਹਿਆਂ ਨੂੰ ਅਕਾਦਮਿਕ ਸਿੱਖਿਆ 'ਚ ਚੰਗੇ ਨਤੀਜੇ ਪ੍ਰਾਪਤ ਕਰਨ ਲਈ ਖਾਸ ਧਿਆਨ, ਸਮਾਜ ਦੇ ਪ੍ਰਤੀ ਜੋੜਨ ਤੇ ਜ਼ਿੰਮੇਦਾਰ ਬਣਾਉਣ ਲਈ ਸੋਸ਼ਲ ਗਤੀਵਿਧੀਆਂ, ਸਰੀਰਕ ਵਿਕਾਸ ਲਈ ਸਪੋਰਟਸ ਮੀਟਸ ਆਦਿ ਦਾ ਸਮੇਂ-ਸਮੇਂ 'ਤੇ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜੋ ਵਿਦੇਸ਼ਾਂ 'ਚ ਸੈਟਲ ਹੋਣਾ ਚਾਹੁੰਦੇ ਹਨ ਉਨ੍ਹਾਂ ਪਾੜ੍ਹਿਆਂ ਲਈ 'ਪਾਥਵੇ ਪ੍ਰੋਗਰਾਮ' ਕਰਵਾਏ ਜਾ ਰਹੇ ਹਨ। ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਲਈ 'ਮਾਸਟਰ ਰਾਜਕੰਵਰ ਚੋਪੜਾ ਇਕ ਕਰੋੜ ਸਕਾਲਰਸ਼ਿਪ' ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਦੱਸਿਆ ਕਿ ਸਾਰੇ ਸਕੂਲਾਂ 'ਚ ਐਡਮਿਸ਼ਨ/ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਮਾਪਿਆਂ ਵੱਲੋਂ ਇੱਕ ਚੰਗਾ ਰਿਸਪਾਂਸ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਮਾਤਾ-ਪਿਤਾ ਆਪਣੇ ਬੱਚਿਆਂ ਦੀ ਐਡਮਿਸ਼ਨ ਕਰਵਾਉਂਣਾ ਚਾਹੁੰਦੇ ਹਨ ਉਹ ਜਲਦ ਤੋਂ ਜਲਦ ਆ ਕੇ ਕਰਵਾ ਸਕਦੇ ਹਨ।

# ਡਾਕਟਰ ਬੀ ਆਰ ਅੰਬੇਡਕਰ ਲਾਇਬ੍ਰੇਰੀ ਵਿਖੇ ਸਿਲਾਈ ਸੈਂਟਰ ਖੋਲ੍ਹਿਆ



**ਫਗਵਾੜਾ (ਜਸਵਿੰਦਰ ਢੱਡਾ)**- ਹੁਸ਼ਿਆਰਪੁਰ ਰੋਡ ਤੇ ਸਥਿਤ ਪਿੰਡ ਡਾਕਟਰ ਬੀ ਆਰ ਅੰਬੇਡਕਰ ਨਗਰ ਢੱਡੇ ਵਿਖੇ ਡਾਕਟਰ ਬੀ ਆਰ ਅੰਬੇਡਕਰ ਲਾਇਬ੍ਰੇਰੀ ਵਿਖੇ ਸੁਰਗਵਾਸੀ ਸੁਰਿੰਦਰ ਕੌਰ ਮਹੇ ਦੇ ਨਾਂਅ 'ਤੇ ਸਿਲਾਈ ਸੈਂਟਰ ਖੋਲਿਆ ਗਿਆ। ਜਿਸ ਦਾ ਉਦਘਾਟਨ ਸਰਪੰਚ ਜਸਵੀਰ ਕੌਰ ਤੇ ਬਲਦੇਵ ਰਾਮ ਨੇ ਸਾਂਝੇ ਤੌਰ 'ਤੇ ਕੀਤਾ। ਇਸ ਸਿਲਾਈ ਸੈਂਟਰ 'ਚ ਗਰੀਬ ਬੱਚਿਆਂ, ਔਰਤਾਂ ਤੇ ਲੜਕੀਆਂ ਦੇ ਨਵੇਂ ਤੇ ਪੁਰਾਣੇ ਕੱਪੜਿਆਂ ਦੀ ਮੁਫਤ ਸਿਲਾਈ ਕੀਤੀ ਜਾਵੇਗੀ। ਜਿੱਥੇ ਬਲਵੀਰ ਸਿੰਘ ਇੰਗਲੈਂਡ ਵਾਲਿਆ ਨੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ 'ਚੋਂ ਤੇ ਲਾਇਬ੍ਰੇਰੀ ਸਮਾਜ ਨੂੰ ਖੋਲ ਕੇ ਦਿੱਤੀ ਉੱਥੇ ਉਕਤ ਲਾਇਬ੍ਰੇਰੀ ਵਿੱਚ ਪਹਿਲਾਂ ਹੀ ਫ੍ਰੀ ਮੋਹਣ ਬੰਗੜ ਮਿਊਜ਼ਿਕ ਸੈਂਟਰ, ਫ੍ਰੀ ਫੂਲੇ ਐਜੂਕੇਸ਼ਨ ਸੈਂਟਰ, ਫ੍ਰੀ ਕਵਿਤਾਵਾਂ ਤੇ ਗੀਤ ਸਿਖਾਉਣ ਦੇ,ਫ੍ਰੀ ਲੀਗਲ ਸਹਾਇਤਾ ਦੇਣਾ, ਫ੍ਰੀ ਹੈਲਥ ਸੈਂਟਰ ਖੋਲੇ ਹੋਏ ਹਨ । ਉਕਤ ਲਾਇਬ੍ਰੇਰੀ ਵਿੱਚ ਰਾਮਪਾਲ ਭੰਗੂ ਦੁਬਈ ਦਾ ਵੀ ਕਾਫੀ ਸਹਿਯੋਗ ਹੈ। ਇਸ ਮੌਕੇ ਸ਼ਿੰਦਾ ਕੌਲਧਰ ਇਟਲੀ ਮਾਲਕ ਕਰਾਂਤੀ ਚੈਂਨਲ, ਡਾਕਟਰ ਸੋਮ ਨਾਥ ਸਿੰਘ, ਪ੍ਰਿੰ ਸੀਪਲ ਹਰਮੇਸ਼ ਘੇੜਾ, ਗੁਰਪ੍ਰੀਤ ਸਿੰਘ ਸ਼ਿਮਲਾ ਪੁਰੀ, ਜਸਵਿੰਦਰ ਢੱਡਾ ਲੀਗਲ ਅਡਵਾਈਜਰ ਤੇ ਸਮਾਜ ਸੇਵਕ, ਆਦਿ ਨੇ ਉਕਤ ਲਾਇਬ੍ਰੇਰੀ ਦੁਆਰਾ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਦੀ ਭਰਪੂਰ ਸਲਾਘਾ ਕਰਦਿਆਂ ਕਿਹਾ ਕਿ ਸਾਨੂੰ ਵੀ ਇਸ ਤਰਾਂ ਦੀਆਂ ਲਾਇਬ੍ਰੇਰੀਆਂ ਪਿੰਡ ਪਿੰਡ ਖੋਲਣੀਆ ਚਾਹੀਦੀਆ ਹਨ। ਲਾਇਬ੍ਰੇਰੀ ਇੰਚਾਰਜ ਹਰਬੰਸ ਲਾਲ ਨੇ ਆਏ ਹੋਏ ਮਹਿਮਾਨਾਂ ਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰੂਪ ਲਾਲ ਪੰਚਾਇਤ ਮੈਂਬਰ, ਬਲਵੀਰ ਕੌਰ ,ਗਿਆਨੋ , ਮਾਨਵ ਬੰਗੜ, ਰਾਮਪਾਲ, ਨੇਹਾ, ਬਲਜੀਤ ਕੌਰ ਆਦਿ ਹਾਜ਼ਰ ਸਨ। ਸਟੇਜ ਸੈਕਟਰੀ ਦੀ ਜਿੰਮੇਵਾਰੀ ਗੁਰਪ੍ਰੀਤ ਸਿੰਘ ਸ਼ਿਮਲਾਪੁਰੀ ਨੇ ਬਾਖੂਬੀ ਨਿਭਾਈ।

# ਸਿਲਵਰ ਓਕ ਸਕੂਲ ਦੇ ਵਿਦਿਆਰਥੀਆਂ ਨੇ ਚੁੱਕੀ ਚਾਇਨਾ ਡੋਰ ਦੇ ਬਾਈਕਾਟ ਦੀ ਸਹੁੰ




**ਟਾਂਡਾ ਉੜਮੁੜ ( ਓਂਕਾਰ ਸਿੰਘ, ਜਸਵਿੰਦਰ ਸੰਧੂ)** ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ ਦੇ ਵਿਦਿਆਰਥੀਆਂ ਨੇ ਚਾਇਨਾ ਡੋਰ ਦੇ ਖਿਲਾਫ ਆਪਣਾ ਵਿਰੋਧ ਦਰਜ ਕਰਵਾਉਂਦਿਆਂ ਹੋਇਆ ਚਾਇਨਾ ਡੋਰ ਦਾ ਬਹਿਸਕਾਰ ਕਰਨ ਦੀ ਸਹੁੰ ਚੁੱਕੀ। ਸੰਸਥਾ ਦੇ ਚੈਅਰਮੈਨ ਤਰਲੋਚਨ ਸਿੰਘ ਦੇ ਦਿਸਾ-ਨਿਰਦੇਸਾਂ ਹੇਠ ਪ੍ਰਿੰਸੀਪਲ ਮੈਡਮ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਸਕੂਲ ਦੀ ਸਵੇਰ ਦੀ ਸਭਾ ਇਸੇ ਵਿਸੇ ਨੂੰ ਲੈ ਕੇ ਆਯੋਜਿਤ ਕੀਤੀ ਗਈ ਜਿਸ ਵਿੱਚ ਅਲੱਗ-ਅਲੱਗ ਕਲਾਸਾਂ ਦੇ ਵਿਦਿਆਰਥੀਆਂ ਨੇ ਅੱਗੇ ਆ ਕੇ ਚਾਇਨਾ ਡੋਰ ਦੇ ਨੁਕਸਾਨ ਦੇ ਪ੍ਰਤੀ ਬੱਚਿਆਂ ਨੂੰ ਜਾਗਰੂਕ ਕੀਤਾ। ਸਭਾ ਦੇ ਅੰਤ ਵਿੱਚ ਸਮੂਹ ਸਟਾਫ ਨਾਲ ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਨੇ ਚਾਇਨਾ ਡੋਰ ਦੇ ਬਹਿਸ਼ਕਾਰ ਕਰਨ ਲਈ ਸਹੁੰ ਚੁੱਕੀ।

ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਅਸੀਂ ਨਿੱਤ ਅਖਬਾਰਾਂ ਦੇ ਵਿੱਚ ਇੰਨੀਆਂ ਵੱਡੀਆਂ ਵੱਡੀਆਂ ਘਟਨਾਵਾਂ ਬਾਰੇ ਪੜ੍ਹਦੇ ਹਾਂ ਜੋ ਕਿ ਚਾਇਨਾ ਡੋਰ ਦੀ ਵਜਹ ਦੇ ਨਾਲ ਬੱਚਿਆਂ ਬਜੁਰਗਾਂ ਅਤੇ ਰਾਹ ਜਾਂਦੇ ਹੋਏ ਮੁਸਾਫਰਾਂ ਦੇ ਨਾਲ ਵਾਪਰਦੀਆਂ ਹਨ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਅਸੀਂ ਬੱਚਿਆਂ ਨੂੰ ਪਹਿਲਾਂ ਤੋਂ ਹੀ ਅਸੀਂ ਚਾਈਨਾ ਡੋਰ ਖਿਲਾਫ ਜਾਗਰੂਕ ਕਰਦੇ ਆ ਰਹੇ ਹਾਂ ਪਰ ਹੁਣ ਪੰਜਾਬ ਸਰਕਾਰ ਨੇ ਇਸ ਦੇ ਵਲ ਗੰਭੀਰਤਾ ਨਾਲ ਐਕਸਨ ਲੈਂਦੇ ਹੋਏ ਸਖਤ ਨਿਰਦੇਸ਼ ਜਾਰੀ ਕੀਤੇ ਹਨ ਕਿ ਇਸ ਤਰ੍ਹਾਂ ਦੀ ਜਾਨਲੇਵਾ ਡੋਰ ਦਾ ਪੂਰਨ ਤੌਰ 'ਤੇ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਬੰਦ ਕਰਵਾਇਆ ਜਾਵੇ। ਸਕੂਲ ਮੈਨੇਜਮੈਂਟ ਨੇ ਦੱਸਿਆ ਕਿ ਅਸੀਂ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਪੂਰਾ ਹਫਤਾ ਚਾਈਨਾ ਡੋਰ ਦੇ ਵਿਰੋਧ 'ਚ ਬੱਚਿਆਂ ਨੂੰ ਜਾਗਰੂਕ ਕਰਨ ਜਾ ਰਹੇ ਹਾਂ ਅਤੇ ਇਸ ਦੇ ਆਧਾਰ ਤੇ ਅਲਗ ਅਲੱਗ ਗਤਿਵਿਧਿਆਂ ਕਰਵਾਈਆਂ ਜਾਣਗੀਆਂ.ਇਸ ਮੌਕੇ ਤੇ ਸਕੂਲ ਦੇ ਮੈਨੇਜਰ ਕਰਨਜੀਤ ਸਿੰਘ, ਤਰਨ ਸੈਣੀ ਅਧਿਆਪਕ ਸੰਜੀਵ ਕੁਮਾਰ ਸ਼ਰਮਾ, ਬਿਕਰਮਜੀਤ ਸਿੰਘ ਭੇਲਾ, ਗਜਿੰਦਰਪਾਲ ਸਿੰਘ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਵੀਰ ਕੌਰ, ਗੁਰਪ੍ਰੀਤ ਕੌਰ, ਪਰਮਜੀਤ ਕੌਰ, ਸੁਮੀਤ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ, ਬਲਜਿੰਦਰ ਕੌਰ, ਸੁਮਨ ਅਤੇ ਬਾਕੀ ਸਟਾਫ਼ ਵੀ ਇਸ ਮੌਕੇ ਮੌਜੂਦ ਸੀ।

# ਨਸ਼ਿਆਂ ਦੀ ਰੋਕਥਾਮ ਸੰਬੰਧੀ ਲਗਾਇਆ ਸੈਮੀਨਾਰ

**ਕਰਤਾਰਪੁਰ (ਹਰਮੇਸ ਦੱਤ)** ਡਾਇਰੈਕਟਰ ਜਨਰਲ ਪੁਲਸ ਪੰਜਾਬ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ,ਐਸ ਐਸ ਪੀ ਜਲੰਧਰ ਦਿਹਾਤੀ ਸਵਰਨਦੀਪ ਸਿੰਘ ਪੀ ਪੀ ਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ ਐਸ ਪੀ ਸਥਾਨਕ ਜਲੰਧਰ ਦਿਹਾਤੀ ਦੀ ਦੇਖ ਰੇਖ ਹੇਠ ਸੁਰਿੰਦਰਪਾਲ ਧੋਗੜੀ ਪੀ ਪੀ ਐਸ ਉਪ ਪੁਲਸ ਕਪਤਾਨ ਸਬ ਡਵੀਜਨ ਕਰਤਾਰਪੁਰ ਦੀ ਅਗਵਾਈ ਹੇਠ ਇੰਸਪੈਕਟਰ ਰਮਨਦੀਪ ਸਿੰਘ ਮੁੱਖ ਅਫਸਰ ਥਾਣਾ ਕਰਤਾਰਪੁਰ ਵੱਲੋਂ ਸਾਂਝ ਕੇਂਦਰ ਕਰਤਾਰਪੁਰ ਦੇ ਸਹਿਯੋਗ ਨਾਲ ਪਿੰਡ ਸਰਾਏ ਖਾਸ ਕਰਤਾਰਪੁਰ ਵਿਖੇ ਨਸ਼ਿਆਂ ਦੀ ਰੋਕਥਾਮ ਸਬੰਧੀ ਸੈਮੀਨਾਰ ਲਗਾਇਆ ਗਿਆ । ਇਸ ਮੌਕੇ ਮੁੱਖ ਅਫਸਰ ਥਾਣਾ ਕਰਤਾਰਪੁਰ ਵੱਲੋਂ ਸਮੂਹ ਪਿੰਡ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਾ ਕਰਨ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ ਗਿਆ।

ਇਸ ਤੋਂ ਇਲਾਵਾ ਪਿੰਡ ਵਾਸੀਆਂ ਨੂੰ ਨਸ਼ੇ ਦੀ ਰੋਕਥਾਮ ਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਦੇਣ ਅਤੇ ਨਸ਼ਾ ਵੇਚਣ ਵਾਲੇ ਭੈੜੇ ਅਨਸਰਾਂ ਨੂੰ ਫੜਾਉਣ ਵਿੱਚ ਲੋਕਲ ਪੁਲਸ ਦਾ ਸਹਿਯੋਗ ਦੇਣ ਲਈ ਪ੍ਰੇਰਤ ਕੀਤਾ ਗਿਆ । ਸੈਮੀਨਾਰ ਵਿੱਚ ਸਾਂਝ ਕੇਂਦਰ ਕਰਤਾਰਪੁਰ ਵੱਲੋਂ ਏ ਐਸ ਆਈ ਜਗਤਾਰ ਸਿੰਘ ,ਏ ਐਸ ਆਈ ਬਹਾਦਰ ਸਿੰਘ ,ਸੀਨੀਅਰ ਸਿਪਾਹੀ ਮਨਪ੍ਰੀਤ ਸਿੰਘ ਅਤੇ ਪਿੰਡ ਦੇ ਮੋਹਤਬਰ ਵਿਅਕਤੀ ਪਾਸਟਰ ਲਿਆਕਤ ਮਸੀਹ ,ਜੀਵਨ ਕਲਿਆਨ , ਰਣਜੀਤ ਸਿੰਘ ਰਾਣਾ ,ਸਤਨਾਮ ਸਿੰਘ ਅਤੇ ਹੋਰ ਕਾਫੀ ਔਰਤਾਂ ਤੇ ਨੌਜਵਾਨ ਸ਼ਾਮਿਲ ਸਨ।

# ਕੰਪਿਊਟਰ ਅਧਿਆਪਕਾਂ ਨੂੰ ਪੱਕਾ ਕਰੇ ਸਰਕਾਰ : ਚਾਹਲ



**ਫਿਲੌਰ (ਨਿਰਮਲ)**- ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਕੁਲਦੀਪ ਸਿੰਘ ਦੌੜਕਾ, ਵਿੱਤ ਸਕੱਤਰ ਅਮਨਦੀਪ ਸ਼ਰਮਾਂ, ਪ੍ਰੈੱਸ ਸਕੱਤਰ ਸੁਰਜੀਤ ਮੁਹਾਲੀ , ਸਹਾਇਕ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪੰਜਾਬ ਸਰਕਾਰ ਵੱਲੋਂ ਕੁਝ ਅਧਿਆਪਕਾਂ ਨੂੰ ਟਰੇਨਿੰਗ ਵਾਸਤੇ ਸਿੰਘਾਪੁਰ ਭੇਜਣ 'ਤੇ ਤੰਜ ਕੱਸਦਿਆਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਧਿਆਪਕਾਂ ਦੀ ਬਾਹਰਲੇ ਦੇਸ਼ਾਂ ਵਿੱਚ ਟਰੇਨਿੰਗ ਲਗਾਉਣ ਦੀ ਬਜਾਇ ਸਿੱਖਿਆ ਵਿਭਾਗ ਦਾ ਢਾਂਚਾ ਸੁਧਾਰਨ ਲਈ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਚਿਰਾਂ ਤੋਂ ਪਈਆਂ ਖਾਲੀ ਅਸਾਮੀਆਂ ਨੂੰ ਰੈਗੂਲਰ ਤੌਰ 'ਤੇ ਭਰਿਆ ਜਾਵੇ। ਜਿਹੜਾ ਖਰਚਾ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜਣ 'ਤੇ ਖਰਚਣਾ ਹੈ ਉਹ ਲੋਕਾਂ ਦੀ ਮਿਹਨਤ ਦੀ ਕਮਾਈ ਦੇ ਟੈਕਸ ਦਾ ਪੈਸਾ ਸਿੱਖਿਆ ਵਿਭਾਗ ਦੇ ਸੰਸਥਾਗਤ ਢਾਂਚੇ ਨੂੰ ਸੁਧਾਰਨ ਲਈ ਵਰਤਿਆ ਜਾਵੇ।

ਚਾਹਲ ਨੇ ਮੰਗ ਕੀਤੀ ਕਿ ਚਿਰਾਂ ਤੋਂ ਪੱਕੇ ਹੋਣ ਲਈ ਅੰਦੋਲਨ ਕਰ ਰਹੇ ਕੰਪਿਊਟਰ ਅਧਿਆਪਕਾਂ ਤੇ ਕੱਚੇ ਅਧਿਆਪਕਾਂ ਨੂੰ ਪਹਿਲ ਦੇ ਅਧਾਰ 'ਤੇ ਪੱਕਾ ਕੀਤਾ ਜਾਵੇ।

ਇਸ ਸਮੇਂ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਗੁਰਵਿੰਦਰ ਸਸਕੌਰ, ਕੁਲਦੀਪ ਪੂਰੋਵਾਲ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਪ੍ਰੀਤ ਅੰਮੀਵਾਲ, ਦੇਵੀ ਦਿਆਲ, ਬਲਵਿੰਦਰ ਭੁੱਟੋ, ਰਜੇਸ਼ ਕੁਮਾਰ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਜਗਜੀਤ ਸਿੰਘ ਮਾਨ, ਪ੍ਰਭਜੀਤ ਸਿੰਘ ਰਸੂਲਪੁਰ, ਪੁਸ਼ਪਿੰਦਰ ਪਟਿਆਲਾ, ਸੁਭਾਸ਼ ਪਠਾਨਕੋਟ, ਸੁਖ ਚੈਨ ਕਪੂਰਥਲਾ, ਬੋਧ ਰਾਜ, ਨੀਰਜ ਯਾਦਵ, ਪਰਮਜੀਤ ਸ਼ੇਰੋਵਾਲ, ਮਨਜੀਤ ਬਰਾੜ, ਕੁਲਦੀਪ ਸਿੰਘ, ਦਿਲਦਾਰ ਭੰਡਾਲ਼, ਸਰਬਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਸੁੱਚਾ ਸਿੰਘ, ਰਵਿੰਦਰ ਪੱਪੀ, ਨਰਿੰਦਰ ਸਿੰਘ, ਸਤਵੰਤ ਸਿੰਘ ਤੇ ਦਿਲਬਾਗ ਸਿੰਘ ਆਦਿ ਹਾਜਰ ਸਨ।

# ਇੱਕ ਭਗੌੜਾ ਕਾਬੂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਸਵਰਨਦੀਪ ਸਿੰਘ ਪੀ ਪੀ ਐਸ ਸੀਨੀਅਰ ਪੁਲਸ ਕਪਤਾਨ, ਜਲੰਧਰ (ਦਿਹਾਤੀ) ਵੱਲੋਂ ਦਿੱਤੇ ਗਏ ਦਿਸਾ ਨਿਰਦੇਸ਼ ਅਨੁਸਾਰ ਭਗੌੜਿਆ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ ਪੁਲਸ ਕਪਤਾਨ ਤਫਤੀਸ ਅਤੇ ਸਰਬਜੀਤ ਰਾਏ ਪੀ.ਪੀ.ਐਸ, ਉਪ ਪੁਲਸ ਕਪਤਾਨ ਸਬ-ਡਵੀਜਨ ਆਦਮਪੁਰ ਦੀ ਅਗਵਾਈ ਹੇਠ ਐਸ.ਆਈ ਰਸ਼ਪਾਲ ਸਿੰਘ ਮੁੱਖ ਅਫਸਰ ਥਾਣਾ ਭੋਗਪੁਰ ਦੇ ਅਧੀਨ ਪੈਂਦੀ ਪੁਲਸ ਚੌਕੀ ਪਚਰੰਗਾ ਦੀ ਪੁਲਸ ਪਾਰਟੀ ਵਲੋਂ ਦੋ ਮੁਕੱਦਮਿਆ ਵਿੱਚ ਇੱਕ ਭਗੌੜਾ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ।

ਇਸ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਬਜੀਤ ਰਾਏ ਉਪ ਪੁਲਿਸ ਕਪਤਾਨ ਸਬ-ਡਵੀਜਨ ਆਦਮਪੁਰ ਨੇ ਦੱਸਿਆ ਕਿ ਮਿਤੀ 20.01.2023 ਨੂੰ ਏ, ਐਸ, ਆਈ, ਤਲਵਿੰਦਰ ਸਿੰਘ ਚੌਕੀ ਪਚਰੰਗਾ ਥਾਣਾ ਭੋਗਪੁਰ ਵਲੋਂ ਮੁ:ਨੰ 34 ਮਿਤੀ 8.4.14 ਅ/ਧ 323,324,325,34 ਭ:ਦ ਥਾਣਾ ਭੋਗਪੁਰ ਵਿੱਚ ਭਗੌੜਾ ਵਿਸ਼ਾਲ ਉਰਫ ਬਾਬਾ ਪੁੱਤਰ ਜਸਵਿੰਦਰਪਾਲ ਸਿੰਘ ਨੂੰ ਭਗੋੜਾ ਘੋਸ਼ਿਤ ਕੀਤਾ ਗਿਆ ਸੀ।

# ਮਿਲਾਵਟਖੋਰੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਡਾ. ਲਖਵੀਰ ਸਿੰਘ



**ਹੁਸ਼ਿਆਰਪੁਰ (ਓ ਪੀ ਰਾਣਾ )** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਲੋਕਾਂ ਨੂੰ ਮਿਲਾਵਟ ਮੁਕਤ ਖਾਣ-ਪੀਣ ਵਾਲੇ ਪਦਾਰਥ ਉਪਲਬੱਧ ਕਰਵਾਉਣ ਲਈ ਜ਼ਿਲ੍ਹਾ ਸਿਹਤ ਅਫ਼ਸਰ ਡਾ. ਲਖਵੀਰ ਸਿੰਘ ਨੇ ਸ਼ੁੱਕਰਵਾਰ ਹੁਸ਼ਿਆਰਪੁਰ ਦੇ ਵੱਖ-ਵੱਖ ਪਿੰਡਾਂ ਤੋਂ ਗੁੜ ਅਤੇ ਸ਼ੱਕਰ ਦੇ 11 ਸੈਂਪਲ ਲਏ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਮਿਲਾਵਟਖੋਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਮਿਲਾਵਟਖੋਰੀ ਖਿਲਾਫ਼ ਫੂਡ ਸੇਫਟੀ ਤੇ ਸਟੈਂਡਰਡ ਐਕਟ-2006 ਤਹਿਤ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ, ਤਾਂ ਜੋ ਪੰਜਾਬ ਸਰਕਾਰ ਦੇ ਰੰਗਲੇ ਤੇ ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਪੂਰੀ ਤਰ੍ਹਾਂ ਸਾਕਾਰ ਕੀਤਾ ਜਾ ਸਕੇ। ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਸ਼ੁੱਕਰਵਾਰ ਪਿੰਡ ਹਰਦੋਖਾਨਪੁਰ, ਪੰਡੋਰੀ ਖਜੂਰ, ਦੋਸੜਕਾ, ਦੋਸੜਕਾ ਅੱਡੇ ਵਿਖੇ ਤਿੰਨ ਥਾਵਾਂ ਅਤੇ ਫਤਿਹਪੁਰ ਵਿਖੇ ਗੁੜ ਅਤੇ ਸ਼ੱਕਰ ਦੇ ਸੈਂਪਲ ਲਏ ਹਨ। ਉਨ੍ਹਾਂ ਕਿਹਾ ਕਿ ਇਹ ਸਾਰੇ ਸੈਂਪਲ ਫੂਡ ਟੈਸਟਿੰਗ ਲੈਬਾਰਟਰੀ ਖਰੜ ਵਿਚ ਜਾਂਚ ਲਈ ਭੇਜੇ ਜਾ ਰਹੇ ਹਨ ਅਤੇ ਇਨ੍ਹਾਂ ਦੀ ਰਿਪੋਰਟ ਆਉਣ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਖਾਣ-ਪੀਣ ਵਾਲੇ ਸਾਫ਼-ਸੁਥਰੇ ਤੇ ਸ਼ੁੱਧ ਪਦਾਰਥਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਮੰਗ ਹੈ। ਜ਼ਿਲ੍ਹਾ ਸਿਹਤ ਅਫ਼ਸਰ ਨੇ ਕਿਹਾ ਕਿ ਸਟੇਟ ਫੂਡ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿਚ ਲਗਾਤਾਰ ਚੈਕਿੰਗ ਅਭਿਆਨ ਚਲਾਇਆ ਜਾਵੇਗਾ, ਤਾਂ ਜੋ ਲੋਕਾਂ ਨੂੰ ਸ਼ੁੱਧ ਤੇ ਸਾਫ਼-ਸੁਥਰੀਆਂ ਖੁਰਾਕੀ ਵਸਤੂਆਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਪਾਏ ਜਾਣ 'ਤੇ ਕਾਨੂੰਨ ਅਨੁਸਾਰ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਲੋਕਾਂ ਨੂੰ ਵੀ ਜਾਗਰੂਕ ਹੋਣ ਦੀ ਜ਼ਰੂਰਤ ਹੈ। ਉਨ੍ਹਾਂ ਜ਼ਿਲ੍ਹੇ ਅੰਦਰ ਖਾਣ-ਪੀਣ ਵਾਲੇ ਪਦਾਰਥਾਂ ਦੀ ਵਿਕਰੀ ਕਰਨ ਅਤੇ ਇਨ੍ਹਾਂ ਪਦਾਰਥਾਂ ਨੂੰ ਤਿਆਰ ਕਰਨ ਵਾਲਿਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਲੋਕ ਹਿੱਤ ਦੇ ਮੱਦੇਨਜ਼ਰ ਸ਼ੁੱਧ, ਮਿਆਰੀ ਤੇ ਕੁਆਲਟੀ ਪਦਾਰਥਾਂ ਦੀ ਵਿਕਰੀ ਨੂੰ ਯਕੀਨੀ ਬਣਾਉਣ ਅਤੇ ਕਿਸੇ ਵੀ ਤਰ੍ਹਾਂ ਦੇ ਬੇਹੇ ਜਾਂ ਮਿਲਾਵਟੀ ਪਦਾਰਥਾਂ ਦੀ ਵਿਕਰੀ ਨਾ ਕਰਨ। ਡਾ. ਲਖਵੀਰ ਸਿੰਘ ਨੇ ਕਿਹਾ ਕਿ ਹਰ ਛੋਟੇ ਅਤੇ ਵੱਡੇ ਫੂਡ ਬਿਜ਼ਨੈਸ ਆਪਰੇਟਰ (ਐਫ.ਬੀ.ਓ) ਲਈ ਰਜਿਸਟਰੇਸ਼ਨ ਜਾਂ ਲਾਇਸੰਸ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਲ ਵਿਚ 12 ਲੱਖ ਰੁਪਏ ਤੋਂ ਘੱਟ ਸੇਲ ਕਰਨ ਵਾਲੇ ਐਫ.ਬੀ.ਓਜ਼ ਲਈ 100 ਰੁਪਏ ਸਾਲਾਨਾ ਰਜਿਸਟਰੇਸ਼ਨ ਜ਼ਰੂਰੀ ਹੈ, ਜਦਕਿ ਸਾਲ ਵਿਚ 12 ਲੱਖ ਰੁਪਏ ਤੋਂ ਵੱਧ ਸੇਲ ਕਰਨ ਵਾਲੇ ਐਫ.ਬੀ.ਓਜ਼ ਲਈ 2 ਹਜ਼ਾਰ ਰੁਪਏ ਸਾਲਾਨਾ ਲਾਇਸੰਸ ਫੀਸ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ। ਉਨ੍ਹਾਂ ਐਫ.ਬੀ.ਓਜ਼ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਦੀ ਰਜਿਸਟਰੇਸ਼ਨ ਜਾਂ ਲਾਇਸੰਸ ਫੀਸ ਰੀਨਿਊ ਕਰਨ ਵਾਲੀ ਹੈ, ਉਹ ਆਪਣੀ ਫੀਸ ਜਮ੍ਹਾਂ ਕਰਵਾਉਣ ਅਤੇ ਜਿਨ੍ਹਾਂ ਨੇ ਹੁਣ ਤੱਕ ਰਜਿਸਟਰੇਸ਼ਨ ਜਾਂ ਲਾਇਸੰਸ ਨਹੀਂ ਲਏ, ਉਹ ਜਲਦ ਇਸ ਪ੍ਰਕਿਰਿਆ ਨੂੰ ਪੂਰਾ ਕਰਨ।

# 104 ਕੈਡਿਟਾਂ ਨੇ ਦਿੱਤੀ ਐੱਨ ਸੀ ਸੀ ਦੇ ਏ ਸਰਟੀਫੀਕੇਟ ਦੀ ਪ੍ਰੀਖਿਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸੀ. ਸੈ. ਸਕੂਲ ਵਿਖੇ ਵੱਖ -ਵੱਖ ਸਕੂਲਾਂ ਦੇ 104 ਐੱਨ. ਸੀ. ਸੀ. ਕੈਡਿਟਾਂ ਨੇ ਏ ਸਰਟੀਫਿਕੇਟ ਦੀ ਪ੍ਰੀਖਿਆ ਦਿੱਤੀ । ਇਸ ਸੰਬਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਐੱਨ. ਸੀ. ਸੀ. ਅਫਸਰ ਰਣਜੀਤ ਸਿੰਘ ਧਾਰਨੀ ਨੇ ਦੱਸਿਆ ਕਿ 23 ਪੰਜਾਬ ਬਟਾਲੀਅਨ ਐੱਨ. ਸੀ. ਸੀ. ਰੋਪੜ ਦੇ ਕਮਾਂਡਿੰਗ ਅਫਸਰ ਕਰਨਲ ਐਸ. ਬੀ. ਰਾਣਾ ਅਤੇ ਪ੍ਰਬੰਧਕ ਅਫਸਰ ਕਰਨਲ ਐੱਲ. ਕੇ .ਅਗਰਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਇਹ ਪ੍ਰੀਖਿਆ ਲਈ ਗਈ। ਐੱਨ. ਸੀ. ਸੀ. ਦੇ 104 ਕੈਡਿਟਾਂ ਨੇ ਇਹ ਪ੍ਰੀਖਿਆ ਦਿੱਤੀ ਇਸ ਵਿੱਚ 80 ਲੜਕੇ ਕੈਡਿਟ ਅਤੇ 24 ਲੜਕੀਆਂ ਕੈਡਿਟ ਸ਼ਾਮਲ ਸਨ। ਇਸ ਪ੍ਰੀਖਿਆ ਵਿੱਚ ਖਾਲਸਾ ਸੀ. ਸੈ. ਸਕੂਲ ਚਮਕੌਰ ਸਾਹਿਬ ਦੇ 41 ਕੈਡਿਟਾਂ ਜਿਨ੍ਹਾਂ ਵਿੱਚ 26 ਲੜਕੇ ਅਤੇ 15 ਲੜਕੀਆਂ ਸ. ਸ. ਸ. ਬੂਰਮਾਜਰਾ ਦੇ 22 ਕੈਡਿਟ ਜਿਨ੍ਹਾ ਵਿੱਚ 15 ਲੜਕੇ ਅਤੇ 7 ਲੜਕੀਆਂ , ਜੀਸੱਸ ਸੇਵੀਅਰ ਸਕੂਲ ਮੜੌਲੀ ਦੇ 23 ਕੈਡਿਟ ਜਿਨ੍ਹਾਂ ਵਿੱਚ 21 ਲੜਕੇ ਅਤੇ 02 ਲੜਕੀਆਂ , ਜੇ . ਐੱਨ. ਵੀ. ਸੰਧੂਆਂ ਦੇ 11 ਲੜਕੇ ਅਤੇ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਬੇਲਾ ਦੇ 7 ਲੜਕੇ ਸ਼ਾਮਲ ਸਨ। ਇਨ੍ਹਾ ਕੈਡਿਟਾਂ ਨੇ ਲਿਖਤੀ ਪ੍ਰੀਖਿਆ ਤੋ ਇਲਾਵਾ ਪ੍ਰੈਕਟੀਕਲ ਪ੍ਰੀਖਿਆ ਜਿਸ ਵਿੱਚ ਮੈਪਰੀਡਿੰਗ , ਕੰਪਾਸ ਰੀਡਿੰਗ ਅਤੇ ਡਰਿੱਲ ਦੀ ਪ੍ਰੀਖਿਆ ਵੀ ਦਿੱਤੀ । ਸਕੂਲ ਪ੍ਰਿੰਸੀਪਲ ਕਿਰਨਜੋਤ ਕੌਰ ਮਾਂਗਟ ਨੇ ਸਾਰਿਆਂ ਨੂੰ ਜੀ ਆਇਆ ਆਖਿਆ ਅਤੇ ਐੱਨ. ਸੀ. ਸੀ. ਦੇ ਫਾਇਦੇ ਦੱਸੇ ਅਤੇ ਭਵਿੱਖ ਦੀ ਸਫਲਤਾ ਲਈ ਕਾਮਨਾ ਕੀਤੀ। ਇਸ ਪ੍ਰੀਖਿਆ ਨੂੰ ਕਰਵਾਉਣ ਲਈ ਐੱਨ. ਸੀ. ਸੀ. ਅਫਸਰ ਅਸ਼ੋਕ ਕੁਮਾਰ ਬੂਰਮਾਜਰਾ, ਐੱਨ. ਸੀ. ਸੀ. ਅਫਸਰ ਜਗਦੀਪ ਸਿੰਘ ਬੇਲਾ, ਕ੍ਰਿਸ਼ਨ ਕੁਮਾਰ ਜੇ ਐੱਨ ਵੀ ਸੰਧੂਆ ਪੁਨੀਤ ਸਿੰਘ ਮੜੌਲੀ ਤੋਂ ਇਲਾਵਾ ਐੱਨ. ਸੀ. ਸੀ. ਐਕਡਮੀ ਤੋਂ ਸੂਬੇਦਾਰ ਸੁਨੀਲ ਕੁਮਾਰ ਅਤੇ ਹੌਲਦਾਰ ਲਖਵਿੰਦਰ ਸਿੰਘ ਵਿਸ਼ੇਸ਼ ਰੂਪ ਵਿੱਚ ਪੁੰਹਚੇ ਜਿਨ੍ਹਾਂ ਦੇ ਯਤਨਾ ਕਰਕੇ ਇਹ ਪ੍ਰੀਖਿਆ ਨਿਰਵਿਘਨਤਾ ਸਹਿਤ ਸੰਪੂਰਨ ਹੋਈ ।

# ਸਮਕਾਲੀ ਕਾਵਿ ਵੰਨਗੀਆਂ

## ਕਲਾਮ ਚੰਡੀਗੜ੍ਹ

ਦੋ ਸੂਬਿਆਂ ਦੀ ਰਾਜਧਾਨੀ ਤੇ ਸੈਕਟਰਾਂ ਦਾ ਸ਼ਹਿਰ ਹਾਂ
ਮੈਂ ਨਾ ਮੁਕੰਮਲ ਰਹਿ ਗਈ ਸਤਲੁਜ ਜਮਨਾ ਲਿੰਕ ਨਹਿਰ ਹਾਂ
ਭਾਂਤ-ਭਾਂਤ ਦੀਆਂ ਬੋਲੀਆਂ ਤੇ ਭਾਂਤ-ਭਾਂਤ ਦੇ ਮਿਜ਼ਾਜ਼ ਮਿਰੇ
ਮੈਂ ਬਹੁਭਾਸ਼ਾਈ ਗਜ਼ਲ ਦੀ ਹਿੰਦੀ ਭਾਸ਼ਾਈ ਬਹਿਰ ਹਾਂ
ਮੇਰੇ ਕਰਕੇ ਮੋਹਾਲੀ, ਪੰਚਕੂਲਾ ਤੇ ਨਿਊ ਚੰਡੀਗੜ੍ਹ ਉਪਜੇ
ਮੈਂ ਸਾਂਝੇ ਸੈਕਟਰੀਏਟ ਦੀ ਪੰਜਾਬ ਹਰਿਆਣਾ ਠਹਿਰ ਹਾਂ
ਘਸ ਗਏ ਸਭ ਪੱਥਰ ਮੇਰੇ ਤੇ ਬਿਰਖ ਬੁੱਢੇ ਹੋ ਗਏ
ਮੈਂ ਜਬਰੀ ਉਜਾੜੇ ਪਿੰਡਾਂ ਦਾ ਸਿੰਮਦਾ ਸਿਸਕਦਾ ਕਹਿਰ ਹਾਂ
ਕੁਰਸੀਆਂ ਦੀ ਬਦਨੀਅਤ ਨੇ ਨਿਗਲ ਲਿਆ ਮੇਰਾ ਵਜੂਦ
ਮੈਂ ਫਾਇਲਾਂ ਵਿੱਚ ਦੱਬੀ ਰਹਿ ਗਈ ਯੋਜਨਾਵਾਂ ਦੀ ਲਹਿਰ ਹਾਂ
ਮੇਰੇ ਚੌਕਾਂ, ਚੁਰੱਸਤਿਆਂ ਦੀ ਤਪਸ਼ ਵਿੱਚੋਂ ਅੰਦੋਲਨ ਜਨਮੇ
ਮੈਂ ਬਹੁਮੰਜ਼ਿਲੇ ਬੈੱਡਰੂਮਾਂ ਦੀ ਏਅਰ ਕੰਡੀਸ਼ਨਡ ਦੁਪਹਿਰ ਹਾਂ
ਜਾਣ-ਬੁਝ ਕੇ ਮੇਰੀ ਸ਼ਨਾਖਤ ਨੂੰ ਸ਼ਾਮਲਾਟ ਕਰ ਦਿੱਤਾ ਗਿਆ
ਮੈਂ ਉਤਰ ਕਲਯੁੱਗ ਮਿਲਾਵਟਾਂ ਦੀ ਸ਼ੁੱਧ ਹਿੰਦੋਸਤਾਨੀ ਜ਼ਹਿਰ ਹਾਂ
ਕੋਈ ਮੇਰੀ ਯੂਨੀਵਰਸਿਟੀ ਤੇ ਕੋਈ ਮੇਰੀਆਂ ਹਵਾਵਾਂ ਖੋਹਣ ਨੂੰ ਫਿਰੇ
ਮੈਂ ਕੇਂਦਰ ਸ਼ਾਸਤ ਅਭਿਮਾਨ ਦਾ ਰਾਹੂ ਤੇ ਕੇਤੂ ਪਹਿਰ ਹਾਂ
ਕੋਈ ਸਿਟੀ ਬਿਊਟੀਫੁੱਲ ਤੇ ਕੋਈ ਪੱਥਰਾਂ ਦਾ ਸ਼ਹਿਰ ਕਹੇ ਮੈਨੂੰ
ਮੈਂ ਅਨੁਪਾਤ ਆਧਾਰਤ ਵੰਡ ਦੀ ਗਰਦਸ਼ਨੁਮਾ ਗਹਿਰ ਹਾਂ।

- ਪ੍ਰੋ. ਕੁਲਵੰਤ ਔਜਲਾ

## ਪੰਜਾਬੀ ਮਾਂ

ਮੈਂ ਧੀ ਪੰਜਾਬੀ ਮਾਂ ਦੀ
ਮੇਰੀ ਉੱਚੀ ਲੰਮੀ ਹੇਕ
ਮੈਂ ਪੈਂਤੀ ਨੂੰ ਕਰਦੀ ਪਿਆਰ ਹਾਂ
ਇਰਾਦੇ ਵੀ ਰੱਖਾਂ ਨੇਕ

ਪਹਿਲਾਂ ਮਾਂ ਹੀ ਕਹਿਣਾ ਸਿੱਖਿਆ
ਮੇਰੀ ਮਾਂ ਪੰਜਾਬੀ ਏਕ
ਇਹਦੇ ਨਾਲ ਹੀ ਟੌਹਰ ਹੈ ਵੱਖਰੀ
ਕਈਆਂ ਇਹਨੂੰ ਮਿਟਾਉਣ 'ਤੇ ਲਾਈ ਟੇਕ

ਜੇ ਮੇਰੇ ਪੰਜਾਬੀ ਦੋਸਤੋ
ਰਹਿੰਦੇ ਹੋ ਵਿੱਚ ਪੰਜਾਬ
ਤਾਂ ਕਿਉਂ ਸੰਗਦੇ ਹੋ ਬੋਲਣੋਂ
ਤੁਸੀਂ ਪੰਜਾਬੀ ਠੇਠ

ਸਾਡੇ ਪੁੱਤ ਵੀ ਚੜ੍ਹ ਗਏ
ਮਤਰੇਈ ਮਾਂ ਦੇ ਹੱਥ
ਉਹ ਵੀ, ਵਿਚ ਨੇ ਉਲਝੇ
ਆਵੇ ਨਾ ਪੰਜਾਬੀ ਦੀ ਹੇਕ

ਤੁਸੀਂ ਕਿਉਂ ਪੰਜਾਬੀ ਨੂੰ ਭੁੱਲਦੇ
ਤੁਹਾਡਾ ਰੁਲ ਜਾਣਾ ਸਤਿਕਾਰ
ਤੈਨੂੰ ਨਾ ਮਤਰੇਈ ਝੱਲਣਾ
ਨਾ ਮਿਲਣਾ ਪੰਜਾਬੀ ਮਾਂ ਦਾ ਪਿਆਰ
ਨਾ ਮਿਲਣਾ ਮਾਂ ਆਪਣੀ ਦਾ ਪਿਆਰ

— ਜਸਪ੍ਰੀਤ ਕੌਰ

## ਅਪਣਾ ਅਪਣਾ ਰਾਗ

ਬੰਦ ਕੀਤੇ ਨੇ ਕਾਲਮ ਸਰਕਾਰ ਨੇ ਜੋ,
ਗੱਲਾਂ ਕਰਨ ਦਾ ਕੋਈ ਮਿਆਰ ਨਾ ਹੈ।
ਲੀਡਰ ਲੱਗੇ ਅਲਾਪਣ ਨੇ ਰਾਗ ਅਪਣਾ,
ਪਿੱਛੇ ਰਹਿਣ ਨੂੰ ਕੋਈ ਤਿਆਰ ਨਾ ਹੈ।
ਖਬਰਾਂ ਛਾਪਦੇ ਹੋਰ ਅਖਬਾਰ ਵੀ ਨੇ,
ਇਕੱਲਾ ਇਕੋ ਅਜੀਤ ਅਖਬਾਰ ਨਾ ਹੈ।
ਰੌਲਾ ਅਪਣਾ ਅਪਣਾ ਪਾਈ ਜਾਂਦੇ,
ਹੁੰਦੀ ਕਿਸੇ ਦੀ ਗੱਲ ਦਰਕਾਰ ਨਾ ਹੈ।

—ਜਸਵਿੰਦਰ ਸਿੰਘ ਦਿਓ

## ਨਵਾਂ ਵਰ੍ਹਾ ਮੁਬਾਰਕ

ਆਖਾਂ ਕਿੰਵ ਮੁਬਾਰਕ ਸਭ ਨੂੰ, ਚੜ੍ਹਿਆ ਜਿਹੜਾ ਸਾਲ ਭਰਾਵੋ।
ਦਿਲ ਨਾ ਕਰਦਾ, ਫਿਰ ਵੀ ਆਖਾਂ, ਅਣਮੰਨੇ ਮਨ ਨਾਲ ਭਰਾਵੋ।

ਲੀਰਾਂ ਵੀ ਮਿਲ ਜਾਣ ਗ਼ਨੀਮਤ, ਦੋ ਡੰਗਾਂ ਦਾ ਟੁੱਕਰ ਕਾਫ਼ੀ,
ਬਹੁਤੀ ਵੱਡੀ ਇੱਛਾ ਲੈਣੀ, ਦਿਲ ਦੇ ਵਿਚ ਨਾ ਪਾਲ ਭਰਾਵੋ।

ਆਠੇ ਦੀ ਥਾਂ 'ਤੇ ਲਾ ਨਾਇਆਂ, ਜਸ਼ਨ ਮਨਾਇਆ ਅੱਧੀ ਰਾਤੀਂ,
ਇੱਕ ਵਰ੍ਹਾ ਹਾਂ ਵੱਡੇ ਹੋਏ, ਉਮਰ ਘਟੀ ਇਕ ਸਾਲ ਭਰਾਵੋ।

'ਠਾਰਾਂ ਵਾਲਾ ਲਾਹ ਕੈਲੰਡਰ, ਲਾ ਦਿੱਤਾ ਹੈ ਉੱਨੀ ਵਾਲਾ,
ਬਾਕੀ ਸਭ ਕੁਝ ਪਹਿਲਾਂ ਵਾਲਾ, ਓਦਾਂ ਰਹਿਣੈ ਹਾਲ ਭਰਾਵੋ।

ਏਸ ਵਰ੍ਹੇ ਵੀ ਹੱਥ ਤੁਹਾਡੇ, ਕੰਮ ਤੋਂ ਵਿਹਲੇ ਰਹਿਣੇ ਯਾਰੋ,
ਭੁੱਖੇ ਮਰਨ ਨਾ ਦੇਣਾ, ਦੇਵਣਗੇ ਆਟਾ ਤੇ ਦਾਲ ਭਰਾਵੋ।

ਏਸ ਵਰ੍ਹੇ ਵੀ ਲੁੱਟਾਂ ਖੋਹਾਂ, ਕਤਲ, ਡਕੈਤੀ ਹੁੰਦੀ ਰਹਿਣੀ,
ਧਿੰਗੋ-ਜ਼ੋਰੀ ਹੁੰਦੀ ਰਹਿਣੀ, ਕੁੜੀਆਂ-ਚਿੜੀਆਂ ਨਾਲ ਭਰਾਵੋ।

ਧਨ ਸਰਮਾਏਦਾਰ ਬਥੇਰਾ, ਏਸ ਵਰ੍ਹੇ ਵੀ ਹੂੰਝਣਗੇ ਪਰ,
ਪਹਿਲਾਂ ਨਾਲੋਂ ਬਦਤਰ ਹੋਣਾ, ਹਰ ਕਿਰਤੀ ਦਾ ਹਾਲ ਭਰਾਵੋ।

ਜੇ ਕਰ ਸ਼ਾਸ਼ਕ ਬਦਲੇ ਤਾਂ ਵੀ ਭੋਰਾ ਫ਼ਰਕ ਨ ਪੈਣਾ ਇੱਥੇ,
ਆਉਣੇ ਹੋਰ ਲੁਟੇਰੇ ਯਾਰੋ, ਜਾਣੇ ਬਦਲ ਦਲਾਲ ਭਰਾਵੋ।

ਵਿਧਵਾ ਭਾਰਤ ਮਾਂ ਦੇ ਮੂੰਹੋਂ, ਇੱਦਾਂ ਲੈਣ ਆਸੀਸਾਂ ਆਗੂ,
ਆਪੇ ਹੀ ਮੈਂ ਰੱਜੀ-ਪੁੱਜੀ, ਆਪੇ ਜੀਵਨ ਬਾਲ ਭਰਾਵੋ।

ਉੱਗੇਗੀ ਸਲਫ਼ਾਸ ਬਥੇਰੀ, ਖੱਸੀ ਹੋਏ ਖੇਤਾਂ ਦੇ ਵਿਚ,
ਤੋਰੀ ਵਾਂਙੂ ਲਮਕੇਗਾ ਜੱਟ, ਖੇਤੀਂ ਰੁੱਖਾਂ ਨਾਲ ਭਰਾਵੋ।

ਅੱਲ੍ਹੜ ਕੁੜੀਆਂ, ਚੋਬਰ ਮੁੰਡੇ, ਬੇਕਾਰੀ ਦੇ ਝੰਬੇ ਹੋਏ,
ਧਰਤ ਬਿਗ਼ਾਨੀ ਜਾ ਬੈਠਣਗੇ, ਸਾਡੇ ਹੀਰੇ, ਲਾਲ ਭਰਾਵੋ।

ਭੁੱਖੇ ਮਰਦੇ ਗਾਂਵਾਂ ਢੱਟੇ, ਭਟਕਣਗੇ ਬਾਜ਼ਾਰਾਂ ਦੇ ਵਿਚ,
ਪਰ ਇਹਨਾਂ ਦੇ ਨਾਂਅ 'ਤੇ ਹੋਣੇ, ਢੇਰਾਂ ਲੋਕ ਹਲਾਲ ਭਰਾਵੋ।

ਪੱਥਰ-ਬਾਜ਼ੀ ਵੀ ਹੋਵੇਗੀ, ਰੱਤ ਵਗੇਗੀ ਸਰਹੱਦ ਉੱਤੇ,
ਲਾਸ਼ਾਂ ਬਣ ਕੇ ਘਰ ਨੂੰ ਮੁੜਨੇ, ਮਾਂ-ਪਿਓ ਜਾਏ ਲਾਲ ਭਰਾਵੋ।

ਔਤ-ਮੜ੍ਹੀ ਦੇ ਵਰਗੇ ਚਿੱਟੇ, ਆਗੂ ਲੀੜੇ ਪਾ ਕੇ ਆਉਣੇ,
ਐਪਰ ਕੱਛ 'ਚ ਰੱਖਣਗੇ ਉਹ, ਰੰਗ-ਬਰੰਗੇ ਜਾਲ ਭਰਾਵੋ।

ਵਾਅਦੇ ਹੋਣੇ, ਲਾਰੇ ਮਿਲਣੇ, ਹੋਰ ਭਲਾ ਕੀ ਮਿਲਣੈ 'ਸੂਫ਼ੀ',
ਤੇ ਸਾਲ ਨਵੇਂ ਵਿਚ ਫਿਰ ਕਿਤੇ, ਪੈਣੀ ਚੋਣ-ਧਮਾਲ ਭਰਾਵੋ।

-ਅਮਰ 'ਸੂਫ਼ੀ'

## ਗ਼ਜ਼ਲ

ਛੱਡ ਘਰਾਂ ਵਿੱਚ ਰੁਲਦੇ ਮਾਪੇ, ਤੀਰਥ ਜਾਓ, ਕੀ ਫਾਇਦਾ।
ਬੱਚਿਆਂ ਦੇ ਮੂੰਹੋਂ ਖੋਹ ਬੁਰਕੀ, ਸਾਧ ਨੂੰ ਪਾਓ, ਕੀ ਫਾਇਦਾ।
ਆਦੀ ਹੋ ਕੇ ਕਿਸੇ ਨਸ਼ੇ ਦਾ, ਸਿਵਿਆਂ ਵਾਲੇ ਰਾਹ ਪੈ ਕੇ,
ਘਰ ਬਰਬਾਦੀ ਵਿੱਚ ਡੁਬੋਕੇ, ਜੂਨ ਗਵਾਓ ਕੀ ਫਾਇਦਾ।
ਕਰੋ ਕਮਾਈ ਕਾਲੀ ਮੋਟੀ, ਪੀ-ਪੀ ਰੱਤ ਗਰੀਬਾਂ ਦੀ,
ਧਰਮ ਦੁਆਰੇ ਪੱਥਰਾਂ ਉੱਤੇ, ਨਾਂਅ ਖੁਦਵਾਓ ਕੀ ਫਾਇਦਾ।
ਛਪ ਜਾਏਗੀ ਪੁਸਤਕ ਐਪਰ, ਘਰ ਦਾ ਝੁੱਗਾ ਕਰ ਕੇ ਚੌੜ,
ਮੁਫਤ ਘਰੋ-ਘਰ ਵੰਡਣ ਜਾਓ, ਫਿਰ ਪਛਤਾਓ ਕੀ ਫਾਇਦਾ,
ਮਿਲੋ-ਗਿਲੋ ਤੇ ਆਓ ਜਾਓ, ਜਿੱਥੇ ਮਿਲਦਾ ਆਦਰ ਮਾਣ,
ਬਿਨ ਸੱਦੇ ਮਹਿਮਾਨ ਜੇ ਬਣ ਕੇ, ਕਦਰ ਘਟਾਓ ਕੀ ਫਾਇਦਾ।
ਇਲਮ ਅਰੂਜ਼ ਨੂੰ ਸਮਝੇ ਬਾਝੋਂ, ਗਜ਼ਲ ਬਣੇਗੀ ਕਿਵੇਂ ਸਹੀ,
ਤੁਕਬੰਦੀ ਨੂੰ ਗਜ਼ਲਾਂ ਕਹਿ ਕੇ, ਮਨ ਪਰਚਾਓ ਕੀ ਫਾਇਦਾ।

—ਦਲਜੀਤ ਰਾਏ ਕਾਲੀਆ

## ਇਸਤਰੀ

"ਕੁੜੀਏ ਕਿਸਮਤ ਪੁੜੀਏ,
ਤੈਨੂੰ ਇੰਨਾ ਪਿਆਰ ਦਿਆਂ,
ਜੀ ਕਰਦਾ ਆਪਣੇ ਹਿੱਸੇ ਦੀ ਦੁਨੀਆ ਵੀ,
ਤੈਥੋਂ ਵਾਰ ਦਿਆਂ" ਗੁਰਦਾਸ ਮਾਨ
ਕਿਸਮਤ ਪੁੜੀਆਂ ਲਈ ਦਸ਼ਾ :-

## ਔਰਤ

ਤੂੰ ਜੰਮ ਪਈ ਐ ਕੁੜੀਏ ਕਿੱਦਾਂ, ਆਦਮੀ ਹੈਰਾਨ ਹਾਂ ਮੈਂ,
ਅਜੇ ਤੂੰ ਭਾਗਾਂ ਵਾਲੀ ਨਾ ਸਮਝੀ, ਅੱਗੇ ਬੀਆਬਾਨ ਆਦਮੀ ਹਾਂ ਮੈਂ।
ਵਿੱਦਿਆ ਵਿਚਾਰੀ ਕੀ ਕਰੂੰਗੀ, ਅੱਗੇ ਸ਼ੈਤਾਨ ਆਦਮੀ ਹਾਂ ਮੈਂ,
ਤੈਨੂੰ ਹਵਸ ਦਾ ਸ਼ਿਕਾਰ ਬਣਾਉਣ ਲਈ, ਤੇਰਾ ਮਹਿਮਾਨ ਵੀ ਹਾਂ ਮੈਂ।
ਦਾਜ ਦੇ ਦੈਂਤ ਤਿੱਖੇ ਕਰਨ ਵਾਲਾ, ਅੱਜ ਇਨਸਾਨ ਵੀ ਹਾਂ ਮੈਂ,
ਕੁੜੀ ਜੰਮਣ ਲਈ ਕਸਾਈ ਬਣਦਾ,
ਮੁੰਡੇ ਲਈ ਆਦਮੀ ਦੀ ਸ਼ਾਨ ਵੀ ਹਾਂ ਮੈਂ।
ਸਭ ਦੀ ਜੂਠ ਮਾਂਜਣ ਲਈ, ਮਰਦ ਪ੍ਰਧਾਨ ਦੀ ਸ਼ਾਨ ਵੀ ਹਾਂ ਮੈਂ,
'ਨਾਨਕ' ਦੀ ਬਚਾਈ ਹੋਈ, ਮਰਦ ਦਾ ਈਮਾਨ ਵੀ ਹਾਂ ਮੈਂ।
ਬਚਣ ਬਚਾਉਣ ਲਈ ਰੌਲਾ ਪਾਉਣਾ, ਬੇਲੋੜੀ ਕੁਰਬਾਨ ਵੀ ਹਾਂ ਮੈਂ।
ਮਰਦ ਦੀ ਮਰਜ਼ੀ ਲਈ, ਵੀਰਾਨ ਅਤੇ ਸੁੰਨਸਾਨ ਵੀ ਹਾਂ ਮੈਂ।
ਤੇਰੀ ਕੀਮਤ ਤੂੰ ਹੀ ਜਾਣੇ,
ਤੇਰਾ ਅਨੁਵਾਦ ਅਤੇ ਅਨੁਭਵ ਤੋਂ ਅਗਿਆਨ ਵੀ ਹਾਂ ਮੈਂ।
ਕਲਮਾਂ ਨੇ ਤੇਰੀ ਲੱਜ ਬਚਾਈ,
ਆਦਮੀ ਨਾ ਬਣਿਆ ਫੇਰ ਵੀ ਸ਼ੈਤਾਨ ਹੀ ਹਾਂ ਮੈਂ।

—ਸੁਖਪਾਲ ਸਿੰਘ ਗਿੱਲ

ਸਫ਼ਾ 3 ਦੀ ਬਾਕੀ

## ਗੁਰੂ ਰਵਿਦਾਸ ਦੇ ਫਲਸਫੇ ਅਤੇ ਜੀਵਨ ...

ਹਨ। ਇੰਝ ਰਵਿਦਾਸ ਜੀ ਦੁਆਰਾ ਲੋਕਾਈ ਦੇ ਕਲਿਆਣ ਲਈ ਕੀਤੀਆਂ ਗਈਆਂ ਲੰਬੀਆਂ ਅੱਠ ਯਾਤਰਾਵਾਂ ਦਾ ਉਲੇਖ ਮਿਲ਼ਦਾ ਹੈ।

ਰਵਿਦਾਸ ਜੀ ਦੇ ਜੀਵਨ ਤੇ ਬਾਣੀ ਸੰਬੰਧੀ ਖੋਜ ਅਤੇ ਜਾਣਕਾਰੀ ਅੰਕਿਤ ਕਰਨ ਵੇਲੇ ਲੇਖਕ ਆਪਣੀ ਸ਼ਰਧਾ ਨੂੰ ਦਖ਼ਲ-ਅੰਦਾਜ਼ੀ ਨਹੀਂ ਕਰਨ ਦਿੰਦਾ। ਯਾਤਰਾ ਸੰਬੰਧੀ ਲੇਖਕ ਨੇ ਸੁਣੀ-ਸੁਣਾਈ ਜਾਂ ਲਿਖਤੀ ਸੂਚਨਾ ਇਕੱਠੀ ਕਰਕੇ ਜਾਣਕਾਰੀ ਨਹੀਂ ਦਿੱਤੀ, ਉਸ ਨੇ ਖ਼ੁਦ ਪਹੁੰਚ ਕੇ ਨਾਵਾਂ, ਥਾਵਾਂ, ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਉਹ ਨਿਰਪੱਖ ਹੋ ਕੇ ਸੱਚੀ ਵਿਸ਼ਾ-ਵਸਤੂ ਮੁਹੱਈਆ ਕਰਵਾਉਂਦਾ ਹੈ। ਦੋਹਾਂ ਮਹਾਂਪੁਰਖਾਂ ਦੀ ਸੰਤ ਜਗਬੀਰ ਸਿਹੁੰ ਚੌਥੀ ਅਤੇ ਪੰਜਵੀਂ ਮੁਲਾਕਾਤ ਚਿਤੌੜਗੜ੍ਹ ਅਤੇ ਕਾਸ਼ੀ ਵਿਖੇ ਹੋਈ ਮੰਨਦਾ ਹੈ। ਲੇਖਕ ਆਪਣੀ ਖੋਜ ਦੇ ਅਧਾਰ 'ਤੇ ਇਹ ਦੋਨਾਂ ਮੁਲਾਕਾਤਾਂ ਨੂੰ ਕਾਲਪਨਿਕ ਸਿੱਧ ਕਰਦਾ ਹੈ, ਕਿਉਂਕਿ ਮੁਲਾਕਾਤਾਂ ਇਤਿਹਾਸਕ ਤੱਥਾਂ 'ਤੇ ਅਧਾਰਿਤ ਨਹੀਂ ਹਨ। ਇੰਝ ਲੇਖਕ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਪੰਜ ਨਹੀਂ, ਤਿੰਨ ਮੁਲਾਕਾਤਾਂ ਨੂੰ ਹੀ ਸਹੀ ਨਹੀਂ ਮੰਨਦਾ। ਲੇਖਕ ਦੀ ਗਹਿਰੀ ਖੋਜ ਅਤੇ ਵਿਸ਼ਾਲ ਅਧਿਐਨ ਮੁਤਾਬਕ ਸਤਿਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਮੁਲਾਕਾਤਾਂ ਸਿੱਧ ਹੁੰਦੀਆਂ ਹਨ-ਚੂਹੜਕਾਣਾ 1482 ਈਸਵੀ, ਸੁਲਤਾਨਪੁਰ ਲੋਧੀ 1496 ਈਸਵੀ ਅਤੇ ਬਨਾਰਸ 19 ਫਰਵਰੀ 1509 ਈਸਵੀ। ਦੋਹਾਂ ਕ੍ਰਾਂਤੀਕਾਰੀ ਮਹਾਂਪੁਰਖਾਂ ਦੀ ਮਿਲਣੀ ਨੂੰ ਅਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਸੰਬੰਧੀ ਪ੍ਰੋ: ਸਾਹਿਬ ਸਿੰਘ ਜੀ ਦੀ ਅਕੱਟ ਗਵਾਹੀ ਹੈ, "ਪੁਸਤਕ ਗੁਰਮਤਿ ਪ੍ਰਕਾਸ਼ ਵਿਚ ਬਾਬਾ ਫ਼ਰੀਦ, ਭਗਤ ਜੈਦੇਵ ਅਤੇ ਬੇਣੀ ਜੀ ਦੀ ਬਾਣੀ ਵਿੱਚੋਂ ਪ੍ਰਮਾਣ ਦੇ ਕੇ ਇਹ ਸਿੱਧ ਕੀਤਾ ਸੀ ਕਿ ਇਹਨਾਂ ਮਹਾਂਪੁਰਖਾਂ ਦੀ ਬਾਣੀ ਸਤਿਗੁਰੂ ਨਾਨਕ ਦੇਵ ਜੀ ਦੇ ਪਾਸ ਮੌਜੂਦ ਸੀ। ਉਨ੍ਹਾਂ ਹੀ ਲੇਖਾਂ ਵਿੱਚੋਂ ਇਕ ਲੇਖ ਵਿਚ ਭਗਤ ਰਵਿਦਾਸ ਜੀ ਦੀ ਬਾਣੀ ਵਿੱਚੋਂ ਹਵਾਲੇ ਦੇ ਕੇ ਇਹ ਦੱਸਿਆ ਸੀ ਕਿ ਰਵਿਦਾਸ ਜੀ ਦੀ ਬਾਣੀ ਵੀ ਗੁਰੂ ਨਾਨਕ ਸਾਹਿਬ ਪਾਸ ਮੌਜੂਦ ਸੀ।" (ਭਗਤ-ਬਾਣੀ ਸਟੀਕ ਹਿੱਸਾ ਦੂਜਾ ਸਿੰਘ ਬ੍ਰਦਰਜ਼ 2010 ਪੰਨਾ 23) ਪ੍ਰੋ: ਜੀ ਦਾ ਇਹ ਸਬੂਤ ਦੋਹਾਂ ਕ੍ਰਾਂਤੀਕਾਰੀ ਮਹਾਂਪੁਰਖਾਂ ਦੀ ਮੁਲਾਕਾਤ ਦੀ ਗਵਾਹੀ ਬਣਦਾ ਹੈ। ਲੇਖਕ ਚੌਥੀ, ਪੰਜਵੀਂ ਮੁਲਾਕਾਤ ਨੂੰ ਅਧਾਰ ਬਣਾ ਕੇ ਰਵਿਦਾਸ ਜੀ ਨੂੰ ਗੁਰੂ ਨਾਨਕ ਸਾਹਿਬ ਦੇ ਗੁਰੂ ਮੰਨਣ ਵਾਲ਼ਿਆਂ ਵਿੱਚ ਕੇ.ਐੱਸ. ਮੁਨਸ਼ੀ ਦਾ ਹਵਾਲਾ ਦਿੰਦਾ ਹੈ, ਪਰ ਲੇਖਕ ਇਸ ਵਿਚਾਰ ਨੂੰ ਇਹ ਕਹਿੰਦਿਆਂ ਰੱਦ ਕਰ ਦਿੰਦਾ ਹੈ ਕਿ ਤਿੰਨ ਮੁਲਾਕਾਤਾਂ ਸਮੇਂ ਸਮਾਜਿਕ ਸਰੋਕਾਰਾਂ ਅਤੇ ਅਧਿਆਤਮਕ ਵਿਸ਼ਿਆਂ ਸੰਬੰਧੀ ਵਿਚਾਰ-ਵਟਾਂਦਰਾ ਤਾਂ ਜ਼ਰੂਰ ਹੋਇਆ ਹੋਵੇਗਾ, ਪਰ ਗੁਰੂ-ਸ਼ਿਸ਼ ਬਾਰੇ ਕੋਈ ਸਬੂਤ ਨਹੀਂ ਹੈ। ਦੋਹਾਂ ਮਹਾਂਪੁਰਖਾਂ ਦਾ ਕੋਈ ਦੁਨਿਆਵੀ ਗੁਰੂ ਨਹੀਂ ਸੀ, ਕਿਉਂਕਿ ਦੋਹਾਂ ਹਸਤੀਆਂ ਦਾ ਮਾਰਗ ਦੁਨਿਆਵੀ ਪੁਜਾਰੀਆਂ, ਕਾਜ਼ੀਆਂ, ਜੋਗੀਆਂ ਤੋਂ ਅਲੱਗ ਅਤੇ ਲੋਕ ਕਲਿਆਣਕਾਰੀ ਸੀ। ਉਨ੍ਹਾਂ ਦਾ ਆਪਣਾ ਨਵੀਨ ਕ੍ਰਾਂਤੀਕਾਰੀ ਬਾਣੀ-ਗਿਆਨ ਹੀ ਗੁਰੂ ਸੀ। ਇਹ ਮੁਲਾਕਾਤਾਂ ਜੀਵਨ ਨੂੰ ਨਵੀਨ ਉੱਤਮ ਦਿਸ਼ਾ ਪ੍ਰਦਾਨ ਕਰਨ ਵਾਲ਼ੇ ਦੋ ਕ੍ਰਾਂਤੀਕਾਰੀ ਅਸਲ ਯੋਧਿਆਂ ਦੀ ਵਿਚਾਰਧਾਰਕ ਸਾਂਝ ਦੀਆਂ ਸਬੂਤ ਹਨ।

ਰਵਿਦਾਸ ਜੀ ਦੇ ਜੱਸ/ਮਹਿਮਾ ਦੇ ਅਧਿਆਏ ਵਿੱਚ ਲੇਖਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਬਾਹਰੀ ਸ੍ਰੋਤਾਂ ਦੀ ਖੋਜ ਕਰਕੇ ਸਿੱਧ ਕਰਦਾ ਹੈ ਕਿ ਉਨ੍ਹਾਂ ਦੇ ਬਾਣੀ-ਗਿਆਨ ਦੇ ਪ੍ਰਕਾਸ਼ ਕਾਰਨ ਚਾਰੇ ਪਾਸੇ ਉਨ੍ਹਾਂ ਦੀ ਮਹਿਮਾ ਦੀ ਚਰਚਾ ਸੀ। ਰਵਿਦਾਸ ਜੀ ਦੀ ਵਿਚਾਰਧਾਰਾ ਦੀ ਮਾਨਤਾ ਅਤੇ ਉਨ੍ਹਾਂ ਦੀ ਵਡਿਆਈ ਸੰਬੰਧੀ ਕਬੀਰ ਸਾਹਿਬ, ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਭੱਟ ਕਲ੍ਹ ਜੀ ਦੇ ਮਹਾਂਵਾਕ ਪੇਸ਼ ਕੀਤੇ ਗਏ ਹਨ। ਏਥੇ ਹੀ ਮਹਾਂਵਾਕ

ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥

ਦੇ ਕਰਤਾ ਸਤਿਗੁਰ ਧੰਨਾ ਜੀ ਲਿਖਿਆ ਗਿਆ ਹੈ, ਸ਼ਾਇਦ ਭੁਲੇਖੇ ਨਾਲ਼ ਕਿਉਂਕਿ ਇਸ ਸ਼ਬਦ ਦੇ ਅੰਤ ਵਿੱਚ ਭਗਤ ਧੰਨਾ ਜੀ ਦਾ ਨਾਂਅ ਸੁਸ਼ੋਭਿਤ ਹੈ। ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗੁ ਆਸਾ ਅੰਗ 487 'ਤੇ ਹੈ। ਰਵਿਦਾਸ ਜੀ ਦੇ ਜੱਸ ਦੇ ਫ਼ੈਲਾਓ ਨੂੰ ਦਰਸਾਉਣ ਲਈ ਲੇਖਕ ਭਾਈ ਗੁਰਦਾਸ ਜੀ, ਸੰਤ ਦਾਦੂ ਦਯਾਲ ਜੀ, ਬਾਬਾ ਵਜੀਦ, ਸੰਤ ਅਨੰਤ ਦਾਸ ਜੀ, ਮੀਰਾਬਾਈ ਜੀ ਸਮੇਤ ਅਠਾਈ ਸਿਰਕੱਢ ਰਚਨਾਕਾਰ ਸ਼ਖ਼ਸੀਅਤਾਂ ਦੀਆਂ ਲਿਖਤਾਂ ਪੇਸ਼ ਕਰਦਾ ਹੈ। ਰਵਿਦਾਸ ਜੀ ਆਪਣੀ ਬਾਣੀ ਵਿੱਚ ਖ਼ੁਦ ਐਲਾਨ ਕਰਦੇ ਹਨ ਕਿ ਮੇਰੀ ਚਮਾਰ ਜਾਤ ਨੂੰ ਨੀਚ-ਨੀਚ ਕਹਿਣ ਵਾਲ਼ੇ ਬ੍ਰਾਮਣ ਵੀ ਮੈਨੂੰ ਨਮਸਕਾਰ ਕਰਦੇ ਹਨ। ਬੜਾ ਸਪੱਸ਼ਟ ਹੈ ਕਿ ਕੋਈ ਵੀ ਬਾਣੀ ਅਨੁਸਾਰ ਜੀਵਨ-ਮਾਰਗ ਅਪਣਾ ਕੇ ਮਹਾਨ ਹੋ ਸਕਦਾ ਹੈ।

ਲੇਖਕ ਨੇ ਰਵਿਦਾਸ ਜੀ ਬਾਰੇ ਖੋਜ ਕਰਦਿਆਂ ਆਪਣੇ ਸਫ਼ਰ ਦੌਰਾਨ ਵਿਸ਼ੇ ਤੋਂ ਹਟਵੀਆਂ, ਪਰ ਮਹੱਤਵਪੂਰਨ ਸੂਚਨਾਵਾਂ ਵੀ ਅੰਕਿਤ ਕੀਤੀਆਂ ਹਨ। ਰਵਿਦਾਸ ਜੀ ਦੀ ਦੱਖਣ ਵੱਲ ਯਾਤਰਾ ਦੌਰਾਨ ਉਨ੍ਹਾਂ ਦੀ 'ਮਲੇਵਾੜ' ਜਿਸ ਨੂੰ ਲੇਖਕ 'ਮਾਲਾਬਾਰ' ਮੰਨਦਾ ਹੈ, ਦਾ ਜ਼ਿਕਰ ਕਰਨ ਸਮੇਂ ਲੇਖਕ ਉੱਥੋਂ ਦੇ ਪ੍ਰਾਚੀਨ ਦੌਰ ਦੇ 'ਪ੍ਰਧਾਨ ਸ਼ਹਿਰ' ਬਾਰੇ ਦੱਸਦਾ ਹੈ ਕਿ 'ਸਮੂਥੀਰੀ ਵੰਸ਼ੀ' ਹਿੰਦੂ ਰਾਜਿਆਂ ਦੀ ਹਕੂਮਤ ਵਿੱਚ ਨੀਵੀਆਂ ਜਾਤੀਆਂ ਦਾ ਜੀਵਨ ਅਤਿਅੰਤ ਦੁੱਖਾਂ ਭਰਿਆ ਸੀ। ਉਨ੍ਹਾਂ ਨੂੰ ਮੰਜੇ ਪਰ ਬੈਠਣ, ਚੰਗੇ ਕੱਪੜੇ ਪਹਿਨਣ, ਧੋਤੀ ਲਗਾਉਣ, ਨਹਾਉਣ, ਸਫ਼ਰ 'ਤੇ ਜਾਣ ਆਦਿ ਲਈ ਅਨੇਕਾਂ ਪ੍ਰਕਾਰ ਦੇ ਟੈਕਸ ਦੇਣੇ ਪੈਂਦੇ ਸਨ। ਸਭ ਤੋਂ ਘਿਨਾਉਣਾ ਟੈਕਸ ਅਛੂਤ ਔਰਤਾਂ 'ਤੇ, ਛਾਤੀ ਦੇ ਆਕਾਰ ਮੁਤਾਬਕ ਛਾਤੀ ਢਕਣ ਲਈ ਔਰਤਾਂ ਨੂੰ ਟੈਕਸ ਅਦਾ ਕਰਨਾ ਪੈਂਦਾ ਸੀ। ਇਹ ਟੈਕਸ ਸਾਰੇ ਕੇਰਲਾ ਪ੍ਰਾਂਤ ਵਿੱਚ ਪ੍ਰਚੱਲਤ ਸੀ। (ਪੰਨਾ 213) ਔਰਤਾਂ ਬਾਰੇ ਡਾ. ਅੰਬੇਡਕਰ ਅਜਿਹੀ ਘਿਨਾਉਣੀ ਪ੍ਰਸਥਿਤੀ ਦਾ ਉਲੇਖ ਕਰਦੇ ਹੋਏ ਲਿਖਦੇ ਹਨ, "ਦੱਖਣੀ ਭਾਰਤ ਵਿੱਚ ਅਛੂਤਾਂ ਨੂੰ ਆਪਣੇ ਤਨ ਦਾ ਲੱਕ ਤੋਂ ਉਤਲਾ ਹਿੱਸਾ ਢਕਣ ਦੀ ਸਪੱਸ਼ਟ ਮਨਾਹੀ ਸੀ ਅਤੇ ਔਰਤਾਂ ਨੂੰ ਲੱਕ ਤੋਂ ਉਤਲਾ ਹਿੱਸਾ ਬਿਲਕੁਲ ਨੰਗਾ ਰੱਖ ਕੇ ਜਾਣ ਲਈ ਮਜਬੂਰ ਕੀਤਾ ਜਾਂਦਾ ਸੀ। (volume-AA,AIIC page GBA) ਇਸੇ ਤਰ੍ਹਾਂ ਹੀ ਦੁਆਰਕਾ ਤੋਂ ਰਵਿਦਾਸ ਜੀ ਦੇ ਅਜੋਕੇ ਪਾਕਿਸਤਾਨ ਦੇ ਸ਼ਹਿਰ ਚੰਦਕਾ ਪੁੱਜਣ ਦਾ ਜ਼ਿਕਰ ਕਰਨ ਵੇਲੇ ਓਥੋਂ ਦੀ ਇਤਿਹਾਸਕ ਜਾਣਕਾਰੀ ਆਪਣੀ ਟਿੱਪਣੀ ਸਹਿਤ ਦਰਜ ਕਰਦਿਆਂ ਲਿਖਦਾ ਹੈ ਕਿ ਚੰਦਕਾ, ਲੜਕਾਣਾ ਦਾ ਪ੍ਰਾਚੀਨ ਨਾਂਅ ਹੈ ਅਤੇ ਇਹ ਸਿੰਧ ਦਾ ਇੱਕ ਪ੍ਰਾਚੀਨ ਸ਼ਹਿਰ ਹੈ। ਸਦੀਆਂ ਪਹਿਲਾਂ ਏਥੋਂ ਦਾ ਸੂਤੀ ਕੱਪੜਾ ਜਗਤ ਪ੍ਰਸਿੱਧ ਸੀ ਅਤੇ ਮਿਸਰ ਤੱਕ ਇਸ ਦਾ ਵਪਾਰ ਹੁੰਦਾ ਸੀ। ਸਿੰਧ ਘਾਟੀ ਦੀ ਸੱਭਿਅਤਾ ਦੇ ਖੰਡਰ ਵੀ ਏਥੋਂ 30 ਕੁ ਕਿ. ਮੀ. ਦੀ ਦੂਰੀ 'ਤੇ ਮਿਲੇ ਹਨ, ਜੋ ਭਾਰਤ ਦੇ ਮੂਲ ਨਿਵਾਸੀ ਲੋਕਾਂ ਦੀ ਮੰਨੀ-ਦੰਨੀ ਸੱਭਿਅਤਾ ਸੀ। ਪਿੱਛੋਂ ਏਥੇ ਆਰੀਆ ਲੋਕਾਂ ਦਾ ਦਾਬਾ ਪੈ ਗਿਆ ਅਤੇ ਉਨ੍ਹਾਂ ਦਾ ਡੰਕਾ ਬੁੱਧ ਧਰਮ ਦੇ ਉਥਾਨ ਤੱਕ ਵੱਜਦਾ ਰਿਹਾ। (ਪੰਨਾ-195)

ਲੇਖਕ ਹਰ ਖ਼ਿਆਲ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਰਖਦਾ ਹੈ। ਉਹ ਰਵਿਦਾਸ ਜੀ ਨਾਲ਼ ਜੋੜੀਆਂ ਗਈਆਂ ਕਾਲਪਨਿਕ ਘਟਨਾਵਾਂ ਦਾ ਖੰਡਨ ਕਰਦਾ ਹੈ। ਏਥੇ ਇਹ ਕਹਿਣਾ ਅਢੁਕਵਾਂ ਨਹੀਂ ਹੈ ਕਿ ਸਤਿਗੁਰੂ ਕਬੀਰ ਸਾਹਿਬ ਦੇ ਮਹਾਂਵਾਕ-ਮਾਥੇ ਤਿਲਕ ਹਥਿ ਤਾਨਾ ਬਾਨਾ॥ ਲੋਗਨ ਰਾਮ ਖਿਲੌਨਾ ਜਾਨਾ॥ (ਭੈਰਉ ਭਗਤ ਕਬੀਰ ਜੀ ਅੰਗ 1158) ਅਤੇ ਬਾਬਾ ਰਵਿਦਾਸ ਜੀ ਦੀ ਆਪਣੀ ਬਾਣੀ-ਵਿਚਾਰਧਾਰਾ ਦੇ ਅਧਾਰ 'ਤੇ ਟਾਇਟਲ ਦੀ ਫੋਟੋ ਉੱਤੇ ਕਿੰਤੂ-ਪਰੰਤੂ ਦੀ ਸੰਭਾਵਨਾ ਬਣਦੀ ਹੈ। ਲੇਖਕ ਦਾ ਅਹਿਮ ਮੱਤ ਹੈ ਕਿ ਕ੍ਰਾਂਤੀਕਾਰੀ ਰਵਿਦਾਸ-ਬਾਣੀ ਵਿਚਾਰਧਾਰਾ ਦਾ ਪ੍ਰਚਾਰ-ਪਸਾਰ ਕਰਨ ਵਾਲ਼ਿਆਂ ਨੂੰ ਸੰਤ ਮੰਨ ਕੇ ਉਨ੍ਹਾਂ ਦੀ ਰਚਨਾ ਨੂੰ 'ਗੁਰਸੰਤ ਬਾਣੀ' ਵਜੋਂ ਮਾਨਤਾ ਦੇ ਕੇ ਇੱਕ ਸਾਂਝਾ ਬਾਣੀ-ਗ੍ਰੰਥ ਤਿਆਰ ਕਰਕੇ ਖੰਡਿਤ ਹੋਏ ਰਵਿਦਾਸੀਆ ਸਮਾਜ ਨੂੰ ਇੱਕ ਸੂਤਰ ਵਿੱਚ ਪਰੋਇਆ ਜਾ ਸਕਦਾ ਹੈ। ਲੇਖਕ ਦਾ ਸੁਝਾਅ ਬੜਾ ਸ਼ਾਨਦਾਰ ਹੈ, ਪਰ ਸਮਕਾਲੀ ਪ੍ਰਸਥਿਤੀਆਂ ਵਿੱਚ ਅਜਿਹਾ ਹੋਣਾ ਜੇ ਅਸੰਭਵ ਨਹੀਂ ਤਾਂ ਅਤਿਅੰਤ ਜ਼ਰੂਰ ਹੈ। ਪੁਸਤਕ ਦੇ ਅੰਤ ਵਿੱਚ ਸਹਾਇਕ ਪੁਸਤਕ ਸੂਚੀ ਵਿੱਚ ਪੰਜਾਬੀ ਦੀਆਂ 124, ਹਿੰਦੀ ਦੀਆਂ 72, ਅੰਗਰੇਜ਼ੀ ਦੀਆਂ 18 ਪੁਸਤਕਾਂ ਅਤੇ 12 ਪੰਜਾਬੀ ਪੱਤ੍ਰਿਕਾਵਾਂ ਦਾ ਵੇਰਵਾ ਹੈ। ਰੂਪ ਲਾਲ ਰੂਪ ਦੀ ਇਹ ਵੱਡੇ ਅਕਾਰ ਦੀ ਪੁਸਤਕ ਜਿੱਥੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਸੰਬੰਧੀ ਨਵੀਨ, ਵਿਸ਼ਾਲ ਜਾਣਕਾਰੀ ਪੇਸ਼ ਕਰਦੀ ਹੈ, ਉਥੇ ਇਹ ਵੱਡੀ ਖੋਜ ਦਾ ਰੁਤਬਾ ਰੱਖਣ ਦੇ ਨਾਲ਼-ਨਾਲ਼ ਉਨ੍ਹਾਂ ਬਾਰੇ ਰਚੇ ਗਏ ਅਨੇਕਾਂ ਗ੍ਰੰਥਾਂ, ਪੋਥੀਆਂ, ਪੁਸਤਕਾਂ ਦੇ ਜਾਣਕਾਰੀ-ਸ੍ਰੋਤ ਵਜੋਂ ਵੀ ਕਾਰਜ ਕਰਦੀ ਹੈ। ਸੱਚਮੁੱਚ ਇਹ ਸਿਰਜਣਾ ਲੇਖਕ ਦੀ ਮਹਾਨ ਕਿਰਤ ਹੈ।

**ਸੰਪਰਕ : 94637-76985**

ਸਫ਼ਾ 3 ਦੀ ਬਾਕੀ

## ਤਲਖ ਹਕੀਕਤਾਂ ਦੀ ਤਨਜ਼ੀਆ ਕਾਵਿ-ਚੋਭ...

ਹੈ। ਇਹ ਤਨਜ਼ ਕੇਵਲ ਚੌਧਰੀ ਤੇ ਰਹਿਮਾਂ ਦੀ ਨਹੀਂ, ਸਗੋਂ ਇਹ ਇੱਕ ਅਜਿਹਾ ਵਰਤਾਰਾ ਜਾਂ ਮਾਨਸਿਕਤਾ ਹੈ, ਜੋ ਪਹਿਲਾਂ ਨਾਲੋਂ ਅੱਜ ਭਾਰੂ ਹੁੰਦੀ ਜਾ ਰਹੀ ਹੈ। ਜਦੋਂ ਕਿਸੇ ਆਜ਼ਾਦ ਮੁਆਸ਼ਰੇ ਵਿੱਚ ਬੰਦਾ ਸੋਚਣ, ਪ੍ਰਗਟ ਕਰਨ, ਬੋਲਣ, ਲਿਖਣ ਆਦਿ ਵਿੱਚ ਆਜ਼ਾਦੀ ਮਹਿਸੂਸ ਨਾ ਕਰ ਰਿਹਾ ਹੋਵੇ ਤਾਂ ਅਜਿਹੀ ਮਾਨਸਿਕਤਾ ਵਾਲੀ ਸਥਿਤੀ ਤਾਂ ਪਨਪੇਗੀ ਹੀ।

ਬਾਕੀ ਧਰਮਾਂ ਵਾਂਗ ਇਸਲਾਮ ਵਿੱਚ ਔਰਤ ਦੀ ਮਰਦ ਦੇ ਬਰਾਬਰ ਦੀ ਹੈਸੀਅਤ ਨੂੰ ਸਵੀਕਾਰ ਤਾਂ ਕੀਤਾ ਜਾਂਦਾ ਰਿਹਾ ਹੈ, ਪਰ ਅੱਜ ਤੱਕ ਵੀ ਨਿੱਜੀ ਵਰਤਾਰੇ ਵਿੱਚ ਔਰਤ ਨੂੰ ਉਹ ਦਰਜਾ ਨਹੀਂ ਮਿਲ ਸਕਿਆ, ਜਿਸ ਦੀ ਉਹ ਹੱਕਦਾਰ ਹੈ ਜਾਂ ਜਿਸ ਦਾ ਜ਼ਿਕਰ ਇਸਲਾਮ ਦੇ ਸ਼ਰੱਈ ਅਸੂਲਾਂ ਵਿੱਚ ਹੈ। ਅਲੀ ਜ਼ੁਲਫੀ ਦੀ 'ਅਫਸਰ ਵਹੁਟੀ ਦਾ' ਜਾਂ ਇੱਕ 'ਇਨਾਮੁਲ ਹੱਕ ਜਾਵੇਦ', 'ਮਾਡਰਨ ਮਾਹੀਆ' ਅਜਿਹੇ ਵਰਤਾਰੇ ਬਾਰੇ ਤਨਜ਼ ਕਰਦੀਆਂ ਰਚਨਾਵਾਂ ਹਨ। ਘਰ ਵਿੱਚ ਔਰਤ ਦਾ ਹੱਥ ਵਟਾਉਣ ਵਾਲਾ ਮਰਦ ਲੋਕਾਂ ਦੇ ਕਿਹੋ ਜਿਹੇ ਤਾਅਨੇ/ਮਿਹਣੇ ਝੱਲਦਾ ਹੈ, ਜਿਸ ਦਾ ਜ਼ਿਕਰ ਅਲੀ ਜ਼ੁਲਫੀ ਬਾਖ਼ੂਬੀ ਕਰ ਰਿਹਾ ਹੈ ਪਰ ਉਹ ਇਸ ਵਿੱਚ ਇੱਕ ਰਮਜ਼ ਵੀ ਆਪਣੇ ਪਾਠਕਾਂ ਲਈ ਛੱਡ ਜਾਂਦਾ ਹੈ ਕਿ ਔਰਤਾਂ ਵੀ ਤਾਂ ਰੱਬ ਦੀ (ਅੱਲ੍ਹਾ ਦੀ) ਲੋਕਾਈ ਦਾ ਇੱਕ ਬਸ਼ਰ ਹੀ ਹੈ, ਜਿਸ ਦੀ ਹੋਂਦ ਨੂੰ ਮਹਿਸੂਸ ਕਰਨਾ ਅਤੇ ਉਸ ਨੂੰ ਇੱਕ ਜਿਊਂਦੀ-ਜਾਗਦੀ ਰੂਹ ਸਮਝਣਾ ਜ਼ਰੂਰ ਹੁੰਦਾ ਹੈ :

'ਬੁੱਢੀ ਵੀ ਤੇ ਆਖਿਰ ਹੁੰਦਾ ਰੱਬ ਸੋਹਣੇ ਦਾ ਜੀ ਏ
ਇਹਦੇ ਨਾਲ ਜੇ ਕੰਮ ਕਰਾਈਏ ਦੱਸੋ ਲੋਕੋ ਹੁੰਦਾ ਕੀ ਏ।'

ਇਸੇ ਤਰ੍ਹਾਂ ਇਨਾਮੁਲ ਹੱਕ ਜਾਵੇਦ ਵੀ ਆਪਣੀ ਚਾਰ ਸਤਰਾਂ ਵਿੱਚ ਹੀ ਜੀਵਨ-ਮੰਤਰ ਪੇਸ਼ ਕਰਦਾ ਹੈ, ਜਿਸ ਨਾਲ ਔਰਤ ਦੇ ਵਜੂਦ ਨੂੰ ਮਹਿਸੂਸ ਕਰਨ ਦਾ ਇੱਕ ਅਹਿਸਾਸ ਪਨਪਦਾ ਹੈ।

'ਸਲੀਮ ਆਹੰਗ' ਆਪਣੇ ਵਿਅੰਗ 'ਟਾਪ ਸਿੰਗਰ' ਵਿੱਚ ਅਜੋਕੀ ਸ਼ਾਇਰੀ ਵਿੱਚ ਭਾਰੂ ਹੋ ਰਹੇ 'ਸ਼ੋਰ' ਵੱਲ ਧਿਆਨ ਦਿਵਾਉਂਦਾ ਹੈ, ਜਿਸ ਵਿੱਚ ਸ਼ਾਇਰੀ ਗਾਇਬ ਹੋ ਰਹੀ ਹੈ ਜਾਂ ਸਾਜ਼ਾਂ ਦੀ ਗੜਗੜਾਹਟ ਗੁੰਮ ਹੋ ਰਹੀ ਹੈ, ਦੱਬਦੀ ਜਾ ਰਹੀ ਹੈ। ਉਹ ਆਧੁਨਿਕ ਗਾਇਕਾਂ ਦੀ ਪਛਾਣ ਬਣਦੀ ਜਾ ਰਹੀ ਰਵਾਇਤ ਨੂੰ ਇਸ ਤਨਜ਼ੀਆ ਲਹਿਜ਼ੇ ਵਿੱਚ ਕਹਿ ਜਾਂਦਾ ਹੈ :

ਜਗ੍ਹਾ ਜਗ੍ਹਾ ਟਾਕੀ ਲੱਗੀ ਹੋਵੇ ਪਤਲੂਨ 'ਤੇ
ਦੇਸੀ ਗਾਣਾ ਫਿੱਟ ਹੋਵੇ ਪਰਦੇਸੀ ਟਿਊਨ 'ਤੇ
-0-
ਸਾਜ਼ਾਂ ਤੇ ਆਵਾਜ਼ਾਂ ਵਿੱਚ ਤੁਹਾਡਾ ਕੋਈ ਜੋੜ ਨਹੀਂ
ਬਾਕੀ ਰਹਿ ਗਈ ਸ਼ਾਇਰੀ ਤੇ ਉਹਦੀ ਐਡੀ ਲੋੜ ਨਹੀਂ।
-0-
ਜਿਵੇਂ ਗਾਣਾ ਸੋਚ ਨਾਲੋਂ ਅਨਫਿਟ ਹੋਵੇਗਾ
ਉਵੇਂ ਹੀ ਇਹ ਗਾਣਾ ਲੋਕਾਂ ਵਿੱਚ ਹਿੱਟ ਹੋਵੇਗਾ।

ਹਕੀਰ ਸ਼ੇਰ ਮੁਹੰਮਦ ਨਾਸਿਰ ਇੱਕ ਵੱਖਰੇ ਢੰਗ ਨਾਲ ਤੁਹਾਨੂੰ ਲਾਹੌਰ ਦੀ ਸੈਰ ਕਰਾਉਂਦਾ ਹੈ, ਪਰ ਉਹ ਆਪਣੀ ਤਨਜ਼ ਰਾਹੀਂ ਹੀਰਾ ਮੰਡੀ ਦੀ ਹਕੀਕਤ ਬਿਆਨ ਕਰਦਾ ਹੈ, ਜਿੱਥੇ ਜਿਸਮਾਂ ਦਾ ਸੌਦਾ ਹੁੰਦਾ ਹੈ। ਔਰਤ ਦੀ ਅਜ਼ਮਤ ਵਿਕਦੀ ਹੈ :

'ਇੱਥੇ ਵਿਕਣ ਧੀਆਂ, ਭੈਣਾਂ, ਮਾਵਾਂ ਦੀ ਵੀ ਪੈ ਜਾਏ ਵੰਡੀ
ਏਸ ਮੰਡੀ ਦੀ ਹਰ ਇੱਕ ਤੀਵੀਂ ਰਾਤ ਸੁਹਾਗਣ ਦਿਨ ਨੂੰ ਰੰਡੀ'
-0-
ਲਹੌਰ ਵੇਖ ਕੇ ਜੰਮ ਪਿਆਈ, ਲੈ ਹੁਣ ਲੋਕਾਂ ਦੇ ਵਿੱਚ ਰਚ
ਬਚ ਮੋੜ ਤੋਂ ਮੁੰਡਿਆ ਬਚ, ਬਚ ਮੋੜ ਤੋਂ ਮੁੰਡਿਆ ਬੱਚ

ਸਮੇਂ ਦੇ ਹਾਕਮਾਂ ਦੀਆਂ ਲੂੰਬੜ ਚਾਲਾਂ ਨੇ ਸਾਰੇ ਮੁਆਸ਼ਰੇ ਨੂੰ ਅਜਿਹਾ ਗੰਧਲਾ ਕਰ ਦਿੱਤਾ ਹੈ ਕਿ ਜਾਪਦਾ ਇਹ ਹੈ ਕਿ ਰਾਖੀ ਕਰਨ ਵਾਲੇ ਚੋਰਾਂ ਨਾਲ ਰਲੇ ਹੋਏ ਹਨ। ਇਹ ਵਰਤਾਰਾ ਲੱਗਭੱਗ ਹਰ ਥਾਂ ਭਾਰੂ ਹੈ, ਤਾਂ ਹੀ ਤਾਂ ਮੀਆਂ, ਬਸ਼ੀਰ ਅਹਿਮਦ ਬਸ਼ੀਰ ਨੂੰ 'ਕੁੱਤੀ ਰਲ ਗਈ ਚੋਰਾਂ ਨਾਲ' ਵਰਗੀ ਗੱਲ ਕਹਿਣ ਲਈ ਮਜਬੂਰ ਹੋਣਾ ਪਿਆ :

'ਗੁੰਡੇ ਫੜ ਵਜ਼ੀਰ ਕਰਾਂਗਾ
ਡਾਕੂ ਚੋਰ ਮਸ਼ੀਰ ਕਰਾਂਗਾ
ਮੁਲਕ ਨੂੰ ਲੀਰੋ ਲੀਰ ਕਰਾਂਗਾ
ਭਾਵੇਂ ਵਗਣ ਲਹੂ ਦੇ ਖਾਲ
ਕੁੱਤੀ ਰਲ ਗਈ ਚੋਰਾਂ ਨਾਲ
ਉਠੋ ਗੁੰਡਿਓ ਪਾਓ ਧਮਾਲ।'

ਅਜਿਹੇ ਵਰਤਾਰੇ ਵੱਲ ਇੱਕ ਥਾਂ ਮੁਰਲੀ ਚੌਹਾਨ ਵੀ ਇਸ਼ਾਰਾ ਕਰਦਾ ਹੈ :

'ਸੜਕਾਂ ਉੱਤੇ ਕੁੱਤੇ ਆਖਣ ਕੁੱਤਿਆਂ ਨੂੰ
ਬਚ ਬਚਾ ਕੇ ਨਿਕਲੋ ਬੰਦੇ ਹਲਕੇ ਨੇ...'

ਮੁਰਲੀ ਦੀ ਇਸ ਤਨਜ਼ ਵਿੱਚ ਸਮਕਾਲੀ ਵਰਤਾਰੇ ਦੀ ਇੱਕ ਤਲਖ ਹਕੀਕਤ ਵੱਲ ਇਸ਼ਾਰਾ ਵੀ ਹੈ, ਚੇਤਨਾ ਵੀ ਹੈ ਅਤੇ ਇੱਕ ਹਲਕਾ ਜਿਹਾ ਤਨਜ਼ੀਆ ਡੰਗ ਵੀ।

ਕਿਤੇ-ਕਿਤੇ ਇਹ ਤਨਜ਼ ਹਲਕੇ-ਫੁਲਕੇ ਅੰਦਾਜ਼ ਵਿੱਚ ਵੀ ਪੇਸ਼ ਹੋਈ ਹੈ। 'ਜ਼ਾਹਿਦ ਫਖਰੀ' ਦਾ ਸ਼ਿਕਵਾ ਇਸ ਦੀ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ :

ਕਦੀ ਤੇ ਪੇਕੇ ਜਾ ਨੀ ਬੇਗਮ
ਆਵੇ ਸੁੱਖ ਦਾ ਸਾਹ ਨੀ ਬੇਗਮ

ਸੋ ਕੁੱਲ ਮਿਲਾ ਕੇ ਇਹ ਕਿਹਾਜਾ ਸਕਦਾ ਹੈ ਕਿ ਲਹਿੰਦੇ-ਚੜ੍ਹਦੇ ਦੋ ਪੰਜਾਬੀ ਦਾਨਿਸ਼ਵਰਾਂ ਨੇ ਇਹ ਇੱਕ ਅਜਿਹਾ ਸੰਗ੍ਰਹਿ ਤਿਆਰ ਕੀਤਾ ਹੈ ਕਿ ਜੋ ਲਹਿੰਦੇ ਪੰਜਾਬ ਦੇ ਤਨਜ਼ੀਆ ਚੋਭਾਂ ਵਾਲੇ ਰੰਗ ਨੂੰ ਚੜ੍ਹ ਕੇ ਪੰਜਾਬ ਦੇ ਪਾਠਕਾਂ ਤੱਕ ਪਹੁੰਚਾਇਆ ਹੈ। ਜਿਸ ਨਾਲ ਇਸ ਆਪਸੀ ਲੈਣ-ਦੇਣ ਦੇ ਵਟਾਂਦਰੇ ਨੂੰ ਹੋਰ ਉਤਸ਼ਾਹ ਮਿਲੇਗਾ। ਅਜਿਹੇ ਬੇਸ਼ੁਮਾਰ ਯਤਨ ਲਹਿੰਦੇ ਪੰਜਾਬ ਦੇ ਹੋਰ ਦਾਨਿਸ਼ਵਰ ਵੀ ਕਰ ਰਹੇ ਹਨ, ਜਿਸ ਨਾਲ ਚੜ੍ਹਦੇ ਪੰਜਾਬ ਦੀਆਂ ਅਦਬੀ ਰਵਾਇਤਾਂ ਲਹਿੰਦੇ ਪੰਜਾਬ ਦੇ ਸ਼ਾਹਮੁਖੀ ਜਾਨਣ ਵਾਲੇ ਪਾਠਕ ਤੱਕ ਪੁੱਜਦੀਆਂ ਕਰ ਰਹੇ ਹਨ। ਇਸ ਅਦਬੀ ਵਟਾਂਦਰੇ ਨਾਲ ਸਾਂਝਾਂ ਦਾ ਸਿਲਸਿਲਾ ਹੋਰ ਪਕੇਰਾ ਹੋਵੇਗਾ।

**ਸੰਪਰਕ : 98721-73475**

ਆਖਰੀ ਸਫ਼ਾ ਦੀ ਬਾਕੀ

## ਰੰਗਾ ਰਾਮਾਂ ਦਾ ਏਨੀਆਂ ਗੰਭੀਰ ਗੱਲਾਂ...

ਸ਼ਬਦਾਂ 'ਚ ਪ੍ਰਾਣਾਂ ਦੀ ਵਿਆਖਿਆ ਕੀ ਹੈ।

-1- ਅਮੂਰਤ ਬ੍ਰਹਮ ਦਾ ਭਾਵ ਹੈ ਉਹ ਬ੍ਰਹਮ ਜਿਹੜਾ ਸਰੀਰ ਰਹਿਤ ਹੈ, ਜਿਹਦੀ ਕੋਈ ਸ਼ਕਲ-ਸੂਰਤ ਨਹੀਂ, ਜਿਹੜਾ ਨਾ ਜੰਮਦਾ ਹੈ, ਨਾ ਮਰਦਾ ਹੈ ਤੇ ਨਾ ਘਟਦਾ ਹੈ, ਨਾ ਵਧਦਾ ਹੈ। ਆਰੰਭ ਵਿਚ ਉਹ ਜਿੰਨਾ ਸੀ, ਹੁਣ ਵੀ ਓਨਾ ਹੀ ਹੈ। ਇਹ ਸਾਰੀਆਂ ਸਿਫਤਾਂ ਤਾਂ ਪਦਾਰਥ ਭਾਵ ਮਾਦਾ ਜਾਂ ਪ੍ਰਕਿਰਤੀ ਦੀਆਂ ਹਨ। ਉਪਨਿਸ਼ਦ ਤਾਂ ਇਹ ਹੀ ਕਹਿੰਦੇ ਹਨ ਕਿ ਅਮੂਰਤ ਬ੍ਰਹਮ ਕਣ-ਕਣ ਵਿਚ ਸਮਾਇਆ ਹੋਇਆ ਹੈ। ਗੁਰੂ ਨਾਨਕ ਨੇ ਵੀ ਇਹੀ ਕਿਹਾ :-

'ਬਲਿਹਾਰੀ ਕੁਦਰਤ ਵੱਸਿਆ'।

ਪ੍ਰਕਿਰਤੀ ਆਪ ਹੀ ਅਮੂਰਤ ਬ੍ਰਹਮ ਹੈ ਹੋਰ ਕੁਝ ਨਹੀਂ।

ਅਮੂਰਤ ਬ੍ਰਹਮ ਤੇ ਪ੍ਰਕਿਰਤੀ ਦੀ ਏਕਤਾ ਅਨੁਭਵ ਕੀਤੇ ਬਿਨਾਂ ਤੇ ਆਪਣੇ-ਆਪ ਨੂੰ ਇਸ ਦਾ ਹੀ ਅੰਗ ਸਮਝੇ ਬਿਨਾਂ ਬੰਦਾ ਹਉਂ ਵਿਚ ਗੁਆਚ ਜਾਂਦਾ ਹੈ, ਅਜਿਹਾ ਬੰਦਾ ਕਵੀ ਤਾਂ ਕੀ, ਬੰਦਾ ਵੀ ਨਹੀਂ ਬਣ ਸਕਦਾ। ਬੜੇ ਥੋੜ੍ਹੇ ਹੀ ਹਨ, ਜੋ ਅਸਲ ਕਵੀ ਹਨ, ਬੜੀ ਥੋੜ੍ਹੀ ਕਵਿਤਾ ਹੈ, ਜਿਹੜੀ ਇੱਥੋਂ ਤੱਕ ਪੁੱਜਦੀ ਹੈ।

2-ਇਹ ਕਥਨ ਤੈਤਿਰੀਯ ਉਪਨਿਸ਼ਦ ਦਾ ਹੈ।

ਸਾਡਾ ਸਰੀਰ ਉਨ੍ਹਾਂ ਤੱਤਾਂ ਦਾ ਹੀ ਬਣਿਆ ਹੋਇਆ ਹੈ, ਜਿਨ੍ਹਾਂ ਨਾਲ ਧਰਤੀ ਬਣੀ ਹੋਈ ਹੈ। ਪਸ਼ੂ, ਪੰਛੀ ਤੇ ਬਨਸਪਤੀ ਸਾਰੇ ਹੀ ਇਨ੍ਹਾਂ ਤੱਤਾਂ ਤੋਂ ਹੀ ਬਣੇ ਹੋਏ ਹੁੰਦੇ ਹਨ। ਇਨ੍ਹਾਂ ਤੱਤਾਂ ਤੋਂ ਬਣੇ ਸਰੀਰ ਨੂੰ ਜੀਵਤ ਰਹਿਣ ਲਈ ਇਨ੍ਹਾਂ ਤੱਤਾਂ ਦੀ ਲੋੜ ਸਦਾ ਰਹਿੰਦੀ ਹੈ ਤੇ ਇਹ ਤੱਤ ਸਾਨੂੰ ਖਾਣ ਯੋਗ ਪਦਾਰਥ ਅਰਥਾਤ ਅੰਨ ਤੋਂ ਹੀ ਮਿਲ ਸਕਦੇ ਹਨ। ਅੰਨ ਤੋਂ ਬਿਨਾਂ ਨਾ ਸਰੀਰ ਤੇ ਨਾ ਜੀਵਨ ਦਾ ਹੋਣਾ ਸੰਭਵ ਹੈ। ਇਸ ਲਈ ਹੀ ਅੰਨ ਨੂੰ ਦੇਵਤਾ ਜਾਂ ਪ੍ਰਮੇਸ਼ਰ ਵੀ ਕਿਹਾ ਜਾਂਦਾ ਹੈ। ਅੰਨ ਨੂੰ ਜੀਵ ਖਾਂਦੇ ਹਨ ਤੇ ਅੰਤ ਵਿਚ ਅੰਨ ਹੀ ਜੀਵਾਂ ਨੂੰ ਖਾ ਜਾਂਦਾ ਹੈ; ਭਾਵ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ। ਕੁਦਰਤ ਵਿਚ ਰੀਸਾਈਕਲਿੰਗ (ਪੁਨਰ ਸਿਰਜਣਾ) ਸਦਾ ਚੱਲਦੀ ਰਹਿੰਦੀ ਹੈ। ਸਾਰੇ ਪਰਾਣੀ ਅੰਤ ਮਿੱਟੀ ਬਣ ਜਾਂਦੇ ਹਨ ਤੇ ਫੇਰ ਉਸੇ ਮਿੱਟੀ ਤੋਂ ਮੁੜ ਪੈਦਾ ਹੋ ਜਾਂਦੇ ਹਨ।

3-ਪ੍ਰਾਣਾਂ ਦਾ ਅਰਥ ਸਾਹ ਲੈਣ ਦੀ ਪ੍ਰਕਿਰਿਆ ਹੀ ਹੈ, ਹੋਰ ਕੁਝ ਵੀ ਨਹੀਂ। ਇਸ ਪ੍ਰਕਿਰਿਆ ਨਾਲ ਹੀ ਸਾਡਾ ਖ਼ੂਨ ਸਾਫ ਹੁੰਦਾ ਹੈ ਤੇ ਸਰੀਰ ਦੇ ਸਾਰੇ ਅੰਗਾਂ ਨੂੰ ਪੁੱਜਦਾ ਹੈ। ਪ੍ਰਾਣਾਂ ਨਾਲ ਮਿਲੀ ਆਕਸੀਜਨ ਹੀ ਸਾਡੇ ਸਰੀਰ ਤੇ ਦਿਮਾਗ ਨੂੰ ਜੀਵਤ ਰੱਖਦੀ ਹੈ। ਕੁਝ ਚਿਰ ਲਈ ਸਾਹ ਬੰਦ ਰਹਿਣ ਨਾਲ ਦਿਮਾਗ ਆਕਸੀਜਨ ਨਾ ਮਿਲਣ ਕਰਕੇ ਕੰਮ ਕਰਨੋਂ ਹਟ ਜਾਂਦਾ ਹੈ। ਫਾਂਸੀ ਲੱਗਣ ਜਾਂ ਗਲ ਘੁਟਣ ਨਾਲ ਮੌਤ ਹੋਣ ਦਾ ਕਾਰਨ ਸਾਹ ਦੇ ਬੰਦ ਹੋਣ ਨਾਲ ਦਿਮਾਗ ਨੂੰ ਆਕਸੀਜਨ ਨਾ ਮਿਲਣਾ ਹੀ ਹੁੰਦਾ ਹੈ। ਪ੍ਰਾਨ ਨਾ ਸਰੀਰ ਵਿਚ ਬਾਹਰੋਂ ਆਉਂਦੇ ਹਨ, ਨਾ ਸਰੀਰ ਦੇ ਖਤਮ ਹੋ ਨਾਲ ਕਾਇਮ ਰਹਿੰਦੇ ਹਨ।

ਪਰਾਣਾਂ ਨੂੰ ਸਰੀਰ ਵਿਚ ਬਾਹਰੋਂ ਆਈ ਆਤਮਾ ਮੰਨਣਾ ਤੇ ਉਸ ਆਤਮਾ ਦਾ ਮੌਤ ਪਿੱਛੋਂ ਵੀ ਕਾਇਮ ਰਹਿਣ ਦਾ ਕਲਪਿਤ ਖਿਆਲ ਮਨੁੱਖ ਦਾ ਆਪਣੀ ਸੁਵਿਧਾ ਲਈ ਹੀ ਘੜਿਆ ਹੋਇਆ ਹੈ। ਸਰੀਰ ਦੀ ਨਾਸ਼ਮਾਨਤਾ ਤੋਂ ਡਰਿਆ ਬੰਦਾ ਅਜਿਹੇ ਢਕੌਂਸਲੇ ਰਚ ਲੈਂਦਾ ਹੈ।

? ਵਿਦਿਅਕ ਜਾਣਕਾਰੀ, ਤਜਰਬੇ ਤੇ ਅਨੁਭਵਾਂ ਨੂੰ ਸਾਹਵੇਂ ਰੱਖ ਕੇ ਨਿੱਜ ਤੋਂ ਪਾਰ ਤੱਕ ਵਿਚਰਦਿਆਂ ਤੁਸਾਂ ਚੇਤਨ ਤੌਰ 'ਤੇ ਕਿੰਨਾ ਕੁਝ ਪੜ੍ਹਿਆ, ਗੁੜ੍ਹਿਆ ਤੇ ਸਮੇਂ ਨੇ ਕਿੰਨਾ ਕੁ ਸਿਖਾਇਆ, ਵਿਸਥਾਰ ਨਾਲ ਦੱਸੋ।

-ਬਚਪਨ ਤੋਂ ਹੀ ਜਗਿਆਸਾ ਸੀ ਸੁਣਨ, ਸਮਝਣ ਤੇ ਜਾਨਣ ਦੀ। ਜੀਵਨ ਦੇ ਲੰਮੇ ਪੈਂਡੇ 'ਤੇ ਚੱਲਦਿਆਂ ਬਹੁਤ ਕੁਝ ਦੇਖਣ, ਸੁਣਨ, ਪੜ੍ਹਨ ਤੇ ਸਮਝਣ ਦਾ ਯਤਨ ਕਰਦਾ ਰਿਹਾ ਹਾਂ। ਸਮਾਂ ਮਹਾਨ ਅਧਿਆਪਕ ਹੈ। ਇਹ ਕਈ ਬਣੀਆਂ-ਬਣਾਈਆਂ ਮਾਨਤਾਵਾਂ ਨੂੰ ਗਲਤ ਵੀ ਸਿੱਧ ਕਰ ਦਿੰਦਾ ਹੈ ਤੇ ਨਵੀਆਂ ਮਾਨਤਾਵਾਂ ਬਣਾਉਣ ਵਿਚ ਵੀ ਸਹਾਈ ਹੁੰਦਾ ਹੈ। ਮੈਂ ਕਿੰਨਾ ਕੁ ਸਿੱਖ, ਸਮਝ ਸਕਿਆ ਹਾਂ? ਸੋਚਦਾ ਹਾਂ ਕਿ ਜੋ ਕੁਝ ਜਾਣ ਸਕਿਆ ਹਾਂ, ਉਹ ਤਾਂ ਗਿਆਨ ਦੇ ਮਹਾਂਸਾਗਰ ਵਿੱਚੋਂ ਕੁਝ ਘੋਗੇ ਚੁਣ ਕੇ ਖ਼ੁਸ਼ ਹੋਣ ਵਾਲੀ ਗੱਲ ਹੈ। ਇੱਕ ਮਾਸੂਮ ਬੱਚੇ ਦੀ ਤਰ੍ਹਾਂ ਸਾਗਰ ਦੇ ਕੰਢੇ ਬੈਠਾ ਉੱਠਦੀਆਂ ਲਹਿਰਾਂ ਨੂੰ ਦੇਖ ਕੇ ਹੀ ਜੀਅ ਪ੍ਰਚਾਉਂਦਾ ਰਿਹਾ ਹਾਂ। ਅਥਾਹ ਗਿਆਨ ਸਾਗਰ ਦੀਆਂ ਤੈਹਾਂ ਅੰਦਰ ਲੁਕੇ ਅਨਮੋਲ ਰਤਨਾਂ ਦਾ ਅਨੁਭਵ ਤਾਂ ਸੀ ਤੇ ਉਨ੍ਹਾਂ ਤੱਕ ਪਹੁੰਚਣ ਦੀ ਤਮੰਨਾ ਵੀ, ਪਰ ਇਸ ਅਥਾਹ ਤੇ ਅਨੰਤ ਸਾਗਰ ਦਾ ਪਾਰ ਕੌਣ ਪਾ ਸਕਿਆ ਹੈ।

? ਇਸਤਰੀ ਦੀ ਦਹਿਸ਼ਤ ਵਿੱਚ ਜੀਣਾ ਕਿੰਨਾ ਕੁ ਔਖਾ ਹੈ ਆਦਮੀ ਲਈ? ਕੀ ਆਦਮੀ ਵੀ ਇਸਤਰੀ ਦੁਆਰਾ ਲਾਏ ਗਏ ਤੋਹਮਤਾਂ-ਇਲਜ਼ਾਮਾਂ ਨਾਲ ਓਨਾ ਹੀ ਅੰਦਰੋਂ ਟੁੱਟਦਾ, ਮਰਦਾ ਹੈ, ਜਿੰਨਾ ਕਿ ਇਸਤਰੀ।

-ਆਦਮੀ ਹੋਵੇ ਜਾਂ ਇਸਤਰੀ, ਦਹਿਸ਼ਤ ਦਾ ਪ੍ਰਭਾਵ ਘੱਟ ਜਾਂ ਵੱਧ ਸਾਰਿਆਂ 'ਤੇ ਹੁੰਦਾ ਹੈ। ਜਿੰਨਾ ਕੋਈ ਵੱਧ ਕੋਮਲ ਚਿੱਤ ਹੁੰਦਾ ਹੈ, ਓਨਾ ਹੀ ਵੱਧ ਮਹਿਸੂਸ ਕਰਦਾ ਹੈ ਤੇ ਜਿੰਨਾ ਕੋਈ ਘੱਟ ਕੋਮਲ ਚਿੱਤ ਹੁੰਦਾ ਹੈ, ਓਨਾ ਹੀ ਘੱਟ। ਇਸਤਰੀ ਦੀ ਦਹਿਸ਼ਤ ਵਿਚ ਕੋਮਲ ਚਿੱਤ ਆਦਮੀ ਲਈ ਵੀ ਜੀਣਾ ਓਨਾ ਹੀ ਔਖਾ ਹੁੰਦਾ ਹੈ, ਜਿੰਨਾ ਕੋਮਲ ਚਿੱਤ ਇਸਤਰੀ ਲਈ ਆਦਮੀ ਦੀ ਦਹਿਸ਼ਤ ਵਿਚ ਜੀਣਾ। ਝੂਠੇ ਤੇ ਬੇਬੁਨਿਆਦ ਇਲਜ਼ਾਮ ਤੇ ਤੋਹਮਤਾਂ ਆਦਮੀ ਨੂੰ ਵੀ ਓਨਾ ਹੀ ਅੰਦਰੋਂ ਤੋੜਦੀਆਂ ਤੇ ਮਾਰਦੀਆਂ ਹਨ, ਜਿੰਨਾ ਕੁ ਇਸਤਰੀ ਨੂੰ। ਲੰਮਾ ਸਮਾਂ ਇੰਝ ਲੰਘਾਉਣ ਨਾਲ ਹਰ ਬੰਦਾ ਸਹੀਦੜ ਜਿਹਾ ਹੋ ਕੇ ਸਮੇਂ ਨਾਲ ਸਮਝੌਤਾ ਕਰ ਲੈਂਦਾ ਹੈ। ਦਰਦ ਤਾਂ ਫੇਰ ਵੀ ਰਹਿੰਦਾ ਹੈ, ਪਰ ਮਹਿਸੂਸ ਘੱਟ ਹੁੰਦਾ ਹੈ।

? ਤੁਹਾਡੀ ਜੀਵਨੀ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਤੁਸੀਂ ਖੁਦ ਨੂੰ ਕਾਫੀ ਬੇ-ਪਸੰਦ ਕਰਦੇ ਰਹੇ ਹੋ, ਹੁਣ ਵੀ ਓਹੀ ਹਾਲ ਹੈ ਜਾਂ ਕੁਝ ਫਰਕ ਪਿਆ ਹੈ।

-ਮੈਂ ਆਪਣੇ-ਆਪ ਨੂੰ ਕਦੀ ਵੀ ਬੇਪਸੰਦ ਨਹੀਂ ਕਰਦਾ ਸਾਂ। ਜੇ ਇੰਝ ਹੁੰਦਾ ਤਾਂ ਮੈਂ ਜੀਅ ਨਾ ਸਕਦਾ।

ਮੈਂ ਬਚਪਨ ਤੋਂ ਦੇਖਦਾ ਰਿਹਾ ਸਾਂ ਕਿ ਲੋਕੀਂ ਵਿਕਲਾਂਗ ਤੇ ਸਰੀਰਕ ਕੱਜ ਵਾਲੇ ਬੰਦਿਆਂ ਲਈ ਅਤਿ ਦੇ ਬੇਅਹਿਸਾਸ, ਬੇਤਰਸ ਤੇ ਕਠੋਰ ਬਣ ਜਾਂਦੇ ਹਨ। ਸਰੀਰਕ ਕੱਜ ਵਾਲੇ ਬੱਚਿਆਂ ਲਈ ਤਾਂ ਉਹਨਾਂ ਦੇ ਆਪਣੇ ਮਾਂ-ਪਿਓ ਤੇ ਭੈਣ-ਭਰਾਵਾਂ ਵਿਚ ਵੀ ਤਰਸ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਉਹ ਅਜਿਹੇ ਬੱਚਿਆਂ ਅੰਦਰ ਹੀਣਤਾ ਦਾ ਅਹਿਸਾਸ ਭਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ। ਬਚਪਨ ਵਿਚ ਮੇਰੇ ਨਾਲ ਵੀ ਅਜਿਹਾ ਕੁਝ ਵਾਪਰਦਾ ਰਿਹਾ ਸੀ। ਅਜਿਹੇ ਵਰਤਾਓ ਦਾ ਪ੍ਰਭਾਵ ਵੀ ਮੇਰੇ ਬਾਲ ਮਨ 'ਤੇ ਪੈਣਾ ਹੀ ਸੀ। ਇਸ ਪ੍ਰਭਾਵ ਨੇ ਮੈਨੂੰ ਲੁਕ-ਰਹਿਣਾ ਤੇ ਸੰਗਾਊ ਅਵੱਸ਼ ਬਣਾ ਦਿੱਤਾ ਸੀ। ਇਸ ਦਾ ਮੈਨੂੰ ਲਾਭ ਵੀ ਹੋਇਆ। ਅੰਤਰਮੁਖੀ ਹੋ ਜਾਣ ਨਾਲ ਮਨ ਨੂੰ ਇਕਾਗਰ ਰੱਖਣ ਦਾ ਗੁਣ ਆਪ ਹੀ ਪੈਦਾ ਹੋ ਗਿਆ। ਇਸ ਇਕਾਗਰਤਾ ਦੇ ਗੁਣ ਨਾਲ ਮੇਰੀ ਯਾਦ ਸ਼ਕਤੀ ਵਿਚ ਚੋਖਾ ਵਾਧਾ ਹੋ ਗਿਆ। ਉਹ ਵਿਦਿਆਰਥੀ ਜਿਹੜਾ ਆਪਣੀ ਜਮਾਤ ਵਿਚ ਸਦਾ ਅੱਗੇ ਤੋਂ ਅੱਗੇ ਰਿਹਾ ਹੋਵੇ, ਉਹ ਆਪਣੇ-ਆਪ ਨੂੰ ਬੇਪਸੰਦ ਕਿਵੇਂ ਕਰ ਸਕਦਾ ਹੈ? ਆਪਣੇ ਲੁਕ-ਰਹਿਣੇ ਤੇ ਸੰਗਾਊ ਸੁਭਾਅ ਲਈ ਮੈਂ 'ਘਟੀਆਪਨ ਦਾ ਅਹਿਸਾਸ' ਉਕਤੀ ਵਰਤੀ ਸੀ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਉਕਤੀ ਮੇਰੀ ਉਸ ਵੇਲੇ ਦੀ ਮਾਨਸਿਕ ਦਸ਼ਾ ਲਈ ਐਨ ਠੀਕ ਨਹੀਂ ਸੀ। 'ਘਟੀਆਪਨ ਦਾ ਅਹਿਸਾਸ' ਤੇ 'ਘਟੀਆ ਕਿਹਾ ਜਾਂਦਾ ਸੁਣਨ ਦੀ ਸ਼ਰਮ' ਦੋਵਾਂ ਵਿਚ ਢੇਰ ਅੰਤਰ ਹੁੰਦਾ ਹੈ। ਮੈਂ ਘਟੀਆ ਕਿਹਾ ਜਾਂਦਾ ਸੁਣਨ ਤੋਂ ਅਵੱਸ਼ ਸ਼ਰਮਾਂਦਾ ਸਾਂ, ਪਰ ਆਪਣੇ-ਆਪ ਨੂੰ ਬੇਪਸੰਦ ਨਹੀਂ ਕਰਦਾ ਸਾਂ। ਜਿਹੜਾ ਬੰਦਾ ਆਪਣੇ ਆਪ ਨੂੰ ਬੇਪਸੰਦ ਕਰਦਾ ਹੈ, ਉਹ ਤਾਂ ਆਪਣੀ ਹੋਂਦ ਨੂੰ ਹੀ ਨਿਕਾਰ ਦਿੰਦਾ ਹੈ ਤੇ ਜੀਵਨ ਵਿਚ ਕੁਝ ਵੀ ਕਰਨ ਦੇ ਯੋਗ ਨਹੀਂ ਰਹਿੰਦਾ। ਮੈਂ ਕਦੀ ਆਪਣੇ-ਆਪ ਨੂੰ ਇੰਨਾ ਗਿਆ-ਗੁਜ਼ਰਿਆ ਨਹੀਂ ਸਮਝਿਆ ਸੀ। ਆਪਣੀ ਦਿਮਾਗੀ ਚੇਤਨਾ ਤੇ ਚੰਗੀ ਯਾਦ ਸ਼ਕਤੀ ਦਾ ਤਾਂ ਮੈਨੂੰ ਬਚਪਨ ਵਿਚ ਹੀ ਅਹਿਸਾਸ ਹੋ ਗਿਆ ਸੀ।

? ਅ) ਸਮਰੱਥ ਅਲੋਚਕ ਹੋਣ ਦੇ ਨਾਤੇ ਅਲੋਚਨਾ ਦੇ ਪ੍ਰਚੱਲਤ ਤੇ ਸਹੀ ਮਾਪਦੰਡਾਂ ਬਾਰੇ ਕੁਝ ਕਹੋ! ਲੇਖਕ, ਰਚਨਾ ਤੇ ਆਲੋਚਕ ਵਿੱਚ ਕੀ ਸਮਾਨਤਾ ਤੇ ਅੰਤਰ ਲਾਜ਼ਮੀ ਹੈ।

ੲ) ਕੀ ਤੁਸੀ ਹੋਰਨਾਂ ਭਾਸ਼ਾਵਾਂ ਦੇ ਅਲੋਚਕਾਂ ਤੇ ਉਨ੍ਹਾਂ ਦੀ ਆਲੋਚਨਾ ਵਿਧੀ ਨੂੰ ਵੀ ਪੜ੍ਹਿਆ ਹੈ।

ਸ) ਤੁਸੀਂ ਕਿੰਨੇ ਕੁ ਲੇਖਕਾਂ 'ਤੇ ਕੰਮ ਕੀਤਾ ਹੈ।

ਹ) ਇਹ ਅਲੋਚਨਾ ਦਾ ਕੰਮ ਤੁਸੀ ਲੇਖਕ ਵੇਖ ਕੇ ਚੁਣਿਆ ਜਾਂ ਰਚਨਾ ਪੜ੍ਹਨ ਤੋਂ ਬਾਅਦ ਅਨੈਲਸਿਜ਼ ਕਰਨ ਦਾ ਮਨ ਬਣ ਗਿਆ।

ਕ) ਕੀ ਤੁਹਾਡੀ ਕੋਈ ਕਵਿਤਾ ਜਾਂ ਅਲੋਚਨਾ ਦੀ ਕਿਤਾਬ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੇ ਸਿਲੇਬਸ ਵਿੱਚ ਵੀ ਪੜ੍ਹਾਈ ਗਈ ਹੈ।

ਖ) ਸਾਹਿਤਕ ਛੜਯੰਤਰਾਂ ਬਾਰੇ ਆਪਣਾ ਤਜਰਬਾ ਦੱਸੋ!

-ਅ) ਮੈਂ ਸਮਰੱਥ ਅਲੋਚਕ ਹਾਂ ਜਾਂ ਨਹੀਂ? ਇਹ ਤਾਂ ਕਹਿ ਨਹੀਂ ਸਕਦਾ। ਅੱਜ ਅਲੋਚਨਾ ਦੇ ਅਨੇਕਾਂ ਸਿਧਾਂਤ ਤੇ ਮਾਪਦੰਡ ਪ੍ਰਚੱਲਤ ਹਨ। ਅਸਤਿਤਵਵਾਦ, ਸੰਰਚਨਾਵਾਦ, ਰੂਪਵਾਦ, ਆਧੁਨਿਕਵਾਦ ਤੇ ਉੱਤਰ-ਆਧੁਨਿਕਵਾਦ ਵਰਗੇ ਪੱਛਮੀ ਸੰਸਕ੍ਰਿਤੀ ਵਿਚ ਪੈਦਾ ਹੋਏ ਸਿਧਾਂਤਾਂ ਨੂੰ ਬਿਨਾਂ ਸੋਚੇ-ਸਮਝੇ ਆਪਣੀ ਵਿਦਵਤਾ ਦਾ ਝੰਡਾ ਝੁਲਾਉਣ ਲਈ ਪੰਜਾਬੀ ਸਾਹਿਤ 'ਤੇ ਬੇਸਿਰ ਪੈਰ ਲਾਗੂ ਕਰਨ ਦੇ ਯਤਨ ਕੀਤੇ ਜਾਂਦੇ ਹਨ। ਮੈਂ ਇਨ੍ਹਾਂ ਸਿਧਾਂਤਾਂ ਦੇ ਝਮੇਲੇ ਵਿਚ ਨਹੀਂ ਪੈਂਦਾ। ਰਚਨਾ ਦਾ ਮੂਲ ਪਾਠ ਹੀ ਮੇਰੇ ਲਈ ਮੁੱਖ ਗੱਲ ਹੁੰਦੀ ਹੈ। ਮੈਂ ਪਾਠ ਵਿੱਚੋਂ ਇਹ ਲੱਭਣ ਦਾ ਯਤਨ ਕਰਦਾ ਹਾਂ ਕਿ ਲੇਖਕ ਨੇ ਕੀ ਕਿਹਾ ਤੇ ਕਿਸ ਤਰ੍ਹਾਂ ਕਿਹਾ ਹੈ ਤੇ 'ਉਸ ਕਹੇ ਗਏ' ਦੀ ਕੀ ਸਾਰਥਿਕਤਾ ਹੈ? 'ਕਿਸ ਤਰ੍ਹਾਂ ਕਿਹਾ ਗਿਆ ਹੈ' ਵਿਚ ਹੀ ਮਿਆਰੀ ਕਲਾ ਹੁੰਦੀ ਹੈ। ਜੇ ਰਚਨਾ ਸੱਚ ਹੈ ਤੇ ਸੁੰਦਰ ਹੈ ਤਾਂ ਉਹ ਮਨੁੱਖੀ ਜੀਵਨ ਨੂੰ ਚੰਗੇਰਾ ਤੇ ਸੁਹਣੇਰਾ ਬਣਾਉਣ ਵਿਚ ਮਹੱਤਵਪੂਰਨ ਹਿੱਸਾ ਪਾਉਂਦੀ ਹੈ।

ਲੇਖਕ ਦਾ ਕੰਮ ਸਾਹਿਤ ਰਚਨਾ ਹੈ, ਸਾਹਿਤ ਰਚਨਾ ਦਾ ਕੰਮ ਪਾਠਕ ਨੂੰ ਸੁਹਜ-ਸੁਆਦ ਦੇਣ ਦੇ ਨਾਲ-ਨਾਲ ਉਸ ਅੰਦਰ ਸੱਚ ਤੇ ਸੂਝ ਦੇ ਬੀਜ ਬੀਜਣਾ ਹੈ ਤੇ ਅਲੋਚਕ ਦਾ ਕੰਮ ਸਾਹਿਤ ਰਚਨਾ ਦੇ ਸੱਚ ਨੂੰ ਜਾਚਣਾ, ਤੋਲਣਾ ਤੇ ਪਰਖਣਾ ਹੈ ਤੇ ਇਸ ਦੇ ਨਾਲ ਹੀ ਸਾਹਿਤਕ ਮਾਪਦੰਡਾਂ ਨੂੰ ਨਿਰਧਾਰਤ ਕਰਨਾ ਹੈ। ਸਾਂਝ ਤਿੰਨਾਂ ਦੀ ਸਾਂਝੇ ਮਕਸਦ ਵਿਚ ਹੈ।

ੲ)-ਮੈਂ ਉਸ ਸਭ ਕੁਝ ਨੂੰ ਪੜ੍ਹਨ ਦੀ ਆਦਤ ਨਹੀਂ ਪਾ ਸਕਿਆ, ਜਿਹਦੀ ਮੈਂ ਲੋੜ ਨਾ ਸਮਝਦਾ ਹੋਵਾਂ। ਫੇਰ ਵੀ ਮੈਂ ਪੱਛਮੀ ਸਾਹਿਤ ਸਿਧਾਂਤਾਂ ਨੂੰ ਸਮਝਣ ਦਾ ਯਤਨ ਅਵੱਸ਼ ਕਰਦਾ ਰਿਹਾ ਹਾਂ। ਮੈਂ ਆਲੋਚਨਾ ਵਿਚ ਕਦੀ ਵੀ ਇਨ੍ਹਾਂ ਸਿਧਾਂਤਾਂ ਨੂੰ ਵਰਤਣ ਦੀ ਲੋੜ ਨਹੀਂ ਸਮਝੀ।

ਸ)-ਮੈਂ ਆਲੋਚਨਾ ਨੂੰ ਇਸ ਤਰ੍ਹਾਂ ਨਹੀਂ ਅਪਣਾਇਆ ਕਿ ਮੈਂ ਆਪਣਾ ਨਾਉਂ ਵੱਡੇ ਅਲੋਚਕਾਂ ਵਿਚ ਗਿਣਵਾ ਸਕਾਂ। ਮੈਂ ਚਾਹੁੰਦਾ ਵੀ ਨਹੀਂ ਕਿ ਮੈਨੂੰ ਆਲੋਚਕਾਂ ਵਿਚ ਗਿਣਿਆ ਜਾਵੇ। ਨਾ ਹੀ ਅਲੋਚਨਾ ਮੇਰਾ ਮੁੱਖ ਸ਼ੌਕ ਕਦੀ ਬਣ ਸਕੀ ਹੈ। ਮੈਨੂੰ ਜਦ ਵੀ ਕਿਸੇ ਲੇਖਕ ਦੀ ਲਿਖਤ ਪ੍ਰਭਾਵਤ ਕਰ ਜਾਂਦੀ ਹੈ, ਤਦ ਹੀ ਮੈਂ ਉਸ 'ਤੇ ਲਿਖਣ ਲਈ ਉਤਸ਼ਾਹਤ ਹੁੰਦਾ ਹਾਂ। ਅਜਿਹੇ ਲੇਖਕ ਥੋੜ੍ਹੇ ਹੀ ਹਨ, ਜਿਨ੍ਹਾਂ ਦੀ ਲਿਖਤ ਨੇ ਮੈਨੂੰ ਪ੍ਰਭਾਵਤ ਕੀਤਾ ਹੈ ਤੇ ਮੈਂ ਉਨ੍ਹਾਂ 'ਤੇ ਲਿਖਣ ਲਈ ਕਲਮ ਚੁੱਕੀ ਹੈ। ਇਹਦਾ ਮਤਲਬ ਇਹ ਨਹੀਂ ਹੈ ਕਿ ਜਿਨ੍ਹਾਂ ਲੇਖਕਾਂ 'ਤੇ ਮੈਂ ਲਿਖਿਆ ਹੈ, ਉਨ੍ਹਾਂ ਤੋਂ ਬਿਨਾਂ ਹੋਰ ਚੰਗੇ ਲੇਖਕ ਨਹੀਂ ਹਨ। ਕਈ ਅਜਿਹੇ ਲੇਖਕ ਹਨ, ਜਿਨ੍ਹਾਂ ਦੀਆਂ ਲਿਖਤਾਂ ਨੇ ਮੈਨੂੰ ਪ੍ਰਭਾਵਤ ਕੀਤਾ ਹੈ, ਪਰ ਮੈਂ ਉਨ੍ਹਾਂ 'ਤੇ ਲਿਖ ਨਹੀਂ ਸਕਿਆ।

ਹ)-ਮੇਰੇ ਲਈ ਚੰਗੀ ਰਚਨਾ ਹੀ ਮੁੱਖ ਗੱਲ ਰਹੀ ਹੈ। ਜੇ ਮੈਨੂੰ ਕੋਈ ਲੇਖਕ ਚੰਗਾ ਲੱਗਿਆ ਹੈ ਤਾਂ ਉਹਦੀ ਚੰਗੀ ਰਚਨਾ ਕਰਕੇ। ਲੇਖਕ ਚੰਗਾ ਜਾਂ ਮਾੜਾ ਆਪਣੀ ਰਚਨਾ ਦੇ ਮਿਆਰ ਕਰਕੇ ਹੁੰਦਾ ਹੈ, ਆਪਣੇ ਕਦ ਕਾਠ, ਸੁਭਾਅ ਜਾਂ ਧਨ-ਦੌਲਤ ਕਰਕੇ ਨਹੀਂ। ਰਚਨਾ ਪੜ੍ਹ ਕੇ ਤੇ ਉਸ ਦੇ ਗੁਣਾਂ ਨੂੰ ਜਾਣ/ਸਮਝ ਕੇ ਮੈਂ ਉਸ 'ਤੇ ਲਿਖਣ ਦਾ ਮਨ ਬਣਾਉਂਦਾ ਹਾਂ।

ਕ)-ਮੈਂ ਇਸ ਗੱਲ ਨੂੰ ਮੁੱਖ ਰੱਖ ਕੇ ਕਦੀ ਨਹੀਂ ਲਿਖਿਆ ਕਿ ਮੇਰੀ ਕਿਤਾਬ ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹਾਈ ਜਾਵੇ। ਜਦ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਅੰਦਰ ਕੁਝ ਅਜਿਹਾ ਹੈ, ਜਿਹੜਾ ਕਹਿਣ ਤੇ ਸੁਣਨਯੋਗ ਹੈ ਤਾਂ ਹੀ ਮੈਂ ਲਿਖਣ ਲਈ ਕਲਮ ਚੁੱਕਦਾ ਹਾਂ। ਮੈਂ ਲਿਖਿਆ ਵੀ ਕਿੰਨਾ ਕੁ ਹੈ? ਮੇਰੇ ਸਾਰੇ ਜੀਵਨ ਦੀ ਕਮਾਈ ਹੈ ਤਿੰਨ ਕਾਵਿ ਸੰਗ੍ਰਹਿ, ਦੋ ਸਮੀਖਿਆ ਪੁਸਤਕਾਂ, ਸ੍ਵੈਜੀਵਨੀ, ਇੱਕ ਲੇਖ ਸੰਗ੍ਰਹਿ ਤੇ ਇੱਕ ਪੁਸਤਕ ਪੰਜਾਬ ਦੀ ਸਿੱਖ ਰਾਜਨੀਤੀ ਤੇ ਇਤਿਹਾਸ ਬਾਰੇ।

ਖ)-ਮੈਂ ਸਾਹਿਤਕ ਛੜਜੰਤਰਾਂ ਬਾਰੇ ਸੁਣਦਾ-ਪੜ੍ਹਦਾ ਰਿਹਾ ਹਾਂ। ਇਹ ਵੀ ਸੁਣਦਾ ਰਿਹਾ ਹਾਂ ਕਿ ਇਨਾਮ ਦੇਣ ਵਾਲੇ ਬਹੁਤੇ ਅਦਾਰੇ ਉਪਰ ਤੋਂ ਲੈ ਕੇ ਥੱਲੇ ਤੱਕ ਭ੍ਰਿਸ਼ਟ ਹੋ ਗਏ ਹਨ ਤੇ ਇਨਾਮ ਲੈਣ ਤੇ ਦੇਣ ਲਈ ਜੁਗਾੜ ਬਣਾਏ ਜਾਂਦੇ ਹਨ। ਇਹ ਅਦਾਰੇ ਇੰਨੇ ਬਦਨਾਮ ਹੋ ਗਏ ਹਨ ਕਿ ਜਦ ਵੀ ਕਿਸੇ ਨੂੰ ਇਨਾਮ ਮਿਲਦਾ ਹੈ ਤਾਂ ਜੋੜ-ਤੋੜ ਦੀਆਂ ਕਹਾਣੀਆਂ ਨਾਲ ਹੀ ਆਰੰਭ ਹੋ ਜਾਂਦੀਆਂ ਹਨ। ਮੈਨੂੰ ਨਿੱਜੀ ਤੌਰ 'ਤੇ ਇਨ੍ਹਾਂ ਇਨਾਮਾਂ ਦਾ ਕੋਈ ਤਜਰਬਾ ਨਹੀਂ। ਅੱਜ ਤੱਕ ਤਾਂ ਮੈਂ ਇਨ੍ਹਾਂ ਤੋਂ ਬਚਿਆ ਹੋਇਆ ਹਾਂ। ਡਰਦਾ ਵੀ ਹਾਂ ਕਿ ਜੇ ਗਲਤੀ ਨਾਲ ਵੀ ਕੋਈ ਇਨਾਮ ਮਿਲ ਗਿਆ ਤਾਂ ਛੜਜੰਤਰਕਾਰਾਂ ਦੀ ਕਤਾਰ ਵਿਚ ਮੈਨੂੰ ਵੀ ਸ਼ਾਮਲ ਕਰ ਲਿਆ ਜਾਵੇਗਾ।

? ੳ) ਤੁਹਾਡੀ ਸ੍ਵੈਜੀਵਨੀ ਪੜ੍ਹਦਿਆਂ ਮੈਂ ਨੋਟ ਕੀਤਾ ਹੈ ਕਿ ਡਾਕਟਰ ਸੁਖਦੇਵ ਸਿਰਸਾ ਨੇ ਤੁਹਾਨੂੰ 'ਮਾਰਕਸਵਾਦੀ ਚਿੰਤਕਾਂ' ਦੇ ਵਰਗ 'ਚ ਰੱਖ ਕੇ ਤੁਹਾਡੇ ਬਾਰੇ ਗੱਲ ਕੀਤੀ ਹੈ! ਤੁਸੀਂ ਇਸ ਨਾਲ ਸਹਿਮਤ ਹੋ? ਕਿਸੇ ਇਕ ਵਿਚਾਰਧਾਰਾ ਦੀ ਸਾਰੀ ਜ਼ਿੰਦਗੀ ਪ੍ਰੋੜ੍ਹਤਾ ਕਰਦੇ ਜਾਣਾ ਕਿੰਨਾ ਕੁ ਠੀਕ ਹੈ!

ਅ) ਗੌਤਮ ਬੁੱਧ ਮੁਤਾਬਿਕ ਸਭ ਤੋਂ ਵੱਡੀ ਸਚਾਈ ਹੈ ਪਰਿਵਰਤਨ। ਜ਼ਿੰਦਗੀ ਦੇ ਇਸ ਮੋੜ 'ਤੇ ਤੁਸੀਂ ਇਸ ਬਾਰੇ ਕੀ ਕਹੋਗੇ? ਨਿੱਜੀ ਜ਼ਿੰਦਗੀ ਦੇ ਨੇੜੇ ਤੁਰਦਾ ਜਵਾਬ ਦਿਓ!

ੲ) ਗੋਇਟੇ ਆਖਦਾ ਹੈ ਕਿ 'ਰਚਨਾ ਦੀ ਯਾਤਰਾ ਇੱਕ ਜ਼ਖਮ ਤੋਂ ਦੂਸਰੇ ਜ਼ਖਮ ਤੱਕ ਦਾ ਸਫਰ ਹੁੰਦੀ ਹੈ! ਇਸ ਬਾਰੇ ਤੁਹਾਡਾ ਕੀ ਅਨੁਭਵ ਹੈ?

ਸ) ਰਵਿੰਦਰ ਨਾਥ ਠਾਕੁਰ ਦਾ ਕਥਨ ਹੈ ਕਿ ਮੈਂ ਰਚਨਾ ਨੂੰ ਸਰਸਵਤੀ ਦਾ ਵਰਦਾਨ ਮੰਨਦਾ ਹਾਂ। ਤੁਹਾਡੀ ਉਹ ਕਿਹੜੀ ਰਚਨਾ ਹੈ, ਜੋ ਤੁਹਾਨੂੰ ਸਰਸਵਤੀ ਦੇ ਵਰਦਾਨ ਵਾਂਗ ਜਾਪੀ।

-ੳ) ਮੈਂ ਬ੍ਰਹਿਮੰਡ ਦੀ ਸਿਰਜਣਾ ਕਿਸੇ ਪ੍ਰਾਸਰੀਰਕ ਸ਼ਕਤੀ ਦੇ ਹੁਕਮ ਨਾਲ ਹੋਈ ਨਹੀਂ ਮੰਨਦਾ, ਬਲਕਿ ਪਦਾਰਥ ਦੇ ਉਦਕਰਖ ਤੇ ਆਕਰਖ ਗੁਣਾਂ ਕਰਕੇ ਮੰਨਦਾ ਹਾਂ। ਮੈਂ ਸਮੁੱਚੇ ਜੀਵਨ ਦੀ ਉਪਜ ਤੇ ਭਾਂਤ-ਭਾਂਤ ਦੀਆਂ ਜੀਵਨ ਵੰਨਗੀਆਂ ਦੀ ਉਪਜ ਵਿਕਾਸ ਤੋਂ ਹੋਈ ਮੰਨਦਾ ਹਾਂ। ਮੈਂ ਮੰਨਦਾ ਹਾਂ ਕਿ ਸਮਾਜ ਦਾ ਵਿਕਾਸ ਇਸ ਵਿਚ ਪੈਦਾ ਹੋਈਆਂ ਸ਼੍ਰੇਣੀਆਂ ਦੇ ਆਪਸੀ ਘੋਲ ਨਾਲ ਹੋਇਆ ਹੈ। ਮੈਂ ਮੰਨਦਾ ਹਾਂ ਕਿ ਸਮਾਜ ਵਿਚ ਸਦਾ ਦੋ ਸ਼੍ਰੇਣੀਆਂ ਰਹੀਆਂ ਹਨ, ਇਕ ਸ਼ੋਸ਼ਕ ਸ਼੍ਰੇਣੀ ਤੇ ਦੂਜੀ ਸ਼ੋਸ਼ਤ ਸ਼੍ਰੇਣੀ। ਮੈਂ ਮੰਨਦਾ ਹਾਂ ਕਿ 'ਨਾ ਕੋ ਵੈਰੀ ਨਾਹਿੰ ਵਿਗਾਨਾ ਸਗਲ ਸਮ ਹਮ ਕੋ ਬਣ ਆਈ' ਵਾਲਾ ਸਮਾਜ ਸਿਰਫ ਸ਼੍ਰੇਣੀ ਰਹਿਤ ਸਮਾਜ ਹੀ ਹੋ ਸਕਦਾ ਹੈ। ਜੇ ਮੇਰੀਆਂ ਇਨ੍ਹਾਂ ਮਾਨਤਾਵਾਂ ਨੂੰ ਮਾਰਕਸਵਾਦ ਕਿਹਾ ਜਾ ਸਕਦਾ ਹੈ ਤਾਂ ਮੈਂ ਅਵੱਸ਼ ਮਾਰਕਸਵਾਦੀ ਹਾਂ।

ਮੇਰੀ ਸ੍ਵੈਜੀਵਨੀ ਮੇਰੇ ਜੀਵਨ ਅਤੇ ਮੇਰੀ ਸੋਚ ਵਿਚ ਆਏ ਪੜਾਅ ਦਰ ਪੜਾਅ ਪਰਿਵਰਤਨ ਦੀ ਕਹਾਣੀ ਹੈ। ਮੈਂ ਸਿੱਖ ਘਰ ਵਿਚ ਜੰਮਿਆ ਨਿੱਤ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਪੜ੍ਹਦਾ-ਸਮਝਦਾ ਹੀ ਬਚਪਨ ਤੋਂ ਜਵਾਨੀ ਦੀਆਂ ਬਰੂਹਾਂ ਤੱਕ ਪੁੱਜਿਆ ਸਾਂ। ਚੜ੍ਹਦੀ ਜਵਾਨੀ ਦੀਆਂ ਬਰੂਹਾਂ 'ਤੇ ਪੁੱਜ ਕੇ ਮੈਂ ਇਸ ਸਿੱਟੇ 'ਤੇ ਪੁੱਜ ਗਿਆ ਸਾਂ ਕਿ ਗੁਰੂਆਂ ਦਾ 'ਨਾ ਕੋ ਵੈਰੀ ਨਾਹਿੰ ਵਿਗਾਨਾ' ਦਾ ਅਸੂਲ ਸਿਰਫ ਸ਼੍ਰੇਣੀ ਰਹਿਤ ਸਮਾਜ ਵਿਚ ਹੀ ਲਾਗੂ ਹੋ ਸਕਦਾ ਹੈ। ਇਹ ਸਮਝ ਅਵੱਸ਼ ਮਾਰਕਸਵਾਦੀ ਸੋਚ ਦੀ ਦੇਣ ਹੈ। ਮਾਰਕਸਵਾਦ ਨੇ ਹੀ ਇਹ ਸਿਖਾਇਆ ਸੀ ਕਿ ਕੋਈ ਖਿਆਲ ਆਖਰੀ ਨਹੀਂ ਹੁੰਦਾ ਹੈ, ਕਿਉਂਕਿ ਕੁਦਰਤ ਦਾ ਸਦੀਵੀ ਨੇਮ ਵਿਕਾਸ ਹੈ ਖੜੋਤ ਨਹੀਂ। ਇਸੇ ਲਈ ਮਾਰਕਸ ਨੇ ਆਪਣੇ ਖਿਆਲਾਂ ਨੂੰ ਡੌਂਗਮੇ (ਕੱਟੜ ਸਿਧਾਂਤ) ਦੇ ਤੌਰ 'ਤੇ ਅਪਨਾਉਣ ਦੇ ਖਿਲਾਫ ਸਖਤ ਵਾਰਨਿੰਗ ਦਿੱਤੀ ਸੀ। ਮੈਂ ਹਰ ਖਿਆਲ ਨੂੰ ਵਿਗਿਆਨਕ ਦਲੀਲ ਦੀ ਕਸਵੱਟੀ 'ਤੇ ਪਰਖਣ ਦਾ ਆਦੀ ਰਿਹਾ ਹਾਂ ਤੇ ਹੁਣ ਵੀ ਹਾਂ। ਮੈਂ ਹਰ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਨ ਲਈ ਮਨ ਦੇ ਦਰਵਾਜ਼ੇ ਸਦਾ ਖੁੱਲ੍ਹੇ ਰੱਖੇ ਹਨ। ਮੈਨੂੰ ਵੱਖੋ-ਵੱਖਰੇ ਧਰਮਾਂ ਦੇ ਗ੍ਰੰਥਾਂ ਨੂੰ ਤੇ ਸਿਆਸੀ ਤੇ ਸਮਾਜਿਕ ਰੁਝਾਨਾਂ ਨੂੰ ਪੜ੍ਹਨ ਤੇ ਸਮਝਣ ਦਾ ਸ਼ੌਕ ਸਦਾ ਰਿਹਾ ਹੈ।

ਅ) ਮਹਾਤਮਾ ਬੁੱਧ ਨੇ ਠੀਕ ਹੀ ਕਿਹਾ ਸੀ ਕਿ ਜ਼ਿੰਦਗੀ ਦੀ ਸਭ ਤੋਂ ਵੱਡੀ ਸਚਾਈ ਪਰਿਵਰਤਨ ਹੈ। ਮਾਰਕਸ ਦੇ ਸਮੁੱਚੇ ਵਿਚਾਰ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ। ਵਾਸਤਵ ਵਿਚ ਕੁਦਰਤ ਦੀ ਕਾਰ ਵੀ ਪਰਿਵਰਤਨ ਦੇ ਸਿਧਾਂਤ ਅਨੁਸਾਰ ਹੀ ਚੱਲਦੀ ਹੈ, ਖੜੋਤ ਨਾਲ ਨਹੀਂ। ਮੈਂ ਬੁੱਧ ਤੇ ਮਾਰਕਸ ਦੇ ਇਸ ਖਿਆਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ੲ) ਗੋਇਟੇ ਨੇ ਠੀਕ ਹੀ ਕਿਹਾ ਹੈ। ਕਲਾ ਤਾਂ ਹੁੰਦੀ ਹੀ ਪੀੜ ਵਿਚੋਂ ਪੈਦਾ ਹੈ। ਹਰ ਚੰਗੀ ਰਚਨਾ ਕਰਨ ਲਈ ਰਚਨਾਕਾਰ ਨੂੰ ਇਸ ਪੀੜ ਵਿੱਚੋਂ ਮੁੜ ਗੁਜ਼ਰਨਾ ਪੈਂਦਾ ਹੈ, ਪਰ ਮਹਾਂਪੁਰਸ਼ ਸਦਾ 'ਚੜ੍ਹਦੀ ਕਲਾ ਵਿਚ ਰਹਿਣ' ਦਾ ਸੰਦੇਸ਼ ਦਿੰਦੇ ਰਹੇ ਹਨ। ਮੇਰਾ ਯਕੀਨ ਹੈ ਕਿ ਜੀਵਨ ਨੇ ਚੰਗੇਰੇ ਤੋਂ ਹੋਰ ਚੰਗੇਰਾ ਬਣਨ ਵੱਲ ਵਧਣਾ ਹੀ ਹੈ। ਇਸ ਲਈ ਰਚਨਾਕਾਰ ਦਾ ਕੰਮ ਆਸ਼ਾ ਦੇ ਦੀਪ ਨੂੰ ਜਗਾਈ ਰੱਖਣਾ ਵੀ ਹੈ।

ਸ) ਸਰਸਵਤੀ ਇਕ ਨਦੀ ਦਾ ਨਾਉਂ ਸੀ। ਰਿਗਵੇਦ ਵਿਚ ਇਸ ਨਦੀ ਦਾ ਜ਼ਿਕਰ ਮਿਲਦਾ ਹੈ। ਪਿੱਛੋਂ ਜਾ ਕੇ ਭਾਰਤੀ ਮਿਥਿਹਾਸ ਵਿਚ ਸਰਸਵਤੀ ਨੂੰ ਵਿੱਦਿਆ ਤੇ ਕਲਾਵਾਂ ਦੀ ਦੇਵੀ ਮੰਨ ਲਿਆ ਗਿਆ। ਕਿਹਾ ਜਾਣ ਲੱਗ ਪਿਆ ਕਿ ਵਿਦਵਾਨਾਂ ਤੇ ਕਲਾਕਾਰਾਂ ਨੂੰ ਸਰਸਵਤੀ ਦੇਵੀ ਦਾ ਵਰਦਾਨ ਹੁੰਦਾ ਹੈ। ਟੈਗੋਰ ਅਧਿਆਤਵਾਦੀ ਸੀ, ਪਰ ਜਿਸ ਗੱਲ ਨੂੰ ਉਹ ਸਰਸਵਤੀ ਦਾ ਵਰਦਾਨ ਕਹਿੰਦਾ ਹੈ, ਉਹ ਤਾਂ ਕਿਸੇ ਬੰਦੇ ਦਾ ਸੰਵੇਦਨਸ਼ੀਲ ਹੋਣਾ ਤੇ ਇਸ ਕਾਰਨ ਹੀ ਉਹਦੇ ਉੱਤੇ ਉਹ ਛਿਣ ਆਉਣ ਦੀ ਅਵਸਥਾ ਹੁੰਦੀ ਹੈ, ਜਿਨ੍ਹਾਂ ਨੂੰ ਅਸੀਂ ਆਪਣੇ ਸ਼ਬਦਾਂ ਵਿਚ 'ਰਚਨਾਤਮਕ ਛਿਣ' ਕਹਿ ਸਕਦੇ ਹਾਂ। ਇਹ ਰਚਨਾਤਮਕ ਛਿਣ ਹੀ ਰਚਨਾਕਾਰ ਨੂੰ ਰਚਨਾ ਕਰਨ ਲਈ ਮਜਬੂਰ ਕਰਦੇ ਹਨ। ਇਨ੍ਹਾਂ ਛਿਣਾਂ ਦੇ ਆਉਣ ਤੋਂ ਬਿਨਾਂ ਕੋਈ ਸਾਰਥਿਕ ਰਚਨਾ ਨਹੀਂ ਕੀਤੀ ਜਾ ਸਕਦੀ। ਮੇਰਾ ਵੀ ਇਹੀ ਤਜਰਬਾ ਹੈ ਕਿ ਇਨ੍ਹਾਂ ਛਿਣਾਂ ਦੇ ਆਉਣ 'ਤੇ ਹੀ ਚੰਗੀ ਰਚਨਾ ਖਾਸ ਤੌਰ 'ਤੇ ਚੰਗੀ ਕਵਿਤਾ ਲਿਖੀ ਜਾ ਸਕਦੀ। **(ਚਲਦਾ)**

22-Jan-Sunday.qxd 1/21/2023 9:11 PM Page 2



# ਰੰਗਾ ਰਾਮਾਂ ਦਾ ਏਨੀਆਂ ਗੰਭੀਰ ਗੱਲਾਂ ਨਾਲ ਸੰਬੰਧ ਨਹੀਂ

# ਹਰਬਖ਼ਸ਼ ਮਕਸੂਦਪੁਰੀ

## ਪੈੜਾਂ-2

## ਮੁਲਾਕਾਤੀ : ਦਲਵੀਰ ਕੌਰ

**? 11 ਮਾਰਚ 2011 ਨੂੰ ਜਪਾਨ ਵਿਚ ਜੋ ਜਲ ਤੇ ਥਲ ਦੇ ਦੋਵੇਂ ਭੁਚਾਲ ਇਕੱਠੇ ਆਏ ਸਨ ਤੇ ਜਿਸ ਹੱਦ ਤੱਕ ਤਬਾਹੀ ਹੋਈ ਸੀ, ਇਹ ਸਭ ਵੇਖ ਤੁਸੀਂ ਸਮੁੱਚੇ ਤੌਰ 'ਤੇ ਕੀ ਮਹਿਸੂਸ ਕੀਤਾ।**

-ਜਾਪਾਨ ਵਿਚ ਜੋ ਕੁਝ ਵੀ ਹੋਇਆ ਸੀ, ਉਹਨੂੰ ਮਹਿਸੂਸ ਤਾਂ ਹਰ ਬੰਦਾ ਕਰਦਾ ਹੀ ਹੈ, ਪਰ ਇਸ ਵਰਤਾਰੇ ਨੂੰ ਸਮਝਦੇ ਬਹੁਤ ਥੋੜ੍ਹੇ ਬੰਦੇ ਹਨ।

ਧਰਤੀ ਦੀਆਂ ਪਲੇਟਾਂ ਜਦ ਕਦੀ ਇੱਕ-ਦੂਜੀ ਨਾਲ ਘਸਰ ਜਾਂਦੀਆਂ ਹਨ ਤਾਂ ਭੁਚਾਲ ਆਉਂਦੇ ਹਨ। ਭੁਚਾਲ ਦੀ ਮਾਤਰਾ ਇਸ ਘਸਰਾਅ ਦੇ ਵੱਧ ਜਾਂ ਘੱਟ ਹੋਣ ਉੱਤੇ ਨਿਰਭਰ ਹੁੰਦੀ ਹੈ, ਪਰ ਜਦੋਂ ਇਹ ਵਰਤਾਰਾ ਸਮੁੰਦਰ ਦੀਆਂ ਤੈਹਾਂ ਹੇਠ ਵਾਪਰਦਾ ਹੈ ਤਾਂ ਸਮੁੰਦਰ ਵਿਚ ਤੂਫਾਨੀ ਲਹਿਰਾਂ ਉੱਠਦੀਆਂ ਹਨ। ਇਹਨਾਂ ਲਹਿਰਾਂ ਨੂੰ ਹੀ ਸੁਨਾਮੀ ਕਿਹਾ ਜਾਂਦਾ ਹੈ। ਇਹ ਪਹਾੜਾਂ ਵਰਗੀਆਂ ਲਹਿਰਾਂ ਜਦ ਕਿਸੇ ਮੁਲਕ ਦੇ ਤੱਟ ਨਾਲ ਆ ਟਕਰਾਉਂਦੀਆਂ ਹਨ ਤਾਂ ਇਹੋ ਜਿਹੀ ਭਿਅੰਕਰ ਤਬਾਹੀ ਦਾ ਕਾਰਨ ਬਣਦੀਆਂ ਹਨ, ਜਿਹੋ ਜਿਹੀ ਤਬਾਹੀ ਜਾਪਾਨ ਵਿਚ ਹੋਈ ਸੀ। ਇਹੋ ਜਿਹਾ ਵਰਤਾਰਾ ਕੁਝ ਸਮਾਂ ਪਹਿਲਾਂ ਇੰਡੋਨੇਸ਼ੀਆ ਦੇ ਨੇੜੇ ਵੀ ਹੋਇਆ ਸੀ ਤੇ ਸੁਨਾਮੀ ਲਹਿਰਾਂ ਨੇ ਇੰਡੋਨੇਸ਼ੀਆ ਦੀ ਜਿਸ ਤਰ੍ਹਾਂ ਦੀ ਤਬਾਹੀ ਕੀਤੀ ਸੀ, ਉਹ ਤਾਂ ਬਹੁਤ ਭਿਆਨਕ ਸੀ ਹੀ, ਪਰ ਤਬਾਹੀ ਭਾਰਤ ਦੇ ਤੱਟਾਂ ਉਪਰ ਵੀ ਘੱਟ ਨਹੀਂ ਹੋਈ ਸੀ। ਇਹੋ ਕੁਝ ਸਦੀਆਂ ਤੋਂ ਵਾਪਰਦਾ ਆ ਰਿਹਾ ਹੈ। ਹਿਮਾਲਾ ਪਰਬਤ ਵਰਗੇ ਪਹਾੜ ਵੀ ਕਿਸੇ ਵੇਲੇ ਧਰਤੀ ਦੀਆਂ ਪਲੇਟਾਂ ਦੀ ਘਸਰ ਤੇ ਫੇਰ ਇੱਕ-ਦੂਜੀ ਉਪਰ ਚੜ੍ਹ ਜਾਣ ਨਾਲ ਹੀ ਬਣੇ ਸਨ।

ਪਰ ਜੋ ਕੁਝ ਜਾਪਾਨ ਵਿਚ ਕੁਝ ਚਿਰ ਪਹਿਲਾਂ ਹੋਇਆ ਸੀ, ਉਹਦਾ ਕਾਰਨ ਪੂੰਜੀਪਤੀਆਂ ਦੇ ਘਿਨਾਉਣੇ ਲਾਲਚ ਹਨ। ਬਿਨਾਂ ਮਨੁੱਖੀ ਨਸਲ ਦੇ ਭਵਿੱਖ ਦੀ ਚਿੰਤਾ ਕੀਤਿਆਂ ਕੁਦਰਤ ਦੇ ਪ੍ਰਬੰਧ ਵਿਚ ਦਖਲਅੰਦਾਜ਼ੀ ਕੀਤੀ ਜਾਂਦੀ ਹੈ। ਐਟਮੀ ਬਿਜਲੀ ਘਰ ਬਣਾਏ ਜਾਂਦੇ ਹਨ। ਇਹ ਸੋਚਿਆ ਹੀ ਨਹੀਂ ਜਾਂਦਾ ਕਿ ਜੇ ਕਿਸੇ ਹਾਦਸੇ ਨਾਲ ਇਹ ਰੀਐਕਟਰ ਫਟ ਜਾਣ ਤਾਂ ਕਿਹੋ ਜਿਹੀ ਤਬਾਹੀ ਦਾ ਕਾਰਨ ਬਣਨਗੇ? ਜਪਾਨ ਵਿਚ ਸੁਨਾਮੀ ਦੇ ਅਸਰ ਨਾਲ ਇਹੋ ਕੁਝ ਹੋਇਆ ਸੀ ਤੇ ਫਿਕਰ ਪਿਆ ਹੋਇਆ ਸੀ ਕਿ ਪਤਾ ਨਹੀਂ ਕਿੰਨੇ ਲੋਕ ਐਟਮੀ ਕਰਨਾਹਟ ਦ ਸ਼ਿਕਾਰ ਹੋ ਜਾਣਗੇ। ਜੇ ਜਾਪਾਨ ਵਰਗਾ ਅਤਿ ਵਿਕਸਤ ਦੇਸ਼ ਕੁਝ ਨਹੀਂ ਕਰ ਸਕਿਆ ਤਾਂ ਭਾਰਤ ਦੇ ਮਹਾਰਥੀ ਜਿਹੜੇ ਇਸ ਵੇਲੇ ਅੰਨ੍ਹੇਵਾਹ ਐਟਮੀ ਰੀਐਕਟਰ ਲਾਉਣ ਵੱਲ ਤੁਰੇ ਹੋਏ ਹਨ, ਅਜਿਹੇ ਵਰਤਾਰੇ ਦੇ ਵਰਤ ਜਾਣ ਪਿੱਛੋਂ ਕੀ ਕਰ ਲੈਣਗੇ?

ਸਮੁੱਚੇ ਤੌਰ 'ਤੇ ਅਹਿਸਾਸ ਇਹੀ ਬਣਦਾ ਹੈ ਕਿ ਜੇ ਲਾਲਚੀ ਬੰਦੇ ਇਸੇ ਤਰ੍ਹਾਂ ਹੀ ਕੁਦਰਤੀ ਵਰਤਾਰਿਆਂ ਵਿਚ ਦਖਲਅੰਦਾਜ਼ੀ ਕਰਦੇ ਰਹੇ ਤਾਂ ਇਸ ਦੁਨੀਆ ਦੇ ਭਵਿੱਖ ਨੂੰ ਖਤਰੇ ਵਿਚ ਪੈਣ ਤੋਂ ਕੋਈ ਵੀ ਨਹੀਂ ਬਚਾ ਸਕੇਗਾ।

**? ਇਸ ਕਥਨ ਬਾਰੇ ਤੁਹਾਡਾ ਕੀ ਵਿਚਾਰ ਬਣਦਾ ਹੈ।**

ਲਹਿਰ ਭਾਲੇ ਲਹਿਰੀ ਕੋ
ਕਪੜਾ ਲੱਭੇ ਸੂਤ
ਜੀਵ ਲੱਭੇ ਬ੍ਰਹਮ ਕੋ
ਤੀਨੋਂ ਊਤ ਕੇ ਊਤ

-ਇਹ ਬਚਨ ਕਬੀਰ ਵਰਗੇ ਕਿਸੇ ਬ੍ਰਹਮਗਿਆਨੀ ਦੇ ਹੀ ਹੋ ਸਕਦੇ ਹਨ। ਉਪਨਿਸ਼ਦ ਦਾ ਕਥਨ ਹੈ:- 'ਅਹੁਮ ਬ੍ਰਹਮ ਅਸਮੀ' ਅਰਥਾਤ 'ਮੈਂ ਬ੍ਰਹਮ ਹਾਂ' ਜਾਂ 'ਏਕੰ ਬ੍ਰਹਮ ਦੁਤੀਓ ਨਾਸਤੀ' ਅਰਥਾਤ ਜੋ ਕੁਝ ਵੀ ਹੈ, ਉਹ ਬ੍ਰਹਮ ਹੈ ਤੇ ਬ੍ਰਹਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ।

ਲਹਿਰ ਆਪ ਵੀ ਉਹੀ ਕੁਝ ਹੁੰਦੀ ਹੈ, ਜਿਸ ਤੋਂ ਉਹ ਉਪਜਦੀ ਹੈ, ਅਰਥਾਤ ਪਾਣੀ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦੀ। ਕੱਪੜਾ ਖੁਦ ਵੀ ਸੂਤ ਹੀ ਹੁੰਦਾ ਹੈ, ਹੋਰ ਕੁਝ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਜੀਵ ਵੀ ਆਪ ਬ੍ਰਹਮ ਹੀ ਹੁੰਦਾ ਹੋਰ ਕੁਝ ਨਹੀਂ। ਫੇਰ ਜੇ ਲਹਿਰ ਨੂੰ ਸਮਝ ਨਹੀਂ ਕਿ ਉਹ ਵੀ ਪਾਣੀ ਹੈ ਤੇ ਕੱਪੜੇ ਨੂੰ ਪਤਾ ਨਹੀਂ ਕਿ ਉਹ ਆਪ ਵੀ ਸੂਤ ਹੀ ਹੈ ਤੇ ਜੀਵ ਨੂੰ ਪਤਾ ਨਹੀਂ ਕਿ ਉਹ ਆਪ ਵੀ ਬ੍ਰਹਮ ਹੀ ਹੈ ਤਾਂ ਤਿੰਨਾਂ ਨੂੰ ਬੇਸਮਝ ਹੀ ਕਿਹਾ ਜਾਵੇਗਾ। ਸਮਝ ਇਹ ਬਣਦੀ ਹੈ ਕਿ ਜਿਹੜੇ ਬੰਦੇ ਆਪਣੇ ਆਪ ਤੋਂ ਬਾਹਰ ਬ੍ਰਹਮ ਨੂੰ ਲੱਭਦੇ ਹਨ, ਉਹ ਊਤ ਹੀ ਹੋ ਸਕਦੇ ਹਨ।

**? 'ਜਿਹੜਾ ਬੰਦਾ ਆਪਣੇ ਆਪ ਤੋਂ ਬਾਹਰ ਬ੍ਰਹਮ ਨੂੰ ਲੱਭਦਾ ਹੈ, ਉਹ ਊਤ ਹੀ ਹੋ ਸਕਦਾ ਹੈ'। ਇਹ ਤੁਸੀਂ ਇਨ੍ਹਾਂ ਸਤਰਾਂ ਦਾ ਸਾਰ ਲਿਆ ਹੈ। ਤੁਹਾਡੇ ਮੁਤਾਬਕ ਇਹ ਗੱਲ ਆਮ ਇਨਸਾਨ ਦੀ ਪਕੜ 'ਚ ਆ ਜਾਣ ਵਾਲੀ ਹੈ ਤੇ ਕਿੰਨੀ ਕੁ ਉਮਰ ਤੱਕ ਏਨੀ ਕੁ ਸਮਝ ਬੰਦੇ ਨੂੰ ਆ ਜਾਣੀ ਚਾਹੀਦੀ ਹੈ।**

-ਮੈਂ ਤਾਂ ਤੇਰੇ ਦਿੱਤੇ ਸਲੋਕ ਦੀ ਵਿਆਖਿਆ ਹੀ ਕੀਤੀ ਹੈ। ਇਹਤੋਂ ਵੱਧ ਹੋਰ ਕੀ ਕਿਹਾ ਜਾ ਸਕਦਾ ਹੈ? ਆਮ ਇਨਸਾਨ ਨਾ ਅਜਿਹੇ ਗੂੜ੍ਹ ਗਿਆਨ ਦੀ ਥਾਹ ਪਾਉਣੀ ਚਾਹੁੰਦਾ ਹੈ, ਨਾ ਉਹ ਇਹਦੀ ਲੋੜ ਸਮਝਦਾ ਹੈ। ਕਿੰਨੇ ਕੁ ਬੰਦੇ ਹਨ, ਜਿਹੜੇ ਗੁਰੂ ਨਾਨਕ ਦੇ ਮੂਲ ਮੰਤਰ ਨੂੰ ਸਮਝ ਸਕਦੇ ਹਨ ਜਾਂ ਸਮਝਣ ਦੀ ਲੋੜ ਸਮਝਦੇ ਹਨ? ਹਾਂ ਹਰ ਰੋਜ਼ ਪਾਠ ਕਰਨ ਵਾਲੇ ਲੱਖਾਂ ਮਿਲ ਜਾਣਗੇ।

ਇਹ ਸ਼ਲੋਕ ਮਨੁੱਖੀ ਆਤਮਾ ਦੀ ਗੱਲ ਕਰਦਾ ਹੈ ਤੇ ਆਤਮਾ ਤੇ ਪ੍ਰਮਾਤਮਾ ਦੀ ਏਕਤਾ 'ਤੇ ਜ਼ੋਰ ਦਿੰਦਾ ਹੈ। ਮੈਂ ਆਤਮਾ ਨੂੰ ਸਰੀਰ ਤੋਂ ਵੱਖ ਨਹੀਂ ਸਮਝਦਾ। ਇਹ ਤਾਂ ਮਨੁੱਖ ਦੀ ਸੋਚ-ਸਮਝ ਤੇ ਅਨੁਭਵਾਂ ਦਾ ਕੁਲ ਜੋੜ ਹੋਣ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦੀ ਤੇ ਸਰੀਰ ਨਾਲ ਹੀ ਖਤਮ ਹੋ ਜਾਂਦੀ ਹੈ।

ਹਾਂ, ਇੱਕ ਗੱਲ ਵਿਚ ਮੇਰਾ ਯਕੀਨ ਹੈ ਕਿ ਹਰ ਇਕ ਜੀਵ ਸਰਬ ਸ੍ਰਿਸ਼ਟੀ ਦਾ ਹੀ ਅਨਿੱਖੜ ਅੰਗ ਹੈ। ਇਸ ਲਈ ਇਹਦੀ ਹੋਣੀ ਸਰਬ ਸ੍ਰਿਸ਼ਟੀ ਦੀ ਹੋਣੀ ਨਾਲ ਜੁੜੀ ਹੋਈ ਹੈ।

**? ਤੁਸੀਂ ਇਸਤਰੀ ਦੀ ਅਜ਼ਾਦੀ ਦਾ ਸਮੁੱਚੇ ਤੌਰ 'ਤੇ ਕੀ ਅਰਥ ਲੈਂਦੇ ਹੋ।**

-ਬਚਪਨ ਵਿਚ ਕੁੜੀ ਨਾਲ ਉਹਦੇ ਭਰਾਵਾਂ ਦੇ ਐਨ ਬਰਾਬਰ ਦਾ ਸਲੂਕ ਹੋਵੇ, ਉਹ ਆਪਣੇ ਭਰਾਵਾਂ ਵਾਂਗ ਹੀ ਆਪਣੇ ਮਾਪਿਆਂ ਦੀ ਸੰਪਤੀ ਦੀ ਬਰਾਬਰ ਦੀ ਹੱਕਦਾਰ ਹੋਵੇ, ਉਹਨੂੰ ਹੱਕ ਹੋਵੇ ਉਹ ਵਿਆਹ ਕਰਾਵੇ ਜਾਂ ਨਾ, ਵਿਆਹ ਪਿੱਛੋਂ ਵੀ ਉਹਨੂੰ ਹੱਕ ਹੋਵੇ ਕਿ ਉਹ ਆਪਣੇ ਭਰਾਵਾਂ ਵਾਂਗ ਹੀ ਮਾਪਿਆਂ ਤੋਂ ਮਿਲੀ ਜਾਇਦਾਦ ਦੀ ਮਾਲਕ ਰਹੇ। ਉਸ ਨੂੰ ਹੱਕ ਹੋਵੇ ਕਿ ਉਹ ਆਪਣੇ ਚੁਣੇ ਜੀਵਨ ਸਾਥੀ ਨਾਲ ਆਪਣੇ ਮਾਪਿਆਂ ਕੋਲ ਜਾਂ ਉਨ੍ਹਾਂ ਤੋਂ ਮਿਲੀ ਜਾਇਦਾਦ ਵਿਚ ਰਹਿ ਸਕੇ। ਉਹ ਜਦ ਵੀ ਚਾਹੇ ਆਪਣੇ ਜੀਵਨ ਸਾਥੀ ਤੋਂ ਵੱਖ ਹੋ ਕੇ ਰਹਿਣ ਲਈ ਆਜ਼ਾਦ ਹੋਵੇ। ਉਹਦਾ ਜੀਵਨ ਸਾਥੀ ਤੇ ਉਹ ਇਕੱਠੇ ਰਹਿੰਦਿਆਂ ਜਿਹੜੀ ਵੀ ਤੇ ਜਿੰਨੀ ਵੀ ਸੰਪਤੀ ਬਣਾਉਣ, ਉਸ ਵਿਚ ਉਹਦਾ ਪੂਰਾ ਹੱਕ ਹੋਵੇ। ਉਹ ਹਰ ਗੱਲ ਵਿਚ ਆਦਮੀ ਦੇ ਬਰਾਬਰ ਹੋਵੇ। ਉਹਦੇ ਨਾਲ ਕਿਤੇ ਵੀ, ਕਿਸੇ ਤਰ੍ਹਾਂ ਵੀ ਆਦਮੀ ਨਾਲੋਂ ਵੱਖਰਾ ਸਲੂਕ ਨਾ ਹੋਵੇ, ਪਰ ਇਹੋ ਜਿਹੀ ਬਰਾਬਰੀ ਤੇ ਸੁਤੰਤਰਤਾ ਮਨੁੱਖੀ ਸਮਾਜ ਦੇ ਉਸ ਯੁੱਗ ਵਿਚ ਸੀ, ਜਿਹਨੂੰ ਆਦਿ ਸਾਮਯਵਾਦ ਕਿਹਾ ਜਾਂਦਾ ਹੈ ਤੇ ਬੇਜਮਾਤ ਸਮਾਜ ਯਾਨੀ ਕਿ ਆਧੁਨਿਕ ਸਾਮਯਵਾਦ ਵਿਚ ਹੀ ਸੰਭਵ ਹੋ ਸਕਦੀ ਹੈ।

**? ਇਸਤਰੀ ਦੀ ਸੁਤੰਤਰਤਾ ਦਾ ਪ੍ਰਸ਼ਨ ਕਦੋਂ ਤੇ ਕਿਵੇਂ ਪੈਦਾ ਹੋਇਆ।**

-ਇਹ ਪ੍ਰਸ਼ਨ ਤਾਂ ਉਦੋਂ ਹੀ ਪੈਦਾ ਹੋ ਗਿਆ ਸੀ ਜਦ ਪਹਿਲੀ ਵਾਰ ਇਸਤਰੀ ਤੋਂ ਬਰਾਬਰੀ ਖੋਹਣ ਦਾ ਯਤਨ ਕੀਤਾ ਗਿਆ ਸੀ। ਹਰ ਸਮੇਂ ਤੇ ਹਰ ਸਮਾਜ ਵਿਚ ਇਸ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ। ਸਾਡੇ ਪੰਜਾਬ ਵਿਚ ਹੀਰ ਦੇ ਇਸ਼ਕ ਦੀ ਕਹਾਣੀ ਤੇ ਨਾਲ ਹੀ ਉਹਦੀ ਨਣਦ ਸਹਿਤੀ ਦੀ ਕਹਾਣੀ, ਦੋਵੇਂ ਹੀ ਆਪਣੀ ਮਰਜ਼ੀ ਅਨੁਸਾਰ ਚੋਣ ਦੀ ਆਜ਼ਾਦੀ ਲਈ ਲੜਨ ਦੀਆਂ ਮਿਸਾਲਾਂ ਹੀ ਤਾਂ ਹਨ, ਪਰ ਕਾਬਜ਼ ਸਮਾਜਕ ਪ੍ਰਬੰਧ ਦੀਆਂ ਬੰਦਸ਼ਾਂ ਤੋੜ ਕੇ ਆਜ਼ਾਦ ਚੋਣ ਦਾ ਹੱਕ ਪ੍ਰਾਪਤ ਕਰਨ ਲਈ ਲੜਨਾ ਆਮ ਤੌਰ 'ਤੇ ਦੁਖਾਂਤ ਦਾ ਕਾਰਨ ਬਣਦਾ ਰਿਹਾ ਹੈ ਤੇ ਸਾਡੇ ਦੇਸ਼ ਵਿਚ ਹੁਣ ਵੀ ਬਣਦਾ ਹੈ। ਇਸਤਰੀ ਦੀ ਸੁਤੰਤਰਤਾ ਲਈ ਬਹੁਤਾ ਜ਼ੋਰ ਪੂੰਜੀਵਾਦੀ ਕਦਰਾਂ-ਕੀਮਤਾਂ ਫੈਲਣ ਨਾਲ ਹੀ ਅਰੰਭ ਹੋਇਆ ਤੇ ਵਧਿਆ ਹੈ, ਕਿਉਂਕਿ ਇਸ ਸਮਾਜ ਦੀਆਂ ਕਦਰਾਂ-ਕੀਮਤਾਂ ਵਿਅਕਤੀਗਤ ਆਜ਼ਾਦੀ ਦੇ ਅਸੂਲ 'ਤੇ ਅਧਾਰਤ ਹਨ। ਇਸਤਰੀ ਹੀ ਨਹੀਂ, ਆਦਮੀ ਵੀ ਇਸ ਸਮਾਜ ਵਿਚ ਆਪਣੀ ਚੋਣ ਲਈ ਆਜ਼ਾਦ ਹੈ। ਪਰ ਇਸ ਆਜ਼ਾਦੀ ਨੂੰ ਮਾਣ ਉਹੀ ਸਕਦਾ ਹੈ, ਜਿਹੜਾ ਸੰਪਤੀ ਦੀ ਮਾਲਕ ਸ਼੍ਰੇਣੀ ਵਿੱਚੋਂ ਹੋਵੇ। ਇਸ ਸਮਾਜ ਵਿਚ ਬਹੁਤੀਆਂ ਤੀਵੀਆਂ ਦੀ ਆਜ਼ਾਦੀ ਮਾਨਣ ਦੀ ਇੱਛਾ ਉਨ੍ਹਾਂ ਦੇ ਮੰਡੀ ਦਾ ਮਾਲ ਬਣਨ ਵਿਚ ਜਾ ਮੁਕਦੀ ਹੈ।

**? ਇਸ ਸਭ ਕਾਸੇ ਪਿੱਛੇ ਕੀ ਪ੍ਰਵਿਰਤੀ ਸੀ, ਕਿਹੜੀਆਂ ਅਪੂਰਨ ਲੋੜਾਂ ਸਨ ਇਸਤਰੀ ਦੀਆਂ? ਕੀ ਤਵੱਕੋ ਸੀ ਉਹਨੂੰ ਸਮਾਜ, ਘਰ ਤੇ ਪ੍ਰਧਾਨ ਤਬਕੇ ਤੋਂ।**

-ਨਿਮਨ ਵਰਗ ਦੇ ਹਰ ਇਨਸਾਨ ਦੀ ਇੱਛਾ ਉਹ ਸੁੱਖ ਪ੍ਰਾਪਤ ਕਰਨ ਦੀ ਹੁੰਦੀ ਹੈ, ਜਿਹੜਾ ਉੱਚ ਵਰਗ ਦੇ ਬੰਦਿਆਂ ਨੂੰ ਪ੍ਰਾਪਤ ਹੁੰਦਾ ਹੈ। ਜਦ ਉਹ ਸੁੱਖ ਉਹਨੂੰ ਨਹੀਂ ਮਿਲਦਾ ਤਾਂ ਉਹ ਹਰ ਕਾਨੂੰਨੀ ਜਾਂ ਗੈਰ ਕਾਨੂੰਨੀ ਢੰਗ ਵਰਤਦਾ ਹੈ। ਜਿਹੜੇ ਸੁੱਖ ਪ੍ਰਾਪਤ ਕਰਨ ਦੀ ਉੱਚ ਵਰਗ ਨੇ ਉਹਦੇ ਲਈ ਮਨਾਹੀ ਕੀਤੀ ਹੋਈ ਹੁੰਦੀ ਹੈ। ਆਦਮੀਆਂ ਦੇ ਮੁਕਾਬਲੇ ਵਿਚ ਔਰਤਾਂ ਵੀ ਦਮਤ ਵਰਗ ਹੁੰਦੀਆਂ ਹਨ, ਭਾਵੇਂ ਆਦਮੀ ਆਪ ਵੀ ਉੱਚ ਵਰਗ ਦਾ ਦਮਨ ਹੰਢਾ ਰਿਹਾ ਹੁੰਦਾ ਹੈ। ਉਹ ਆਪਣਾ ਸਾਰਾ ਅਕ੍ਰੋਸ਼ ਇਸਤਰੀ 'ਤੇ ਕੱਢਦਾ ਹੈ ਤੇ ਇਸਤਰੀ ਆਪਣਾ ਅਕ੍ਰੋਸ਼ ਆਪਣੇ ਬੱਚਿਆਂ 'ਤੇ ਕੱਢਦੀ ਹੈ ਜਾਂ ਆਪਣੇ ਵਰਗੀਆਂ ਹੋਰ ਇਸਤਰੀਆਂ 'ਤੇ, ਜਿਸ ਤਰ੍ਹਾਂ ਕਿ ਸੱਸ ਨੂੰਹ 'ਤੇ ਅਤੇ ਨਣਾਨ ਭਰਜਾਈ 'ਤੇ ਕੱਢਦੀ ਹੈ। ਉੱਚ ਜਾਤੀ ਦੀਆਂ ਇਸਤਰੀਆਂ ਆਪਣਾ ਅਕ੍ਰੋਸ਼ ਨਿਮਨ ਜਾਤਾਂ ਦੀਆਂ ਇਸਤਰੀਆਂ 'ਤੇ ਕੱਢਦੀਆਂ ਹਨ ਤੇ ਉਹ ਬੰਦੇ ਜਿਹੜੇ ਕਿਸੇ ਬੰਦੇ ਉਤੇ ਆਪਣਾ ਅਕ੍ਰੋਸ਼ ਨਹੀਂ ਕੱਢ ਸਕਦੇ, ਉਹ ਜਾਨਵਰਾਂ 'ਤੇ ਕੱਢਦੇ ਹਨ। ਆਸ ਤਾਂ ਹਰ ਬੰਦਾ ਇਹੀ ਰੱਖਦਾ ਹੈ ਕਿ ਉਹਦੇ ਨਾਲ ਬੇਇਨਸਾਫੀ ਨਾ ਹੋਵੇ ਤੇ ਇਸਤਰੀ ਵੀ ਸਮਾਜ ਵਿਚ ਮਾਣ ਵਾਲਾ ਸਥਾਨ ਪ੍ਰਾਪਤ ਕਰਨਾ ਚਾਹੁੰਦੀ ਹੈ, ਪਰ ਮਿਲਦਾ ਉਹਨੂੰ ਬਾਕੀ ਦੇ ਦਮਤ ਜੀਆਂ ਵਾਂਗ ਰਹਿੰਦ-ਖੂੰਹਦ ਹੈ।

**? ਸਮਾਂ, ਸਥਾਨ ਤੇ ਪ੍ਰਚੱਲਤ ਕਦਰਾਂ-ਕੀਮਤਾਂ ਨੂੰ ਮੁੱਖ ਰੱਖ ਕੇ ਦੱਸੋ ਕਿ ਇਸਤਰੀ ਤੋਂ ਸਮੁੱਚੇ ਪ੍ਰਚੱਲਤ ਢਾਂਚੇ ਨੂੰ ਕੀ ਆਸਾਂ ਤੇ ਕੀ ਬਰਦਾਸ਼ਤ ਨਹੀਂ।**

-ਹਰ ਸਮੇਂ ਦਾ ਪ੍ਰਚੱਲਤ ਸਮਾਜਿਕ ਢਾਂਚਾ ਤੀਵੀਂ ਤੋਂ ਆਦਮੀ ਦੀ ਅਧੀਨਗੀ ਦੀ ਆਸ ਰੱਖਦਾ ਹੈ। ਉਹਨੂੰ ਇਹੀ ਦੱਸਿਆ ਜਾਂਦਾ ਹੈ ਕਿ ਆਪਣੇ ਪਤੀ ਨੂੰ ਜਿਵੇਂ ਉਹ ਚਾਹੇ ਖੁਸ਼ ਰੱਖਣਾ, ਉਹਦੇ ਲਈ ਸੰਤਾਨ ਪੈਦਾ ਕਰਨਾ ਤੇ ਪਾਲਣਾ, ਉਹਦੇ ਲਈ ਆਪਣੇ ਸੁੱਖਾਂ ਦਾ ਤਿਆਗ ਕਰਨਾ, ਉਹਦੀ ਸਦਾ ਸੁੱਖ ਮੰਗਣਾ ਤੇ ਲੋੜ ਪੈਣ 'ਤੇ ਉਸ ਲਈ ਮਰ ਜਾਣਾ ਹੀ ਉਹਦਾ ਧਰਮ ਹੈ। ਪਤੀ, ਖਾਵਿੰਦ ਤੇ ਹਸਬੈਂਡ ਦਾ ਅਰਥ ਹੀ ਮਾਲਕ ਹੁੰਦਾ ਹੈ। ਪਤੀ ਹੋਰ ਵਸਤਾਂ ਪਸ਼ੂਆਂ ਤੇ ਜ਼ਮੀਨ ਵਾਂਗ ਹੀ ਪਤਨੀ ਦਾ ਵੀ ਮਾਲਕ ਹੁੰਦਾ ਹੈ। ਮਾਲਕ ਤੇ ਅਧੀਨ ਦਾ ਰਿਸ਼ਤਾ ਹੀ ਪ੍ਰਚਲਤ ਢਾਂਚੇ ਵਿਚ ਪ੍ਰਵਾਨ ਰਿਹਾ ਹੈ। ਸਮਾਜਿਕ ਤੇ ਆਰਥਿਕ ਪਰਿਵਰਤਨਾਂ ਨਾਲ ਆਦਮੀ ਤੀਵੀਂ ਦੇ ਸੰਬੰਧਾਂ ਵਿਚ ਫਰਕ ਓਨਾ ਹੀ ਪੈਂਦਾ ਸੀ/ਹੈ, ਜਿੰਨਾ ਕੁ ਆਰਥਿਕ ਪ੍ਰਬੰਧ 'ਤੇ ਕਾਬਜ਼ ਜਮਾਤ ਤੇ ਕਾਮਾ ਜਮਾਤ ਦੇ ਸੰਬੰਧਾਂ ਵਿਚ ਪੈਂਦਾ ਹੈ।

**? ਕਿਉਂ ਤੇ ਕਿਵੇਂ ਇਸ ਵਿਚਾਰ ਨੇ ਮੂਵਮੈਂਟ ਦਾ ਰੂਪ ਧਾਰਨ ਕੀਤਾ। ਬਲੈਕ ਸਿਸਟਰਜ਼ ਜਥੇਬੰਦੀ ਦਾ ਇਨ੍ਹਾਂ ਸਵਾਲਾਂ ਨਾਲ ਕਿੰਨਾ ਕੁ ਸੰਬੰਧ ਹੈ।**

-ਭਾਵੇਂ ਹਰ ਯੁੱਗ ਵਿਚ ਇਸਤਰੀ ਬਰਾਬਰੀ ਲਈ ਤਾਂਘਦੀ ਰਹੀ ਹੈ, ਪਰ ਇਹ ਯਤਨ ਵਿਅਕਤੀਗਤ ਹੀ ਹੁੰਦੇ ਸਨ। ਸਮੁੱਚੇ ਤੌਰ 'ਤੇ ਇਸਤਰੀ ਆਦਮੀ ਨੂੰ ਪਤੀ (ਮਾਲਕ) ਪਰਮੇਸ਼ਰ ਮੰਨਣਾ ਆਪਣਾ ਧਰਮ ਸਮਝਦੀ ਰਹੀ ਹੈ। ਜਦ ਯੂਰਪ ਵਿਚ ਕਈ ਥਾਵੀਂ ਆਦਮੀਆਂ ਨੂੰ ਚੁਣਨ ਤੇ ਚੁਣੇ ਜਾਣ ਦਾ ਅਧਿਕਾਰ ਮਿਲ ਗਿਆ ਸੀ, ਉਸ ਵੇਲੇ ਵੀ ਇਸਤਰੀ ਨੂੰ ਚੁਣੇ ਜਾਣ ਤੇ ਚੁਣਨ ਦਾ ਅਧਿਕਾਰ ਨਹੀਂ ਸੀ। ਔਰਤਾਂ ਦੇ ਹੱਕਾਂ ਲਈ ਉਨ੍ਹੀਵੀਂ ਸਦੀ ਦੇ ਅੰਤ ਦੇ ਨੇੜੇ ਆਵਾਜ਼ ਉਠਾਈ ਜਾਣ ਲੱਗੀ ਸੀ। ਸਫਰੇਜ ਤੇ ਸਫਰਜੈਟ ਮੂਵਮੈਂਟ ਉਦੋਂ ਸਭ ਤੋਂ ਪਹਿਲਾਂ ਫਰਾਂਸ ਵਿਚ ਅਰੰਭ ਹੋਈ ਸੀ ਤੇ 1893 ਵਿਚ ਨਿਊਜ਼ੀਲੈਂਡ ਵਿਚ ਇਸਤਰੀਆਂ ਨੂੰ ਵੋਟ ਦਾ ਅਧਿਕਾਰ ਮਿਲਿਆ ਸੀ। ਉਸ ਵੇਲੇ ਤਾਂ ਦੁਨੀਆ ਦੇ ਬਹੁਤੇ ਮੁਲਕ ਹਾਲੀਂ ਸਣੇ ਭਾਰਤ ਸਾਮਰਾਜ ਦੀ ਗੁਲਾਮੀ ਹੰਢਾ ਰਹੇ ਸਨ।

ਬਲੈਕ ਸਿਸਟਰ ਆਰਗੇਨਾਈਜ਼ੇਸ਼ਨ 1979 ਵਿਚ ਸਾਊਥਾਲ ਦੀਆਂ ਏਸ਼ੀਅਨ ਔਰਤਾਂ ਵੱਲੋਂ ਨਸਲਵਾਦੀਆਂ ਦੇ ਹੱਥੋਂ ਬਲੇਅਰ ਪੀਚ ਦੀ ਮੌਤ ਨਾਲ ਨਸਲਵਾਦ ਵਿਰੋਧੀ ਗਰੁੱਪ ਦੇ ਰੂਪ ਵਿਚ ਸ਼ੁਰੂ ਹੋਈ ਸੀ, ਪਰ ਬਾਅਦ ਵਿਚ ਇਸ ਨੇ ਏਸ਼ੀਅਨ ਔਰਤਾਂ ਦੇ ਮਨੁੱਖੀ ਹੱਕਾਂ ਲਈ ਤੇ ਘਰਾਂ ਵਿਚ ਹੁੰਦੇ ਏਸ਼ੀਅਨ ਔਰਤਾਂ 'ਤੇ ਹੁੰਦੇ ਜਬਰ ਦੀ ਵਿਰੋਧਤਾ ਕਰਨ ਵਾਲੀ ਆਰਗੇਨਾਈਜ਼ੇਸ਼ਨ ਦਾ ਰੂਪ ਧਾਰਨ ਕਰ ਲਿਆ।

ਇਹ ਲਹਿਰ ਆਪਣੇ ਤੌਰ 'ਤੇ ਚੰਗਾ ਕੰਮ ਕਰ ਰਹੀ ਹੈ, ਪਰ ਬਹੁਤਾ ਕੁਝ ਕਰ ਸਕਣਾ ਪ੍ਰਾਪਤ ਵਿਵਸਥਾ ਵਿਚ ਸੰਭਵ ਨਹੀਂ। ਇਸਤਰੀ ਦਾ ਪੂਰਨ ਤੌਰ 'ਤੇ ਸੁਤੰਤਰ ਤੇ ਆਦਮੀ ਦੇ ਬਰਾਬਰ ਦਾ ਦਰਜਾ ਪ੍ਰਾਪਤ ਕਰ ਲੈਣਾ ਹਾਲੇ ਸੰਭਵ ਨਹੀਂ। ਅੱਜ ਦੀ ਘਰੇਲੂ ਅਤੇ ਪ੍ਰੋਫੈਸ਼ਨਲ ਇਸਤਰੀ ਆਪਣੀ ਵਿਦਿਅਕ ਤੇ ਪੇਸ਼ਾਵਰ ਯੋਗਤਾ ਦੇ ਅਨੁਸਾਰ ਹੀ ਪ੍ਰਾਪਤ ਵਿਵਸਥਾ ਵਿਚ ਥੋੜ੍ਹਾ ਜਾਂ ਬਹੁਤਾ ਰੋਲ ਅਦਾ ਕਰ ਸਕਦੀ ਹੈ ਤੇ ਕਰ ਰਹੀ ਹੈ।

**? ਲੇਖਕ ਇਸਤਰੀ ਦਾ ਇਨ੍ਹਾਂ ਹਾਲਤਾਂ ਨੂੰ ਮੁੱਖ ਰੱਖ ਕੇ ਕੀ ਰੋਲ ਤੇ ਫਰਜ਼ ਰਿਹਾ ਹੈ ਤੇ ਹੁਣ ਹੈ।**

-ਲੇਖਕ ਇਸਤਰੀ ਹੀ ਨਹੀਂ, ਲੇਖਕ ਮਰਦ ਵੀ ਇਨ੍ਹਾਂ ਹਾਲਤਾਂ ਵਿਚ ਪਾਠਕਾਂ ਨੂੰ ਸਮਾਜਿਕ ਪ੍ਰਸਥਿਤੀਆਂ ਤੋਂ ਜਾਣੂ ਕਰਵਾ ਕੇ ਕੁਝ ਨਾ ਕੁਝ ਰੋਲ ਅਦਾ ਕਰਦੇ ਹੀ ਰਹੇ ਹਨ ਤੇ ਕਰਦੇ ਵੀ ਰਹਿਣਗੇ, ਪਰ ਮੁੱਖ ਕੰਮ ਇਨ੍ਹਾਂ ਪ੍ਰਸਥਿਤੀਆਂ ਨੂੰ ਬਦਲ ਕੇ ਨਵੀਆਂ ਪ੍ਰਸਥਿਤੀਆਂ ਸਿਰਜਣ ਦਾ ਹੈ। ਵਿਗਿਆਨਕ ਯੁੱਗ ਦੇ ਹਾਣੀ ਵਿਗਿਆਨਕ ਵਿਚਾਰਾਂ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਅੱਜ ਦੇ ਲੇਖਕ ਮਰਦ ਅਤੇ ਔਰਤ ਦੋਵੇਂ ਹੀ ਆਪਣਾ ਯੋਗਦਾਨ ਪਾ ਸਕਦੇ ਹਨ।

**? ਤੁਹਾਡੇ ਮੁਤਾਬਕ ਅੱਜ ਇਸਤਰੀ ਲੇਖਕ ਦੇ ਸਾਹਮਣੇ ਕਿਹੜੀਆਂ ਮੁਸ਼ਕਲਾਂ ਹਨ।**

-ਮੁਸ਼ਕਲਾਂ ਤਾਂ ਹਰ ਸਮੇਂ ਆਦਮੀ ਲੇਖਕਾਂ ਨੂੰ ਵੀ ਪੇਸ਼ ਆਉਂਦੀਆਂ ਹਨ, ਪਰ ਇਸਤਰੀ ਨੂੰ ਇਸਤਰੀ ਹੋਣ ਕਰਕੇ ਕੁਝ ਵਧੇਰੇ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਾਹਿਤ ਲੇਖਕ ਦੇ ਅੰਦਰ ਦਾ ਸ਼ੀਸ਼ਾ ਹੁੰਦਾ ਹੈ ਤੇ ਸਤਿਯਮ ਉਹਦਾ ਬੁਨਿਆਦੀ ਗੁਣ, ਪਰ ਕੀ ਇਸਤਰੀ ਲੇਖਕ ਆਦਮੀ ਲੇਖਕ ਵਾਂਗ ਆਪਣੇ ਅੰਦਰ ਦੀ ਗੱਲ ਕਹਿ ਸਕਦੀ ਹੈ? ਆਪਣੇ ਬਾਰੇ ਤੇ ਆਪਣੇ ਚੌਗਿਰਦੇ ਬਾਰੇ ਜਿਸ ਤਰ੍ਹਾਂ ਖੁੱਲ੍ਹ ਕੇ ਆਦਮੀ ਗੱਲ ਕਰ ਸਕਦਾ ਹੈ, ਜੇ ਐਨ ਉਸੇ ਤਰ੍ਹਾਂ ਇਸਤਰੀ ਲੇਖਕ ਕਰੇ ਤਾਂ ਉਹਦੇ ਖਿਲਾਫ ਧਰਮ ਤੇ ਸਮਾਜ ਦੇ ਠੇਕੇਦਾਰ ਤੂਫਾਨ ਖੜਾ ਕਰਨ ਤੱਕ ਜਾਂਦੇ ਹਨ।

ਇਸਤਰੀ ਲੇਖਕ ਨੇ ਜੇ ਸੱਚਮੁੱਚ ਲੇਖਕ ਬਣਨਾ ਹੈ ਤਾਂ ਉਹਨੂੰ ਮਰਦ ਲੇਖਕਾਂ ਵਾਂਗ ਬਹੁਤ ਕੁਝ ਦੇਖਣ, ਪਰਖਣ, ਸੁਣਨ ਤੇ ਸਮਝਣ ਦੀ ਲੋੜ ਹੁੰਦੀ ਹੈ। ਉਹਦੇ ਖੁੱਲ੍ਹੇ ਵਿਚਰਨ ਤੇ ਗੱਲ ਕਰਨ ਦਾ ਮਤਲਬ ਆਮ ਆਦਮੀ ਹੀ ਨਹੀਂ, ਸਗੋਂ ਆਮ ਲੇਖਕ ਵੀ ਕੁਝ ਹੋਰ ਹੀ ਸਮਝ ਲੈਂਦੇ ਹਨ। ਜੇ ਜ਼ਰਾ ਖੁੱਲ੍ਹ ਕੇ ਗੱਲ ਕਰਦੀ ਹੈ ਤਾਂ ਮਰਦ ਲੇਖਕ ਉਹਨੂੰ ਵਰਤੋਂ ਦੀ ਚੀਜ਼ ਸਮਝ ਕੇ ਉਹਦੇ ਦੁਆਲੇ ਚੱਕਰ ਲਾਉਣੋਂ ਵੀ ਨਹੀਂ ਝਿਜਕਦੇ ਤੇ ਉਹਦੇ ਬਾਰੇ ਚਠਕਾਰੇ ਲੈ-ਲੈ ਗੱਲਾਂ ਵੀ ਕਰਦੇ ਹਨ।

ਕੁਝ ਆਲੋਚਕ ਵੀ ਇਸਤਰੀ ਲੇਖਕਾ ਦੀ ਉਨਤੀ ਵਿਚ ਵਾਧਾ ਬਣ ਖਲੋਂਦੇ ਹਨ। ਉਹਦੀ ਖਾਹਮਖਾਹ ਚਾਪਲੂਸੀ ਕਰਕੇ ਜਾਂ ਫੇਰ ਜੇ ਉਹ ਉਨ੍ਹਾਂ ਦੀ ਪਰਵਾਹ ਨਹੀਂ ਕਰਦੀ ਤਾਂ ਉਹਦੀ ਖਾਹਮਖਾਹ ਨਿੰਦਾ ਕਰਕੇ ਉਹਦੀ ਕਲਾ-ਕੌਸ਼ਲਤਾ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਨ।



ਆਪਣੀ ਤੀਜੀ ਪੀੜ੍ਹੀ ਨਾਲ ਮਕਸੂਦਪੁਰੀ

**? ਇਨਸਾਨ, ਈਮਾਨ ਤੇ ਸ਼ੈਤਾਨ ਸ਼ਬਦਾਂ ਦੀ ਆਪਸੀ ਸਾਂਝ ਕੀ ਹੈ।**

-ਇਨਸਾਨ ਈਮਾਨ ਤੇ ਸ਼ੈਤਾਨ ਵਿਚ ਸਵਾਏ ਅਨੁਪ੍ਰਾਸ ਦੇ ਹੋਰ ਕੋਈ ਸਾਂਝ ਨਹੀਂ ਦਿਸਦੀ, ਪਰ ਮਨੁੱਖੀ ਕਲਪਨਾ ਨੂੰ ਤਾਂ ਕੰਮ ਕਰਨੋਂ ਰੋਕਿਆ ਨਹੀਂ ਜਾ ਸਕਦਾ। ਉਸ ਅਨੁਸਾਰ ਸ਼ੈਤਾਨ ਇਨਸਾਨ ਦੇ ਈਮਾਨ ਦਾ ਵੈਰੀ ਹੈ। ਕਿਹਾ ਜਾਂਦਾ ਹੈ ਕਿ ਇਨਸਾਨ ਉਹੀ ਅਸਲ ਇਨਸਾਨ ਹੈ, ਜਿਹਦਾ ਈਮਾਨ ਸ਼ੈਤਾਨ ਵੀ ਹਿਲਾ ਨਾ ਸਕੇ।

ਇਨਸਾਨ ਅਰਬੀ ਜ਼ੁਬਾਨ ਦਾ ਸ਼ਬਦ ਹੈ, ਜਿਸ ਦੇ ਸਮਾਨਅਰਥੀ ਸ਼ਬਦ ਮਾਨਵ, ਮਨੁੱਖ, ਪੁਰਖ ਤੇ ਮਾਨਸ ਹਨ। ਈਮਾਨ ਵੀ ਅਰਬੀ ਜ਼ੁਬਾਨ ਦਾ ਸ਼ਬਦ ਹੈ। ਉੱਥੇ ਇਹ ਧਾਰਮਿਕ ਵਿਸ਼ਵਾਸ ਲਈ ਵਰਤਿਆ ਜਾਂਦਾ ਹੈ। ਈਮਾਨ ਨੂੰ ਅਸੀਂ ਯਕੀਨ ਜਾਂ ਭਰੋਸੇ ਦੇ ਅਰਥਾਂ ਵਿਚ ਵੀ ਵਰਤਦੇ ਹਾਂ।

ਸ਼ੈਤਾਨ ਯਹੂਦੀਆਂ, ਈਸਾਈਆਂ ਤੇ ਮੁਸਲਮਾਨਾਂ ਦੇ ਅਕੀਦੇ ਅਨੁਸਾਰ ਉਹ ਫਰਿਸ਼ਤਾ ਸੀ, ਜਿਹੜਾ ਰੱਬ ਦੇ ਹੁਕਮ ਤੋਂ ਬਾਗੀ ਹੋ ਗਿਆ ਸੀ ਤੇ ਇਸੇ ਕਾਰਨ ਹੁਣ ਤੱਕ ਵੀ ਇਨਸਾਨਾਂ ਨੂੰ ਕੁਰਾਹੇ ਪਾਉਣ ਦਾ ਕੰਮ ਕਰਦਾ ਹੈ। ਇਨ੍ਹਾਂ ਮੱਤਾਂ ਅਨੁਸਾਰ ਬੰਦਾ ਜੋ ਕੁਝ ਵੀ ਮਾੜਾ ਕਰਦਾ ਹੈ, ਉਹ ਸ਼ੈਤਾਨ ਦਾ ਵਰਗਲਾਇਆ ਕਰਦਾ ਹੈ।

ਪਰ ਸਾਡੇ ਭਾਰਤੀ ਫਲਸਫੇ ਅਨੁਸਾਰ ਨਿਰਾਕਾਰ ਹੀ ਅਕਾਰ ਧਾਰਨ ਕਰਦਾ ਹੈ। ਉਹ ਹੀ ਹਰ ਚੰਗਿਆਈ ਦੇ ਵਿਰੋਧ ਵਿਚ ਬੁਰਾਈ ਪੈਦਾ ਕਰਦਾ ਹੈ। ਦੇਵਤੇ ਤੇ ਰਾਖਸ਼ ਉਹਦੀ ਮਰਜ਼ੀ ਨਾਲ ਹੀ ਬਣੇ ਸਨ। ਚੰਗੇ ਜਾਂ ਮੰਦੇ ਸਾਰੇ ਉਹਦੇ ਹੁਕਮ ਅਨੁਸਾਰ ਚੱਲਦੇ ਹਨ।

ਪਰ ਵਿਗਿਆਨਕ ਮਤ ਅਨੁਸਾਰ ਪ੍ਰਕਿਰਤੀ ਦੇ ਵਿਰੋਧ ਵਿਕਾਸੀ ਗੁਣ ਦੇ ਕਾਰਨ ਹੀ ਸਭ ਕੁਝ ਹੁੰਦਾ ਤੇ ਵਾਪਰਦਾ ਹੈ, ਅਰਥਾਤ ਕੁਦਰਤ ਵਿਚ ਜੋ ਕੁਝ ਵਾਪਰਦਾ ਹੈ, ਉਹ ਪਦਾਰਥ ਦੇ ਸੰਜੋਗ ਵਿਯੋਗ ਦੇ ਗੁਣਾਂ ਕਾਰਨ ਹੀ ਵਾਪਰਦਾ ਹੈ। ਕੁਦਰਤ ਵਿਚ ਸੰਜੋਗ ਵਿਯੋਗ ਦਾ ਕਾਰਜ ਪਦਾਰਥ ਦੇ ਆਕਰਖ ਤੇ ਉਦਕਰਖ ਗੁਣਾਂ ਦੇ ਕਾਰਨ ਚੱਲਦਾ ਹੈ। ਉਪਤ ਖਪਤ ਦਾ ਚੱਕਰ ਪਦਾਰਥ ਦੇ ਇਨ੍ਹਾਂ ਗੁਣਾਂ 'ਤੇ ਹੀ ਨਿਰਭਰ ਹੈ। ਇਸ ਤੋਂ ਬਿਨਾਂ ਨਾ ਕੋਈ ਭਗਵਾਨ ਹੈ, ਨਾ ਸ਼ੈਤਾਨ।

ਸ਼ੈਤਾਨ ਤੇ ਈਮਾਨ ਵੀ ਇਨਸਾਨ ਦੀ ਕਲਪਨਾ ਵਿਚੋਂ ਪੈਦਾ ਹੋਏ ਹਨ, ਹੋਰ ਕੁਝ ਨਹੀਂ।

**? ਕਵਿਤਾ ਅਤੇ ਅਲੋਚਨਾ ਦੇ ਖੇਤਰ ਵਿਚ ਅਹਿਮ ਹਸਤਾਖਰ ਹੋਣ ਦੇ ਨਾਤੇ ਹੁਣ ਤੱਕ ਕਿੰਨਾ ਕੁ ਅਣਕਿਹਾ ਰਹਿ ਗਿਆ ਹੈ।**

-ਅਹਿਮ ਹਸਤਾਖਰ ਹਾਂ ਕਿ ਨਹੀਂ, ਇਹਦੇ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਮੈਂ ਤਾਂ ਇਸ ਕਥਨ ਦਾ ਵਿਸ਼ਵਾਸੀ ਰਿਹਾ ਹਾਂ:

"ਮੈਂ ਮੂਰਖ ਕੁਛ ਕਹਿਣ ਨਾ ਜਾਣਾ"

ਖੈਰ ਜਦ ਪੁੱਛ ਹੀ ਲਿਆ ਹੈ ਤਾਂ ਕੁਝ ਤਾਂ ਕਹਿਣਾ ਹੀ ਪਏਗਾ। ਅਲੋਚਨਾ ਦੇ ਮੈਦਾਨ ਵਿਚ ਸਾਹਿਤ ਦੇ ਅਰੰਭ ਤੇ ਵਿਕਾਸ ਦੇ ਪੜਾਵਾਂ ਬਾਰੇ ਲਿਖਣ ਦੀ ਤਮੰਨਾ ਅਜੇ ਬਾਕੀ ਹੈ। ਕੁਝ ਆਪਣੇ ਪਸੰਦੀਦਾ ਲੇਖਕਾਂ ਬਾਰੇ ਲਿਖ ਨਹੀਂ ਸਕਿਆ, ਤਮੰਨਾ ਹੈ ਕਿ ਵਿਦਾਇਗੀ ਤੋਂ ਪਹਿਲਾਂ ਲਿਖ ਸਕਾਂ। ਬਹੁਤ ਕੁਝ ਅਣਕਿਹਾ ਪਿਆ ਹੈ। ਕਹਿ ਨਹੀਂ ਸਕਦਾ ਕਿੰਨਾ ਕੁ ਲਿਖ ਸਕਾਂਗਾ। ਇੱਕ ਨਾਵਲ, ਇੱਕ ਕਾਵਿ ਸੰਗ੍ਰਹਿ ਤੇ ਕੁਝ ਦਾਰਸ਼ਨਿਕ ਲੇਖ ਲਿਖ ਸਕਾਂ ਤਾਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਾਂਗਾ। ਦੇਖੋ! ਕਿੰਨ ਸਮਾਂ ਹੋਰ ਮਿਲਦਾ ਹੈ?

**? ਅਪਰੈਲ 2012 'ਚ ਭਾਰਤ ਦੇ ਇੱਕ ਵੱਡੇ ਪਾਰਕ ਵਿੱਚ ਰਾਖਿਆਂ ਦੀ ਅਣਗਹਿਲੀ ਕਾਰਨ ਬਹੁ-ਗਿਣਤੀ 'ਚ ਹਿਰਨੀਆਂ ਜੋ ਗਰਭਵਤੀ ਸਨ, ਜੰਗਲੀ ਕੁੱਤਿਆਂ ਨੇ ਮਾਰ ਦਿੱਤੀਆਂ ਤੇ ਕੁਝ ਗੰਭੀਰ ਜ਼ਖਮੀ ਕਰ ਦਿੱਤੀਆਂ, ਰਿਪੋਰਟਰ ਮੁਤਾਬਿਕ ਗਰਭਵਤੀ ਹੋਣ ਕਾਰਨ ਹਿਰਨੀਆਂ ਆਪਣੇ ਬਚਾਅ ਲਈ ਭੱਜ ਨਹੀਂ ਸਕੀਆਂ, ਮਾਹਰਾਂ ਦੇ ਮੁਆਇਨੇ ਮੁਤਾਬਕ ਕੁਝ ਹਿਰਨੀਆਂ ਸਦਮੇ ਕਾਰਨ ਹੀ ਮਰ ਗਈਆਂ। ਇਹ ਸਵਾਲ ਨਹੀਂ ਹੈ ਤੁਹਾਡੇ ਵਾਸਤੇ। ਬਸ ਐਨਾ ਦੱਸੋ ਕਿ 80 ਸਾਲ ਦੇ ਨਵੇਂ ਜਾਂ ਪੁਰਾਣੇ ਬੰਦੇ ਦਾ ਦਿਲ, ਦਿਮਾਗ, ਰੂਹ ਜਾਂ ਮਨ ਕਿਵੇਂ ਮਹਿਸੂਸ ਕਰ ਰਿਹੈ? ਇਹ ਪੜ੍ਹਨ ਤੋਂ ਬਾਅਦ, ਤੇ ਮੇਰੇ ਬਿਨਾਂ ਪੁੱਛਿਆਂ ਕੁਝ ਹੋਰ ਕਹਿਣ ਵਾਸਤੇ ਹੈ ਤਾਂ ਕਹੋ!**

-ਅਹਿਸਾਸ ਹੀ ਕਵਿਤਾ ਨੂੰ ਜਨਮ ਦਿੰਦੇ ਹਨ। ਇਸ ਘਟਨਾ ਦੇ ਅਹਿਸਾਸ ਹੇਠ ਬਹੁਤ ਹੀ ਖੂਬਸੂਰਤ ਕਵਿਤਾ ਲਿਖੀ ਜਾ ਸਕਦੀ ਹੈ। ਮੈਨੂੰ ਯਕੀਨ ਹੈ ਕਿ ਤੂੰ ਇਸ ਦੇ ਯੋਗ ਹੈਂ। ਅੱਜ ਜੋ ਕੁਝ ਸਾਡੇ ਦੇਸ਼ ਵਿਚ ਇਸਤਰੀਆਂ ਨਾਲ ਹੋ ਰਿਹਾ ਹੈ, ਉਸ ਸਭ ਕੁਝ ਨੂੰ ਹਰਨੀਆਂ ਦੇ ਪ੍ਰਤੀਕ ਨੂੰ ਵਰਤ ਕੇ ਬਹੁਤ ਹੀ ਉੱਚ ਪਾਏ ਦੀ ਕਵਿਤਾ ਲਿਖੀ ਜਾ ਸਕਦੀ ਹੈ।

ਇਹੋ ਜਿਹੀ ਘਿਨਾਉਣੀ ਵਾਰਦਾਤ ਜਦ ਪਹਿਲੀ ਵਾਰ ਸੁਣੀ, ਪੜ੍ਹੀ ਜਾਂਦੀ ਹੈ ਤਾਂ ਅਹਿਸਾਸ ਦੀ ਸ਼ਿੱਦਤ ਵੀ ਇੰਤਹਾ ਦੀ ਹੁੰਦੀ ਹੈ, ਪਰ ਜਦ ਅਜਿਹੀਆਂ ਵਾਰਦਾਤਾਂ ਨਿੱਤ ਹੋਵਣ ਤੇ ਪੜ੍ਹਨਸੁਣਨ ਵਿਚ ਆਉਣ ਤਾਂ ਉਨ੍ਹਾਂ ਦਾ ਅਸਰ ਘਟਦਾ ਜਾਂਦਾ ਹੈ। ਤੂੰ ਤਾਂ ਹਿਰਨੀਆਂ ਦੀ ਗੱਲ ਕੀਤੀ ਹੈ, ਸਾਡੇ ਦੇਸ਼ ਦੀਆਂ ਅਖਬਾਰਾਂ ਵਿਚ ਤਾਂ ਨਿੱਤ ਅਵਾਰਾ ਕੁੱਤਿਆਂ ਦੇ ਛੋਟੇ-ਛੋਟੇ ਬੱਚਿਆਂ ਤੇ ਇਕੱਲੇ-ਦੁਕੱਲੇ ਅਪਾਹਜ ਬੰਦਿਆਂ ਨੂੰ ਘੇਰ ਕੇ ਚਬਾ ਜਾਣ ਦੀਆਂ ਖਬਰਾਂ ਨਿੱਤ ਛਪਦੀਆਂ ਰਹਿੰਦੀਆਂ ਹਨ। ਜੋ ਕੁਝ ਮਾਸੂਮ ਬੱਚੀਆਂ ਨਾਲ ਕੁੱਤਿਆਂ ਨਾਲੋਂ ਵੀ ਵਧੇਰੇ ਖੂੰਖਾਰ ਆਦਮੀ ਕਰਦੇ ਹਨ, ਉਹ ਕੋਈ ਘੱਟ ਹਿਰਦੇਵੇਦਕ ਨਹੀਂ ਹੁੰਦਾ। ਚੰਗੇ-ਭਲੇ ਦਿਸਦੇ ਧਰਮਾਂ ਦੇ ਪੈਰੋਕਾਰ ਮਾਪੇ ਜਦ ਆਪਣੀਆਂ ਹੀ ਬੱਚੀਆਂ ਨੂੰ ਕੁੱਖਾਂ ਵਿਚ ਹੀ ਕਤਲ ਕਰਦੇ ਹਨ ਤਾਂ ਨਾ ਕੋਈ ਧਰਮਾਂ ਦੇ ਗੁਰੂ-ਪੀਰ ਪਹੁੰਚਦੇ ਹਨ ਤੇ ਨਾ ਧਰਮਾਂ ਦੇ ਠੇਕੇਦਾਰ।

ਅਜਿਹੀਆਂ ਵਾਰਦਾਤਾਂ 'ਤੇ ਹੰਝੂ ਵਹਾਇਆਂ ਕੁਝ ਨਹੀਂ ਬਣਨਾ। ਲੋੜ ਇਨ੍ਹਾਂ ਹੇਠ ਲੁਕੇ ਕਾਰਨਾਂ ਨੂੰ ਲੱਭਣ ਤੇ ਅਜਿਹਾ ਪ੍ਰਬੰਧ ਸਿਰਜਣ ਦੀ ਹੈ, ਜਿਸ ਹੇਠ ਅਜਿਹਾ ਕੁਝ ਕਦੀ ਨਾ ਵਾਪਰੇ।

**? ਦਾਰਸ਼ਨਿਕ ਲੇਖਾਂ ਦੇ ਸੰਬੰਧ ਵਿਚ ਕਿਹੜੇ ਵਿਸ਼ੇ ਮਨ ਨੂੰ ਜ਼ਿਆਦਾ ਉਬਾਲ ਰਹੇ ਹਨ।**

-ਬ੍ਰਹਿਮੰਡ ਦੀ ਸਿਰਜਨਾ ਕਿਵੇਂ ਹੋਈ? ਕਦ ਹੋਈ? ਕਿਸ ਨੇ ਕੀਤੀ? ਅਜਿਹੇ ਵਿਚਾਰ ਦਰਸ਼ਨ ਦੇ ਘੇਰੇ ਵਿਚ ਆਉਂਦੇ ਹਨ। ਇਹ ਵਿਚਾਰ ਓਨਾ ਚਿਰ ਹੀ ਦਰਸ਼ਨ ਹੁੰਦੇ ਹਨ, ਜਦ ਤੱਕ ਇਨ੍ਹਾਂ ਨੂੰ ਨਿਰੀਖਸ਼ਣ ਜਾਂ ਤਜਰਬਿਆਂ ਦੁਆਰਾ ਸਹੀ ਨਹੀਂ ਸਾਬਤ ਕਰ ਦਿੱਤਾ ਜਾਂਦਾ। ਨਿਰੀਖਸ਼ਣ ਤੇ ਤਜਰਬਿਆਂ ਦੀ ਕਸਵੱਟੀ 'ਤੇ ਪੂਰੇ ਉਤਰਨ ਪਿੱਛੋਂ ਇਹ ਦਰਸ਼ਨ ਦੇ ਘੇਰੇ ਵਿੱਚੋਂ ਨਿਕਲ ਕੇ ਵਿਗਿਆਨ ਦੇ ਘੇਰੇ ਵਿਚ ਆ ਜਾਂਦੇ ਹਨ। ਅਜਿਹੇ ਵਿਚਾਰ ਸਦਾ ਮਨੁੱਖੀ ਮਨ ਵਿਚ ਉੱਠਦੇ ਰਹੇ ਹਨ ਤੇ ਉੱਠਦੇ ਰਹਿਣਗੇ। ਮੈਂ ਵੀ ਅਜਿਹੇ ਵਿਸ਼ਿਆਂ ਬਾਰੇ ਤੇ ਇਨ੍ਹਾਂ ਨਾਲ ਸੰਬੰਧਤ ਹੋਰ ਵਿਸ਼ਿਆਂ ਬਾਰੇ ਸੋਚਦਾ ਰਹਿੰਦਾ ਹਾਂ ਤੇ ਅਜਿਹੇ ਵਿਸ਼ਿਆਂ ਬਾਰੇ ਲਿਖਣ ਲਈ ਤਾਂਘਦਾ ਰਿਹਾ ਹਾਂ।

**? ਤੁਸੀਂ ਕਿਹੜੇ ਦਾਰਸ਼ਨਿਕਾਂ ਨੂੰ ਪੜ੍ਹਿਆ ਤੇ ਕਿੰਨਾ ਕੁ ਪ੍ਰਭਾਵਤ ਹੋਏ ਹੋ? ਕਿਹੜੀਆਂ ਬ੍ਰਹਿਮੰਡੀ ਨਿਆਮਤਾਂ ਨੂੰ ਤੁਸੀਂ ਨੇੜੇ ਹੋ ਕੇ ਦੇਖਣਾ ਚਾਹੁੰਦੇ ਹੋ? ਤੇ ਬ੍ਰਹਿਮੰਡ ਦੇ ਸੰਬੰਧ 'ਚ ਤੁਹਾਡਾ ਆਪਣਾ ਫਲਸਫਾ ਕੀ ਹੈ।**

-ਪੜ੍ਹਿਆ ਕਿੰਨੇ ਕੁ ਦਾਰਸ਼ਨਿਕਾਂ ਨੂੰ ਹੈ? ਇਹ ਕਹਿਣਾ/ਦੱਸਣਾ ਤਾਂ 'ਛੋਟਾ ਮੂੰਹ ਬੜੀ ਬਾਤ' ਵਾਲੀ ਗੱਲ ਹੋਵੇਗੀ। ਉਂਝ ਇੰਨਾ ਕੁ ਹੀ ਕਹਿੰਦਾ ਹਾਂ ਕਿ ਕਪਿਲ ਦੇ ਸਾਂਖ ਸ਼ਾਸਤਰ, ਕਣਾਦ ਦੇ ਵਿਸ਼ੇਸ਼ਕ ਸ਼ਾਸਤਰ ਤੇ ਗੌਤਮ ਦੇ ਨਿਆਇ ਸ਼ਾਸਤਰ ਦੇ ਗਿਆਨ ਦਾ ਮੇਰੇ 'ਤੇ ਬਹੁਤ ਪ੍ਰਭਾਵ ਰਿਹਾ ਹੈ। ਉਪਨਿਸ਼ਦਾਂ ਦੇ 'ਅਹੁੰ ਬ੍ਰਹਮ ਅਸਮੀ' ਦਾ ਤਾਂ ਮੈਂ ਪੈਰੋਕਾਰ ਰਿਹਾ ਹਾਂ। ਦੇਵੀ ਪ੍ਰਸ਼ਾਦ ਚਟੋਪਾਧਯਾ ਦੀ 'ਲੋਕਾਇਤ' ਬਾਰੇ ਲਿਖੀ ਵੱਡ-ਆਕਾਰੀ ਪੁਸਤਕ ਨੂੰ ਪੜ੍ਹ ਕੇ ਮੈਨੂੰ ਇਸ ਸ਼ਾਸਤਰ ਦੇ ਲੋਕ ਮੁਖੀ ਹੋਣ ਬਾਰੇ ਗਿਆਨ ਹੋਇਆ ਸੀ। ਗੀਤਾ ਦੇ ਕਰਮ ਸਿਧਾਂਤ ਦਾ ਵੀ ਮੇਰੇ 'ਤੇ ਚੋਖਾ ਅਸਰ ਰਿਹਾ ਹੈ, ਪਰ ਸਭ ਤੋਂ ਵੱਧ ਮਾਰਕਸ ਦੇ 'ਦਵੰਦਵਾਦੀ ਪਦਾਰਥਵਾਦ' ਦਾ ਮੇਰੇ ਖਿਆਲਾਂ 'ਤੇ ਪ੍ਰਭਾਵ ਹੈ। ਮੈਂ ਰਾਹੁਲ ਸੰਕ੍ਰਤਾਇਨ ਦੇ 'ਦਰਸ਼ਨ ਦਿਗ ਦਰਸ਼ਨ' ਦਾ ਨਿੱਠ ਕੇ ਅਧਿਐਨ ਕੀਤਾ ਹੈ। ਇਹ ਪੁਸਤਕ ਦੁਨੀਆ ਦੇ ਦਾਰਸ਼ਨਿਕ ਇਤਿਹਾਸ ਦਾ ਸਾਰ ਹੈ। ਗੁਰੂ ਨਾਨਕ ਦੇ ਦਰਸ਼ਨ ਨੂੰ ਪੜ੍ਹਦਾ ਸਮਝਦਾ ਤਾਂ ਮੈਂ ਜਵਾਨ ਹੋਇਆ ਸਾਂ।



ਪਰਵਾਸੀ ਪੰਜਾਬੀ ਸ਼ਾਇਰ ਮਹਿੰਦਰ ਗਿੱਲ ਅਤੇ ਮੁਲਾਕਾਤੀ ਦਲਵੀਰ ਕੌਰ ਨਾਲ ਮਕਸੂਦਪੁਰੀ

ਨਾਨਕ ਦਰਸ਼ਨ ਤੇ ਉਪਨਿਸ਼ਦਾਂ ਦਾ ਪ੍ਰਭਾਵ ਪ੍ਰਤੱਖ ਦਿਸਦਾ ਹੈ।

ਬ੍ਰਹਮੰਡਕ ਨਿਆਤਮਾਂ ਨੂੰ ਨੇੜੇ ਹੋ ਕੇ ਹੋਰ ਕਿੰਨਾ ਦੇਖਿਆ ਜਾ ਸਕਦਾ ਹੈ? ਮੇਰਾ ਸਰੀਰ ਮੇਰਾ ਆਪਣਾ ਆਪ, ਮੇਰਾ ਆਲਾ-ਦੁਆਲਾ, ਬਨਸਪਤ, ਪਸ਼ੂ-ਪੰਛੀ, ਧਰਤ-ਅਕਾਸ਼, ਅੰਤ੍ਰਿਕਸ਼ ਸਭ ਕੁਝ ਬ੍ਰਹਿਮੰਡ ਦਾ ਹੀ ਤਾਂ ਅਨਿੱਖੜ ਅੰਗ ਹਨ। ਮੇਰੀ ਅੰਤਮ ਤਮੰਨਾ ਇਹ ਹੈ ਕਿ ਸਮੁੱਚਾ ਜੀਵਨ ਬ੍ਰਹਿਮੰਡਕ ਅਰਥਾਤ ਕੁਦਰਤ ਦੇ ਸਦੀਵੀ ਕਾਨੂੰਨ ਨਾਲ ਇੱਕ ਸੁਰ ਹੋ ਜਾਵੇ ਤਾਂ ਮਜ਼ਹਬਾਂ, ਮੁਲਕਾਂ, ਜਾਤਾਂ ਤੇ ਜਮਾਤਾਂ ਦੇ ਸਾਰੇ ਫਰਕ ਮਿਟ ਜਾਣਗੇ ਤੇ ਇਹ ਦੁਨੀਆ ਜੀਣ/ਥੀਣ ਯੋਗ ਬਣ ਜਾਵੇਗੀ।

ਇਸ ਵੇਲੇ ਮੇਰਾ ਵਿਸ਼ਵਾਸ ਇਹ ਹੈ ਕਿ ਸਮੁੱਚਾ ਬ੍ਰਹਿਮੰਡ ਇੱਕ ਇਕਾਈ ਹੈ। ਇਸ ਵਿਚ ਵੱਸਦੇ, ਵਿਚਰਦੇ ਸਾਰੇ ਜੀਵ-ਅਜੀਵ ਇਕ-ਦੂਜੇ ਨਾਲ ਜੁੜੇ ਹੋਏ ਹਨ ਤੇ ਅਨਿੱਖੜ ਹਨ। ਸੂਰਜ, ਚੰਦ, ਧਰਤੀ ਤੇ ਹੋਰ ਸਾਰਾ ਤਾਰਾ ਮੰਡਲ ਇਕ-ਦੂਜੇ ਦੇ ਸਹਾਰੇ ਹੀ ਹੋਂਦ ਵਿਚ ਹਨ ਤੇ ਕੁਝ ਵੀ ਸਮੁੱਚ ਤੋਂ ਵੱਖ ਨਹੀਂ ਹੈ। ਛੋਟੇ ਤੋਂ ਛੋਟੇ ਕਣ ਦੀ ਹੋਂਦ ਵੀ ਸਮੁੱਚੇ ਬ੍ਰਹਿਮੰਡ ਦੇ ਸਹਾਰੇ ਹੈ। ਸਮੁਚੇ ਬ੍ਰਹਿਮੰਡ ਨੂੰ ਪਦਾਰਥ ਦੇ ਆਕਰਸ਼ ਤੇ ਉਦਕਰਖ ਗੁਣ ਹੀ ਇੱਕਸੁਰ ਰੱਖਦੇ ਹਨ। ਸਾਡਾ ਆਪਣਾ ਸਰੀਰ ਵੀ ਛੋਟੇ-ਛੋਟੇ ਕਣਾਂ ਦਾ ਬਣਿਆ ਹੋਇਆ ਹੈ। ਇਨ੍ਹਾਂ ਕਣਾਂ ਦਾ ਆਪਸੀ ਆਕਰਸ਼ਣ ਇਨ੍ਹਾਂ ਨੂੰ ਇੱਕ-ਦੂਜੇ ਦੇ ਨਾਲ ਜੋੜੀ ਰੱਖਦਾ ਹੈ ਤੇ ਉਦਕਰਸ਼ਣ ਇਨ੍ਹਾਂ ਨੂੰ ਇਕ-ਦੂਜੇ ਵਿਚ ਸਮਾਅ ਜਾਣ ਤੋਂ ਰੋਕੀ ਰੱਖਦਾ ਹੈ। ਮੇਰਾ ਵਿਸ਼ਵਾਸ ਹੈ ਕਿ ਮੇਰਾ ਸਰੀਰ ਵੀ ਉਨ੍ਹਾਂ ਤੱਤਾਂ ਦਾ ਹੀ ਬਣਿਆ ਹੋਇਆ, ਜਿਨ੍ਹਾਂ ਤੋਂ ਸਮੁੱਚਾ ਬ੍ਰਹਿਮੰਡ ਬਣਿਆ ਹੈ। ਗੁਰਬਾਣੀ ਦੇ 'ਜੋ ਬ੍ਰਹਿਮੰਡੇ ਸੋਈ ਪਿੰਡੇ' ਦਾ ਐਨ ਇਹੀ ਅਰਥ ਹੈ।

**? ੳ) ਤੁਸਾਂ ਕਿਹਾ ਹੈ ਕਿ ਨਾਨਕ ਦਰਸ਼ਨ 'ਤੇ ਉਪਨਿਸ਼ਦਾਂ ਦਾ ਪ੍ਰਭਾਵ ਪ੍ਰਤਖ ਦਿਸਦਾ ਹੈ। ਇਸ ਦਿਸਦੇ ਪ੍ਰਭਾਵ ਬਾਰੇ ਵਿਸਥਾਰ ਵਿਚ ਦੱਸੋ।**

(ਅ) ਕਣਾਦ ਦੇ ਵਿਸ਼ੇਸ਼ਕ ਸ਼ਾਸਤਰ ਤੇ ਕਪਿਲ ਦੇ ਸਾਂਖ ਸ਼ਾਸਤਰ ਤੇ ਗੁਰੂ ਗਰੰਥ ਵਿਚਕਾਰ ਕੀ ਵਿਚਾਰਧਾਰਕ ਸਾਂਝ ਹੈ ਤੇ ਕੀ ਵਖਰੇਵਾਂ ਹੈ?

ਉੱਤਰ:- (ੳ) ਉਪਨਿਸ਼ਦ ਬ੍ਰਾਹਮਣਾਂ ਤੋਂ ਤੰਗ ਆਏ ਕੁਸਤਰੀਆਂ ਦੇ ਦਿਮਾਗ ਦੀ ਪੈਦਾਵਾਰ ਸਨ। ਬ੍ਰਾਹਮਣਾਂ ਕੁਸ਼ਤਰੀਆਂ ਵਿਚ ਜਮਾਤੀ ਟੱਕਰ ਰਿਗ ਵੇਦ ਦੇ ਸਮੇਂ ਤੋਂ ਹੀ ਚਲਦੀ ਆ ਰਹੀ ਸੀ। ਜਦ ਬ੍ਰਾਹਮਣੀ ਕਰਮ ਕਾਡਾਂ ਤੇ ਲੰਮਾਂ ਸਮਾਂ ਚਲਣ ਵਾਲੇ ਯਗ ਅਨੁਸ਼ਠਾਨਾਂ ਵਿਚ ਬ੍ਰਾਹਮਣਾਂ ਹੱਥੋਂ ਹੋ ਰਹੀ ਅੰਨ੍ਹੀ ਲੁੱਟ ਤੋਂ ਕੁਸ਼ਤਰੀ ਤੰਗ ਆ ਗਏ ਤਾਂ ਉਨ੍ਹਾਂ ਨੇ ਬ੍ਰਾਹਮਣਾਂ ਦੇ ਯਗ ਅਨੁਸ਼ਠਾਨਾਂ ਦੀ ਸਮਗਰੀ ਦੇ ਭੁੱਖੇ ਦੇਵੀ ਦੇਵਤਿਆਂ ਦੇ ਵਿਰੋਧ ਵਿਚ ਨਿਰਾਕਾਰ ਅਮੂਰਤ ਬ੍ਰਹਮ ਦੀ ਕਲਪਨਾ ਕੀਤੀ। ਅਸ਼ਵਪਤੀ, ਪ੍ਰਵਹਣ ਜਵਾਲਿ, ਅਜਾਤਾਸ਼ਤਰੂ ਤੇ ਜਨਕ ਸਾਰੇ ਕੁਸ਼ਤਰੀ ਸਨ ਤੇ ਅਮੂਰਤ ਬ੍ਰਹਮ ਦਾ ਪਰਚਾਰ ਕਰਦੇ ਸਨ। ਕਿਉਂਕਿ ਅਮੂਰਤ ਬ੍ਰਹਮ ਸਰੀਰ ਰਹਿਤ ਸੀ ਇਸ ਲਈ ਉਹਨੂੰ ਭੁਖ ਵੀ ਨਹੀਂ ਲਗ ਸਕਦੀ ਸੀ ਤੇ ਉਹਨੂੰ ਯਗ ਅਨੁਸ਼ਠਾਨਾਂ ਵਿਚ ਵਰਤੀ ਜਾਂਦੀ ਸਮਗਰੀ ਦੀ ਲੋੜ ਨਹੀਂ ਸੀ।

ਉਪਨਿਸ਼ਦਾਂ ਦੇ ਕਥਨ 'ਅਹੁਮ ਬ੍ਰਹਮ ਅਸਮੀ' ਅਰਥਾਤ ਮੈਂ ਬ੍ਰਹਮ ਹਾਂ' ਤੇ ਛਾਂਦੋਗਿਯ ਉਪਨਿਸ਼ਦ ਦਾ ਕਥਨ ਹੈ-'ਏਕਮੇਵਾਦੂਤਿਯੰ" ਅਰਥਾਤ ਬ੍ਰਹਮ ਇੱਕ ਹੈ, ਉਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ, ਇਸੇ ਅਮੂਰਤ ਬ੍ਰਹਮ ਦੀ ਗੱਲ ਕਰਦੇ ਹਨ। ਬ੍ਰਹਮ ਕੀ ਹੈ? ਪ੍ਰਸ਼ਨ ਦੇ ਉੱਤਰ ਵਿਚ ਤੈਂਤਿਰੀਯ ਉਪਨਿਸ਼ਦ ਦਾ ਕਥਨ ਹੈ:- 'ਉਹ ਜਿਸ ਵਿੱਚੋਂ ਭੂਤ ਜਾਂ ਪ੍ਰਾਣੀ ਪੈਦਾ ਹੁੰਦੇ ਹਨ, ਜਿਸ ਦੇ ਅਧਾਰ 'ਤੇ ਜੀਂਦੇ ਹਨ ਤੇ ਅੰਤ ਵਿਚ ਜਿਸ ਵਿਚ ਸਮਾਅ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਦੀ ਰਚਨਾ 'ਅਕਾਲ ਉਸਤਤ' ਵਿਚ 'ਤਾਹੀ ਤੇ ਉਪਜ ਸਭੈ ਤਾਹੀ ਮਹਿ ਸਮਾਹਿੰਗੇ' ਦਾ ਕਥਨ ਐਨ ਇਸੇ ਸ਼ਲੋਕ ਦਾ ਇੱਕ ਰੂਪ ਹੈ। ਨਾਨਕ ਬਾਣੀ ਵਿਚ ਇਨ੍ਹਾਂ ਕਥਨਾਂ ਦਾ ਝਲਕਾਰਾ ਸਪੱਸ਼ਟ ਨਜ਼ਰ ਆਉਂਦਾ ਹੈ। ਗੁਰੂ ਨਾਨਕ ਦਾ ਮੂਲ ਮੰਤਰ ਉਸੇ ਨਿਰਾਕਾਰ ਅਮੂਰਤ ਬ੍ਰਹਮ ਦੀ ਪ੍ਰੀਭਾਸ਼ਾ ਪੇਸ਼ ਕਰਦਾ ਹੈ। ਬ੍ਰਹਮ ਇਕ ਹੈ, ਸਤਿ ਹੈ, ਕਰਤਾ ਹੈ, ਨਿਰਵੈਰ ਹੈ ਨਿਰਭਉ ਹੈ, ਨਾ ਜੰਮਦਾ ਹੈ ਨਾ ਮਰਦਾ ਹੈ। ਉਹ ਕੁਦਰਤ ਵਿਚ ਆਪ ਹੀ ਵਸਿਆ ਹੋਇਆ ਹੈ:-

ਬਲਿਹਾਰੀ ਕੁਦਰਤ ਵਸਿਆ
ਤੇਰਾ ਅੰਤ ਨਾ ਜਾਈ ਲਖਿਆ— ਰਹਿਰਾਸ ਮਹਲਾ ੧

ਉਹ ਆਪ ਹੀ ਤ੍ਰੈਭਵਨ (ਧਰਤ ਆਕਾਸ਼ ਪਾਤਾਲ) ਵਿਚ ਸਮਾਇਆ ਹੋਇਆ ਹੈ:-

ਓਨਮ ਅੱਖਰ ਤ੍ਰੈ ਭਵਨ ਸਾਰ———ਸਿਧ ਗੋਸ਼ਟਿ ਮਹਲਾ ੧

ਸਾਰੇ ਜੀਵਾਂ ਅਜੀਵਾਂ ਵਿਚ ਉਹ ਆਪ ਹੀ ਹੈ:-

ਸਭਿ ਮਹਿ ਜੋਤਿ ਜੋਤਿ ਹੈ ਸੋਇ—— ਰਾਗ ਧਨਾਸਰੀ ਮਹਲਾ ੧

ਉਸ ਅਮੂਰਤ ਬ੍ਰਹਮ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ:-

'ਮੰਦਾ ਕਿਸਨੂੰ ਆਖੀਐ ਜਾਂ ਸਭ ਮਹਿ ਸੱਚਾ ਸੋਇ
'ਨਾ ਕੋ ਵੈਰੀ ਨਾਹਿ ਬਿਗਾਨਾ
ਸਗਲ ਸਮ ਹਮ ਕੋ ਬਨ ਆਈ'

ਭਗਵਦ ਗੀਤਾ ਵੀ ਉਪਨਿਸ਼ਦ ਹੀ ਹੈ। ਗੀਤਾ ਵਿਚ ਭਗਵਾਨ ਦੇ ਮੂੰਹੋਂ ਕਹਾਇਆ ਗਿਆ ਹੈ:-

'ਹਾਥੀ ਵੀ ਮੈਂ ਹਾਂ ਤੇ ਮੁਹਾਬਤ ਵੀ ਮੈਂ ਹੀ ਹਾਂ।
ਕੁੱਤਾ ਵੀ
ਮੈਂ ਹਾਂ ਤੇ ਕੁੱਤੇ ਨੂੰ ਖਾ ਜਾਣ ਵਾਲਾ ਚੰਡਾਲ ਵੀ ਮੈਂ ਹੀ ਹਾਂ'

(ਅ.) ਕਪਿਲ ਦੇ ਸਾਂਖ ਸ਼ਾਸਤਰ, ਭਾਰਦ੍ਵਾਜ (ਕਣਾਦ) ਦੇ ਵਿਸ਼ੇਸ਼ਕ ਸ਼ਾਸਤਰ ਤੇ ਗੌਤਮ ਦੇ ਨਿਆਇ ਸ਼ਾਸਤਰ ਦਾ ਕਈ ਕੁਝ ਗੁਰੂ ਗ੍ਰੰਥ ਨਾਲ ਮਿਲਦਾ ਹੈ। ਸਾਂਖ ਜੀਵਨ ਦੀ ਉਤਪਤੀ ਦਾ ਕਾਰਨ ਪੁਰਸ਼ ਤੇ ਪ੍ਰਕਿਰਤੀ ਦਾ ਮੇਲ ਦੱਸਦਾ ਹੈ। ਇਹ ਵਿਚਾਰ ਗੁਰੂ ਗ੍ਰੰਥ ਨਾਲ ਮੇਲ ਖਾਂਦਾ ਹੈ। ਪੁਰਸ਼ ਉਹੀ ਹੈ, ਜਿਸ ਨੂੰ ਗੁਰੂ ਨਾਨਕ ਨੇ ਪੁਰਖ ਕਿਹਾ ਹੈ। ਇਹੀ ਪੁਰਖ ਉਦੋਂ ਕਰਤਾਪੁਰਖ ਹੁੰਦਾ ਹੈ, ਜਦੋਂ ਇਹ ਪ੍ਰਕਿਰਤੀ ਅਰਥਾਤ ਕੁਦਰਤ ਵਿਚ ਮਿਲ ਕੇ ਉਸ ਵਿਚ ਜੀਵਨ ਪੈਦਾ ਕਰ ਦਿੰਦਾ ਹੈ।

'ਏਕਾ ਮਾਈ ਜੁਗਤ ਬਿਆਈ ਤਿੰਨ ਚੇਲੇ ਪਰਵਾਣੁ
ਇੱਕ ਸੰਸਾਰੀ ਇੱਕ ਭੰਡਾਰੀ ਇਕ ਲਾਵੈ ਦੀਵਾਨੁ —ਜਪੁਜੀ

ਇਸ ਤੁੱਕ ਵਿਚ ਏਕਾ ਮਾਈ ਪ੍ਰਕਿਰਤੀ ਹੈ। ਪ੍ਰਕਿਰਤੀ ਜੁਗਤ (ਪੁਰਖ ਦੇ ਮੇਲ) ਨਾਲ ਗਰਭਵਤੀ ਹੋ ਜਾਂਦੀ ਹੈ ਤਾਂ ਜੀਵਨ ਦਾ ਅਰੰਭ ਹੋ ਜਾਂਦਾ ਹੈ। ਜੀਵ ਵਿਚ ਤਿੰਨ ਗੁਣ ਹੁੰਦੇ ਹਨ:-ਸੰਸਾਰੀ (ਬੱਚੇ ਪੈਦਾ ਕਰਨੇ, ਭੰਡਾਰੀ (ਖੁਰਾਕ ਲੱਭਣੀ) ਤੇ ਦੀਬਾਨਿ ਅਰਥਾਤ ਚੰਗੇ-ਮੰਦੇ ਦੀ ਸੋਚ।

ਨਿਆਇ ਸ਼ਾਸਤਰ ਕਾਰਜ ਤੇ ਕਾਰਨ ਦੀ ਏਕਤਾ 'ਤੇ ਜ਼ੋਰ ਦਿੰਦਾ ਹੈ ਭਾਵ ਹਰ ਕਾਰਜ ਦਾ ਕੋਈ ਕਾਰਨ ਅਵੱਸ਼ ਹੁੰਦਾ ਹੈ ਤੇ ਕਾਰਨ ਦੇ ਪੈਦਾ ਹੋਣ ਨਾਲ ਹੀ ਕਾਰਜ ਹੋਂਦ ਵਿਚ ਆਉਂਦਾ ਹੈ। ਇਹ ਕਾਰਜ ਤੇ ਕਾਰਨ ਦੀ ਏਕਤਾ ਦਾ ਖਿਆਲ ਗੁਰੂ ਗ੍ਰੰਥ ਵਿਚ ਵੀ ਦੇਖਿਆ ਜਾ ਸਕਦਾ ਹੈ। ਜ਼ਰਾ ਗੁਰਬਾਣੀ ਦੀਆਂ ਇਹ ਤੁਕਾਂ ਪੜ੍ਹੋ:

'ਜੇਹਾ ਬੀਜੈ ਸੋ ਲੁਣੇ ਕਰਮਾਂ ਸੰਦੜਾ ਖੇਤ'
'ਲੋੜੈ ਦਾਖ ਬਜੌਰੀਆਂ ਕਿੱਕਰ ਬੀਜੈ ਜੱਟ
ਹੰਢੈ ਉਨ ਕਤਾਇਆ ਪਹਿੰਦਾ ਲੋੜੈ ਪੱਟ'

ਇਹੀ ਤਾਂ ਹੈ ਕਰਮ ਅਤੇ ਕਾਰਨ ਦੀ ਏਕਤਾ ਦਾ ਸਿਧਾਂਤ। ਵਿਸ਼ੇਸ਼ਕ ਸ਼ਾਸਤਰ ਵਾਲੇ ਭਾਰਦ੍ਵਾਜ ਨੂੰ ਕਣਾਦਿ ਇਸ ਲਈ ਕਹਿੰਦੇ ਸਨ, ਕਿਉਂਕਿ ਉਹ ਸ੍ਰਿਸ਼ਟੀ ਦੀ ਰਚਨਾ ਕਣਾਂ ਅਰਥਾਤ ਪ੍ਰਮਾਣੂਆਂ ਤੋਂ ਹੋਈ ਮੰਨਦਾ ਸੀ। ਉਹਦੇ ਕਹਿਣ ਅਨੁਸਾਰ ਕਣ ਪਦਾਰਥ ਦਾ ਉਹ ਛੋਟੇ ਤੋਂ ਛੋਟਾ ਰੂਪ ਹੁੰਦਾ ਹੈ, ਜਿਸ ਨੂੰ ਹੋਰ ਵੰਡਿਆ ਨਾ ਜਾ ਸਕੇ। ਕੁਲ ਕਾਇਨਾਤ ਇਨ੍ਹਾਂ ਕਣਾਂ ਦਾ ਹੀ ਜੋੜ ਫਲ ਹੈ। ਇਹ ਕਣ ਜਾਂ ਐਟਮ ਆਪ ਵੀ ਉਹੀ ਕੁਝ ਹੁੰਦਾ ਹੈ, ਜਿਸ ਤੋਂ ਸਾਰੀ ਕਾਇਨਾਤ ਬਣੀ ਹੋਈ ਹੁੰਦੀ ਹੈ। ਗੁਰਬਾਣੀ ਦੇ

'ਜੋ ਬ੍ਰਹਿਮੰਡੇ ਸੋਈ ਪਿੰਡੈ'
ਜਾਂ
'ਘਟ ਘਟ ਮੈਂ ਹਰਿ ਜੂ ਵਸੈ ਸੰਤਨ ਕਹਿਓ ਪੁਕਾਰ'

ਦਾ ਇਹੀ ਤਾਂ ਅਰਥ ਹੈ।

ਗੁਰਬਾਣੀ ਅਤੇ ਇਨ੍ਹਾਂ ਸ਼ਾਸਤਰਾਂ ਦੀ ਸਾਂਝ ਇਥੇ ਹੀ ਖਤਮ ਹੋ ਜਾਂਦੀ। ਇਹ ਤਿੰਨੇ ਸ਼ਾਸਤਰ ਅਨਈਸ਼ਵਰਵਾਦੀ ਹਨ। ਇਸ ਸਭ ਕੁਝ ਨੂੰ ਇਹ ਸੂਖਮ ਮੰਨਦੇ ਹਨ। ਇਨ੍ਹਾਂ ਦੇ ਪਿੱਛੇ ਕਿਸੇ ਹੋਰ ਸ਼ਕਤੀ ਤੋਂ ਉਹ ਇਨਕਾਰੀ ਹਨ ਜਾਂ ਇਸ ਬਾਰੇ ਚੁੱਪ ਹਨ, ਪਰ ਗੁਰਬਾਣੀ ਈਸ਼ਵਰਵਾਦੀ ਹੈ, ਭਾਵੇਂ ਇਹ ਉਪਨਿਸ਼ਦਾਂ ਵਾਂਗ ਈਸ਼ਵਰ ਜਾਂ ਬ੍ਰਹਮ ਨੂੰ ਅਮੂਰਤ ਜਾਂ ਨਿਰਾਕਾਰ ਮੰਨਦੀ ਹੈ ਤੇ ਇਸ ਬ੍ਰਹਮ ਨੂੰ ਹਰ ਜੀਵ, ਹਰ ਵਸਤ ਵਿਚ ਸਮਾਇਆ ਮੰਨਦੀ ਹੈ। ਇਸ ਲਈ ਉਹ ਬ੍ਰਹਮ ਦੀ ਭਗਤੀ ਨੂੰ ਸਰਬ ਜੀਵਾਂ ਦੇ ਭਲੇ ਤੇ ਸੇਵਾ ਵਿਚ ਦੇਖਦੀ ਹੈ। ਗੁਰਬਾਣੀ ਇਸੇ ਕਾਰਨ ਸ਼ਾਸਤਰਾਂ ਨਾਲੋਂ ਵਧੇਰੇ ਲੋਕ ਮੁਖੀ ਹੈ।

**? ਦੇਵੀ ਪ੍ਰਸ਼ਾਦ ਚਟੋਪਾਧਯਾ ਦੀ 'ਲੋਕਾਯਤ' ਦੀ ਵਿਸ਼ੇਸ਼ਤਾ ਬਾਰੇ ਥੋੜ੍ਹਾ ਹੋਰ ਵਿਸਥਾਰ ਨਾਲ ਦੱਸੋ! ਰਾਹੁਲ ਸਾਂਕ੍ਰਤਯਾਇਨ ਦੇ 'ਦਰਸ਼ਨ ਦਿਗ ਦਰਸ਼ਨ' ਦਾ ਸਾਰ ਅੰਸ਼ ਕੀ ਹੈ।**

'ਜੋ ਬ੍ਰਹਿਮੰਡੇ ਸੋਈ ਪਿੰਡੇ' ਦੀ ਸਮਝ ਰੱਖਣ ਵਾਲੇ ਵੀ ਜੀਵਨ ਬੇ-ਅਰਥ ਵਿਹਾਉਂਦੇ ਵੇਖੇ ਨੇ। ਸਰੀਰ ਤੋਂ ਪਦਾਰਥ ਤੋਂ ਅੱਗੋਂ ਦਾ ਅਨੁਭਵ ਸਾਂਝਾ ਕਰੋ।

-ਰਾਹੁਲ ਸਾਂਕ੍ਰਤਯਾਇਨ (੧੮੯੩-੧੯੬੩) ਤੇ ਦੇਵੀ ਪ੍ਰਸ਼ਾਦ ਚਟੋਪਾਧਯਾ (੧੯੧੮-੧੯੯੩) ਦੋਵੇਂ ਹੀ ਵੇਦਾਂ ਸ਼ਾਸਤਰਾਂ ਤੇ ਸੰਸਕ੍ਰਿਤ ਸਾਹਿਤ ਦੇ ਮਹਾਂ ਪੰਡਤ ਸਨ ਤੇ ਦੋਵੇਂ ਹੀ ਮਾਰਕਸਵਾਦੀ ਸਨ।

ਦੇਵੀ ਪ੍ਰਸ਼ਾਦ ਨੇ ਭਾਰਤੀ ਦਰਸ਼ਨ ਵਿਚ ਭੌਤਿਕਵਾਦ ਬਾਰੇ ਡੂੰਘੀ ਖੋਜ ਕੀਤੀ ਤੇ 'ਲੋਕਾਇਤ' ਨਾਉਂ ਦੀ ਲੱਗਭੱਗ ੫੦੦ ਸਫੇ ਦੀ ਖੋਜ ਪੁਸਤਕ ਲਿਖੀ ਹੈ। ਇਸ ਪੁਸਤਕ ਵਿਚ ਛੇ ਸ਼ਾਸਤਰਾਂ ਤੇ ਉਪਨਿਸ਼ਦਾਂ ਦੀ ਪੁਣਛਾਣ ਕਰਕੇ ਉਸ ਸਮੇਂ ਦੇ ਭੌਤਿਕਵਾਦੀ ਦਰਸ਼ਨ ਦੀ ਖੋਜ ਪੇਸ਼ ਕੀਤੀ ਹੈ।

ਰਾਹੁਲ ਸ਼ੰਕਰਾਤਾਯਨ ਸੰਸਕ੍ਰਿਤ, ਪਾਲੀ ਅਤੇ ਅਨੇਕਾਂ ਹੋਰ ਸਨਾਤਨੀ ਬੋਲੀਆਂ ਤੇ ਸਾਹਿਤ ਦਾ ਮਹਾਂਪੰਡਤ ਸੀ। ਉਹ ਬਚਪਨ ਤੋਂ ਹੀ ਬਾਗੀ ਤੇ ਘੁਮੱਕੜ ਕਿਸਮ ਦਾ ਬੰਦਾ ਸੀ। ਸਨਾਤਨੀ ਹਿੰਦੂ ਘਰ ਵਿਚ ਜੰਮਿਆ-ਪਲਿਆ ਤੇ ਆਪਣੀ ਖੋਜੀ ਬਿਰਤੀ ਅਨੁਸਾਰ ਹੀ ਤੁਰਦਾ ਹੋਇਆ ਇਸ ਧਰਮ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੇ ਖਿਆਲਾਂ ਦੇ ਵਿਕਾਸ ਦੇ ਨਾਲ-ਨਾਲ ਤੁਰਦਾ ਬੋਧੀ ਬਣ ਗਿਆ। ਪੁਰਾਣੇ ਬੋਧੀ ਸਾਹਿਤ ਦੀ ਖੋਜ ਕਰਦਾ-ਕਰਦਾ ਅਨੇਕਾਂ ਸਥਾਨਾਂ ਤੋਂ ਵਿਚਰਦਾ ਹੋਇਆ ਉਹ ਤਿੱਬਤ ਵਿਚ ਵੀ ਜਾ ਪੁੱਜਾ ਤੇ ਉੱਥੋਂ ਉਹਨੇ ਬੁੱਧ ਬਾਰੇ ਅਨੇਕਾਂ ਹੱਥ ਲਿਖਤਾਂ ਇਕੱਠੀਆਂ ਕੀਤੀਆਂ ਤੇ ਅੰਤ ਵਿਚ ਉਹਨੇ ਮਾਰਕਸਵਾਦੀ ਦਰਸ਼ਨ ਨੂੰ ਘੋਖਿਆ ਤੇ ਅਪਣਾ ਲਿਆ।

ਉਹ ਬਹੁ-ਭਾਸ਼ੀ ਸੀ। ਉਹ ਜਰਮਨ, ਫਰੈਂਚ, ਇੰਗਲਿਸ਼, ਅਰਬੀ, ਫਾਰਸੀ ਤੇ ਸੰਸਕ੍ਰਿਤ ਬੋਲ ਵੀ ਸਕਦਾ ਸੀ ਤੇ ਲਿਖ ਵੀ ਸਕਦਾ ਸੀ। ਉਹਨੇ ਸਫਰਨਾਮੇ, ਕਹਾਣੀਆਂ, ਨਾਵਲ, ਜੀਵਨੀਆਂ ਹੀ ਨਹੀਂ ਲਿਖੇ, ਬਲਕਿ ਉਹਨੇ ਅਨੇਕਾਂ ਭਾਸ਼ਾਵਾਂ ਬਾਰੇ ਵੀ ਲਿਖਿਆ।

ਉਹਦੀ ਪੁਸਤਕ 'ਦਰਸ਼ਨ ਦਿਗ ਦਰਸ਼ਨ' ਪੱਛਮੀ ਤੇ ਪੂਰਬੀ ਦੁਨੀਆ ਦੇ ਸਾਰੇ ਦਰਸ਼ਨਾਂ ਦਾ ਨਿਚੋੜ ਪੇਸ਼ ਕਰਦੀ ਹੈ। ਇਸ ਦੇ ਨਾਲ ਹੀ ਉਹਨੇ ਇਨ੍ਹਾਂ ਦਰਸ਼ਨਾਂ ਦੇ ਆਪਸੀ ਨਿਖੇੜ ਤੇ ਮੇਲ 'ਤੇ ਵੀ ਖੁੱਲ੍ਹ ਕੇ ਵਿਚਾਰ ਕੀਤੀ ਹੈ। ਉਹਦਾ ਖਿਆਲ ਹੈ ਕਿ ਕੋਈ ਵੀ ਦਰਸ਼ਨ ਦੂਜੇ ਦਰਸ਼ਨਾਂ ਦੇ ਪ੍ਰਭਾਵ ਤੋਂ ਬਚਿਆ ਹੋਇਆ ਨਹੀਂ ਹੁੰਦਾ। ਉਹ ਦਰਸ਼ਨ ਇਤਿਹਾਸ ਵਿਚ ਦੀ ਨਿਰੰਤਰਾ ਤੇ ਵਿਕਾਸ ਨੂੰ ਦੇਖਦਾ ਹੈ।

'ਜੋ ਬ੍ਰਹਿਮੰਡੈ ਸੋਈ ਪਿੰਡੈ' ਇੱਕ ਖਿਆਲ ਸੀ। ਗੁਰੂਆਂ ਦੀ ਸੁਹਿਰਦ ਕਾਮਨਾ ਸੀ ਕਿ ਉਨ੍ਹਾਂ ਦੇ ਸਿੱਖ ਆਪਣੇ-ਆਪ ਦੇ ਅੰਦਰ ਤੇ ਹੋਰ ਜੀਵਾਂ ਅੰਦਰ ਏਕੋ ਬ੍ਰਹਮ ਨੂੰ ਦੇਖਣ ਤੇ ਭਿੰਨ-ਭੇਦਾਂ ਨੂੰ ਭੁੱਲ ਜਾਣ। ਇਹ ਸ਼ੁੱਭ ਕਾਮਨਾ ਤਾਂ ਸੀ, ਪਰ ਉਸ ਸਮੇਂ ਦੇ ਸਮਾਜਿਕ, ਆਰਥਿਕ ਪ੍ਰਬੰਧ ਵਿਚ ਇਹ ਸੰਭਵ ਨਹੀਂ ਸੀ।

ਮੇਰੇ ਖਿਆਲ ਅਨੁਸਾਰ ਬ੍ਰਹਿਮੰਡ ਹੀ ਸਭ ਕੁਝ ਹੈ ਤੇ ਇਹ ਅਵੰਡ ਹੈ, ਇਹ ਇੱਕ ਹੈ ਤੇ ਜੋ ਕੁਝ ਵੀ ਅਨੇਕ ਦਿਸਦਾ ਹੈ, ਉਹ ਸਭ ਕੁਝ ਆਪਸ ਵਿਚ ਜੁੜਿਆ ਹੋਇਆ।

'ਜੋ ਬ੍ਰਹਿਮੰਡੈ ਸੋਈ ਪਿੰਡੈ' ਦਾ ਅਰਥ ਇਹ ਵੀ ਤਾਂ ਹੈ ਕਿ ਸਾਡਾ ਸਰੀਰ ਉਸੇ ਪਦਾਰਥ ਤੋਂ ਬਣਿਆ ਹੋਇਆ ਹੈ, ਜਿਸ ਤੋਂ ਬ੍ਰਹਿਮੰਡ'।

**? ਇੰਗਲੈਂਡ ਦੀ ਮਹਾਰਾਣੀ ਦੇ ਰਾਜ ਗੱਦੀ 'ਤੇ ਬੈਠਣ ਦੀ 60ਵੀਂ ਵਰ੍ਹੇਗੰਢ (ਡਾਇਮੰਡ ਜੁਬਲੀ) ਪਿੱਛੇ ਜਹੇ ਮਨਾਈ ਗਈ ਸੀ, ਜਿਸ ਦਾ ਜਸ਼ਨ ਚਾਰ ਦਿਨ ਚੱਲਦਾ ਰਿਹਾ ਸੀ। ਸਾਰੇ ਦੇਸ਼ ਦਾ ਮਹੌਲ ਪਹਿਲਾਂ ਵਾਂਗ ਹੀ ਖੁਸ਼ਗਵਾਰ ਸੀ ਤੇ ਇਹ ਵਰ੍ਹੇ-ਗੰਢ ਬੜੀ ਧੂਮ-ਧਾਮ ਨਾਲ ਮਨਾਈ ਗਈ। ਉਪਰ ਲਿਖਿਆ ਸਭ ਕੁਝ ਵੇਖਦੇ ਹੋਏ ਉਸ ਭਾਰਤੀ ਪੰਜਾਬੀ ਇਨਸਾਨ ਦੇ ਮਨ 'ਚ ਕੀ ਖਿਆਲ ਉੱਠ ਸਕਦੇ ਨੇ, ਜਿਸ ਨੂੰ ਇਤਿਹਾਸ ਦਾ ਕੁਝ ਗਿਆਨ ਵੀ ਹੋਵੇ ਤੇ ਗੈਰਤ ਵੀ ਸੋਚ ਦਾ ਹਿੱਸਾ ਹੋਵੇ। ਇੱਕ ਆਮ ਆਇਰਿਸ਼ ਬੰਦਾ ਖੁਦ ਨੂੰ ਇਸ ਸਭ ਦਾ ਹਿੱਸਾ ਕਿਸ ਪੱਖ ਤੋਂ ਬਣਾਏਗਾ।**

-ਇਹੋ ਜਿਹੇ ਜਸ਼ਨ ਆਪਣੀ ਸਾਮਰਾਜੀ ਹੈਂਕੜ ਦੇ ਅਤੀਤ ਦੀ ਯਾਦ ਵਿਚ ਖਾਹਮਖਾਹ ਡੀਂਗਾਂ ਮਾਰਨ ਲਈ ਅਜਿਹੇ ਪਿਛੋਕੜ ਵਾਲੇ ਲੋਕ ਆਮ ਤੌਰ 'ਤੇ ਕਰਦੇ ਹੀ ਰਹਿੰਦੇ ਹਨ। ਇੰਗਲੈਂਡ ਦੀ ਮਹਾਰਾਣੀ ਨਾਉਂ ਦੀ ਹੀ ਮਹਾਰਾਣੀ ਰਹਿ ਗਈ ਹੈ। ਵਾਸਤਵ ਵਿਚ ਤਾਂ ਉਹ ਆਪਣੀ ਪਾਰਲੀਮੈਂਟ ਦੀ ਗੁਲਾਮ ਹੈ। ਬੱਸ ਇੱਕ ਦਿਖਾਵਾ ਆਪਣੇ ਸ਼ਾਨਦਾਰ ਅਤੀਤ ਦਾ ਇਹ ਜ਼ਾਹਰ ਕਰਨ ਲਈ ਕਿ ਹਾਲੀਂ ਇਸ ਕੌਮ ਦੀ ਦੁਨੀਆ ਵਿਚ ਚੋਖੀ ਪੁੱਛਗਿੱਛ ਹੈ, ਬਾਦਸ਼ਾਹਤ ਦੀ ਸੰਸਥਾ ਨੂੰ ਕਾਇਮ ਰੱਖਿਆ ਹੋਇਆ ਹੈ। ਮਹਾਰਾਣੀ ਕਾਮਨਵੈਲਥ ਦੀ ਮੁਖੀ ਹੈ ਤੇ ਕੈਨੇਡਾ, ਆਸਟਰੇਲੀਆ ਵਰਗੇ ਕੁਝ ਦੇਸ਼ਾਂ ਦੀ ਮਹਾਰਾਣੀ ਵੀ ਮੰਨੀ ਜਾਂਦੀ ਹੈ ਤੇ ਉਨ੍ਹਾਂ ਦੇ ਝੰਡਿਆਂ 'ਤੇ ਬਰਤਾਨੀਆ ਦੇ ਝੰਡੇ ਦਾ ਚਿੰਨ੍ਹ ਵੀ ਹੈ। ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਹਾਂ ਇਹ ਕੌਮ ਫਾਕਲੈਂਡਜ਼ 'ਤੇ ਹਾਲੀਂ ਵੀ ਕਬਜ਼ਾ ਜਮਾਈ ਬੈਠੀ ਹੈ ਤੇ ਆਪਣੇ ਸਾਮਰਾਜ ਦੇ ਕਾਇਮ ਰਹਿਣ ਦੀ ਡੀਂਗ ਮਾਰ ਸਕਦੀ ਹੈ। ਇਹੀ ਕਾਰਨ ਹਨ, ਜਿਸ ਲਈ ਇਨ੍ਹਾਂ ਨੇ ਬਾਦਸ਼ਾਹਤ ਨੂੰ ਨਾਂਅ ਦੇ ਤੌਰ 'ਤੇ ਕਾਇਮ ਰੱਖਿਆ ਹੋਇਆ ਹੈ।

ਆਇਰਸ਼ ਲੋਕਾਂ ਦੀ ਇਸ ਸਭ ਕੁਝ ਨਾਲ ਨਫਰਤ ਤਾਂ ਜੱਗ-ਜ਼ਾਹਰ ਹੈ। ਹਰ ਅਣਖੀ ਹਿੰਦੋਸਤਾਨੀ ਅੰਗਰੇਜ਼ ਹਾਕਮਾਂ ਦੇ ਜ਼ੁਲਮ ਨੂੰ ਸਣੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਕਿਵੇਂ ਭੁੱਲ ਸਕਦਾ ਹੈ? ਪਰ ਉਨ੍ਹਾਂ ਕੁਝ ਕੁ ਭਾਰਤੀਆਂ ਦੀ ਅਣਖ ਬਾਰੇ ਕੀ ਕਹੀਏ, ਜਿਹੜੇ ਅੰਗਰੇਜ਼ਾਂ ਨਾਲੋਂ ਵੀ ਵੱਧ ਅੰਗਰੇਜ਼ ਬਣ ਕੇ ਮਹਾਰਾਣੀ ਦੀ ਅਰਚਨਾ-ਪੂਜਾ ਕਰਦੇ ਹਨ। ਅਜਿਹੇ ਲੋਕ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਦੇ ਵਾਰਸ ਕਹਾਉਣ ਦੇ ਕਦਾਚਿਤ ਹੱਕਦਾਰ ਨਹੀਂ ਹੋ ਸਕਦੇ।

**? 1- ਅਮੂਰਤ ਬ੍ਰਹਮ ਤੇ ਦਿਸਦੀ ਪ੍ਰਕਿਰਤੀ ਵਿੱਚ ਕੀ ਸਾਂਝ ਤੇ ਕੀ ਭਿੰਨ ਹੈ? ਅਕਾਰ ਨਿਰਾਕਾਰ ਤੇ ਕੁਦਰਤ ਅੱਜ ਦੀ ਲਿਖੀ ਜਾ ਰਹੀ ਕਵਿਤਾ ਦੇ ਕਿੰਨਾ ਕੁ ਨੇੜੇ ਹਨ, ਤੇ ਕਿੰਨਾ ਕੁ ਦੂਰ!**

2- ਉਪਨਿਸ਼ਦਾਂ 'ਚ ਅੰਨ ਦੀ ਬਹੁਤ ਵੱਡੀ ਮਹੱਤਤਾ ਦੱਸੀ ਗਈ ਹੈ। ਅੰਨ ਨੂੰ ਸਰਬ-ਔਸ਼ਧ ਕਿਹਾ ਗਿਆ ਹੈ, ਪਰ ਨਾਲ ਇਹ ਵੀ ਕਿਹਾ ਗਿਆ ਹੈ ਕਿ ਅੰਨ ਜੀਵਾਂ ਦੁਆਰਾ ਖਾਇਆ ਜਾਂਦਾ ਹੈ ਤੇ ਇਹ ਜੀਵਾਂ ਨੂੰ ਖਾ ਜਾਂਦਾ ਹੈ, ਤੁਹਾਡਾ ਇਸ ਕਥਨ ਬਾਰੇ ਕੀ ਖਿਆਲ ਹੈ।

3- ਵੇਦ-ਉਪਨਿਸ਼ਦ ਪੜ੍ਹਨ ਤੋਂ ਬਾਅਦ ਤੁਹਾਡੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ